**Worldwide Travel, Inc.**

Special Sale $975* ਟੈਕਸ ਸਮੇਤ

Oct 1 - Dec 10, 2009

ਅੰਮ੍ਰਿਤਸਰ, ਦਿੱਲੀ, ਬੰਬੇ

734-525-7304 ਜਾਂ 800-504-3044

ਵਾਜਬ ਰੇਟ, ਵਧੀਆ ਸਰਵਿਸ

APPROVED MORTGAGE
THE LENDER YOU CAN TRUST



C.S. Ahluwalia
Mortgage Consultant



916.747.5801 cell
317.423.7000 fax
317.634.4391 office
cgate007@yahoo.com

1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com

Ad Space Available
Call: 847-359-0746



Tenth Year in Publication ਮਿਡਵੈਸਟ ਐਡੀਸ਼ਨ Price 50¢

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 50, December 12, 2009 20451 N Plum Grove Rd. Palatine, IL 60074 Ph:847-359-0746, Fax:847-705-9388


## ਪ੍ਰੋਫੈਸਰ ਦਰਸ਼ਨ ਸਿੰਘ ਤਨਖਾਹੀਆ ਕਰਾਰ

**ਅੰਮ੍ਰਿਤਸਰ:** ਜਿਵੇਂ ਕਿ ਜਾਪਦਾ ਹੀ ਸੀ ਲੰਘੀ 5 ਦਸੰਬਰ ਨੂੰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ 'ਤੇ ਨਿਮਾਣੇ ਸਿੱਖ ਵਾਂਗ ਪੇਸ਼ ਨਾ ਹੋਣ ਕਰਕੇ ਤਨਖਾਹੀਆ ਕਰਾਰ ਦੇ ਦਿੱਤਾ ਹੈ।

ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵਲੋਂ



ਕੀਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਕਾਲ ਤਖ਼ਤ ਦੇ ਸਾਬਕਾ 'ਜਥੇਦਾਰ' ਪ੍ਰੋ. ਦਰਸ਼ਨ ਸਿੰਘ ਲੰਘੀ 5 ਦਸੰਬਰ ਨੂੰ ਅਕਾਲ ਤਖ਼ਤ ਵਿਖੇ ਅਪਣੇ ਸਮਰਥਕਾਂ ਸਣੇ ਪੁੱਜੇ। ਜਿਵੇਂ ਹੀ ਪ੍ਰੋ. ਦਰਸ਼ਨ ਸਿੰਘ ਘੰਟਾ-ਘਰ ਚੌਕ ਵਿਖੇ ਸਥਿਤ ਦਰਬਾਰ ਸਾਹਿਬ ਸੂਚਨਾ ਕੇਂਦਰ ਵਿਖੇ ਪੁੱਜੇ ਤਾਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ, ਸ. ਜੋਗਿੰਦਰ ਸਿੰਘ ਅਦਲੀਵਾਲ ਅਗਵਾਈ ਕਰਦੇ ਹੋਏ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਵਲ ਲੈ ਗਏ। ਸ਼੍ਰੋਮਣੀ ਕਮੇਟੀ ਨੇ ਪ੍ਰੋ. ਦਰਸ਼ਨ ਸਿੰਘ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਤਿੰਨ ਸੁਰੱਖਿਆ ਘੇਰੇ ਬਣਾਏ ਹੋਏ ਸਨ। 'ਮੱਕੜ ਸੈਨਾ' ਦੇ ਜਵਾਨ

*(ਬਾਕੀ ਸਫਾ 5 ਉਤੇ)*

# ਲੁਧਿਆਣਾ ਕਾਂਡ ਲਈ ਜ਼ਿੰਮੇਵਾਰ ਅਕਾਲੀ-ਭਾਜਪਾ ਕਲੇਸ਼

**ਬਿੰਦਰ ਬਸਰਾ**

ਸੰਤ ਸਮਾਜ ਅਤੇ ਸਿੱਖ ਜਥੇਬੰਦੀਆਂ ਵਲੋਂ ਆਸੂਤੋਸ਼ ਦੇ ਕਥਿੱਤ ਸਿੱਖ ਵਿਰੋਧੀ ਸਮਾਗਮ ਨੂੰ ਰੁਕਵਾਉਣ ਲਈ ਕੀਤੇ ਗਏ ਪੰਥਕ ਮਾਰਚ 'ਤੇ ਪੁਲਿਸ ਵਲੋਂ ਗੋਲੀ ਚਲਾਉਣ 'ਤੇ ਇਕ ਸਿੱਖ ਨੌਜਵਾਨ ਦੇ ਮਾਰੇ ਜਾਣ ਅਤੇ 16 ਜ਼ਖਮੀ ਹੋਣ ਨਾਲ ਲੁਧਿਆਣਾ ਸ਼ਹਿਰ ਲਗਾਤਾਰ ਦੋ ਦਿਨ ਹਿੰਸਕ ਲਪੇਟ 'ਚ ਰਿਹਾ। ਇਸ ਗੋਲੀਕਾਂਡ ਨੇ ਜਿਥੇ ਆਮ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਉਥੇ ਅਮਨ ਕਾਨੂੰਨ ਦੀ ਸਥਿਤੀ ਨੂੰ ਵੀ ਵਿਸਫੋਟਕ ਬਣਾਇਆ। ਸਿੱਖ-ਜਥੇਬੰਦੀਆਂ ਦੇ ਐਕਸ਼ਨ ਤੋਂ ਇਕ ਦਿਨ ਪਹਿਲਾਂ ਪਰਵਾਸੀ ਮਜ਼ਦੂਰਾਂ ਨੇ ਜਿਥੇ ਸਿੱਖਾਂ ਅਤੇ ਪੰਜਾਬੀਆਂ ਨੂੰ ਖੁੱਲ੍ਹੇ ਰੂਪ 'ਚ ਹਿੰਸਾ ਦਾ ਨਿਸ਼ਾਨਾ ਬਣਾਇਆ ਉਥੇ ਗੱਡੀਆਂ ਅਤੇ ਵਾਹਨਾਂ ਦੀ ਸਾੜਫੂਕ ਕਰਕੇ ਪੁਲਿਸ ਦੀਆਂ ਵੀ ਦੌੜਾਂ ਲਗਵਾਈਆਂ। ਇਥੇ ਜ਼ਿਕਰਯੋਗ ਹੈ ਕਿ ਪਰਵਾਸੀ ਮਜ਼ਦੂਰਾਂ ਵਲੋਂ ਕੀਤੀ ਹਿੰਸਕ ਕਾਰਵਾਈ ਅਤੇ ਸਾੜਫੂਕ ਦੇ ਬਾਵਜੂਦ ਪੁਲਿਸ ਵਲੋਂ ਗੋਲੀ ਨਹੀਂ ਚਲਾਈ ਗਈ ਪਰ ਪੰਥਕ ਮਾਰਚ ਨੂੰ ਰੋਕਣ ਲਈ ਫਾਇਰਿੰਗ ਦਾ ਸਹਾਰਾ ਲੈਣਾ ਕਈ ਸਵਾਲ ਖੜ੍ਹੇ ਕਰਦਾ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਲੁਧਿਆਣਾ ਵਿਚ ਆਸੂਤੋਸ਼ ਦਾ ਸਮਾਗਮ ਭਾਜਪਾ ਵਿਧਾਇਕ ਹਰੀਸ਼ ਬੇਦੀ ਢਾਂਡਾ ਵਲੋਂ ਕਰਵਾਇਆ ਗਿਆ ਸੀ। ਇਸ ਸਮਾਗਮ ਨੂੰ ਰੱਦ ਕਰਾਉਣ ਲਈ ਸਿੱਖ ਜਥੇਬੰਦੀਆਂ ਵਲੋਂ ਵਾਰ-ਵਾਰ ਕੀਤੀਆਂ ਗਈਆਂ ਅਪੀਲਾਂ ਨੂੰ ਅਣਗੌਲਿਆਂ ਕਰਕੇ ਸਰਕਾਰ ਪਤਾ ਨਹੀਂ ਕਿਸ ਦਬਾਅ ਹੇਠ ਇਸਨੂੰ ਨੇਪਰੇ ਚਾੜ੍ਹਨ ਲਈ ਡਟੀ ਰਹੀ। ਰਾਜਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਲੁਧਿਆਣਾ ਖੂਨੀ ਕਾਂਡ ਦੀ ਅਗਰਭੂਮੀ 'ਚ ਭਾਵੇਂ ਪ੍ਰਵਾਸੀ ਮਜ਼ਦੂਰ ਸਰਗਰਮ ਦਿਖਾਈ ਦਿੰਦੇ ਹਨ ਪਰ ਇਸ ਦੀ ਪਿੱਠਭੂਮੀ ਨੂੰ ਜੇ ਨੀਝ ਨਾਲ ਦੇਖਿਆ ਜਾਵੇ ਤਾਂ ਪੰਜਾਬ 'ਚ ਸੱਤਾਧਾਰੀ ਗਠਜੋੜ ਦੀ ਆਪਸੀ ਫੁੱਟ ਅਤੇ ਖਿਚੋਤਾਣ ਨਜ਼ਰ ਆਉਂਦੀ ਹੈ। ਅਕਾਲੀ ਦਲ ਅਤੇ ਭਾਜਪਾ ਦਾ ਵੋਟ ਬੈਂਕ ਵੱਖਰਾ-ਵੱਖਰਾ ਹੋਣ ਕਾਰਨ ਉਨ੍ਹਾਂ ਦੇ ਆਪਸੀ ਹਿੱਤ ਟਕਰਾਉਂਦੇ ਹਨ ਪਰ ਸੱਤਾ ਦਾ ਸੁੱਖ ਉਨ੍ਹਾਂ ਨੂੰ ਜੁੜੇ ਰਹਿਣ ਲਈ ਮਜਬੂਰ ਕਰ ਰਿਹਾ ਹੈ। ਲੁਧਿਆਣਾ ਕਿਉਂਕਿ

*(ਬਾਕੀ ਸਫਾ 6 ਉਤੇ)*




## ਭਾਰਤ-ਰੂਸ ਪ੍ਰਮਾਣੂ ਸਮਝੌਤਾ ਸਿਰੇ ਲੱਗਾ

**ਪੰਜਾਬ ਟਾਈਮਜ਼ ਬਿਊਰੋ**

**ਮਾਸਕੋ:** ਭਾਰਤ ਤੇ ਰੂਸ ਨੇ ਆਪਣੇ ਰਿਸ਼ਤਿਆਂ ਦੀ ਤੰਦ ਨੂੰ ਹੋਰ ਮਜ਼ਬੂਤ ਕਰਦਿਆਂ ਲੰਘੀ 7 ਦਸੰਬਰ ਨੂੰ ਤਿੰਨ ਰੱਖਿਆ ਸਮਝੌਤਿਆਂ ਸਮੇਤ ਪ੍ਰਮਾਣੂ ਸਮਝੌਤੇ 'ਤੇ ਦਸਤਖ਼ਤ ਕੀਤੇ। ਤਿੰਨ ਰੋਜ਼ਾ ਫੇਰੀ ਤਹਿਤ ਰੂਸ ਪਹੁੰਚੇ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਰੂਸ ਦੇ ਰਾਸ਼ਟਰਪਤੀ ਦਮਿੱਤਰੀ ਮੈਦਵੇਦੇਵ ਨੇ ਆਪਸੀ ਮੁਲਾਕਾਤ ਤੋਂ ਬਾਅਦ ਇਨ੍ਹਾਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ। ਸਮਝੌਤਿਆਂ 'ਤੇ ਦਸਤਖ਼ਤ ਤੋਂ ਪਹਿਲਾਂ ਹੋਈ ਮੁਲਾਕਾਤ ਦੌਰਾਨ ਦੋਹਾਂ ਆਗੂਆਂ ਨੇ ਪ੍ਰਮਾਣੂ ਸਮੱਗਰੀ ਦੀ ਸਪਲਾਈ, ਖੋਜ, ਵਿਕਾਸ ਤੇ ਕੌਮਾਂਤਰੀ ਦਹਿਸ਼ਤਵਾਦ ਤੋਂ ਇਲਾਵਾ ਹੋਰ ਕਈ ਮਾਮਲਿਆਂ 'ਤੇ ਗੰਭੀਰ ਵਿਚਾਰਾਂ ਕੀਤੀਆਂ। ਇਸ ਸਮਝੌਤੇ ਨਾਲ ਹੁਣ ਭਾਰਤ ਨੂੰ ਯੂਰੇਨੀਅਮ ਦੀ ਨਿਰੰਤਰ ਸਪਲਾਈ ਅਤੇ ਤਕਨੀਕ ਉਪਲੱਬਧ ਹੋਣ ਲਈ ਰਾਹ ਪੱਧਰਾ ਹੋ ਗਿਆ ਹੈ।

ਮੁਲਾਕਾਤ ਤੋਂ ਬਾਅਦ ਇੱਥੇ ਇਕ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੋਹਾਂ ਆਗੂਆਂ ਨੇ ਕਿਹਾ ਕਿ ਇਨ੍ਹਾਂ ਸਮਝੌਤਿਆਂ ਤੋਂ ਬਾਅਦ ਦੋਹਾਂ ਦੇਸ਼ਾਂ ਦਰਮਿਆਨ ਪ੍ਰਮਾਣੂ ਖੇਤਰ 'ਚ ਸਬੰਧ ਹੋਰ ਮਜ਼ਬੂਤ ਹੋਣਗੇ। ਪ੍ਰੈਸ ਕਾਨਫਰੰਸ ਦੌਰਾਨ ਡਾ. ਸਿੰਘ ਨੇ ਕਿਹਾ ਕਿ ਰੂਸ ਵਲੋਂ ਭਾਰਤ 'ਚ ਪੰਜ ਪ੍ਰਮਾਣੂ ਰਿਐਕਟਰ ਲਗਾਏ ਜਾਣੇ ਹਨ। ਇਨ੍ਹਾਂ 'ਚੋਂ ਚਾਰ ਤਾਮਿਲਨਾਡੂ ਦੇ ਕੁਦਾਨਕੁਲਮ 'ਚ ਲਗਾਏ ਜਾਣਗੇ, ਜਦੋਂ ਕਿ ਇੱਕ ਲਈ ਪੱਛਮੀ ਬੰਗਾਲ 'ਚ ਥਾਂ ਲੱਭੀ ਗਈ ਹੈ। ਇਸੇ ਦੌਰਾਨ ਰੂਸ

*(ਬਾਕੀ ਸਫਾ 9 ਉਤੇ)*


**ਪੰਜਾਬ ਟਾਈਮਜ਼**

*ਕੈਲੀਫੋਰਨੀਆ ਅਤੇ ਮਿਡਵੈਸਟ ਤੋਂ ਬਾਅਦ ਹੁਣ ਈਸਟ ਕੋਸਟ ਵਿਚ ਵੀ*

**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

**ATTN. HOMEOWNERS !!**

Purchase, Refinance, Loan Modification, Conventional, FHA, VA

Full doc / Stated Income, No MI Programs ....

No / Low Closing Cost Option Low Down Payment (3.5% only)

First Time Homebuyers Get $8,000 Tax Credit
(FHA Program Available only up to December 2009)

*Free Consultation *Free Pre-qualification
*Free Pre-approval *Even Free appraisal
(Reimbursed after the closing)

Call 847-933-9404
We speak English, Hindi, Punjabi, Gujarati & Malyalam

Guardian Financial Mortgage, Inc.
An Illinois Residential Mortgagee Licensee MB0005054

# ਕਾਮਾਗਾਟਾਮਾਰੂ ਸੰਬਧੀ ਮੁਆਫੀ ਮੰਗਣ ਤੱਕ ਮੁਹਿੰਮ ਜਾਰੀ ਰੱਖਾਂਗੇ

**ਜਸਵੀਰ ਸਿੰਘ ਸ਼ੀਰੀ**

ਸਾਹਿਬ ਸਿੰਘ ਥਿੰਦ ਕੈਨੇਡਾ ਵਿਚ ਕਾਮਾਗਾਟਾਮਾਰੂ ਘਟਨਾ ਲਈ ਕੈਨੇਡਾ ਸਰਕਾਰ ਵਲੋਂ ਮੁਆਫੀ ਮੰਗਵਾਏ ਜਾਣ ਲਈ ਚਲਾਈ ਜਾਣ ਵਾਲੀ ਮੁਹਿੰਮ ਦੀ ਅਗਵਾਈ ਕਰਨ ਵਾਲੀ ਪ੍ਰੋ. ਮੋਹਣ ਸਿੰਘ ਫਾਊਂਡੇਸ਼ਨ ਦੇ ਪ੍ਰਮੁੱਖ ਆਗੂ ਹਨ। ਇਸ ਜਥੇਬੰਦੀ ਦੇ ਕੈਨੇਡਾ ਵਿਚ ਦੋ ਕੁ ਸੌ ਸਰਗਰਮ ਮੈਂਬਰ ਹਨ ਅਤੇ ਜਥੇਬੰਦੀ ਨੂੰ ਇਸ ਮੁਲਕ ਵਿਚ ਲੱਖਾਂ ਲੋਕਾਂ ਦੀ ਹਮਾਇਤ ਹਾਸਿਲ ਹੈ। ਜਥੇਬੰਦੀ ਵਲੋਂ ਹਰ ਆਏ ਸਾਲ ਕੈਨੇਡਾ ਵਿਚ ਗਦਰੀ ਬਾਬਿਆਂ ਦਾ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਅਤੇ ਇਸ ਦੌਰਾਨ ਸਥਾਨਕ ਭਾਈਚਾਰੇ ਤੋਂ ਇਲਾਵਾ ਦੁਨੀਆ ਭਰ 'ਚੋਂ ਪੰਜਾਬੀ ਸਿਆਸਤਦਾਨ, ਗਾਇਕ ਅਤੇ ਹੋਰ ਕਲਾਕਾਰ ਹਿੱਸਾ ਲੈਂਦੇ ਹਨ। ਪਿਛਲੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਪੰਜਾਬ ਆਏ ਸਨ ਤਾਂ ਸਾਹਿਬ ਸਿੰਘ ਥਿੰਦ ਅਤੇ ਉਨ੍ਹਾਂ ਦੇ ਸਾਥੀ ਵੀ ਕਾਮਾਘਾਟਾਮਾਰੂ ਘਟਨਾ ਸਬੰਧੀ ਮੁਆਫ਼ੀ ਦੇ ਆਪਣੇ ਮਿਸ਼ਨ ਨੂੰ ਅਗੇ ਵਧਾਉਣ ਲਈ ਭਾਰਤ ਆਏ ਸਨ। ਸਾਹਿਬ ਸਿੰਘ ਥਿੰਦ ਦਾ ਪਿੰਡ ਕਪੂਰਥਲਾ ਜ਼ਿਲੇ ਵਿਚ 'ਠੱਟਾ ਨਵਾਂ' ਹੈ। ਪੇਸ਼ ਹੈ ਉਨਾਂ ਨਾਲ ਇਥੇ ਹੋਈ ਇਕ ਗੱਲਬਾਤ ਦੇ ਪ੍ਰਮੁੱਖ ਅੰਸ਼;

**– ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਕਦੋਂ ਅਤੇ ਕਿਸ ਮਕਸਦ ਲਈ ਹੋਂਦ ਵਿਚ ਆਈ ?**

– ਇਹ ਜਥੇਬੰਦੀ ਅਸੀਂ ਅਸਲ ਵਿਚ ਸਭਿਆਚਾਰਕ ਸਰਗਰਮੀਆਂ ਦੇ ਮਕਸਦ ਨਾਲ ਹੋਂਦ ਵਿਚ ਲਿਆਂਦੀ ਸੀ। ਮੁੱਢ ਵਿਚ ਅਸੀਂ ਜਿਹੜੀਆਂ ਸਰਗਰਮੀਆਂ ਕੀਤੀਆਂ ਉਹ ਇਸੇ ਮਕਸਦ ਨੂੰ ਧਿਆਨ ਵਿਚ ਰਖਦਿਆਂ ਕੀਤੀਆਂ ਸਨ। ਪਿਛੋਂ ਅਸੀਂ ਇਸ ਦਾ ਘੇਰਾ ਵੱਡਾ ਕੀਤਾ ਅਤੇ ਸ਼ਹੀਦ ਭਗਤ ਸਿੰਘ ਤੇ ਕਰਤਾਰ ਸਿੰਘ ਸਰਭਾ ਸੰਬੰਧੀ ਸਮਾਗਮ ਵੀ ਅਯੋਜਤ ਕੀਤੇ। ਇਸ ਤੋਂ ਇਲਾਵਾ ਅਸੀਂ ਛੋਟੇ ਛੋਟੇ ਸਾਹਿਤਿਕ ਸਮਾਗਮ ਵੀ ਕਰਿਆ ਕਰਦੇ ਸਾਂ।

**? ਤੁਸੀਂ ਕਾਮਾਗਾਟਾਮਾਰੂ ਜਹਾਜ਼ ਜਿਹੀ ਇਤਿਹਾਸਕ ਘਟਨਾ ਵਲ ਕਿਸ ਤਰ੍ਹਾਂ ਪਰਤੇ।**

–ਗਿਆਨੀ ਕੇਸਰ ਸਿੰਘ ਅਤੇ ਬਾਬਾ ਭਗਤ ਸਿੰਘ ਬਿਲਗਾ ਦੀ ਪ੍ਰੇਰਣਾ ਸਦਕਾ ਹੀ ਅਸੀਂ ਇਸ ਪਾਸੇ ਵਲ ਮੁੜੇ ਸਾਂ। ਇਨ੍ਹਾਂ ਦੋਨਾ ਸ਼ਖ਼ਸ਼ੀਅਤਾਂ ਨੇ ਸਾਨੂੰ ਇਹ ਸਮਝਾਇਆ ਕਿ ਗਦਰੀ ਬਾਬਿਆਂ ਦੀ ਦੇਸ਼ ਦੀ ਅਜ਼ਾਦੀ ਨੂੰ ਬੜੀ ਵੱਡੀ ਦੇਣ ਹੈ ਪਰ ਉਨ੍ਹਾਂ ਨੂੰ ਕਿਸੇ ਨੇ ਨਹੀਂ ਪੁਛਿਆ। ਇਸ ਲਈ ਤੁਹਾਨੂੰ ਉਨ੍ਹਾਂ ਦੇ ਨਾਂ ਉਪਰ ਮੇਲਾ ਆਯੋਜਿਤ ਕਰਨਾ ਚਾਹੀਦਾ ਹੈ। ਇੰਝ ਅਸੀਂ ਉਨਾਂ ਦੀ ਪ੍ਰੇਰਣਾ ਸਦਕਾ 1996 ਵਿਚ ਸਭ ਤੋਂ ਪਹਿਲਾਂ ਸ੍ਰ. ਕਰਤਾਰ ਸਿੰਘ ਸਰਾਭੇ ਦੇ ਜਨਮ ਦਿਨ ਉੱਪਰ ਮੇਲਾ ਆਯੋਜਿਤ ਕੀਤਾ। ਉਸ ਸਮੇਂ ਗਿਆਨੀ ਕੇਸਰ ਸਿੰਘ ਅਤੇ ਬਾਬਾ ਭਗਤ ਸਿੰਘ ਬਿਲਗਾ ਮੌਜੂਦ ਸਨ। ਉਨਾਂ ਨੇ ਇਥੇ ਇਸ ਦੌਰਾਨ ਆਪਣੇ ਵਿਚਾਰ ਵੀ ਰੱਖੇ ਅਤੇ ਪ੍ਰੋ.ਮੋਹਨ ਸਿੰਘ ਫਾਊਂਡੇਸ਼ਨ ਵਲੋਂ ਆਯੋਜਿਤ ਕੀਤੇ ਗਏ ਇਸ ਮੇਲੇ ਦੀ ਭਰਵੀਂ ਸ਼ਲਾਘਾ ਵੀ ਕੀਤੀ। ਹੁਣ ਇਸ ਮੇਲੇ ਦਾ ਨਾਂ ਗਦਰੀ ਬਾਬਿਆਂ ਦੇ ਨਾਮ ਤੇ ਰੱਖ ਦਿੱਤਾ ਹੈ।

**? ਇਸ ਮੇਲੇ ਦੌਰਾਨ ਸਭਿਆਚਾਰਕ ਸਮਾਗਮ ਵੀ ਹੁੰਦੇ ਹੋਣਗੇ।**

– ਮੇਲੇ ਦੌਰਾਨ ਸਾਰਾ ਕੁਝ ਰਲਵਾਂ ਮਿਲਵਾਂ ਹੁੰਦਾ ਹੈ। ਹੁਣ ਇਸ ਮੇਲੇ ਦੀ ਮੁੱਖ ਸੁਰ ਸਮਾਜਿਕ, ਮਨੁੱਖੀ ਅਧਿਕਾਰਾਂ ਅਤੇ ਇੰਡੋਕੈਨੇਡੀਅਨ ਭਾਈਚਾਰੇ ਦੀ ਇਕਸੁਰਤਾ ਦੀ



**ਪ੍ਰੋ. ਮੋਹਣ ਸਿੰਘ ਫਾਊਂਡੇਸ਼ਨ ਦੇ ਆਗੂ ਸਾਹਿਬ ਸਿੰਘ ਥਿੰਦ ਨਾਲ ਇਕ ਮੁਲਾਕਤ**

ਦਿਸ਼ਾ ਵਿਚ ਹੁੰਦੀ ਹੈ। ਮੇਲੇ ਦੌਰਾਨ ਤਕਰੀਬਨ 35 ਫੀਸਦੀ ਪ੍ਰੋਗਰਾਮ ਸਭਿਆਚਾਰਕ ਤਰਜ਼ ਦੇ ਹੁੰਦੇ ਹਨ। ਸਿਆਸਤਦਾਨ ਵੀ ਇਥੇ ਆਪਣੀ ਪਹੁੰਚ ਕਰਦੇ ਹਨ ਭਾਵੇਂ ਉਨ੍ਹਾਂ ਦਾ ਮਕਸਦ ਪ੍ਰਵਾਸੀ ਭਾਰਤੀ ਲੋਕਾਂ ਦੀਆਂ ਵੋਟਾਂ ਹਾਸਲ ਕਰਨਾ ਹੀ ਹੁੰਦਾ ਹੈ। ਉਂਝ ਅਸੀਂ ਕਿਸੇ ਰਾਜਨੀਤਿਕ ਪਾਰਟੀ ਨਾਲ ਬੱਝੇ ਹੋਏ ਨਹੀਂ। ਵਿਰੋਧੀ ਧਿਰ ਵੀ ਮੇਲੇ ਵਿਚ ਪਹੁੰਚਦੀ ਹੈ। ਇਹ ਇਕੋ ਇਕ ਮੇਲਾ ਹੈ ਜਿਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਦੋ ਵਾਰ ਪਹੁੰਚੇ। ਅਤੇ ਰਸਮੀਂ ਰੂਪ ਵਿਚ ਉਨ੍ਹਾਂ ਨੇ ਕਾਮਾਗਾਟਾਮਾਰੂ ਘਟਨਾ ਉਪਰ ਅਫਸੋਸ ਵੀ ਪ੍ਰਗਟ ਕੀਤਾ। ਪਰ ਸਾਡੀ ਧਾਰਨਾ ਹੈ ਕਿ ਕੈਨੇਡਾ ਸਰਕਾਰ ਨੂੰ ਕੈਨੇਡੀਅਨ ਪਾਰਲੀਮੈਂਟ ਵਿਚ ਇਸ ਘਟਨਾ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਇਥੇ ਮੈਂ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਕੈਨੇਡਾ ਸਰਕਾਰ ਨੇ ਜਪਾਨੀਆਂ ਤੋਂ ਦੂਜੀ ਸੰਸਾਰ ਜੰਗ ਵਿਚ ਕੀਤੀਆਂ ਵਧੀਕੀਆਂ ਲਈ ਪਾਰਲੀਮੈਂਟ ਵਿਚ ਮੁਆਫ਼ੀ ਮੰਗੀ ਹੈ। ਇਸੇ ਤਰ੍ਹਾਂ ਚੀਨੀ ਭਾਈਚਾਰੇ ਤੋਂ ਵੀ ਸਰਕਾਰ ਮੁਆਫੀ ਮੰਗ ਚੁੱਕੀ ਹੈ। ਕੈਨੇਡਾ ਦੇ ਸਥਾਨਕ ਆਦਿਵਾਸੀਆਂ ਤੋਂ ਵੀ ਉਨ੍ਹਾਂ ਨਾਲ ਇਤਿਹਾਸਿਕ ਤੌਰ ਤੇ ਕੀਤੀਆਂ ਗਈਆਂ ਵਧੀਕੀਆਂ ਲਈ ਮੁਆਫੀ ਮੰਗੀ ਗਈ ਹੈ ਪਰ ਭਾਰਤੀਆਂ ਤੋਂ ਇਹ ਮੁਆਫੀ ਪਾਰਲੀਮੈਂਟ ਵਿਚ ਨਹੀਂ ਮੰਗੀ।

**– ਪਿੱਛੇ ਜਿਹੇ ਕੈਨੇਡੀਅਨ ਪਾਰਲੀਮੈਂਟ ਵਲੋਂ ਇਸ ਸੰਬੰਧ ਵਿਚ ਅਫਸੋਸ ਦਾ ਇਕ ਮਤਾ ਪਾਰਲੀਮੈਂਟ ਵਿਚ ਪਾਸ ਤਾਂ ਕੀਤਾ ਗਿਆ ਸੀ?**

– ਇਸ ਮਤੇ ਦਾ ਮਤਲਬ ਮੁਆਫੀ ਮੰਗਣਾ ਨਹੀਂ ਹੈ। ਭਾਵੇਂ ਕਿ ਪੰਜਾਬੀ ਮੀਡੀਏ ਦੇ ਵੱਡੇ ਹਿੱਸੇ ਨੇ ਇਸਨੂੰ ਮਾਫੀ ਦਰਸਾਇਆ ਸੀ ਅਤੇ ਕੈਨੇਡਾ ਦੀ ਇਕ ਪੰਜਾਬੀ ਪਾਰਲੀਮੈਂਟੇਰੀਅਨ ਨੇ ਇਸਦਾ ਸਿਹਰਾ ਵੀ ਆਪਣੇ ਸਿਰ ਬੰਨ੍ਹ ਲਿਆ ਸੀ। ਅਸਲੀ ਤੱਥ ਇਹ ਹੈ ਕਿ ਪਾਰਲੀਮੈਂਟ ਵਿਚ ਮਤਾ ਪਾਸ ਹੋਣ ਦੇ ਬਾਵਜੂਦ ਕੈਨੇਡਾ ਸਰਕਾਰ ਇਸ ਮਤੇ ਨੂੰ ਮੰਨਣ ਦੀ ਬਾਧਿਕ ਨਹੀਂ ਹੈ ਅਤੇ ਇਹ ਪਾਰਲੀਮੈਂਟ ਵਿਚ ਮੁਆਫੀ ਨਹੀਂ ਹੈ। ਹਾਂ ਇਹ ਜ਼ਰੂਰ ਹੈ ਕਿ ਬ੍ਰਿਟਿਸ਼ ਕੋਲੰਬੀਆਂ ਦੀ ਅਸੈਂਬਲੀ ਵਲੋਂ ਅਜਿਹੀ ਮੁਆਫੀ ਮੰਗੀ ਗਈ ਹੈ ਅਤੇ ਕੈਨੇਡਾ ਦੀ ਪਾਰਲੀਮੈਂਟ ਨੂੰ ਵੀ ਇਸੇ ਤਰਜ਼ ਉਤੇ ਮੁਆਫ਼ੀ ਮੰਗਣੀ ਚਾਹੀਦੀ ਹੈ।

**– ਪਿਛਲੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਸਟੀਫਨ ਹਾਰਪਰ ਭਾਰਤ ਆਏ ਸਨ। ਇਸ ਦੌਰਾਨ ਤੁਸੀਂ ਮੀਡੀਏ ਵਿਚ ਮੁਆਫੀ ਵਾਲੀ ਆਪਣੀ ਮੁਹਿੰਮ ਚਲਾਈ। ਇਸ ਨੂੰ ਕਿੰਨਾ ਕੁ ਹੁੰਗਾਰਾ ਮਿਲਿਆ?**

– ਸਾਨੂੰ ਇਸ ਸੰਬੰਧ ਵਿਚ ਪੰਜਾਬੀ ਮੀਡੀਏ ਅਤੇ ਕੁਝ ਸਿੱਖ ਸੰਸਥਾਵਾਂ ਵਲੋਂ ਵੀ ਭਰਵੀਂ ਹਿਮਾਇਤ ਪ੍ਰਾਪਤ ਹੋਈ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ. ਗੁਰਬਚਨ ਸਿੰਘ ਨੇ ਪ੍ਰਧਾਨ ਮੰਤਰੀ ਦੀ ਦਰਬਾਰ ਸਾਹਿਬ ਫੇਰੀ ਦੌਰਾਨ ਇਹ ਕਿਹਾ ਕਿ ਮੈਂ ਇਨ੍ਹਾਂ ਮੁੱਦਿਆਂ ਦੀ ਇਸ ਮੰਗ ਦੀ ਹਮਾਇਤ ਕਰਦਾ ਹਾਂ ਅਤੇ ਇਹ ਮੰਗ ਜਾਇਜ਼ ਹੈ। ਅਸੀਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਇਸ ਮੰਗ ਦੀ ਹਿਮਾਇਤ ਕਰਨ ਲਈ ਧੰਨਵਾਦ ਵੀ ਕੀਤਾ ਹੈ। ਇਥੇ ਦਿਲਚਸਪ ਤੱਥ ਇਹ ਹੈ ਕਿ ਪ੍ਰਧਾਨ ਮੰਤਰੀ ਦੇ ਪਹੁੰਚਣ ਵਾਲੇ ਦਿਨ ਅਸੀਂ ਸਵੇਰੇ ਹੀ ਜ਼ਲ੍ਹਿਆਂ ਵਾਲੇ ਬਾਗ ਵਿਚ ਮੋਮਬਤੀਆਂ ਬਾਲ ਕੇ ਇਕ ਪ੍ਰਦਰਸ਼ਨ ਕਰ ਦਿੱਤਾ ਸੀ ਅਤੇ ਇਸ ਪ੍ਰਦਰਸ਼ਨ ਨੂੰ ਦੇਸ਼ ਦੇ ਕੌਮੀ ਮੀਡੀਏ ਨੇ ਵੱਡੀ ਥਾਂ ਦਿੱਤੀ। ਇਸ ਕਾਰਨ ਸਿੱਖ ਜਥੇਬੰਦੀਆਂ ਉਪਰ ਵੀ ਕੁਝ ਦਬਾਅ ਪੈਦਾ ਹੋਇਆ। ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਸਮੇਤ ਸਿਆਸੀ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਸੀ ਕਿ ਉਹ ਪ੍ਰਧਾਨ ਮੰਤਰੀ ਉਪਰ ਕਾਮਾਗਾਟਾਮਾਰੂ ਘਟਨਾ ਸਬੰਧੀ ਮੁਆਫੀ ਮੰਗਣ ਲਈ ਜ਼ੋਰ ਪਾਉਣ। ਇਸ ਸੰਬੰਧ ਵਿਚ ਅਸੀਂ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਨੂੰ ਇਕ ਯਾਦ ਪੱਤਰ ਵੀ ਦਿੱਤਾ ਸੀ ਅਤੇ ਉਨ੍ਹਾਂ ਸਾਡੀ ਗੱਲ ਧਿਆਨ ਨਾਲ ਸੁਣੀ। ਇਸ ਸਾਰੀ ਹਾਲਤ ਵਿਚ ਸਾਨੂੰ ਕਾਫੀ ਵੱਡਾ ਹੁੰਗਾਰਾ ਮਿਲਿਆ। ਇਸ ਦ੍ਰਿਸ਼ਟੀ ਤੋਂ ਸਮੁੱਚੇ ਰੂਪ ਵਿਚ ਸਾਡੀ ਮੁਹਿੰਮ ਸਹੀ ਦਿਸ਼ਾ ਵਿਚ ਹੈ।

# ਲੁਧਿਆਣਾ ਹਿੰਸਾ ਪੰਜਾਬ ਅਸੈਂਬਲੀ 'ਚ ਪਹੁੰਚੀ, ਅਕਾਲੀ ਕਾਂਗਰਸੀ ਹੋਏ ਪੱਗੋ-ਹੱਥੀ

**ਚੰਡੀਗੜ੍ਹ:** ਲੁਧਿਆਣਾ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦਾ ਪ੍ਰਛਾਵਾਂ ਪੰਜਾਬ ਅਸੈਂਬਲੀ ਤੇ ਵੀ ਪੈ ਗਿਆ ਹੈ। ਅਸਲ ਵਿਚ ਲੁਧਿਆਣਾ ਦੀ ਹਿੰਸਾ ਵਾਲਾ ਮਾਹੌਲ ਬੀਤੀ 9 ਦਸੰਬਰ ਨੂੰ ਪੰਜਾਬ ਅਸੈਂਬਲੀ ਵਿਚ ਵੀ ਵੇਖਣ ਨੂੰ ਮਿਲਿਆ।

ਲੁਧਿਆਣਾ 'ਚ ਵਾਪਰੀਆਂ ਹਿੰਸਕ ਘਟਨਾਵਾਂ ਦੇ ਮਾਮਲੇ 'ਤੇ 8 ਦਸੰਬਰ ਨੂੰ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਦੂਜੇ ਦਿਨ ਦੇਣਾ ਸ਼ੁਰੂ ਕੀਤਾ ਤਾਂ ਕਾਂਗਰਸੀ ਵਿਧਾਇਕਾਂ ਨੇ ਸਰਕਾਰ ਵਿਰੁਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਕਾਂਗਰਸੀ ਵਿਧਾਇਕਾਂ ਨੇ ਸੁਖਬੀਰ ਸਿੰਘ ਬਾਦਲ ਤੇ ਪ੍ਰਕਾਸ਼ ਸਿੰਘ ਬਾਦਲ ਵਲ ਵਧਣ ਦੀ ਕੋਸ਼ਿਸ਼ ਕੀਤੀ। ਇਹ ਵੇਖਦਿਆਂ ਅਕਾਲੀ ਦਲ ਦੇ ਵਿਧਾਇਕ ਵੀ ਆਪਣੀਆਂ ਸੀਟਾਂ ਤੋਂ ਉਠ ਕੇ ਕਾਂਗਰਸੀਆਂ ਨਾਲ ਬਹਿਸਣ ਲੱਗੇ ਅਤੇ ਇਸੇ ਦੌਰਾਨ ਦੋਵਾਂ ਧਿਰਾਂ ਦੇ ਮੈਂਬਰਾਂ ਵਿਚਕਾਰ ਗਾਲੀ-



*ਵਿਧਾਨ ਸਭਾ ਦੇ ਬਾਹਰ ਬੀਬੀ ਰਜਿੰਦਰ ਕੌਰ ਭੱਠਲ, ਬਲਬੀਰ ਸਿੰਘ ਸਿੱਧੂ ਅਤੇ ਹੋਰ ਕਾਂਗਰਸੀ ਮੁਜਾਹਰਾ ਕਰਦੇ ਹੋਏ*

ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਵਿਚਕਾਰ ਜੰਮ ਕੇ ਖਿੱਚੋਤਾਣ ਤੇ ਬਹਿਸਬਾਜ਼ੀ ਹੋਈ, ਇਸ ਦੌਰਾਨ ਇਕ ਅਕਾਲੀ ਤੇ 2-3 ਕਾਂਗਰਸੀ ਵਿਧਾਇਕਾਂ ਦੀਆਂ ਪੱਗਾਂ ਵੀ ਲੱਥੀਆਂ। ਇਸੇ ਕਰਕੇ ਸਪੀਕਰ ਨੂੰ ਸਦਨ ਦੀ ਕਾਰਵਾਈ ਮੁਲਤਵੀ ਕਰਨੀ ਪਈ। ਦੱਸਣਯੋਗ ਹੈ ਕਿ 1986 'ਚ ਬਰਨਾਲਾ ਸਰਕਾਰ ਵੇਲੇ ਅਤੇ 1992 'ਚ ਬੇਅੰਤ ਸਿੰਘ ਸਰਕਾਰ ਸਮੇਂ ਤੋਂ ਬਾਅਦ ਅਜਿਹਾ ਪੰਜਾਬ ਵਿਧਾਨ ਸਭਾ ਦੇ ਇਤਿਹਾਸ 'ਚ ਤੀਜੀ ਵਾਰ ਦੇਖਣ ਨੂੰ ਮਿਲਿਆ ਹੈ। ਲੋਕਾਂ ਦੇ ਹਿੱਤਾਂ ਦੀ ਗੱਲ ਕਰਨ ਵਾਲੇ ਨੁਮਾਇੰਦੇ ਆਪ ਹੀ ਮਜ਼ਾਕ ਬਣ ਗਏ।

ਵਿਧਾਨ ਸਭਾ 'ਚ ਪ੍ਰਸ਼ਨਕਾਲ ਖ਼ਤਮ ਹੋਣ ਪਿਛੋਂ ਜਿਉਂ ਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਦਨ 'ਚ ਲੁਧਿਆਣਾ 'ਚ ਵਾਪਰੀਆਂ ਹਿੰਸਕ ਘਟਨਾਵਾਂ ਬਾਰੇ ਸਰਕਾਰ ਵਲੋਂ ਬਿਆਨ ਗਲੋਚ ਤੇ ਹੱਥੋਪਾਈ ਹੋ ਗਈ।

ਇਸੇ ਦੌਰਾਨ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਕਾਂਗਰਸੀ ਵਿਧਾਇਕਾਂ ਨੇ ਮੰਗ ਕੀਤੀ ਕਿ ਉਪ ਮੁੱਖ ਮੰਤਰੀ ਦੇ ਬਿਆਨ ਤੋਂ ਪਹਿਲਾਂ ਸਾਡੀ ਗੱਲ 'ਤੇ ਧਿਆਨ ਦਿੱਤਾ ਜਾਵੇ। ਉਨ੍ਹਾਂ ਕੰਮ ਰੋਕੂ ਮਤਾ ਪੇਸ਼ ਕਰਕੇ ਸੈਸ਼ਨ ਦਾ ਸਮਾਂ ਘਟਾਉਣ ਦੇ ਵਿਰੁਧ ਅਤੇ ਰਾਜ ਦੀ ਅਮਨ-ਕਾਨੂੰਨ ਦੀ ਹਾਲਤ 'ਤੇ ਬਹਿਸ ਬਾਰੇ ਹੋਰ ਸਮਾਂ ਵਧਾਉਣ ਬਾਰੇ ਕਿਹਾ। ਪ੍ਰੰਤੂ ਸਭ ਦੇ ਚਲਦੇ ਸੁਖਬੀਰ ਬਾਦਲ ਨੇ ਆਪਣਾ ਬਿਆਨ ਜਾਰੀ ਰੱਖਿਆ। ਜਦੋਂ ਸਪੀਕਰ ਨੇ ਕਾਂਗਰਸੀ ਵਿਧਾਇਕਾਂ ਨੂੰ ਸ਼ਾਂਤ ਹੋਣ ਦੀ ਅਪੀਲ ਕੀਤੀ ਤਾਂ ਉਹ ਸਪੀਕਰ ਦੀ ਸਟੇਜ ਸਾਹਮਣੇ ਆ ਕੇ ਨਾਅਰੇਬਾਜ਼ੀ ਕਰਦੇ ਹੋਏ ਉਨ੍ਹਾਂ ਵਲ ਨੂੰ ਵਧਣ ਲੱਗੇ ਪ੍ਰੰਤੂ ਉਥੇ ਮਾਰਸ਼ਲਾਂ ਨੇ ਉਨ੍ਹਾਂ ਨੂੰ ਘੇਰਾ ਪਾ ਕੇ ਰੋਕੀ ਰੱਖਿਆ। ਜਦੋਂ ਉਹ ਸਫਲ ਨਾ ਹੋ ਸਕੇ ਤਾਂ ਉਨ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਲ ਨੂੰ ਵਧਣਾ ਸ਼ੁਰੂ ਕਰ ਦਿੱਤਾ, ਜਿਸ 'ਤੇ ਗੁੱਸੇ 'ਚ ਆਏ 13-14 ਅਕਾਲੀ ਵਿਧਾਇਕਾਂ ਅਤੇ 2 ਭਾਜਪਾ ਵਿਧਾਇਕਾਂ ਜਿਨ੍ਹਾਂ ਵਿਚ ਅਨਿਲ ਜੋਸ਼ੀ ਸ਼ਾਮਲ ਸਨ, ਆਦਿ ਕਾਂਗਰਸੀਆਂ 'ਤੇ ਟੁੱਟ ਪਏ।

ਦੱਸਣਯੋਗ ਹੈ ਕਿ ਅਕਾਲੀ ਦਲ ਦੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਕਾਂਗਰਸੀ ਵਿਧਾਇਕ ਕੇਵਲ ਸਿੰਘ ਢਿੱਲੋਂ ਨਾਲ ਬਹਿਸਦੇ ਹੋਏ, ਉਨ੍ਹਾਂ ਦੀ ਪੱਗ ਲਾਹ ਦਿੱਤੀ ਅਤੇ ਇਸੇ ਦੌਰਾਨ ਕਾਂਗਰਸੀ ਵਿਧਾਇਕ ਦਰਸ਼ਨ ਸਿੰਘ ਬਰਾੜ ਤੇ ਵਿਰਸਾ ਸਿੰਘ ਵਲਟੋਹਾ ਦੀਆਂ ਪੱਗਾਂ ਵੀ ਲੱਥ ਗਈਆਂ। ਕਾਂਗਰਸੀ ਤੇ ਅਕਾਲੀ ਵਿਧਾਇਕਾਂ ਦੀ ਆਪਸੀ ਬਹਿਸਬਾਜ਼ੀ ਤੇ ਹੱਥੋਪਾਈ ਦੌਰਾਨ ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਵਿਧਾਨ ਸਭਾ ਦੀ ਕਾਰਵਾਈ ਇਕ ਘੰਟੇ ਲਈ ਮੁਲਤਵੀ ਕਰ ਦਿੱਤੀ।

ਵਿਧਾਇਕ ਵਿਰਸਾ ਸਿੰਘ ਵਲਟੋਹਾ, ਸਰਬਜੀਤ ਸਿੰਘ ਮੱਕੜ, ਰਮਿੰਦਰ ਸਿੰਘ ਬੁਲਾਰੀਆ, ਜਗਦੀਪ ਸਿੰਘ ਨਕਈ, ਦੇਸ ਰਾਜ ਧੁੱਗਾ ਤੇ ਦਰਸ਼ਨ ਸਿੰਘ ਦੀ ਕਾਂਗਰਸੀ ਵਿਧਾਇਕਾਂ ਨਾਲ ਜੰਮ ਕੇ ਹੱਥੋਪਾਈ ਹੋਈ। ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਤੇ ਅਜੀਤ ਸਿੰਘ ਕੋਹਾੜ, ਕਾਂਗਰਸੀ ਮੈਂਬਰ ਲਾਲ ਸਿੰਘ ਤੇ ਰਾਣਾ ਸੋਢੀ ਨੇ ਵੀ ਆਪਣੀਆਂ ਪੱਗਾਂ ਲਹਿਣ ਤੋਂ ਮੁਸ਼ਕਲ ਨਾਲ ਬਚਾਈਆਂ। ਕਾਂਗਰਸੀ ਵਿਧਾਇਕਾਂ ਦੀ ਅਗਵਾਈ ਕਰਨ ਵਾਲਿਆਂ 'ਚ ਦਰਸ਼ਨ ਸਿੰਘ ਬਰਾੜ, ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ, ਰਿਪਜੀਤ ਸਿੰਘ ਬਰਾੜ, ਲਵ ਕੁਮਾਰ ਗੋਲਡੀ, ਰਣਦੀਪ ਨਾਭਾ, ਮੱਖਣ ਸਿੰਘ, ਸੁਖਪਾਲ ਖਹਿਰਾ, ਹਰਮਹਿੰਦਰ ਪ੍ਰਧਾਨ, ਸਾਧੂ ਸਿੰਘ ਧਰਮਸੋਤ, ਅਜੀਤ ਇੰਦਰ ਸਿੰਘ ਮੋਫਰ ਆਦਿ ਸ਼ਾਮਲ ਸਨ। ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਖ਼ੁਦ ਇਸ ਰੌਲੇ ਰੱਪੇ ਦੌਰਾਨ ਕਾਂਗਰਸੀ ਵਿਧਾਇਕਾਂ ਨੂੰ ਪਿੱਛਿਓਂ ਅਗਾਂਹ ਵੱਧਣ ਲਈ ਪ੍ਰੇਰ ਰਹੇ ਸਨ।

ਵਿਧਾਨ ਸਭਾ 'ਚ ਇਨ੍ਹਾਂ ਦੋਵਾਂ ਧਿਰਾਂ ਦੇ ਮੈਂਬਰਾਂ ਵਿਚ ਧੱਕਾ-ਮੁੱਕੀ ਦੌਰਾਨ ਸਥਿਤੀ ਕਾਫੀ ਗੰਭੀਰ ਬਣ ਗਈ ਸੀ। ਸੁਖਬੀਰ ਬਾਦਲ ਆਪਣਾ ਭਾਸ਼ਣ ਦੇ ਕੇ ਬਾਹਰ ਚਲੇ ਗਏ ਪ੍ਰੰਤੂ ਮੁੱਖ ਮੰਤਰੀ ਬਾਦਲ ਉਥੇ ਦੋਵੇਂ ਧਿਰਾਂ ਨੂੰ ਸ਼ਾਂਤ ਕਰਾਉਣ ਦੇ ਯਤਨ ਕਰਦੇ ਰਹੇ।

ਇਸ ਮਗਰੋਂ ਸਦਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਉਹ ਅਕਾਲੀਆਂ ਦੀ ਧੱਕੇਸ਼ਾਹੀ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ ਅਤੇ ਆਪਣੀ ਪਾਰਟੀ ਦੇ ਮੈਂਬਰਾਂ ਨਾਲ ਹੋਏ ਇਸ ਮਾੜੇ ਵਿਵਹਾਰ ਪ੍ਰਤੀ ਸੱਤਾਧਾਰੀ ਧਿਰ ਦੇ ਦੋਸ਼ੀ ਵਿਧਾਇਕਾਂ ਖਿਲਾਫ਼ ਕੇਸ ਦਰਜ ਕਰਵਾਉਣਗੇ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਨੂੰ ਤੁਰੰਤ ਬਰਖਾਸਤ ਕਰਕੇ ਇਥੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ।

ਸ਼ੋਰ-ਸ਼ਰਾਬੇ ਤੋਂ ਬਾਅਦ ਜਦੋਂ ਮੁੜ ਇਕ ਘੰਟੇ ਬਾਅਦ 12 ਵਜੇ ਦੇ ਕਰੀਬ ਵਿਧਾਨ ਸਭਾ ਦੀ ਕਰਵਾਈ ਸ਼ੁਰੂ ਹੋਈ ਤਾਂ ਫਿਰ ਕਾਂਗਰਸੀ ਵਿਧਾਇਕ ਸਪੀਕਰ ਦੀ ਸਟੇਜ ਦੇ ਸਾਹਮਣੇ ਧਰਨਾ ਮਾਰ ਕੇ ਬੈਠ ਗਏ ਅਤੇ ਕਾਫੀ ਸ਼ੋਰ-ਸ਼ਰਾਬਾ ਕੀਤਾ, ਜਿਸ ਕਾਰਨ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਹਾਊਸ ਦੀ ਕਾਰਵਾਈ ਵੀਰਵਾਰ ਤੱਕ ਮੁਲਤਵੀ ਕਰ ਦਿੱਤੀ।

ਬਾਅਦ ਵਿਚ ਪ੍ਰੈਸ ਗੈਲਰੀ 'ਚ ਆਪਣਾ ਪੱਖ ਰੱਖਦਿਆਂ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਤੇ ਜਗਦੀਪ ਸਿੰਘ ਨਕਈ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਹਿਲਾਂ ਉਨ੍ਹਾਂ ਦੀ ਪੱਗ ਕਾਂਗਰਸੀ

*(ਬਾਕੀ ਸਫਾ 5 ਉਤੇ)*

**ਦੰਦਾਂ ਦਾ ਤਸੱਲੀਬਖ਼ਸ਼ ਪਰ ਵਾਜ਼ਬ ਫੀਸ 'ਤੇ ਇਲਾਜ**
**ਸਿੱਧੀ ਗੱਲਬਾਤ ਲਈ ਕਾਲ ਕਰੋ 630-479-0031**

- ਇੰਸ਼ੋਰੈਂਸ ਨਹੀਂ ਹੈ? ਕੋਈ ਫਿਕਰ ਨਹੀਂ। ਤੁਹਾਡੇ ਇਲਾਜ ਲਈ 20-40% ਛੂਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invistalign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਤਸੱਲੀਬਖਸ਼ ਕੰਮ, ਵਾਜ਼ਬ ਫੀਸ
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ

**Fillings, Dentures, Crowns, Bridge, Extractions, Cleaning, Veneers**



**ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ**

**Dr. Harjinder Khaira DMD & Associates**

Lakestreet Dental
490 W. Lake Street, Suite 107
Roselle, IL 60172
630-894-8008

Lakeland Dental
115 E. State Rd.,
Island Lake, IL 60042
847-526-1920

# ਲੁਧਿਆਣਾ ਗੋਲੀ ਕਾਂਡ ਬਾਦਲ ਸਰਕਾਰ ਦੇ ਮੱਥੇ 'ਤੇ ਕਲੰਕ:ਪੰਥਕ ਜਥੇਬੰਦੀਆਂ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਅਕਾਲੀ ਦਲ (ਅੰਮ੍ਰਿਤਸਰ) ਨੇ ਇਥੇ ਜਾਰੀ ਇਕ ਬਿਆਨ ਵਿਚ ਦੋਸ਼ ਲਾਇਆ ਹੈ ਕਿ ਲੁਧਿਆਣੇ ਦਾ ਗੋਲੀ ਕਾਂਡ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਸੀ ਸਗੋਂ ਇਸ ਕਾਰੇ ਪਿਛੇ ਅਖੌਤੀ ਪੰਥਕ ਸਿਆਸੀ ਨੇਤਾਵਾਂ, ਉਨ੍ਹਾਂ ਦੇ ਭਾਈਵਾਲਾਂ ਅਤੇ ਪੁਲਿਸ ਤੰਤਰ ਦੀ ਸਾਜ਼ਿਸ਼ੀ ਮਿਲੀਭੁਗਤ ਕੰਮ ਕਰ ਰਹੀ ਸੀ। ਸਿੱਖ ਹਿਤਾਂ ਲਈ ਨੰਗੇ ਧੜ ਜੂਝਣ ਵਾਲੀਆਂ ਧਾਰਮਕ ਜਥੇਬੰਦੀਆਂ ਦੇ ਸਰਗਰਮ ਸਿੰਘਾਂ ਨੂੰ ਖਤਮ ਕਰਨ ਦੇ ਮਨਸੂਬੇ ਬਣਾਉਣ ਲਈ ਆਸੂਤੋਸ਼ ਦੀ ਚੇਲੀ ਮਾਤਾ ਸੁਰਿੰਦਰ, ਭਾਜਪਾ ਵਿਧਾਇਕ ਹਰੀਸ਼ ਬੇਦੀ, ਮੁਖ ਮੰਤਰੀ ਸ੍ਰੀ ਬਾਦਲ ਦੇ ਫਰਜੰਦ ਸੁਖਬੀਰ ਬਾਦਲ ਅਤੇ ਲੁਧਿਆਣੇ ਦੇ ਸਾਬਕਾ ਐਮ ਪੀ ਸ਼ਰਨਜੀਤ ਢਿਲੋਂ ਦੀ ਇਹ ਮਿਲੀਭੁਗਤ ਸੀ।

ਜਥੇਬੰਦੀ ਦੀ ਕੈਲੀਫੋਰਨੀਆ ਇਕਾਈ ਦੀ ਇਕ ਮੀਟਿੰਗ ਤੋਂ ਬਾਅਦ ਜਥੇਬੰਦੀ ਦੇ ਇਕ ਬੁਲਾਰੇ ਨੇ ਕਿਹਾ ਕਿ ਤਖਤਾਂ ਦੇ ਮੌਜੂਦਾ ਜਥੇਦਾਰ ਗੱਲ-ਗੱਲ ਉਤੇ ਬਾਦਲ ਵਿਰੋਧੀ ਵਿਚਾਰ ਰਖਣ ਵਾਲਿਆਂ ਨੂੰ ਸ੍ਰੀ ਅਕਾਲ ਤਖਤ ਉਤੇ ਤਲਬ ਕਰ ਲੈਂਦੇ ਹਨ ਪਰ ਬੇਕਸੂਰੇ ਸਿੱਖਾਂ ਦੇ ਖੂਨ ਦੀ ਹੋਲੀ ਖੇਡਣ ਵਾਲੀ ਮੌਜੂਦਾ 'ਪੰਥਕ ਸਰਕਾਰ' ਦੇ ਮੁਖੀਏ ਅਕਾਲੀ ਮੁਖ ਮੰਤਰੀ ਵਿਰੁਧ ਕੋਈ ਹੁਕਮਨਾਮਾ ਕਿਉਂ ਜਾਰੀ ਨਹੀਂ ਕਰਦੇ? ਬੁਲਾਰੇ ਨੇ ਕਿਹਾ ਕਿ ਜੇ ਇਸ ਘਟਨਾ ਤੋਂ ਬਾਅਦ ਹੋਈਆਂ ਫੋਨ ਕਾਲਾਂ ਦਾ ਡਾਟਾਬੇਸ ਕਢਵਾ ਕੇ ਵੇਖਿਆ ਜਾਵੇ ਤਾਂ ਪਤਾ ਲਗੇਗਾ ਕਿ ਗੋਲੀ ਨਾਲ ਸਿੱਖਾਂ ਦੇ ਹੋਏ ਜਾਨੀ ਨੁਕਸਾਨ ਤੋਂ ਬਾਅਦ ਆਸੂਤੋਸ਼ ਦੇ ਚੇਲੇ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ।

ਆਪਣੇ ਹੀ ਭਰਾਵਾਂ ਦੇ ਖੂਨ ਨਾਲ ਹੱਥ ਰੰਗਣ ਵਾਲੀ ਪੰਜਾਬ ਪੁਲਿਸ ਦੀ ਭੂਮਿਕਾ ਦੀ ਚਰਚਾ ਕਰਦਿਆਂ ਮੀਟਿੰਗ ਵਿਚ ਵਖ ਵਖ ਬੁਲਾਰਿਆਂ ਨੇ ਆਖਿਆ ਕਿ ਲੁਧਿਆਣੇ ਦੀ ਗੁੰਡਾਗਰਦੀ ਦੌਰਾਨ ਪੁਲਿਸ ਨੇ ਜਖਮੀ ਹੋ ਕੇ ਡਿੱਗੇ ਨੌਜਵਾਨਾਂ ਉਪਰ ਅੰਨ੍ਹੇਵਾਹ ਡਾਂਗਾਂ ਵਰ੍ਹਾਈਆਂ। ਪਾਰਟੀ ਨੇ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਧਾਰਮਕ ਸਭਾਵਾਂ ਨੂੰ ਬੇਨਤੀ ਕੀਤੀ ਹੈ ਕਿ ਅਮਰੀਕਾ ਦੇ ਦੌਰੇ 'ਤੇ ਆਏ ਬਾਦਲ ਸਰਕਾਰ ਦੇ ਕਿਸੇ ਮੰਤਰੀ-ਸੰਤਰੀ ਨੂੰ ਮੂੰਹ ਨਾ ਲਾਇਆ ਜਾਵੇ।

ਅੰਮ੍ਰਿਤਸਰ ਅਕਾਲੀ ਦਲ ਨੇ ਪੰਜਾਬ ਤੋਂ ਆਉਣ ਵਾਲੇ ਬਾਦਲਦਲੀਆਂ ਅਤੇ ਤਖਤਾਂ ਦੇ ਮੌਜੂਦਾ ਜਥੇਦਾਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਭਵਿਖ ਵਿਚ ਜਦੋਂ ਵਿਦੇਸ਼ ਯਾਤਰਾ ਤੇ ਆਉਣਗੇ ਤਾਂ ਉਨ੍ਹਾਂ ਦਾ ਹਵਾਈ ਅੱਡੇ ਉਤੇ ਹੀ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਜਾਵੇਗਾ।

ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਮੁਖ ਦਰਸ਼ਨ ਸਿੰਘ ਸੰਧੂ, ਪ੍ਰੀਤਮ ਸਿੰਘ ਜੋਗਾਨੰਗਲ, ਬਲਜੀਤ ਸਿੰਘ, ਹਰਮਿੰਦਰਪਾਲ ਸਿੰਘ, ਗੁਰਦੀਪ ਸਿੰਘ, ਸੁਖਵਿੰਦਰ ਸਿੰਘ ਗੋਗੀ, ਈਸ਼ਰ ਸਿੰਘ ਮਝੈਲ, ਬਲਜੀਤ ਸਿੰਘ ਸਟਾਕਟਨ ਅਤੇ ਬਲਵਿੰਦਰ ਸਿੰਘ ਬਰਾੜ ਸ਼ਾਮਲ ਸਨ। ਅਮੈਰੀਕਨ ਗੁਰਦਵਾਰਾ ਕੌਂਸਲ ਦੇ ਭਾਈ ਰਾਮ ਸਿੰਘ, ਅਨੋਖ ਸਿੰਘ ਅਤੇ ਅਮਰਜੀਤ ਸਿੰਘ ਲੌਂਗੀਆ ਵੀ ਹਾਜਰ ਸਨ।

**ਸ਼ਿਕਾਗੋ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ, ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਅਤੇ ਕਈ ਹੋਰ ਪੰਥਕ ਜਥੇਬੰਦੀਆਂ ਨੇ ਲੁਧਿਆਣਾ ਵਿਚ ਹੋਏ ਗੋਲੀਕਾਂਡ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਨ੍ਹਾਂ ਦੋਹਾਂ ਜਥੇਬੰਦੀਆਂ ਨੇ ਜਾਰੀ ਵੱਖੋ ਵੱਖ ਬਿਆਨਾਂ ਵਿਚ ਕਿਹਾ ਹੈ ਕਿ 'ਗੁਰੂਡੰਮ ਦੀ ਦੁਕਾਨ ਚਲਾ ਰਹੇ ਪੰਥ ਦੁਸ਼ਮਣ ਆਸੂਤੋਸ਼ ਨੂਰਮਹਿਲੀਏ ਦੇ ਕੂੜ-ਸੰਗ' ਦਾ ਸ਼ਾਂਤਮਈ ਵਿਰੋਧ ਕਰ ਰਹੀਆਂ ਸਿੱਖ ਜਥੇਬੰਦੀਆਂ ਉਪਰ ਗੋਲੀਆਂ ਦੀ ਬੋਛਾਰ ਕਰਵਾ ਕੇ ਬਾਦਲ ਦੀ ਅਖੌਤੀ ਪੰਥਕ ਸਰਕਾਰ ਨੇ ਆਪਣੇ ਮੱਥੇ ਉਪਰ ਇਕ ਹੋਰ ਕਲੰਕ ਲਵਾ ਲਿਆ ਹੈ। ਜਿਹੜੇ ਸਿੱਖ ਹਾਲੇ ਵੀ ਪੰਜਾਬ ਦੀ ਬਾਦਲ ਸਰਕਾਰ ਤੋਂ ਪੰਥਕ ਹਿੱਤਾਂ ਅਤੇ ਭਲੇ ਦੀ ਆਸ ਰੱਖਦੇ ਹਨ ਉਹ ਅਸਲ ਵਿਚ ਬਹੁਤ ਵੱਡੇ ਭੁਲੇਖੇ ਵਿਚ ਜੀਅ ਰਹੇ ਹਨ।

ਨਿਊ ਜਰਸੀ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਰਕਰਾਂ ਦੀ ਹੋਈ ਇਕ ਮੀਟਿੰਗ ਵਿਚ ਇਸ ਘਟਨਾ ਦਾ ਗੰਭੀਰ ਨੋਟਿਸ ਲਿਆ ਗਿਆ। ਪਾਰਟੀ ਇਕਾਈ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਠਹਿਰਾਉਂਦਿਆਂ ਆਖਿਆ ਹੈ ਕਿ 1978 ਵਿਚ ਵੀ ਇਸੇ ਬਾਦਲ ਸਰਕਾਰ ਦੇ ਰਾਜ ਵਿਚ ਨਿਰੰਕਾਰੀ ਕਾਂਡ ਹੋਇਆ ਸੀ ਜਿਸ ਦਾ ਖਮਿਆਜਾ ਪੰਜਾਬ ਅਤੇ ਖਾਲਸਾ ਪੰਥ ਨੂੰ ਦੋ ਦਹਾਕੇ ਭੁਗਤਣਾ ਪਿਆ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਂਦ, ਹਰਪਾਲ ਸਿੰਘ, ਪ੍ਰੀਤਮ ਸਿੰਘ ਜੋਗਾ, ਤਰਸੇਮ ਸਿੰਘ, ਇੰਦਰਪਾਲ ਸਿੰਘ, ਮੱਖਣ ਸਿੰਘ ਅਤੇ ਹਰਦੀਪ ਸਿੰਘ ਸ਼ਾਮਲ ਹੋਏ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੀ ਨਿਊ ਯਾਰਕ ਵਿਚ ਹੋਈ ਕੌਮੀ ਪੱਧਰ ਦੀ ਏਕਤਾ ਵਿਚ ਪੰਜਾਬ ਦੀ ਅਜੋਕੀ ਵਿਸਫੋਟਕ ਸਥਿਤੀ ਉਤੇ ਵਿਚਾਰ-ਵਟਾਂਦਰਾ ਕਰਨ ਪਿਛੋਂ ਜਾਰੀ ਇਕ ਬਿਆਨ ਵਿਚ ਆਖਿਆ ਗਿਆ ਹੈ ਕਿ ਬਾਦਲਸ਼ਾਹੀ ਦੀ ਕੌਮਘਾਤੀ ਕੁਟਲਨੀਤੀ ਦਾ ਹੀ ਨਤੀਜਾ ਹੈ ਕਿ ਇਕੋ ਦਿਨ ਵਿਚ ਦੋ ਸਿੱਖ ਵਿਰੋਧੀ ਕਾਰੇ ਹੋਏ। ਪਹਿਲਾ ਪ੍ਰੋ. ਦਰਸ਼ਨ ਸਿੰਘ ਨੂੰ ਆਪਣੇ ਥਾਪੇ ਹੂੜਮੱਤ ਜਥੇਦਾਰਾਂ ਪਾਸੋਂ ਜਲੀਲ ਕਰਾਉਣ ਦੀ ਹਿਮਾਕਤ ਕਰਵਾਈ ਗਈ ਅਤੇ ਦੂਜਾ ਪੰਥ ਦਰਦੀ ਦਰਸ਼ਨ ਸਿੰਘ ਲੁਹਾਰਾਂਵਾਲੇ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਗਿਆ। ਜਥੇਬੰਦੀ ਨੇ ਇਸ ਗੱਲ ਉਤੇ ਹੈਰਾਨੀ ਪ੍ਰਗਟਾਈ ਕਿ ਜਿਹੜੇ ਸਿੰਘ ਸਾਹਿਬਾਨ ਪ੍ਰੋ. ਦਰਸ਼ਨ ਸਿੰਘ ਵਿਰੁਧ ਇੰਨੇ ਸਰਗਰਮ ਹੋਏ ਹੋਏ ਹਨ, ਉਨ੍ਹਾਂ ਦੇ ਵਾਰ ਵਾਰ ਕਹਿਣ ਉਤੇ ਵੀ ਮੁੱਖ ਮੰਤਰੀ ਬਾਦਲ ਨੇ ਨੂਰਮਹਿਲੀਏ ਦੇ ਕਥਿਤ ਸਤਿਸੰਗ ਉਤੇ ਪਾਬੰਦੀ ਕਿਉਂ ਨਹੀਂ ਲਾਈ? ਕਿਉਂ ਨਹੀਂ ਇਨ੍ਹਾਂ ਸਿੰਘ ਸਾਹਿਬਾਨ ਨੂੰ ਬਾਦਲ ਦੀ ਜਵਾਬਤਲਬੀ ਕਰਨ ਲਈ ਹੁਕਮਨਾਮੇ ਜਾਰੀ ਕਰਨ ਵਾਸਤੇ ਕਲਮਾਂ ਲੱਭ ਰਹੀਆਂ।

ਮੀਟਿੰਗ ਵਿਚ ਕਈ ਬੁਲਾਰਿਆਂ ਨੇ ਆਸਟਰੀਆ ਦੇ ਵਿਆਨਾ ਕਾਂਡ ਤੋਂ ਬਾਅਦ ਪੰਜਾਬ ਵਿਚ ਅਗਜਨੀ ਤੇ ਹੁੱਲੜਬਾਜ਼ੀ ਕਰਨ ਵਾਲਿਆਂ ਵਿਰੁਧ ਪੰਜਾਬ ਸਰਕਾਰ ਵਲੋਂ ਕਾਰਵਾਈ ਨਾ ਕੀਤੇ ਜਾਣ ਨੂੰ ਚੇਤੇ ਕਰਦਿਆਂ ਲੁਧਿਆਣਾ ਕਾਂਡ ਵਿਚ ਕੀਤੀ ਗਈ ਬੇਲੋੜੀ ਫਾਇਰਿੰਗ ਨੂੰ ਬਾਦਲ ਸਰਕਾਰ ਦਾ ਸਿੱਖਾਂ ਉਤੇ ਹਮਲਾ ਕਰਾਰ ਦਿੱਤਾ। ਨੂਰਮਹਿਲੀਏ ਦੇ ਸਮਾਗਮ ਵਿਰੁਧ ਕਈ ਦਿਨਾਂ ਤੋਂ ਸ਼ਾਂਤਮਈ ਸੰਘਰਸ਼ ਕਰ ਰਹੇ ਸ਼੍ਰੋਮਣੀ ਤੱਤ ਖਾਲਸਾ ਦੇ ਸਿੰਘਾਂ ਦੀ ਸ਼ਲਾਘਾ ਕਰਦਿਆਂ ਇਸ ਗੱਲ ਉਤੇ ਵੀ ਦੁੱਖ ਪ੍ਰਗਟਾਇਆ ਗਿਆ ਕਿ ਸਮੂਹਿਕ ਨੁਕਸਾਨ ਹੋਣ ਤੋਂ ਬਾਅਦ ਮਸਲੇ ਨੂੰ ਠੰਡੇ ਬਸਤੇ ਪਾਉਣ ਲਈ ਡੇਰੇਦਾਰ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਅਣਗੌਲਿਆਂ ਕਰਕੇ ਮਨਮਰਜੀ ਦੀ ਸੌਦੇਬਾਜ਼ੀ ਕਰਨ ਲੱਗ ਪੈਂਦੀਆਂ ਹਨ।

ਜਥੇਬੰਦੀ ਦੀ ਇਸ ਮੀਟਿੰਗ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਡਾ. ਤਰਲੋਚਨ ਸਿੰਘ ਨਾਹਲ, ਭਾਈ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਜੌਹਲ, ਭਾਈ ਦੀਦਾਰ ਸਿੰਘ, ਭਾਈ ਸੁਖਦੇਵ ਸਿੰਘ, ਇੰਦਰਪਾਲ ਸਿੰਘ ਸਿਆਟਲ, ਸਤਿਪ੍ਰਕਾਸ਼ ਸਿੰਘ, ਸੁਰਜੀਤ ਸਿੰਘ, ਭਾਈ ਕਰਨੈਲ ਸਿੰਘ ਸਲੇਮਪੁਰੀ, ਭਾਈ ਪ੍ਰਿਤਪਾਲ ਸਿੰਘ, ਭੁਪਿੰਦਰ ਸਿੰਘ ਵਰਜੀਨੀਆ, ਗਿਆਨੀ ਕਰਨੈਲ ਸਿੰਘ ਅਤੇ ਭਾਈ ਚਰਨਜੀਤ ਸਿੰਘ ਸਮਰਾ ਸ਼ਾਮਲ ਸਨ।

**ਡੈਲਸ, ਟੈਕਸਸ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਯੂਥ ਆਫ ਅਮਰੀਕਾ ਦੇ ਟੈਕਸਸ ਯੂਨਿਟ ਨੇ ਲੁਧਿਆਣਾ ਵਿਚ ਵਾਪਰੀਆਂ ਘਟਨਾਵਾਂ ਲਈ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਸਪੁਤਰ ਸੁਖਬੀਰ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਖੀ ਵਿਰੁਧ ਇਹ ਬਾਬੇ ਬਾਦਲ ਪਰਿਵਾਰ ਦੀ ਸ਼ਹਿ ਉਤੇ ਪੰਜਾਬ ਵਿਚ ਵਧ-ਫੁਲ ਰਹੇ ਹਨ, ਭਾਵੇਂ ਉਹ ਨਿਰੰਕਾਰੀ ਬਾਬਾ ਹੋਵੇ, ਆਸੂਤੋਸ਼ ਜਾਂ ਫਿਰ ਸਿਰਸੇ ਵਾਲਾ ਸਾਧ। ਜਥੇਬੰਦੀ ਨੇ ਇਸ ਗੱਲ 'ਤੇ ਹੈਰਾਨੀ ਜਾਹਰ ਕੀਤੀ ਹੈ ਕਿ ਇਕ ਦਿਨ ਪਹਿਲਾਂ ਛੇ-ਸੱਤ ਹਜਾਰ ਭਈਆਂ ਵਲੋਂ ਕੀਤੀ ਲੁਟ ਮਾਰ ਵੇਲੇ ਪੂਰਾ ਸੰਜਮ ਵਰਤਿਆ ਗਿਆ ਤਾਂ ਕਿ ਕਿਸੇ ਬਿਹਾਰੀ ਦੇ ਝਰੀਟ ਤੱਕ ਨਾ ਆਵੇ, ਜਦੋਂਕਿ ਪੰਥਕ ਜਥੇਬੰਦੀਆਂ ਉਪਰ ਇਕਦਮ ਗੋਲੀ ਚਲਾ ਦਿਤੀ। ਬਿਆਨ ਗੁਰਮੇਜ਼ ਸਿੰਘ ਢੇਸੀ, ਸੁਰਿੰਦਰ ਸਿੰਘ ਗਿੱਲ, ਸੰਤੋਖ ਸਿੰਘ ਖਾਲਸਾ, ਨਰਿੰਦਰ ਸਿੰਘ ਅਤੇ ਹੋਰਨਾਂ ਦੇ ਦਸਤਖਤਾਂ ਹੇਠ ਜਾਰੀ ਕੀਤਾ ਗਿਆ ਹੈ।

**ਨਿਊ ਯਾਰਕ** ਤੋਂ ਜਾਰੀ ਇਕ ਹੋਰ ਬਿਆਨ ਵਿਚ ਸਿੱਖ ਯੂਥ ਆਫ ਅਮਰੀਕਾ ਦੇ ਆਗੂਆਂ ਗੁਰਿੰਦਰਜੀਤ ਸਿੰਘ ਮਾਨਾ, ਡਾ. ਰਣਜੀਤ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਕੁਲਵੰਤ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਅਜਿਹੀਆਂ ਹੀ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਹੈ ਕਿ ਲੁਧਿਆਣਾ ਕਾਂਡ ਪੰਜਾਬ ਸਰਕਾਰ ਵਲੋਂ ਸਿੱਖ ਕੌਮ ਨਾਲ ਕੀਤਾ ਗਿਆ ਇਕ ਵੱਡਾ ਧ੍ਰੋਹ ਹੈ। ਲੁਧਿਆਣੇ ਵਿਚ ਬਿਹਾਰੀ ਭੱਈਏ ਆਸੂਤੋਸ਼ ਨੇ ਸਰਕਾਰੀ ਤਾਕਤਾਂ ਦੀ ਮਿਲੀਭੁਗਤ ਨਾਲ ਗੁੰਡਾਗਰਦੀ ਦਾ ਜੋ ਨੰਗਾ ਨਾਚ ਨੱਚਿਆ ਹੈ ਉਸ ਨਾਲ ਸਿੱਖ ਕੌਮ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਵਿਚ ਬਾਦਲਕਿਆਂ ਦੀ ਭਾਈਵਾਲੀ ਜੱਗ ਜਾਹਰ ਹੋ ਗਈ ਹੈ। ਜਥੇਬੰਦੀ ਨੇ ਆਖਿਆ ਹੈ ਕਿ ਭਾਈ ਦਰਸ਼ਨ ਸਿੰਘ ਦੀ ਸ਼ਹੀਦੀ ਬਾਦਲ ਦੀ ਰਾਜਨੀਤੀ ਦੇ ਕੱਫਣ 'ਚ ਕਿੱਲ ਸਾਬਤ ਹੋਵੇਗੀ। ਸਰਕਾਰੀ ਤਾਕਤਾਂ ਇਨ੍ਹਾਂ ਅਖੌਤੀ ਸਾਧਾਂ ਰਾਹੀਂ ਸਿੱਖਾਂ ਦਾ ਸਬਰ ਪਰਖ ਰਹੀਆਂ ਹਨ ਅਤੇ ਸਰਕਾਰ ਚਾਹੁੰਦੀ ਹੈ ਕਿ ਸਿੱਖ ਨੌਜਵਾਨਾਂ ਨੂੰ ਉਕਸਾ ਕੇ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਜਾਵੇ ਅਤੇ ਸਰਕਾਰ ਫਿਰ ਇਕ ਵਾਰ ਸਿੱਖ ਨੌਜਵਾਨਾਂ ਦਾ ਸ਼ਿਕਾਰ ਖੇਡ ਸਕੇ ਪਰ ਸਾਨੂੰ ਧੀਰਜ ਦਾ ਲੜ ਨਾ ਛੱਡਦਿਆਂ ਸਿੱਖੀ ਰਵਾਇਤਾਂ ਮੁਤਾਬਕ ਇਨ੍ਹਾਂ ਅਖੌਤੀ ਸਾਧਾਂ ਦਾ ਪੰਜਾਬ ਵਿਚੋਂ ਸਫਾਇਆ ਕਰਨ ਲਈ ਲਾਮਬੰਦ ਹੋਣਾ ਚਾਹੀਦਾ ਹੈ। ਜਥੇਬੰਦੀ ਨੇ ਇਹ ਵੀ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ, ਸਿਧਾਂਤ ਤੇ ਸਤਿਕਾਰ ਨੂੰ ਕਾਇਮ ਰੱਖਣ ਲਈ ਇਸ ਨੂੰ ਬਾਦਲ ਦੀ ਜੁੰਡਲੀ ਤੋਂ ਆਜ਼ਾਦ ਕਰਾਉਣਾ ਜ਼ਰੂਰੀ ਹੈ। ਸਿੱਖ ਯੂਥ ਆਫ ਅਮੈਰਿਕਾ ਸਿੱਖਾਂ ਦੇ ਵੱਖਰੇ ਰਾਜ ਭਾਗ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਰਹਿਣ ਲਈ ਵਚਨਬੱਧ ਹੈ।

## ਸਿੱਖ ਕਲਚਰਲ ਸੁਸਾਇਟੀ ਵਲੋਂ ਪੰਥਕ ਇਕੱਠ 12 ਨੂੰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਲੁਧਿਆਣਾ ਵਿਚ ਹੋਏ 5 ਦਸੰਬਰ ਦੇ ਗੋਲੀ ਕਾਂਡ, ਜਿਸ ਵਿਚ ਭਾਈ ਦਰਸ਼ਨ ਸਿੰਘ ਲੁਹਾਰਾ ਹਲਾਕ ਹੋ ਗਏ ਸਨ ਅਤੇ 14 ਹੋਰ ਵਿਅਕਤੀ ਜਖਮੀ ਹੋ ਗਏ ਸਨ, ਤੋਂ ਬਾਅਦ ਦੇ ਹਾਲਾਤ ਅਤੇ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ 'ਇਕ ਪੱਖਪਾਤੀ' ਫੈਸਲੇ ਵਿਚ ਤਨਖਾਈਆ ਕਰਾਰ ਦਿੱਤੇ ਜਾਣ ਉਪਰ ਵਿਚਾਰ ਕਰਨ ਲਈ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ, ਨਿਊ ਯਾਰਕ ਵਲੋਂ ਸਨਿਚਰਵਾਰ 12 ਦਸੰਬਰ ਨੂੰ ਬਾਅਦ ਦੁਪਹਿਰ 1 ਵਜੇ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਵਿਖੇ ਇਕ ਪੰਥਕ ਇਕੱਠ ਸੱਦਿਆ ਜਾ ਰਿਹਾ ਹੈ।

ਸੁਸਾਇਟੀ ਨੇ ਟਰਾਈ ਸਟੇਟ ਦੀਆਂ ਸਮੂਹ ਪੰਥਕ ਜਥੇਬੰਦੀਆਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਨਾਨਕ ਨਾਮ ਲੇਵਾ ਗੁਰਸਿੱਖ ਮਾਈ-ਭਾਈ ਨੂੰ ਇਸ ਪੰਥਕ ਸਮਾਗਮ ਵਿਚ ਪੁਜਣ ਅਤੇ ਆਪਣੇ ਵਿਚਾਰ ਦੇਣ ਦੀ ਅਪੀਲ ਕੀਤੀ ਹੈ। ਹੋਰ ਜਾਣਕਾਰੀ ਫੋਨ 718-840-3333 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਲੁਧਿਆਣਾ ਕਾਂਡ ਲਈ ਅਕਾਲੀ-ਭਾਜਪਾ ਸਰਕਾਰ ਜ਼ਿੰਮੇਵਾਰ

**ਮਾਡੈਸਟੋ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਜਦੋਂ ਵੀ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਬਣੀ ਹੈ ਸਿੱਖਾਂ ਉਪਰ ਨਾਜਾਇਜ਼ ਅਤਿਆਚਾਰ ਅਤੇ ਗੋਲੀਆਂ ਦਾ ਵਰਤਾਰਾ ਵਾਪਰਿਆ ਹੈ। ਅਕਾਲੀਆਂ ਨੇ ਆਪਣੀਆਂ ਤਿਜੋਰੀਆਂ ਭਰਨ ਤੋਂ ਸਿਵਾਏ ਕੋਈ ਭਲਾ ਨਹੀਂ ਕੀਤਾ। ਇਹ ਵਿਚਾਰ ਓਵਰਸੀਜ਼ ਕਾਂਗਰਸ ਦੇ ਜਨਰਲ ਸਕੱਤਰ ਬੱਬੀ ਟਿਵਾਣਾ ਅਤੇ ਜਸਵੀਰ ਸਿੰਘ ਰਾਜਾ ਨੇ ਇਕ ਬਿਆਨ ਵਿਚ ਜਾਹਰ ਕੀਤੇ।

ਬਿਆਨ ਵਿਚ ਦੋਹਾਂ ਆਗੂਆਂ ਨੇ ਆਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨ ਅਤੇ ਨਾਮ ਸਿਮਰਨ ਦਾ ਸੁਨੇਹਾ ਦਿੱਤਾ ਸੀ ਪਰ ਅਜੋਕੇ ਅਕਾਲੀ ਪੰਜਾਬ ਵਿਚ ਡੇਰਾਵਾਦ ਦਾ ਪ੍ਰਚਾਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਲੋਂ ਸਿੱਖਾਂ ਨੂੰ ਮੋੜ ਰਹੇ ਹਨ। ਬਾਬਰੀ ਮਸਜਿਦ ਬਾਰੇ ਲਿਬਰਹਾਨ ਕਮੇਟੀ ਦੀ ਰਿਪੋਰਟ ਤੋਂ ਸਾਬਤ ਹੋ ਗਿਆ ਹੈ ਕਿ ਇਸ ਕਾਂਡ ਲਈ ਭਾਜਪਾ ਤੇ ਆਰ ਐਸ ਐਸ ਜ਼ਿੰਮੇਵਾਰ ਸਨ। ਸ੍ਰੀ ਟਿਵਾਣਾ ਨੇ ਸੱਦਾ ਦਿੱਤਾ ਕਿ ਭਾਜਪਾ ਆਗੂਆਂ ਦਾ ਬਾਈਕਾਟ ਕੀਤਾ ਜਾਵੇ ਅਤੇ ਲੁਧਿਆਣਾ ਕਾਂਡ ਲਈ ਜ਼ਿੰਮੇਵਾਰ ਭਾਜਪਾ ਵਿਧਾਇਕ ਹਰੀਸ਼ ਪੁਰੀ ਤੇ ਉਸ ਦੇ ਲੜਕੇ ਵਿਰੁਧ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸੀਨੀਅਰ ਕਾਂਗਰਸ ਆਗੂ ਪਾਲ ਸਹੋਤਾ ਅਤੇ ਜਸਵੀਰ ਸਿੰਘ ਰਾਜਾ ਨੇ ਸਮੂਹ ਪੰਜਾਬੀਆਂ ਨੂੰ ਅਮਨ ਬਣਾਈ ਰੱਖਣ ਦੀ ਅਪੀਲ ਕਰਦਿਆਂ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਵਿਦੇਸ਼ਾਂ ਵਿਚ ਆਉਣ ਵਾਲੇ ਅਕਾਲੀ-ਭਾਜਪਾ ਆਗੂਆਂ ਦਾ ਬਾਈਕਾਟ ਕੀਤਾ ਜਾਵੇ।


Petersen`s Auto Body & Repair

Schaumburg, IL Ph:847-524-8704

ਪੰਜਾਬੀ ਭਰਾਵਾਂ ਦੀ ਆਪਣੀ ਆਟੋ ਬਾਡੀ ਤੇ ਰਿਪੇਅਰ ਸ਼ਾਪ

ਅਸੀਂ ਸਭ ਤਰ੍ਹਾਂ ਦੀਆਂ ਕਾਰਾਂ ਦੀ ਬਾਡੀ ਅਤੇ ਰਿਪੇਅਰ ਦਾ ਤਸੱਲੀਬਖ਼ਸ਼ ਕੰਮ ਬਹੁਤ ਹੀ ਵਾਜਬ ਕੀਮਤਾਂ ਉਤੇ ਕਰਦੇ ਹਾਂ

Bring in to the professionals

- Auto body repair since 1973
- All Foreign & Domestic Vehicles
- ASE Certified Technicians
- Efficient, Reliable, Dependable,
- Quality Service
- Convenient Location
- Free Computerized Estimates
- Competitive Prices
- Full Tire Service (We carry new tires)
- Insurance Work Specialist




24 Hour Towing

ਅਸੀਂ ਇੰਸ਼ੋਰੈਂਸ ਦਾ ਆਟੋ ਬਾਡੀ ਰਿਪੇਅਰ ਦਾ ਕੰਮ ਵੀ ਬਹੁਤ ਹੀ ਸਹੀ ਕੀਮਤਾਂ ਉਤੇ ਅਤੇ ਵਧੀਆ ਕੁਆਲਿਟੀ ਦਾ ਕਰਦੇ ਹਾਂ

ਸੰਤੋਖ ਸਿੰਘ ਡੀ ਸੀ, ਫੋਨ 847-338-3866

ਪੀਟਰਸਨ ਆਟੋ ਬਾਡੀ ਐਂਡ ਰਿਪੇਅਰ

1212 S. Mitchell Blvd. Schaumburg, IL 60193,

Ph:847-524-8704, Fax:847-524-3692



PANNUN THE LAW FIRM
ATTORNEYS & COUNSELLORS

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?

ਤੁਹਾਡੀ ਸੇਵਾ ਵਿੱਚ ਹਾਜ਼ਰ

ਇਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਟ ਅਪੀਲਜ਼
- ਕੈਨਸੋਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370

CALIFORNIA
T 510.796.9000
39300 CIVIC CENTER DR. SUITE 170 FREMONT, CA 94538
FREMONT, CA 94538

# ਸ਼ਾਹ ਮੂਹੰਮਦਾ ਸਿੰਘ ਜੇ ਜ਼ੋਰ ਕਰਦੇ, ਭਾਵੇਂ ਲੁਧਿਆਣਾ ਵੀ ਉਦੋਂ ਮਾਰ ਲੈਂਦੇ

**ਐਸ. ਅਸ਼ੋਕ ਭੌਰਾ**

ਪੌੜੀਆਂ ਸਿਰਫ ਚੜ੍ਹਨ ਲਈ ਹੀ ਨਹੀਂ ਹੁੰਦੀਆਂ ਹੇਠਾਂ ਆਉਣ ਲਈ ਵੀ ਹੁੰਦੀਆਂ ਹਨ। ਇਵੇਂ ਅੜੀ ਨੁਕਸਾਨ ਦੀ ਵੰਨਗੀ ਹੀ ਨਹੀਂ ਹੁੰਦੀ ਹਾਲਾਤ ਪੈਦਾ ਕਰਨ ਵਾਲਿਆਂ ਦੀ ਗੁਸਤਾਖ਼ੀ ਵੀ ਹੁੰਦੀ ਹੈ। ਪੰਜਾਬ ਦੇ ਜਿਸ ਲੁਧਿਆਣੇ ਸ਼ਹਿਰ ਨੂੰ ਮਾਨਚੈਸਟਰ ਦਾ ਨਾਂ ਦਿੱਤਾ ਜਾਂਦਾ ਹੈ। ਜਿਸ ਦੀ

## ਸਰਸਰੀ ਜਿਹੇ

ਆਬੋ ਹਵਾ ਵਿਚ ਫੈਕਟਰੀਆਂ ਦੀਆਂ ਚਿਮਨੀਆਂ ਦਾ ਧੂੰਆਂ ਹੀ ਨਹੀਂ, ਸਾਹਿਰ ਲੁਧਿਆਣਵੀ ਦੇ ਗੀਤ ਵੀ ਹਨ, ਨਰਿੰਦਰ ਬੀਬਾ ਦੀਆਂ ਲੰਬੀਆਂ ਹੇਕਾਂ, ਯਮਲੇ ਜੱਟ ਦੀ ਤੂੰਬੀ ਦੀ ਟੁਣਕਾਰ, ਮੋਹਨ ਸਿੰਘ ਤੇ ਸੁਰਜੀਤ ਪਾਤਰ ਦੀ ਸ਼ਾਇਰੀ ਦੀ ਮਹਿਕ, ਹਰੀ ਕ੍ਰਾਂਤੀ ਲਿਆਉਣ ਵਾਲੀ ਖੇਤੀਬਾੜੀ ਯੂਨੀਵਰਸਿਟੀ ਤੇ ਸਨਅਤ ਨੂੰ ਚਲਾਉਣ ਵਾਲੇ, ਰਿਕਸ਼ੇ ਖਿੱਚਣ ਵਾਲੇ ਪੂਰਬੀਏ ਲੋਕ ਵੀ ਹਨ ਜਿਹੜੇ ਪੰਜਾਬੀਆਂ ਦੀ ਨਜ਼ਰਾਂ ਵਿਚ ਸਿਰਫ ਭੱਈਏ ਹਨ, ਉਨ੍ਹਾਂ ਲਈ ਇਹ ਥਾਂ ਕੈਲੇਫੋਰਨੀਆਂ ਹੀ ਹੈ।

ਇਹ ਸ਼ਹਿਰ ਅੱਜ ਧਰਮ ਦੀ ਆੜ 'ਚ ਨਫ਼ਰਤ ਦੀ ਅੱਗ ਵਿਚ ਲਪੇਟਿਆ ਗਿਆ ਹੈ ਤੇ ਨਾਲ ਹੀ ਇਸ ਗੱਲ ਨੂੰ ਵੀ ਮੰਨ ਲਵੋ ਕਿ ਲੱਖ ਕਿਆਫੇ ਲਗਾਓ, ਲੱਖ ਰਾਜਨੀਤਕ ਪੰਡਿਤ ਸਥਿਤੀ ਦਾ ਵਿਸ਼ਲੇਸ਼ਣ ਕਰਨ, ਵੱਡੇ ਸਿਆਸਤਦਾਨ ਘਟੀਆ ਬਿਆਨ ਦਾਗਣ ਪਰ ਰਾਜਨੀਤੀ ਦੀ ਇਹ ਚਾਲਬਾਜ਼ੀ ਹਰ ਇਕ ਦੇ ਸਮਝ ਵਿਚ ਆਉਣ ਵਾਲੀ ਨਹੀਂ। ਜਿਹੜੇ ਬਾਬਰੀ ਮਸਜਿਦ ਢਾਹ ਕੇ ਲਿਬਰਹਾਨ ਕਮਿਸ਼ਨ ਦੀ ਰਿਪੋਰਟ ਤੋਂ ਕੁਠਾਲੀ ਵਿਚਲੇ ਲੋਹੇ ਵਾਂਗ ਲਾਲ ਹੋਏ ਪਏ ਹਨ, ਸੰਸਦ ਵਿਚ ਕਿੱਲ੍ਹ ਕਿੱਲ੍ਹ ਕੇ ਬੋਲ ਰਹੇ ਹਨ, ਉਨ੍ਹਾਂ ਨੇ ਹੀ ਪੰਜਾਬ ਵਿਚ ਜੇ ਅਜਿਹਾ ਕੁਝ ਨਹੀਂ ਢਾਹਿਆ ਤਾਂ ਇਹ ਤਾਂ ਸੱਚ ਹੈ ਕਿ ਉਨ੍ਹਾਂ ਨੇ ਪੰਜਾਬ ਨੂੰ ਫੂਕਣ ਲਈ ਹੱਥ 'ਚ ਤੀਲਾਂ ਦੀ ਡੱਬੀ ਤੇ ਕੱਛ 'ਚ ਪੈਟਰੋਲ ਦੀ ਪੀਪੀ ਚੁੱਕ ਲਈ ਹੈ। ਸ਼ਾਇਦ ਉਹ ਨਹੀਂ ਜਾਣਦੇ ਕਿ 1978 ਦੇ ਨਿਰੰਕਾਰੀ ਕਾਂਡ ਤੋਂ ਪਿੱਛੋਂ ਪੰਜਾਬ ਸੋਲਾਂ ਸਾਲ ਕਿਵੇਂ ਭਾਂਬੜ ਬਣ ਬਣ ਕੇ ਮਚਦਾ ਰਿਹਾ।

ਹਰੀਸ਼ ਬੇਦੀ ਦੇ ਖਿਲਾਫ਼ ਕਤਲ ਦਾ ਮੁਕੱਦਮਾ ਚਲਾਉਣ ਲਈ ਸੰਤ ਸਮਾਜ, ਦਮਦਮੀ ਟਕਸਾਲ, ਸਿੱਖ ਜਗਤ ਤੇ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਦੁਹਾਈ ਦੇ ਰਿਹਾ ਹੈ, ਉਹ ਸਭ ਸ਼ਾਇਦ ਇਸ ਗੱਲ ਨੂੰ ਭੁੱਲ ਗਏ ਹਨ ਕਿ ਇਹ ਬੇਦੀ, ਭੰਡਾਰੀ, ਕਾਲੀਏ ਤੇ ਟੰਡਨ ਲਿਆਂਦੇ ਕਿਸ ਨੇ ਹਨ? ਪੰਜਾਬ ਵਿਚ ਅਕਾਲੀਆਂ ਤੇ ਕਾਂਗਰਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ ਤੇ ਬਣਦੀਆਂ ਵੀ ਰਹਿਣਗੀਆਂ ਪਰ ਰਾਜਨੀਤਕ ਜੋਤਿਸ਼ ਲਾ ਕੇ ਵੇਖੋ ਭਾਜਪਾ ਇਕੱਲਿਆਂ ਪੰਜਾਬ ਵਿਚ ਸਰਕਾਰ ਬਣਾਉਣ ਦੇ ਨਾ ਸਮਰੱਥ ਹੈ ਤਾਂ ਨਾ ਹੀ ਛੇਤੀ ਸਮਰੱਥ ਹੋਣ ਦੇ ਆਸਾਰ ਹਨ। ਸ਼ਤਰੰਜ 'ਚ ਬਾਦਸ਼ਾਹ ਟਿਕਿਆ ਰਹਿੰਦਾ, ਰਾਣੀ ਗੇੜੇ ਮਾਰਦੀ ਹੈ। ਸਾਰੀਆਂ ਘੁੰਮਣ ਘੇਰੀਆਂ ਜਨਤਾ ਦੁਆਲੇ ਘੁਮਾ ਦਿੱਤੀਆਂ ਹਨ। ਕੌਣ ਨੇ ਉਹ ਲੋਕ ਜਿਨ੍ਹਾਂ ਨੇ ਕੇਂਦਰ 'ਚ ਮਾਲ ਮੰਤਰੀ ਬਣਾਉਣ ਲਈ ਪੰਜਾਬ 'ਚ ਵੱਗ ਕੱਠਾ ਕਰ ਲਿਆ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਨੂਰਮਹਿਲੀਏ ਆਸ਼ੂਤੋਸ਼ ਦੇ ਸਮਾਗਮਾਂ 'ਤੇ ਪਾਬੰਦੀ ਲਗਾਈ ਰੱਖੀ ਤੇ ਹੁਣ ਅਜਿਹੀ ਕਿਹੜੀ ਗੱਲ ਸੀ, ਕਿਤੇ ਰੱਬ ਸਿੱਧਾ ਤਾਂ ਨ੍ਹੀ ਲੁਧਿਆਣੇ ਪੁੱਜਣ ਲੱਗਾ ਸੀ। ਜਿਸ ਤਰ੍ਹਾਂ ਦੇ ਹਾਲਾਤ ਦਿਵਿਆ ਜੋਤੀ ਸਮਾਗਮ ਤੋਂ ਪਹਿਲਾਂ ਸਨ, ਜਿਸ ਤਰ੍ਹਾਂ ਸਿੰਘ ਤੱਤੇ ਹੋਏ ਬੈਠੇ ਸਨ? ਕਿ ਇਸ ਤਰ੍ਹਾਂ ਨਹੀਂ ਹੋਣ ਦਿਆਂਗੇ ਜਾਂ 'ਕਰਵਾ ਕੇ ਹਟਾਂਗੇ' ਦੀ ਗੱਲ ਗੋਲੀਆਂ ਖਾਣ ਤੱਕ ਕੀਤੀ ਜਾ ਰਹੀ ਸੀ। ਅਣਜਾਣ ਬੰਦਾ ਵੀ ਅੰਦਾਜ਼ਾ ਲਗਾ ਸਕਦਾ ਸੀ ਕਿ ਭਾਣਾ ਵਰਤ ਕੇ ਰਹੇਗਾ। ਪਰ ਰਜਿੰਦਰ ਭੰਡਾਰੀ ਤੇ ਬੇਦੀ ਵਰਗੇ ਬੰਦਿਆਂ ਨੇ ਸਰਕਾਰ 'ਚ ਪੂਰੀ ਭਾਈਵਾਲੀ ਦਾ ਲਾਹਾ ਲੈ ਕੇ ਪੰਜਾਬ ਦੀ ਸ਼ਾਂਤੀ 'ਚ ਲੱਤ ਮਾਰ ਕੇ ਹੀ ਸਾਹ ਲਿਆ। ਗੋਲੀ ਚੱਲ ਹੀ ਗਈ, ਸਿੰਘ ਸ਼ਹੀਦ ਹੋ ਹੀ ਗਿਆ, ਕਿਉਂਕਿ ਇਹ ਮਰਜੀਵੜਿਆਂ ਦੀ ਕੌਮ ਪਿੱਛੇ ਹਟਣ ਵਾਲੀ ਹੈ ਹੀ ਨਹੀਂ। ਲੁਧਿਆਣਾ 'ਚ ਹੋਏ ਇਸ ਟਕਰਾਅ ਨੇ ਵਿਧਾਨ ਸਭਾ 'ਚ ਪੱਗਾਂ ਲੁਹਾ ਦਿੱਤੀਆਂ ਹਨ, ਬਾਦਲ ਸਾਹਿਬ ਕਹਿੰਦੇ ਨੇ ਇਕਾ ਦੁੱਕਾ ਘਟਨਾਵਾਂ ਚਲਦੀਆਂ ਹੀ ਰਹਿੰਦੀਆਂ ਹਨ। ਪਰ ਇਹ ਇੱਕਾ ਦੁੱਕਾ ਘਟਨਾਵਾਂ ਪੰਥਕ ਸਰਕਾਰ ਵੇਲੇ ਹੀ ਕਿਉਂ ਵਾਪਰਦੀਆਂ ਹਨ, ਚਾਹੇ ਉਹ ਅੱਠਤਰ ਦਾ ਨਿਰੰਕਾਰੀ ਕਾਂਡ ਹੋਵੇ, ਚਾਹੇ ਸਿਰਸੇ ਵਾਲੇ ਸਾਧ ਦਾ, ਚਾਹੇ ਭਨਿਆਰੇ ਵਾਲੇ ਤੇ ਆਸ਼ੂਤੋਸ਼ ਦਾ। ਅਸਲ ਵਿਚ ਰਾਜਨੀਤੀ ਦਾ ਮੁੱਖਬੰਦ ਵੋਟਾਂ ਦਾ ਤਰਲਾ ਸਾਧਾਂ ਤੇ ਬਾਬਿਆਂ ਦੀ ਚੜ੍ਹਤ ਦਾ ਨਗਾਰਾ ਹੈ। ਤੇ ਇਹ ਬੇਸੁਰਾ ਨਗਾਰਾ ਕੀਹਦੇ ਕੀਹਦੇ ਸਿਰ ਭੰਨੇਗਾ? ਕੋਈ ਪਤਾ ਨਹੀਂ।

ਜੇ ਗਿੱਟੇ ਤੁੜਵਾ ਕੇ ਨੱਚਣੋ ਹਟੀ ਤਾਂ ਕੀ ਫਾਇਦਾ? ਹੁਣ ਵੀ ਪਾਬੰਦੀ ਲੱਗੀ ਹੀ ਹੈ, ਹੁਣ ਕਿਹੜਾ ਧਰਮ ਰਾਜ ਲੁਧਿਆਣਿਓਂ ਆ ਕੇ ਮੁੜ ਗਿਆ ਹੈ? ਅਸਲ ਵਿਚ ਲਿਸ਼ਕਦੀਆਂ ਤਲਵਾਰਾਂ, ਖੜਕਦੀਆਂ ਡਾਂਗਾ, ਉਲਰਦੇ ਤ੍ਰਿਸ਼ੂਲ ਤੇ ਵਰ੍ਹਦੀਆਂ ਗੋਲੀਆਂ ਦੇ ਦ੍ਰਿਸ਼ ਵੇਖ ਕੇ ਪੰਜਾਬ ਦਾ ਅਤੀਤ ਚੇਤੇ ਕਰਕੇ ਸਾਹ ਨਹੀਂ ਸੁੱਕਦਾ? ਬੜੀਆ ਬੇਕਸੂਰ ਜਾਨਾਂ ਗਈਆਂ, ਕਾਲੀਆਂ ਬਿੱਲੀਆਂ ਦੀ 'ਮਿਆਊਂ-ਮਿਆਊਂ' ਨੇ ਬੜੇ ਮਰਵਾਏ, ਅਜਿਹੇ ਹਾਲਾਤ ਸਨ ਕਿ ਜਿਧਰੋ ਵੀ ਲੰਘੋ ਸਿਵੇ ਬਲਦੇ ਦਿਸਦੇ ਸਨ ਤੇ ਉਦੋਂ ਗੁਰਭਜਨ ਗਿੱਲ ਦੀਆਂ ਸਤਰਾਂ

'ਹਟ ਹਾਕਮ ਤੇ ਤੂੰ ਵੀ ਹਟ ਸ਼ੇਰ ਬੱਗਿਆ
ਚਿਟਾ ਕੱਪੜਾ ਬਾਜ਼ਾਰ ਵਿਚੋਂ ਮੁੱਕ ਚੱਲਿਆ।'

ਲੁਧਿਆਣੇ ਲਈ ਬੜੀਆਂ ਢੁਕਵੀਆਂ ਸਨ। ਲੁਧਿਆਣੇ ਦੀ ਜਿਸ ਵੱਡੀ ਅੰਗਰੇਜਾਂ ਦੀ ਛਾਉਣੀ ਢਾਹੁਣ ਲਈ ਸ਼ਾਹ ਮੁਹੰਮਦ ਨੇ ਸਿੰਘਾਂ ਨੂੰ ਹੱਲਾਸ਼ੇਰੀ ਦਿੱਤੀ ਸੀ ਉਹੀ ਸ਼ਹਿਰ ਮੁੜ ਹਿੰਸਾ ਦੀ ਛਾਉਣੀ ਬਣਿਆ ਵੇਖ ਕੇ ਕਾਲਜਾ ਨ੍ਹੀਂ ਨਿਕਲਦਾ? ਸਨਅਤ ਬੰਦ ਹੋਵੇ ਤਾਂ ਲੁਧਿਆਣੇ 'ਚ ਮਿੰਟ ਦਾ ਪੰਜਾਹ ਹਜਾਰ ਉਡਦੈ, ਤੇ ਕਿੰਨੇ ਉਡ ਗਏ ਨੇ ਅੰਦਾਜਾ ਲਾ ਲਿਓ। ਜੇ ਕੋਈ ਰਾਜਨੀਤਕ ਨੇਤਾ ਤੁਹਾਨੂੰ ਹੱਥ ਜੋੜ ਕੇ ਲੁਕਾਉਣ ਲੱਗ ਪਵੇ ਤਾਂ ਸਮਝੋ ਚੋਣਾਂ ਦੇ ਦਿਨ ਆਉਣ ਵਾਲੇ ਹਨ ਤੇ ਜਦੋਂ ਕਹੇ ਡਾਂਗਾਂ ਖਾਓ ਤਾਂ ਸਮਝੋ ਰਾਜ ਗੱਦੀ ਨੂੰ ਖਤਰਾ ਨਹੀਂ। ਪਰ ਕੁਝ ਵੀ ਹੋਵੇ ਲੁਧਿਆਣੇ 'ਤੇ ਰਹਿਮ ਕਰੋ ਤੇ ਬਾਬਿਆਂ ਤੇ ਸਾਧਾਂ ਨੂੰ ਆਖੋ ਰੱਬ ਨੂੰ ਆਪੋ ਆਪਣੇ ਕਬਜ਼ੇ 'ਚ ਰੱਖੋ। ਅਣਜਾਣ ਤੇ ਭੋਲੇ ਲੋਕਾਂ ਨੂੰ ਇਹਦੇ ਦਰਸ਼ਨ ਨੇੜਿਓਂ ਕਰਵਾਉਣ ਦਾ ਠੇਕਾ ਨਾ ਲਵੋ-ਤਦ ਹੀ ਭਲਾ ਹੈ।

# ਬਾਦਲ ਨੇ ਦਰਿਆਈ ਪ੍ਰਦੂਸ਼ਣ ਰੋਕਣ ਲਈ 302 ਕਰੋੜ ਮੰਗੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਥੇ ਕੇਂਦਰੀ ਰਾਜ ਮੰਤਰੀ ਵਾਤਾਵਰਣ ਅਤੇ ਜੰਗਲਾਤ ਜੈਰਾਮ ਰਮੇਸ਼ ਨੂੰ ਸਤਲੁਜ ਅਤੇ ਘੱਗਰ ਦਰਿਆ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ 302 ਕਰੋੜ ਰੁਪਏ ਦੀ ਰਾਸ਼ੀ ਤੁਰੰਤ ਜਾਰੀ ਕਰਨ ਲਈ ਕਿਹਾ ਹੈ।

ਮੁੱਖ ਮੰਤਰੀ ਨਵੀਂ ਦਿੱਲੀ ਵਿਖੇ ਰਮੇਸ਼ ਨੂੰ ਉਨ੍ਹਾਂ ਦੇ ਦਫਤਰ ਵਿਖੇ ਮਿਲੇ ਅਤੇ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਕਿ ਰਾਜ ਸਰਕਾਰ ਵਲੋਂ ਭਾਰਤ ਦੇ ਵੱਖ-ਵੱਖ ਦਰਿਆਵਾਂ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਸਥਾਪਤ ਅਥਾਰਟੀ ਨੈਸ਼ਨਲ ਰਿਵਰ ਕੰਜਰਵੇਸ਼ਨ ਡਾਇਰੈਕਟੋਰੇਟ ਨੂੰ ਸੀਵਰੇਜ ਦੀ ਸੋਧ ਅਤੇ ਬਦਲਾਓ ਸੰਬੰਧੀ ਵਿਸਤ੍ਰਿਤ ਪ੍ਰਾਜੈਕਟ ਰਿਪੋਰਟ ਭੇਜੀ ਜਾ ਚੁੱਕੀ ਹੈ। ਗੱਲਬਾਤ ਵਿਚ ਹਿੱਸਾ ਲੈਂਦੇ ਹੋਏ ਮੁੱਖ ਮੰਤਰੀ ਨੇ ਸ੍ਰੀ ਰਮੇਸ਼ ਨੂੰ ਦੱਸਿਆ ਕਿ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਹੀ ਕਰਵਾਏ ਇਕ ਅਧਿਐਨ ਮੁਤਾਬਕ ਸਤਲੁਜ ਅਤੇ ਘੱਗਰ ਦਰਿਆ ਦੀ ਪ੍ਰਦੂਸ਼ਤ ਸ਼੍ਰੇਣੀ ਵਜੋਂ ਪਹਿਚਾਣ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਜਲੰਧਰ 'ਚ 140.43 ਕਰੋੜ ਰੁਪਏ, ਫਗਵਾੜਾ ਉਤਰੀ 'ਚ 15.33 ਕਰੋੜ ਰੁਪਏ, ਫਗਵਾੜਾ ਦੱਖਣੀ 'ਚ 23.88 ਕਰੋੜ ਰੁਪਏ ਅਤੇ ਫਿਲੌਰ 'ਚ 10.82 ਕਰੋੜ ਰੁਪਏ ਨਾਲ ਸਬੰਧਤ ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ ਐੱਨ ਆਰ ਸੀ ਡੀ ਨੂੰ ਭੇਜੀਆਂ ਜਾ ਚੁੱਕੀਆਂ ਹਨ। ਇਸੇ ਤਰ੍ਹਾਂ ਰਾਜਪੁਰਾ, ਪਾਤੜਾਂ, ਮੂਣਕ ਅਤੇ ਲਹਿਰਗਾਗਾ ਕਸਬਿਆਂ ਲਈ ਇਹ ਰਿਪੋਰਟਾਂ ਅੰਦਾਜਨ 76 ਕਰੋੜ ਰੁਪਏ ਦੀ ਲਾਗਤ ਨਾਲ ਤਿਆਰੀ ਅਧੀਨ ਹਨ ਅਤੇ 31 ਦਸੰਬਰ ਤੱਕ ਭਾਰਤ ਸਰਕਾਰ ਨੂੰ ਭੇਜੇ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਰਮੇਸ਼ ਨੂੰ ਇਸ ਗੱਲ ਦਾ ਵੀ ਜ਼ੋਰ ਪਾਇਆ ਕਿ ਉਕਤ ਪ੍ਰਾਜੈਕਟਾਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਅਤੇ ਬੰਗਾ ਜੋ ਕਿ ਸਤਲੁਜ ਦਰਿਆ ਵਿਚ ਪ੍ਰਦੂਸ਼ਣ ਪੈਦਾ ਕਰ ਰਹੇ ਹਨ, ਨੂੰ ਵੀ ਐਨ ਆਰ ਸੀ ਡੀ ਅਧੀਨ ਲੈਣ 'ਤੇ ਜ਼ੋਰ ਦਿੱਤਾ। ਉਨਾਂ ਕਿਹਾ ਕਿ 36 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਨਾਲ ਸੀਵਰੇਜ ਦੀ ਰੋਕਥਾਮ ਅਤੇ ਬਦਲਾਓ ਅਤੇ ਇਸਦੇ ਟਰੀਟਮੈਂਟ ਲਈ ਵਿਸਤ੍ਰਿਤ ਪ੍ਰਾਜੈਕਟ ਰਿਪੋਰਟਾਂ 31 ਦਸੰਬਰ 2009 ਤੱਕ ਪੇਸ਼ ਕਰ ਦਿੱਤੀਆਂ ਜਾਣਗੀਆਂ।

ਸ੍ਰੀ ਜੈਰਾਮ ਰਮੇਸ਼ ਨੇ ਮੁੱਖ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਸਾਰੇ ਲੰਬਿਤ ਪਏ ਮੁੱਦਿਆਂ ਦੇ ਹੱਲ ਲਈ ਉਹ ਮੰਤਰਾਲੇ ਦੇ ਸਾਰੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਜਲਦੀ ਬੁਲਾਉਣਗੇ। ਉਨ੍ਹਾਂ ਇਹ ਵੀ ਵਾਅਦਾ ਕੀਤਾ ਕਿ ਉਹ ਲੰਬਿਤ ਵਿਸਤ੍ਰਿਤ ਰਿਪੋਰਟਾਂ ਦੀ ਜਲਦੀ ਪ੍ਰਵਾਨਗੀ ਅਤੇ ਸਤਲੁਜ ਅਤੇ ਘੱਗਰ ਦਰਿਆਵਾਂ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ 302 ਕਰੋੜ ਰੁਪਏ ਦੀ ਰਾਸ਼ੀ ਨੂੰ ਜਾਰੀ ਕਰਨ ਦਾ ਮਾਮਲਾ ਦੇਖਣਗੇ। ਮੁੱਖ ਮੰਤਰੀ ਨਾਲ ਉਨ੍ਹਾਂ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਅਤੇ ਵਿਸ਼ੇਸ਼ ਸਕੱਤਰ ਸ੍ਰੀ ਕੇ.ਜੀ.ਐੱਸ.ਚੀਮਾ ਹਾਜ਼ਰ ਸਨ।


ੴ ਸਤਿਗੁਰ ਪ੍ਰਸਾਦਿ॥

# ਪੁਰਾਣੇ ਪ੍ਰਧਾਨਾਂ ਨੂੰ ਕੁਝ ਸਵਾਲ

**ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਸਾਲ 1998 ਤੋਂ ਅਪਰੈਲ 2008 ਤੱਕ ਰਹੇ ਪ੍ਰਧਾਨਾਂ ਸ. ਕੁਲਵੰਤ ਸਿੰਘ ਹੁੰਦਲ, ਸ. ਹਰਜੀਤ ਸਿੰਘ ਚਾਵਲਾ, ਸ. ਰਘਵਿੰਦਰ ਸਿੰਘ ਮਾਹਲ ਅਤੇ ਸ. ਸਾਧੂ ਸਿੰਘ ਰਿਖੀਰਾਜ ਪਾਸੋਂ**

# ਸਾਧ ਸੰਗਤ ਜਾਨਣਾ ਚਾਹੁੰਦੀ ਹੈ

1. ਅਕਤੂਬਰ 1999, ਫਰਵਰੀ, ਮਾਰਚ, ਅਪਰੈਲ ਅਤੇ ਮਈ 2000, ਫਰਵਰੀ ਤੇ ਮਾਰਚ 2001, ਜਨਵਰੀ, ਫਰਵਰੀ ਤੇ ਮਾਰਚ 2002, ਅਤੇ ਅਪਰੈਲ 2008 (ਕੁੱਲ ਗਿਆਰਾਂ ਮਹੀਨੇ) ਦੇ ਆਮ ਵਹੀਖਾਤੇ ਕਿੱਥੇ ਹਨ?

2. ਸਾਲ 1998 ਤੋਂ 2008 ਦਰਮਿਆਨ ਮੁਕੰਮਲ ਹੋਈ ਨਵੀਂ ਉਸਾਰੀ ਦੇ ਆਮਦਨ ਅਤੇ ਖਰਚ ਦੇ ਵੇਰਵੇ ਕਿਥੇ ਹਨ?

3. ਸਾਲ 1998 ਤੋਂ ਅਪਰੈਲ 2002 ਤੱਕ ਦੇ ਸਿੱਖ ਰਿਲੀਜੀਅਸ ਬੋਰਡ ਦੇ ਕਾਰਵਾਈ ਰਜਿਸਟਰ (Minute Books) ਕਿੱਥੇ ਹਨ?

ਇਸ ਅਰਸੇ ਦੌਰਾਨ ਸ. ਕੁਲਵੰਤ ਸਿੰਘ ਹੁੰਦਲ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੇ ਪ੍ਰਧਾਨ ਸਨ।

ਕੀ ਇਸ ਅਰਸੇ ਦੌਰਾਨ ਪੈਸੇ ਦਾ ਕੋਈ ਘਪਲਾ ਹੋਇਆ?

ਜੇ ਨਹੀਂ, ਤਾਂ ਫਿਰ ਇਹ ਕਾਰਵਾਈ ਰਜਿਸਟਰ ਮੌਜੂਦਾ ਬੋਰਡ ਨੂੰ ਕਿਉਂ ਨਹੀਂ ਸੌਂਪੇ ਗਏ? ਸਾਧ ਸੰਗਤ ਤੁਹਾਡੇ ਤੋਂ ਇਹ ਜਾਨਣਾ ਚਾਹੁੰਦੀ ਹੈ।

4. 1998 ਤੋਂ ਲੈ ਕੇ ਅਪਰੈਲ 2008 ਤੱਕ ਸਿੱਖ ਰਿਲੀਜੀਅਸ ਸੁਸਾਇਟੀ ਵਲੋਂ ਸਪਾਂਸਰ ਕੀਤੇ ਗਏ ਵਿਅਕਤੀਆਂ ਦਾ ਵੇਰਵਾ।

5. ਉਪਰੋਕਤ ਅਰਸੇ ਦੌਰਾਨ ਸਪਾਂਸਰ ਕੀਤੇ ਗਏ ਵਿਅਕਤੀਆਂ ਬਾਰੇ ਇਮੀਗ੍ਰੇਸ਼ਨ ਵਿਭਾਗ ਵਲੋਂ ਕੀਤੀ ਗਈ ਪੁੱਛ-ਪੜਤਾਲ ਦੇ ਵੇਰਵੇ।

6. ਇਹ ਪੁੱਛ-ਪੜਤਾਲ ਸ੍ਰੀ ਰਘਵਿੰਦਰ ਸਿੰਘ ਮਾਹਲ ਦੇ ਕਹਿਣ ਉਤੇ ਸ੍ਰੀ ਸੁਖਚੈਨ ਸਿੰਘ ਵਲੋਂ ਕੀਤੀ ਗਈ ਸੀ। ਉਸ ਨੇ ਇਹ ਸੰਕੇਤ ਕੀਤਾ ਸੀ ਕਿ ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਸਪਾਂਸਰਸ਼ਿਪਾਂ ਦਿੱਲੀ ਵਿਚ 7-7 ਲੱਖ ਰੁਪਏ ਵਿਚ ਵਿਕੀਆਂ ਸਨ। ਕੀ ਨਵੀਂ ਦਿੱਲੀ ਵਿਚ ਅਮਰੀਕੀ ਦੂਤ ਘਰ ਵਲੋਂ ਸਿੱਖ ਰਿਲੀਜੀਅਸ ਸੁਸਾਇਟੀ ਨੂੰ ਬਲੈਕਲਿਸਟ ਕੀਤੇ ਜਾਣ ਦਾ ਇਹੋ ਕਾਰਨ ਹੈ?

7. ਜਦੋਂ ਭਾਈ ਮਹਿੰਦਰ ਸਿੰਘ ਅਤੇ ਸਿੱਖ ਰਿਲੀਜੀਅਸ ਸੁਸਾਇਟੀ ਨੇ 2005 ਵਿਚ ਆਪਣੀਆਂ ਜ਼ਮੀਨਾਂ ਉਸੇ ਹੀ ਬਿਲਡਰ ਨੂੰ, ਉਸੇ ਹੀ ਦਿਨ ਅਤੇ ਉਸੇ ਹੀ ਸਮੇਂ, ਇਕੋ ਹੀ ਕਮਰੇ ਵਿਚ ਕਲੋਜ਼ਿੰਗ ਰਾਹੀਂ ਵੇਚੀਆਂ ਤਾਂ ਸਿੱਖ ਰਿਲੀਜੀਅਸ ਸੁਸਾਇਟੀ ਨੂੰ 21 ਹਜ਼ਾਰ ਡਾਲਰ ਘੱਟ ਕਿਉਂ ਮਿਲਿਆ?

*ਸਾਧ ਸੰਗਤ, ਗਰੇਟਰ ਸ਼ਿਕਾਗੋ*

# ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਵਲੋਂ ਤਨਖਾਹੀਆ ਕਰਾਰ

*(ਸਫਾ ਇਕ ਤੋਂ ਜਾਰੀ)*

ਪੂਰੀ ਚੌਕਸੀ ਨਾਲ ਪ੍ਰੋ. ਦਰਸ਼ਨ ਸਿੰਘ ਨੂੰ ਸੁਰੱਖਿਆ ਦਿੰਦੇ ਹੋਏ ਘੰਟਾ-ਘਰ ਤੋਂ ਸਿੱਧਾ ਦਰਬਾਰ ਸਾਹਿਬ ਅੰਦਰ ਲੈ ਕੇ ਆਏ।

ਪ੍ਰੋ. ਦਰਸ਼ਨ ਸਿੰਘ ਨੇ ਸਭ ਤੋਂ ਪਹਿਲਾਂ ਚੋਣਵੇਂ ਸਿੰਘਾਂ ਨਾਲ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਕੁਝ ਸਮਾਂ ਦਰਬਾਰ ਸਾਹਿਬ ਵਿਚ ਰੁਕਣ ਪਿਛੋਂ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ ਦੇ ਵਿਹੜੇ ਵਿਚ ਆਪਣੇ ਸਮਰਥਕਾਂ ਸਣੇ ਬੈਠ ਗਏ। ਸਵੇਰੇ 11 ਵਜੇ ਤੋਂ ਦੁਪਹਿਰ 12.45 ਤਕ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਦੇ ਖੁਲ੍ਹੇ ਵਿਹੜੇ ਵਿਚ ਬੈਠੇ ਰਹੇ ਅਤੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਉਡੀਕ ਕਰਦੇ ਰਹੇ। ਫਿਰ ਅਪਣੇ ਸਮਰਥਕਾਂ ਸਣੇ ਉਹ ਅਕਾਲ ਤਖ਼ਤ ਵਿਖੇ ਗਏ ਤੇ ਅਪਣਾ ਪੱਖ ਉਥੇ ਪ੍ਰਕਾਸ਼ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਵਾਪਸ ਚਲੇ ਗਏ। ਇਸ ਸਮੇਂ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਖੁਲ੍ਹੇ ਵਿਹੜੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਲ ਸ਼੍ਰੋਮਣੀ ਕਮੇਟੀ ਸਕੱਤਰ ਸ. ਦਲਮੇਘ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਜਸਵਿੰਦਰ ਸਿੰਘ ਐਡਵੋਕੇਟ ਸਣੇ ਦਿੱਲੀ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸ. ਤਰਸੇਮ ਸਿੰਘ ਖ਼ਾਲਸਾ ਵਾਰ-ਵਾਰ ਚੱਕਰ ਕੱਟਦੇ ਵਿਖਾਈ ਦਿਤੇ।

ਪ੍ਰੋ. ਦਰਸ਼ਨ ਸਿੰਘ ਦੇ ਵਾਪਸ ਚਲੇ ਜਾਣ ਤੋਂ ਬਾਅਦ ਨਿਰਾਸ਼ ਹੋਏ ਸ. ਪਰਮਜੀਤ ਸਿੰਘ ਸਰਨਾ ਨੇ 'ਸਿੰਘ ਸਾਹਿਬਾਨ' ਨੂੰ ਅਪੀਲ ਕਰਦਿਆਂ ਕਿਹਾ ਕਿ 'ਜਥੇਦਾਰਾਂ' ਨੂੰ ਜਲਦਬਾਜ਼ੀ ਨਾਲ ਕੋਈ ਫ਼ੈਸਲਾ ਲੈਣ ਤੋਂ ਸੰਕੋਚ ਕਰਨਾ ਚਾਹੀਦਾ ਹੈ ਅਤੇ ਫ਼ੈਸਲਾ ਹਰ-ਹੀਲੇ ਟਾਲ ਦੇਣਾ ਚਾਹੀਦਾ ਹੈ। ਸ. ਸਰਨਾ ਨੇ 'ਜਥੇਦਾਰਾਂ' ਨੂੰ ਵਾਰ-ਵਾਰ ਅਪੀਲ ਕੀਤੀ ਕਿ ਉਹ ਪ੍ਰੋ. ਦਰਸ਼ਨ ਸਿੰਘ ਵਲੋਂ ਲਿਆਂਦਾ ਪੱਖ ਮੰਗਵਾ ਕੇ ਪੜ੍ਹ ਲੈਣ ਪਰ 'ਜਥੇਦਾਰ' ਅਪਣੀ ਜ਼ਿੱਦ ਉਤੇ ਅੜੇ ਰਹੇ। ਬਾਅਦ ਵਿਚ ਪ੍ਰੋ. ਦਰਸ਼ਨ ਸਿੰਘ ਬਾਰੇ ਹੁਕਮਨਾਮਾ ਜਾਰੀ ਕਰਦਿਆਂ ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ, ''ਸਾਬਕਾ 'ਜਥੇਦਾਰ' ਪ੍ਰੋ. ਦਰਸ਼ਨ ਸਿੰਘ ਵਲੋਂ ਸਾਹਿਬ-ਇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਬੰਧੀ ਗੁਰਦਵਾਰਾ ਸਾਹਿਬ ਨਿਊਯਾਰਕ ਵਿਖੇ ਕੀਤੀਆਂ ਗਈਆਂ ਨਿੰਦਣਯੋਗ ਟਿਪਣੀਆਂ ਬਾਰੇ ਸਪੱਸ਼ਟੀਕਰਨ ਲੈਣ ਸਬੰਧੀ ਬੁਲਾਇਆ ਸੀ।'' ਮੁੱਖ ਸੇਵਾਦਾਰ ਨੇ ਕਿਹਾ, ''ਪ੍ਰੋ. ਦਰਸ਼ਨ ਸਿੰਘ ਨਿੱਜੀ ਹਉਮੈ, ਹੰਕਾਰ ਅਤੇ ਖ਼ੁਦਗ਼ਰਜ਼ੀ ਦਾ ਪ੍ਰਗਟਾਵਾ ਕਰਦਿਆਂ ਅਕਾਲ ਤਖ਼ਤ ਉਤੇ ਪੇਸ਼ ਹੀ ਨਹੀਂ ਹੋਇਆ। ਪੰਜ 'ਸਿੰਘ ਸਾਹਿਬਾਨ' ਦਿਤੇ ਸਮੇਂ ਮੁਤਾਬਕ ਉਨ੍ਹਾਂ ਦੀ ਉਡੀਕ ਕਰਦੇ ਰਹੇ'' ਮੁੱਖ ਸੇਵਾਦਾਰ ਨੇ ਕਿਹਾ, ''ਇਹ ਗੁਰੂ ਪੰਥ ਦੇ ਸਰਬਉਚ ਸਥਾਨ ਅਕਾਲ ਤਖ਼ਤ ਦੀ ਮਾਣ-ਮਰਯਾਦਾ ਦੀ ਘੋਰ ਉਲੰਘਣਾ ਹੈ। ਜਦ ਤਕ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ ਉਤੇ ਨਿਜੀ ਤੌਰ 'ਤੇ ਪੇਸ਼ ਹੋ ਕੇ ਤਨਖ਼ਾਹ ਨਹੀਂ ਲਵਾ ਲੈਂਦੇ, ਉਦੋਂ ਤਕ ਉਨ੍ਹਾਂ ਨੂੰ ਕਿਸੇ ਧਾਰਮਕ ਸਮਾਗਮ ਵਿਚ ਸਮਾਂ ਤੇ ਯਹਿਯੋਗ ਨਾ ਦਿਤਾ ਜਾਵੇ।'' ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਨੇ ਪੰਥਕ ਮਰਯਾਦਾ ਦਾ ਘਾਣ ਕੀਤਾ ਹੈ। ਪਿਛਲੇ 'ਦਸ' ਕੁ ਸਾਲ ਤੋਂ ਰਵਾਇਤ ਹੈ ਕਿ ਪੇਸ਼ ਹੋਣ ਵਾਲੇ ਵਿਅਕਤੀ ਦਾ ਪੱਖ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਚ ਸੁਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਜੋ ਅਪਣਾ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖ ਕੇ ਗਏ ਹਨ, ਅਸੀਂ ਉਸ ਨੂੰ ਹਾਲੇ ਤਕ ਨਹੀਂ ਪੜ੍ਹਿਆ ਅਤੇ ਨਾ ਹੀ ਅਸੀਂ ਮੰਗਵਾ ਕੇ ਪੜ੍ਹਨਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਪ੍ਰੋ. ਦਰਸ਼ਨ ਸਿੰਘ ਅਪਣੇ ਕਾਰਜ ਕਾਲ ਵਿਚ ਪੇਸ਼ ਹੋਣ ਵਾਲਿਆਂ ਨਾਲ ਕਰਦਾ ਸੀ, ਹੁਣ ਉਸੇ ਤਰ੍ਹਾਂ ਆਪ ਵੀ ਅਪਣਾ ਪੱਖ ਪੇਸ਼ ਕਰੇ।

**ਸਰਨੇ ਨੇ ਮਿੰਨਤ ਕਰਕੇ ਖਹਿੜਾ ਛੁਡਾਇਆ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਜਿਨ੍ਹਾਂ ਨੂੰ ਕਾਂਗਰਸ ਦਾ ਏਜੰਟ ਕਹਿ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਸਦਾ ਭੰਡਦੇ ਰਹਿੰਦੇ ਹਨ। ਦੋਵੇਂ ਇੱਕ-ਦੂਜੇ 'ਤੇ ਦੂਸ਼ਣਬਾਜ਼ੀ ਕਰਦੇ ਰਹਿੰਦੇ ਹਨ। ਪਰ ਬੀਤੇ ਦਿਨੀਂ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਮੱਕੜ ਅਤੇ ਸਰਨਾ ਵਿਚ ਪੌਣਾ ਘੰਟਾ ਚੱਲੀ ਗੁਪਤ ਮੀਟਿੰਗ ਨੇ ਦਿੱਲੀ ਤੇ ਪੰਜਾਬ ਵਾਲੇ ਅਕਾਲੀਆਂ ਵਿਚਕਾਰ ਇਕ ਭੰਬਲਭੂਸਾ ਖੜ੍ਹਾ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਭਾਵੇਂ ਇਸ ਮਿਲਣੀ ਨੂੰ ਗ਼ੈਰ ਰਸਮੀ ਮੁਲਾਕਾਤ ਦੱਸ ਕੇ ਇਸ ਮੁੱਦੇ ਨੂੰ ਨੱਪਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਕਾਲੀ ਹਲਕਿਆਂ 'ਚ ਦੋਵਾਂ ਗੁਰਦੁਆਰਾ ਕਮੇਟੀ ਦੇ ਪ੍ਰਧਾਨਾਂ ਦੇ ਦਰਮਿਆਨ ਹੋਈ ਇਕੱਤਰਤਾ ਨੂੰ ਅਹਿਮੀਅਤ ਦਿੱਤੀ ਜਾ ਰਹੀ ਹੈ। ਕੁਝ ਹਿੱਸੇ ਦੇ ਲੋਕਾਂ ਦਾ ਕਹਿਣਾ ਹੈ ਕਿ ਸਰਨਾ ਦੀ 5 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਸੀ, ਇਸ ਪੇਸ਼ੀ ਮੌਕੇ 'ਰਾਹਤ' ਲੈਣ ਲਈ ਸਰਨਾ ਨੇ ਮੱਕੜ ਦੀਆਂ ਸੇਵਾਵਾਂ ਲਈਆਂ ਹਨ, ਜਿਸ ਕਰਕੇ ਸਿੰਘ ਸਾਹਿਬਾਨਾਂ ਨੇ ਸਰਨੇ ਦਾ ਸਪੱਸ਼ਟੀਕਰਨ ਪ੍ਰਾਪਤ ਕਰਕੇ ਸਾਂਭ ਕੇ ਰੱਖ ਲਿਆ ਹੈ। ਜਦੋਂ ਕਿ ਦੂਜੇ ਪਾਸੇ ਪ੍ਰੋ. ਦਰਸ਼ਨ ਸਿੰਘ ਨੂੰ ਪਹਿਲੀ ਪੇਸ਼ੀ ਭੁਗਤਣ ਮੌਕੇ ਹੀ ਤਨਖਾਹੀਆ ਕਰਾਰ ਦੇ ਦਿੱਤਾ।

ਪੰਥਕ ਹਲਕਿਆਂ 'ਚ ਅਨੁਮਾਨ ਹੈ ਕਿ ਸਰਨਾ ਵਲੋਂ ਮੱਕੜ ਨਾਲ ਪੇਸ਼ੀ ਤੋਂ ਪਹਿਲਾਂ ਅੰਦਰਖਾਤੇ ਮੁਲਾਕਾਤ ਕਰਨਾ, ਉਸੇ ਗੁਪਤ ਸਮਝੌਤੇ ਨੂੰ ਸਿਰੇ ਚਾੜਨ ਦੀ ਪ੍ਰਕਿਰਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਸਰਨਾ ਧੜੇ ਦੀ ਸਿੱਧੀ-ਅਸਿੱਧੀ ਦਖ਼ਲਅੰਦਾਜ਼ੀ 'ਤੇ ਰੋਕ ਲਗਾਉਣ ਬਾਰੇ ਮੱਕੜ ਵਲੋਂ ਕਿਹਾ ਗਿਆ ਹੋਵੇਗਾ।

## ਮੈਂ ਇਨ੍ਹਾਂ ਜਥੇਦਾਰਾਂ ਨੂੰ ਨਹੀਂ ਮੰਨਦਾ - ਪ੍ਰੋ. ਦਰਸ਼ਨ ਸਿੰਘ



**ਕੋਟਕਪੂਰਾ :** ਮੈਂ ਇਹ ਪੜ੍ਹ ਕੇ ਬਹੁਤ ਹੈਰਾਨ ਹੋਇਆ ਹਾਂ ਕਿ ਕੁੱਝ ਅਖ਼ਬਾਰਾਂ ਵਾਲੇ ਵੀਰਾਂ ਨੇ ਲਿਖ ਦਿਤਾ ਹੈ ਕਿ ਮੈਂ 7 ਜਨਵਰੀ ਨੂੰ ਤਨਖ਼ਾਹ ਲੁਆਉਣ ਲਈ ਪੇਸ਼ ਹੋਵਾਂਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਕਿ ਮੈਂ ਅਕਾਲ ਤਖ਼ਤ ਦੀ ਮਾਣ ਮਰਿਆਦਾ ਨੂੰ ਬਹਾਲ ਰਖਦਿਆਂ ਪੇਸ਼ ਹੋਇਆ ਸੀ ਪਰ ਮੌਜੂਦਾ 'ਜਥੇਦਾਰਾਂ' ਨੇ ਉਥੇ ਨਾ ਆ ਕੇ, ਅਪਣੇ ਬੰਦ ਕਮਰਾ ਦਫ਼ਤਰ ਨੂੰ ਹੀ ਅਕਾਲ ਤਖ਼ਤ ਦੱਸ ਕੇ ਗੁਰੂ ਹਰਗੋਬਿੰਦ ਸਾਹਿਬ ਦੇ ਤਖ਼ਤ ਦੀ ਘੋਰ ਨਿਰਾਦਰੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਅਗੇ ਪੇਸ਼ ਕੀਤੀ ਫ਼ਾਈਲ ਨੂੰ ਨਾ ਪੜ੍ਹਨ ਦੀ ਗੱਲ ਆਖ ਕੇ, ਹਉਮੈ ਵਿਚ ਸਤਿਗੁਰੂ ਦੀ ਵਡਿਆਈ ਨੂੰ ਸੱਟ ਮਾਰੀ ਹੈ। ਗੁਰੂ ਗ੍ਰੰਥ ਸਾਹਿਬ ਤੋਂ ਬੇਮੁਖ ਲੋਕਾਂ ਦੇ ਕਿਸੇ ਫ਼ੈਸਲੇ ਅਤੇ ਚਿੱਠੀਆਂ ਨੂੰ ਮੈਂ ਮਾਨਤਾ ਨਹੀਂ ਦੇ ਸਕਦਾ। ਇਨ੍ਹਾਂ ਲੋਕਾਂ ਦੀ ਕੋਈ ਵੀ ਚਿੱਠੀ ਮੇਰੇ 'ਤੇ ਲਾਗੂ ਨਹੀਂ ਹੁੰਦੀ ਅਤੇ ਨਾ ਹੀ ਕਿਸੇ ਚਿੱਠੀ ਦੇ ਆਧਾਰ 'ਤੇ ਮੈਂ ਇਨ੍ਹਾਂ ਕੋਲ ਪੇਸ਼ ਹੀ ਹੋਵਾਂਗਾ। ਅਪਣੇ ਆਕਾਵਾਂ ਦੀ ਖ਼ੁਸ਼ੀ ਲਈ ਇਹ ਜੋ ਫ਼ੈਸਲਾ ਕਰਨਾ ਚਾਹੁੰਦੇ ਹਨ, ਕਰ ਦੇਣ। ਮੈਂ ਸੱਚੇ ਪਾਤਸ਼ਾਹ ਦਾ ਸਿੱਖ ਹਾਂ ਤੇ ਉਸ ਦੇ ਮਾਣ ਸਤਿਕਾਰ ਲਈ ਜੂਝਦਾ ਰਹਾਂਗਾ। ਉਨ੍ਹਾਂ ਨਾਲ ਮੇਰੀ ਸਾਂਝ ਹੈ, ਇਨ੍ਹਾਂ ਨਾਲ ਨਹੀਂ।

# ਅਕਾਲੀ ਅਤੇ ਕਾਂਗਰਸੀ ਹੋਏ ਪੱਗੋ-ਹੱਥੀ

ਵਿਧਾਇਕਾਂ ਵਲੋਂ ਲਾਹੀ ਗਈ, ਜਿਸ ਕਾਰਨ ਉਨ੍ਹਾਂ ਨੇ ਜਵਾਬੀ ਕਾਰਵਾਈ ਵਿਚ ਕਾਂਗਰਸੀ ਵਿਧਾਇਕ ਕੇਵਲ ਸਿੰਘ ਢਿੱਲੋਂ ਦੀ ਪੱਗ ਲਾਹ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਸੁਖਬੀਰ ਬਾਦਲ ਦੀ ਪੱਗ ਨੂੰ ਹੱਥ ਪਾਉਣ ਦਾ ਯਤਨ ਕੀਤਾ ਗਿਆ ਤਾਂ ਉਨ੍ਹਾਂ ਤੋਂ ਰਿਹਾ ਨਾ ਗਿਆ ਅਤੇ ਮਜਬੂਰਨ ਬਚਾਅ ਲਈ ਅੱਗੇ ਆਉਣਾ ਪਿਆ। ਵਿਰਸਾ ਸਿੰਘ ਨੇ ਕਿਹਾ ਕਿ ਇਸ ਤੋਂ ਇਲਾਵਾ ਕਾਂਗਰਸੀ ਵਿਧਾਇਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲ ਵਧ ਰਹੇ ਸਨ ਤਾਂ ਉਨ੍ਹਾਂ ਨੂੰ ਆਪਣੇ ਪਿਉ ਦੀ ਪੱਗ ਨੂੰ ਬਚਾਉਣ ਲਈ ਕਾਂਗਰਸੀਆਂ ਨਾਲ ਹੱਥੋਪਾਈ ਕਰਨੀ ਪਈ।

ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਘਟਨਾ ਨੂੰ ਬੇਹੱਦ ਦੁਖਦਾਈ ਅਤੇ ਦੇਸ਼ ਅੰਦਰ ਜਮਹੂਰੀਅਤ ਲਈ ਅਤਿ ਸ਼ਰਮਨਾਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਸਮਝ ਨਹੀਂ ਸਕੇ ਕਿ ਕਾਂਗਰਸ ਇਸ ਜਮਹੂਰੀਅਤ ਵਿਰੋਧੀ ਢੰਗ ਨਾਲ ਕੀ ਹਾਸਲ ਕਰਨਾ ਚਾਹੁੰਦੀ ਹੈ? ਰੌਲੇ ਰੱਪੇ ਤੋਂ ਬਾਅਦ ਵਿਧਾਨ ਸਭਾ ਨਿਰਧਾਰਤ ਸਮੇਂ ਤੋਂ ਪਹਿਲਾਂ ਉਠ ਜਾਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਬਾਦਲ ਨੇ ਕਿਹਾ ਕਿ ਉਹ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਕਾਂਗਰਸ ਨੇ ਉਸੇ ਮੁੱਦੇ 'ਤੇ ਹੀ ਬਿਆਨ ਨੂੰ ਰੋਕਣ ਦਾ ਕਿਉਂ ਯਤਨ ਕੀਤਾ, ਜਿਸ ਨੂੰ ਉਹ ਖ਼ੁਦ ਸਦਨ ਵਿਚ ਉਠਾਉਣਾ ਚਾਹੁੰਦੇ ਸਨ।

## ਕਾਂਗਰਸ ਵਲੋਂ ਘਟਨਾ ਦੀ ਨਿਖੇਧੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਾਪਰੇ ਘਟਨਾਕ੍ਰਮ ਦੀ ਨਿੰਦਾ ਕਰਦਿਆਂ ਸੂਬਾ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਨੂੰ ਲੋਕਤੰਤਰ ਦਾ ਕਤਲ ਦੱਸਿਆ। ਸ੍ਰੀ ਕੇਪੀ ਨੇ ਇਸ ਸਬੰਧੀ ਇਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਕਾਰਵਾਈ ਪੰਜਾਬ ਦੇ ਪਾਰਲੀਮਾਨੀ ਇਤਿਹਾਸ ਵਿਚ ਇੱਕ ਕਾਲੇ ਧੱਬੇ ਵਜੋਂ ਦਰਜ ਹੋ ਗਈ ਹੈ ਤੇ ਜਿਸ ਵਿਰੁਧ ਪਾਰਟੀ ਲੋਕਾਂ ਕੋਲ ਜਾਵੇਗੀ।

ਇਸੇ ਤਰ੍ਹਾਂ ਮੱਖੂ ਵਿਚ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਘਟਨਾ ਨੂੰ ਮੰਦਭਾਗਾ ਦੱਸਿਆ। ਉਨ੍ਹਾਂ ਇਸ ਨੂੰ ਪੰਜਾਬ ਸਰਕਾਰ ਦੀ ਕਮਜ਼ੋਰੀ ਦੱਸਦਿਆਂ ਕਿਹਾ ਕਿ ਜੇਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਧਾਨ ਸਭਾ ਸੈਸ਼ਨ 'ਤੇ ਹੀ ਕੰਟਰੋਲ ਨਹੀਂ ਕਰ ਸਕਦੇ ਤਾਂ ਉਨ੍ਹਾਂ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਕੇ ਘਰ ਬੈਠ ਜਾਣਾ ਚਾਹੀਦਾ ਹੈ।





ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ



ਅਮਰੀਕ ਸਿੰਘ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh
**Business & Media Director**
Sunita Chopra
Ph:773-370-7106
**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927
**Honorary Directors Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੁਧਿਆਣਾ ਕਾਂਡ ਲਈ ਜ਼ਿੰਮੇਵਾਰ ਅਕਾਲੀ-ਭਾਜਪਾ ਕਲੇਸ਼

ਪ੍ਰਵਾਸੀ ਮਜ਼ਦੂਰਾਂ ਦਾ ਗੜ੍ਹ ਹੈ ਇਸ ਲਈ ਭਾਜਪਾ ਕਿਸੇ ਨਾ ਕਿਸੇ ਢੰਗ ਤਰੀਕੇ ਇਨ੍ਹਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦੀ ਹੈ। ਸਮਝਿਆ ਜਾ ਰਿਹਾ ਹੈ ਕਿ ਉਹ ਆਸ਼ੂਤੋਸ਼ ਰਾਹੀਂ ਇਨ੍ਹਾਂ ਪਰਵਾਸੀ ਮਜ਼ਦੂਰਾਂ 'ਚ ਆਪਣਾ ਰਾਜਸੀ/ਸਮਾਜਕ/ਧਾਰਮਿਕ ਆਧਾਰ ਤਲਾਸ਼ ਰਹੀ ਹੈ। ਆਸ਼ੂਤੋਸ਼ ਦਾ ਪਿਛੋਕੜ ਬਿਹਾਰ ਪ੍ਰਾਂਤ ਨਾਲ ਸਬੰਧਤ ਹੋਣ ਕਾਰਨ ਪ੍ਰਵਾਸੀ ਮਜ਼ਦੂਰ ਉਸ ਦਾ ਪ੍ਰਭਾਵ ਕਬੂਲ ਸਕਦੇ ਹਨ, ਭਾਜਪਾ ਦੀ ਅਜਿਹੀ ਮਨਸ਼ਾ ਹੋਵੇਗੀ, ਸਮਝਿਆ ਜਾ ਰਿਹਾ ਹੈ। ਆਸ਼ੂਤੋਸ਼ ਦੇ ਸਮਾਗਮ 'ਤੇ ਪਾਬੰਦੀ ਨਾ ਲਾਉਣ ਨੂੰ ਸਰਕਾਰ ਦੀ ਭਾਜਪਾ ਦੇ ਦਬਾਅ ਹੇਠਲੀ ਮਜਬੂਰੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਸੰਤ ਸਮਾਜ ਅਤੇ ਸਿੱਖ ਜਥੇਬੰਦੀਆਂ ਵਲੋਂ ਆਸ਼ੂਤੋਸ਼ ਦੇ 5 ਅਤੇ 6 ਦਸੰਬਰ ਨੂੰ ਹੋਣ ਵਾਲੇ ਸਮਾਗਮ ਨੂੰ ਰੁਕਵਾਉਣ ਲਈ ਦਮਦਮੀ ਟਕਸਾਲ ਦੇ ਮੁਖੀ ਭਾਈ ਹਰਨਾਮ ਸਿੰਘ ਖਾਲਸਾ, ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ ਅਤੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੀ ਅਗਵਾਈ 'ਚ ਜੋ ਰੋਸ ਮਾਰਚ ਗੁਰਦੁਆਰਾ ਸ਼ਹੀਦ ਫੇਰੂਮਾਨ ਤੋਂ ਪੁੱਡਾ ਗਰਾਊਂਡ ਲਈ ਰਵਾਨਾ ਹੋਇਆ ਸੀ, ਨੂੰ ਸਮਾਗਮ ਵਾਲੀ ਥਾਂ ਤੋਂ ਕੁਝ ਗਜ ਦੀ ਦੂਰੀ 'ਤੇ ਰੋਕਣ ਲਈ ਪੁਲਿਸ ਵਲੋਂ ਕੀਤੀ ਗੋਲੀਬਾਰੀ 'ਚ ਇਕ ਵਿਅਕਤੀ ਮਾਰਿਆ ਗਿਆ ਅਤੇ 16 ਦੇ ਕਰੀਬ ਜ਼ਖਮੀ ਹੋ ਗਏ। ਇਨ੍ਹਾਂ 'ਚ 7 ਵਿਅਕਤੀ ਦੀ ਸਥਿਤੀ ਗੰਭੀਰ ਦੱਸੀ ਜਾਂਦੀ ਹੈ। ਇਸ ਕਾਂਡ ਦੇ ਖਿਲਾਫ ਰੋਸ ਪ੍ਰਗਟਾਉਣ ਲਈ ਸਿੱਖ ਜਥੇਬੰਦੀਆਂ ਵਲੋਂ 7 ਦਸੰਬਰ ਨੂੰ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਜਿਸ ਨੂੰ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 5 ਦਸੰਬਰ ਨੂੰ ਵਾਪਰੇ ਹਿੰਸਕ ਕਾਂਡ ਪਿੱਛੋਂ ਆਸ਼ੂਤੋਸ਼ ਦਾ 6 ਦਸੰਬਰ ਦਾ ਸਮਾਗਮ ਰੱਦ ਕਰ ਦਿੱਤਾ ਗਿਆ। ਸਿੱਖ ਆਗੂਆਂ ਦਾ ਮੰਨਣਾ ਹੈ ਕਿ ਪੁਲਿਸ ਨੇ ਮਾਰਚ 'ਤੇ ਗੋਲੀ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਚਲਾਈ ਹੈ ਜਦਕਿ ਪੁਲਿਸ ਪੰਥਕ ਮਾਰਚ ਨੂੰ ਰਵਾਨਗੀ ਸਥਾਨ 'ਤੇ ਹੀ ਰੋਕ ਸਕਦੀ ਸੀ। ਉਨ੍ਹਾਂ ਦਾ ਮੰਨਣਾ ਹੈ ਕਿ ਪਹਿਲਾਂ ਮਾਰਚ ਨੂੰ ਅੱਗੇ ਵਧਣ ਦਿਤਾ ਗਿਆ ਅਤੇ ਸਮਾਗਮ ਸਥਾਨ ਤੋਂ ਕੁਝ ਗਜਾਂ ਦੀ ਦੂਰੀ 'ਤੇ ਸਮਰਾਲਾ ਚੌਕ ਨੇੜੇ ਉਸ 'ਤੇ ਗੋਲੀ ਚਲਾ ਕੇ ਉਕਤ ਦੁਖਾਂਤ ਨੂੰ ਵਾਪਰਨ ਦਿਤਾ ਗਿਆ।

ਗੋਲੀ ਕਾਂਡ 'ਚ ਮਾਰੇ ਗਏ ਵਿਅਕਤੀ ਦਰਸ਼ਨ ਸਿੰਘ, ਜੋ ਸੰਤ ਢੱਡਰੀਆਂ ਵਾਲਿਆਂ ਦਾ ਰਿਸ਼ਤੇਦਾਰ ਸੀ, ਦਾ ਅਗਲੇ ਦਿਨ ਪਿੰਡ ਲੁਹਾਰਾ 'ਚ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਘਟਨਾਕ੍ਰਮ ਦੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਖਤ ਨਿੰਦਾ ਕਰਦਿਆਂ ਕਿਹਾ ਕਿ ਇਹ ਸਭ ਪ੍ਰਸ਼ਾਸਨ ਦੀ ਢਿੱਲੀ ਕਾਰਗੁਜਾਰੀ ਕਾਰਨ ਵਾਪਰਿਆ ਹੈ। ਸੰਤ ਸਮਾਜ ਦੇ ਚੇਅਰਮੈਨ ਬਾਬਾ ਹਰਨਾਮ ਸਿੰਘ ਖਾਲਸਾ, ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ, ਖਾਲਸਾ ਐਕਸ਼ਨ ਕਮੇਟੀ ਮੈਂਬਰ ਭਾਈ ਗੁਰਦੀਪ ਸਿੰਘ ਬਠਿੰਡਾ, ਯੂਥ ਅਕਾਲੀ ਦਲ (ਸੁਤੰਤਰ) ਦੇ ਪ੍ਰਧਾਨ ਪਰਮਜੀਤ ਸਿੰਘ ਸਹੌਲੀ, ਸੰਤ ਸਮਾਜ ਦੇ ਆਗੂ ਬਾਬਾ ਸੁਖਚੈਨ ਸਿੰਘ ਧਰਮਪੁਰਾ ਅਤੇ ਬਾਬਾ ਬੂਟਾ ਸਿੰਘ ਗੁਰਥਲੀ ਨੇ ਇਕ ਸਾਂਝੇ ਬਿਆਨ ਰਾਹੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਉਹ ਲੁਧਿਆਣਾ ਹਿੰਸਕ ਕਾਂਡ ਲਈ ਜ਼ਿੰਮੇਵਾਰ ਭਾਰਤੀ ਜਨਤਾ ਪਾਰਟੀ ਨਾਲੋਂ ਨਾਤਾ ਤੋੜ ਲੈਣ। ਉਨ੍ਹਾਂ ਦੋਸ਼ ਲਾਇਆ ਕਿ ਲੁਧਿਆਣਾ ਦਾ ਸਮਾਗਮ ਸਾਜ਼ਿਸ਼ ਅਧੀਨ ਭਾਜਪਾ ਦੇ ਵਿਧਾਇਕ ਹਰੀਸ਼ ਬੇਦੀ ਨੇ ਰਖਵਾਇਆ ਸੀ। ਬਾਬਾ ਹਰਨਾਮ ਸਿੰਘ ਨੇ ਮੁੱਖ ਮੰਤਰੀ ਬਾਦਲ, ਹਰੀਸ਼ ਬੇਦੀ ਅਤੇ ਆਸ਼ੂਤੋਸ਼ ਉਪਰ ਹਮਲੇ ਲਈ ਪਰਚਾ ਦਰਜ ਕਰਨ ਦੀ ਮੰਗ ਕੀਤੀ ਹੈ।

ਅਕਾਲੀ ਦਲ (ਅ) ਦੇ ਵਰਕਿੰਗ ਕਮੇਟੀ ਮੈਂਬਰ ਬਹਾਦਰ ਸਿੰਘ ਭਨੌੜ ਨੇ ਸਿੱਖ ਜਥੇਬੰਦੀਆਂ 'ਤੇ ਕੀਤੀ ਫਾਇਰਿੰਗ ਦੀ ਸਖਤ ਸ਼ਬਦਾਂ 'ਚ ਨਿੰਦਾ ਕਰਦਿਆਂ ਇਸ ਨੂੰ ਸਿੱਧੇ ਤੌਰ 'ਤੇ ਪੰਜਾਬ ਸਰਕਾਰ ਦੀ ਨਾਲਾਇਕੀ ਕਰਾਰ ਦਿੱਤਾ। ਉਨ੍ਹਾਂ ਕਿਹਾ ਹੈ ਕਿ ਵਾਪਰੇ ਕਾਂਡ ਤੋਂ ਸਾਫ ਹੋ ਗਿਆ ਹੈ ਕਿ ਅਕਾਲੀ ਸਰਕਾਰ ਸਮੇਤ ਪ੍ਰਸ਼ਾਸਨ ਡੇਰਾਵਾਦ ਦੀ ਪਿੱਠ 'ਤੇ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਜਦੋਂ ਵੀ ਸੱਤਾ 'ਚ ਆਈ, ਇਸ ਦੇ ਰਾਜ ਵੇਲੇ ਅਮਨ ਕਾਨੂੰਨ ਦੀ ਸਥਿਤੀ ਭੰਗ ਹੋਈ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਜੇਕਰ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਨਹੀਂ ਰੱਖ ਸਕਦੀ ਤਾਂ ਅਜਿਹੀ ਸਰਕਾਰ ਨੂੰ ਸੱਤਾ 'ਚ ਰਹਿਣ ਦਾ ਕੋਈ ਹੱਕ ਨਹੀਂ। ਇਸ ਨੂੰ ਇਸ ਗੋਲੀ ਕਾਂਡ ਨੂੰ ਆਪਣੀ ਅਣਗਹਿਲੀ ਤੇ ਲਾਪਰਵਾਹੀ ਮੰਨਦਿਆਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਧਰ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹਾਲਾਤ ਦਾ ਜਾਇਜ਼ਾ ਲੈਣ ਲਈ ਅਕਾਲੀ ਦਲ ਅਤੇ ਭਾਜਪਾ ਨੇਤਾਵਾਂ ਦੀ ਮੀਟਿੰਗ ਹੋਈ। ਕੁਝ ਸਿੱਖ ਨੇਤਾਵਾਂ ਨੇ ਪੁਲਿਸ ਦੁਆਰਾ ਸਿੱਖ ਸੰਗਠਨਾਂ ਨਾਲ ਕੀਤੇ ਗਏ ਵਿਵਹਾਰ ਅਤੇ ਸਖਤੀ ਵਾਲਾ ਰੁਖ ਅਪਨਾਉਣ 'ਤੇ ਇਤਰਾਜ਼ ਕੀਤਾ।

## ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਦੁਆਈ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ ਜੋਗਿੰਦਰ ਸਿੰਘ ਅਤੇ ਹਰਬੰਸ ਕੌਰ ਨੂੰ ਅਮਰੀਕੀ ਸਿਟੀਜ਼ਨਸ਼ਿਪ ਦੁਆਈ ਹੈ। ਇਨ੍ਹਾਂ ਦੋਨਾਂ ਦੇ ਕੇਸ ਅੰਗ੍ਰੇਜ਼ੀ ਨਾ ਆਉਣ ਕਰਕੇ ਪਹਿਲਾਂ ਰਿਜੈਕਟ ਹੋ ਚੁਕੇ ਸਨ। ਦੋਵਾਂ ਨੂੰ ਸਿਟੀਜ਼ਨਸ਼ਿਪ ਕੈਲੇਫੋਰਨੀਆ ਵਿਚ ਮਿਲੀ ਹੈ।

## ਪਰਵਾਸੀ ਭਾਰਤੀਆਂ ਲਈ ਵਿਸ਼ੇਸ਼ ਅਦਾਲਤ ਸਥਾਪਿਤ

**ਜਲੰਧਰ:** ਪਰਵਾਸੀ ਭਾਰਤੀਆਂ ਦੇ ਸਿਵਲ ਅਤੇ ਅਪਰਾਧਿਕ ਕੇਸਾਂ ਦੇ ਛੇਤੀ ਨਿਪਟਾਰੇ ਲਈ ਜਲੰਧਰ 'ਚ ਵਿਸ਼ੇਸ਼ ਐਨ.ਆਰ.ਆਈ. ਅਦਾਲਤ ਦੀ ਸਥਾਪਨਾ ਕਰ ਦਿੱਤੀ ਗਈ ਹੈ ਅਤੇ ਸ. ਜਸਪਿੰਦਰ ਸਿੰਘ, ਵਧੀਕ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਨੂੰ ਇਸ ਅਦਾਲਤ ਦੇ ਅਧਿਕਾਰ ਦਿੱਤੇ ਗਏ ਹਨ।

ਜਲੰਧਰ ਦੀਆਂ ਲਗਪਗ ਇਕ ਦਰਜਨ ਅਦਾਲਤਾਂ ਵਿਚ ਚੱਲ ਰਹੇ ਪਰਵਾਸੀ ਭਾਰਤੀਆਂ ਨਾਲ ਸੰਬੰਧਤ 363 ਕੇਸ ਉਕਤ ਅਦਾਲਤ ਵਿਚ ਤਬਦੀਲ ਕੀਤੇ ਗਏ ਹਨ। ਅੱਗੋਂ ਤੋਂ ਪਰਵਾਸੀ ਭਾਰਤੀਆਂ ਨਾਲ ਸੰਬੰਧਤ ਕੇਸ ਇਸੇ ਅਦਾਲਤ ਵਿਚ ਦਾਇਰ ਕੀਤੇ ਜਾਣਗੇ।

# ਪੰਜਾਬ ਬੰਦ ਨੂੰ ਅੱਧ ਪਚੱਧ ਹੁੰਗਾਰਾ, ਲੁਧਿਆਣਾ ਮੁਕੰਮਲ ਬੰਦ

ਜਲੰਧਰ : ਨੂਰਮਹਿਲ ਡੇਰੇ ਦੇ ਮੁਖੀ ਆਸ਼ੂਤੋਸ਼ ਦੇ ਸਮਾਗਮ ਦੇ ਆਯੋਜਨ ਵਿਰੁਧ ਪ੍ਰਦਰਸ਼ਨ ਕਰਦਿਆਂ ਪੁਲਿਸ ਦੀ ਗੋਲੀ ਨਾਲ ਇੱਕ ਸਿੱਖ ਨੌਜਵਾਨ ਦੀ ਹੋਈ ਮੌਤ ਦੇ ਵਿਰੋਧ 'ਚ ਪੰਥਕ ਜਥੇਬੰਦੀਆਂ ਵਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਜਿੱਥੇ ਸਮੂਹ ਪੰਜਾਬ 'ਚ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ ਉਥੇ ਉਦਯੋਗਿਕ ਰਾਜਧਾਨੀ ਲੁਧਿਆਣਾ ਮੁਕੰਮਲ ਬੰਦ ਰਿਹਾ। ਸ਼ਹਿਰ ਦੇ ਕਿਸੇ ਵੀ ਹਿੱਸੇ ਅੰਦਰ ਕੋਈ ਵੀ ਦੁਕਾਨ ਜਾਂ ਕਾਰੋਬਾਰੀ ਅਦਾਰਾ ਨਹੀਂ ਖੁੱਲ੍ਹਿਆ। ਸਵੇਰ ਦੇ ਸਮੇਂ ਜੋ ਇੱਕਾ-ਦੁੱਕਾ ਦੁਕਾਨਾਂ ਖੁਲ੍ਹੀਆਂ ਸਨ, ਉਹ ਪ੍ਰਸ਼ਾਸਨ ਵਲੋਂ ਕਰਫਿਊ ਦੀ ਅਨਾਊਂਸਮੈਂਟ ਹੁੰਦਿਆਂ ਹੀ ਬੰਦ ਹੋ ਗਈਆਂ।

ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਨੇ ਕਰਫਿਊ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਖਾਤਿਰ ਮਹਾਂਨਗਰ ਦੇ ਐਂਟਰੀ ਵਾਲੇ ਸਾਰੇ ਹੀ ਰਸਤਿਆਂ ਨੂੰ ਜ਼ਬਰਦਸਤੀ ਨਾਕਾਬੰਦੀ ਰਾਹੀਂ ਸੀਲ ਕਰੀ ਰੱਖਿਆਸੀ। ਜਲੰਧਰ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ। ਬੰਦ ਦੌਰਾਨ ਅਕਾਲੀ-ਭਾਜਪਾ ਸਰਕਾਰ ਅਤੇ ਉਦਯੋਗ ਮੰਤਰੀ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਪੁਲਿਸ ਪ੍ਰਸ਼ਾਸਨ ਬੇਵੱਸ ਵਿਖਾਈ ਦਿੱਤਾ। ਕਈ ਥਾਈਂ ਦੁਕਾਨਾਂ ਨੂੰ ਜ਼ਬਰੀ ਵੀ ਬੰਦ ਕਰਵਾਇਆ ਗਿਆ। । ਨਵਾਂ ਸ਼ਹਿਰ ਵਿਚ ਮੁਕੰਮਲ ਬੰਦ ਰਿਹਾ। ਇਸ ਦੌਰਾਨ ਐਸਜੀਪੀਸੀ ਮੈਂਬਰ ਗੁਰਬਖਸ਼ ਸਿੰਘ ਖਾਲਸਾ, ਪਰਮ ਸਿੰਘ ਖਾਲਸਾ ਸਮੇਤ ਕਈ ਆਗੂਆਂ ਨੇ ਸਥਾਨਕ ਚੰਡੀਗੜ੍ਹ ਚੌਕ 'ਚ ਧਰਨਾ ਦਿੱਤਾ, ਜਿਸ ਕਾਰਨ ਆਵਾਜਾਈ ਵੀ ਪ੍ਰਭਾਵਿਤ ਹੋਈ।

ਪੰਜਾਬ ਬੰਦ ਦੇ ਸੱਦੇ ਨੂੰ ਅੰਮ੍ਰਿਤਸਰ 'ਚ ਪੂਰਾ ਹੁੰਗਾਰਾ ਮਿਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਅਦਾਰੇ ਬੰਦ ਰੱਖੇ। ਦੂਜੇ ਪਾਸੇ ਖਾਲਸਾ ਐਕਸ਼ਨ ਕਮੇਟੀ ਦੇ ਚੇਅਰਮੈਨ ਅਤੇ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਭਾਈ ਅਮਰਜੀਤ ਸਿੰਘ, ਦਲ ਖਾਲਸਾ ਦੇ ਕੰਵਰਪਾਲ ਸਿੰਘ ਬਿੱਟੂ, ਭਾਈ ਬਲਵੰਤ ਸਿੰਘ, ਬੀਬੀ ਸੰਦੀਪ ਕੌਰ ਆਦਿ ਨੇ ਹਾਲ ਗੇਟ ਵਿਖੇ ਆਸ਼ੂਤੋਸ਼ ਦਾ ਪੁਤਲਾ ਫੂਕਿਆ। ਰੇਲ ਤੇ ਬੱਸ ਆਵਾਜਾਈ ਚੱਲਦੀ ਰਹੀ। ਬੁਟਾਲਾ, ਮਹਿਤਾ, ਬਿਆਸ, ਜੰਡਿਆਲਾ ਗੁਰੂ, ਰੱਈਆ, ਬਾਬਾ ਬਕਾਲਾ ਆਦਿ ਕਸਬਿਆਂ 'ਚ ਦੁਕਾਨਾਂ ਬੰਦ ਰਹੀਆਂ। ਹੁਸ਼ਿਆਰਪੁਰ ਵਿਚ ਵੀ ਬੰਦ ਨੂੰ ਭਰਵਾ ਹੁੰਗਾਰਾ ਮਿਲਿਆ। ਵਿੱਦਿਅਕ ਅਦਾਰੇ ਵੀ ਮੁਕੰਮਲ ਬੰਦ ਰਹੇ। ਪ੍ਰਸ਼ਾਸਨ ਵਲੋਂ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਸਨ। ਸਿਵ ਸੈਨਿਕਾਂ ਦੇ ਵਿਰੋਧ ਕਾਰਨ ਵੀ ਸਥਿਤੀ ਤਣਾਅਪੂਰਨ ਬਣੀ ਰਹੀ।

ਪਟਿਆਲਾ ਵਿਚ ਰਲਵਾਂ-ਮਿਲਵਾਂ ਹੁੰਗਾਰਾ ਮਿਲਿਆ। ਪੁਲਿਸ ਨੇ ਸਵੇਰੇ ਅਨਾਰ ਦਾਣਾ ਚੌਕ ਤੋਂ 15 ਦੇ ਕਰੀਬ ਸਿੱਖ ਨੌਜਵਾਨਾਂ ਨੂੰ ਬਾਜ਼ਾਰ ਬੰਦ ਕਰਵਾਉਂਦਿਆਂ ਗ੍ਰਿਫ਼ਤਾਰ ਕਰ ਲਿਆ। ਦੁਪਹਿਰ ਵੇਲੇ ਕੁਝ ਨੌਜਵਾਨਾਂ ਨੇ ਇੱਕ ਹੇਅਰ ਡਰੈਸਰ ਦੀ ਦੁਕਾਨ ਦੀ ਭੰਨ-ਤੋੜ ਵੀ ਕੀਤੀ। ਪੁਲਿਸ ਨੇ ਬਾਜ਼ਾਰ ਬੰਦ ਕਰਵਾਉਂਣ ਲਈ ਅਕਾਲੀ ਕੌਂਸਲਰ ਕਮਲਜੀਤ ਸਿੰਘ ਗੌਨਾ ਅਤੇ ਉਸ ਦੇ ਸਾਥੀਆਂ ਨੂੰ ਜੁਲਕਾ ਥਾਣੇ ਡੱਕੀ ਰੱਖਿਆ।

ਫਿਰੋਜ਼ਪੁਰ ਵਿਚ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ। ਟਾਵੀਆਂ-ਟਾਵੀਆਂ ਦੁਕਾਨਾਂ ਖੁੱਲ੍ਹੀਆਂ ਸਨ। ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਦੇ ਕਾਰਕੁੰਨਾਂ ਨੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਕਲਸੀ ਦੀ ਅਗਵਾਈ ਹੇਠ ਸ਼ਹੀਦ ਊਧਮ ਸਿੰਘ ਚੌਕ ਵਿਖੇ ਆਸ਼ੂਤੋਸ਼ ਦਾ ਪੁਤਲਾ ਫੂਕਿਆ।

ਮਾਨਸਾ ਸ਼ਹਿਰ 'ਚ ਬੰਦ ਨੂੰ ਕੋਈ ਬਹੁਤਾ ਹੁੰਗਾਰਾ ਨਹੀਂ ਮਿਲਿਆ। ਬਾਜ਼ਾਰ ਆਮ ਵਾਂਗ ਖੁੱਲ੍ਹੇ ਸਨ। ਪੁਲਿਸ ਵਲੋਂ ਕਈ ਥਾਈਂ ਨਾਕੇ ਲਾਏ ਹੋਏ ਸਨ। ਮੋਹਾਲੀ ਵਿਚ ਮਿਲਿਆ-ਜੁਲਿਆ ਹੁੰਗਾਰਾ ਮਿਲਿਆ। ਵਪਾਰਕ ਅਦਾਰੇ ਅਤੇ ਦੁਕਾਨਾਂ ਕਈ ਥਾਈਂ ਬੰਦ ਰਹੀਆਂ।

ਬਰਨਾਲਾ ਸ਼ਹਿਰ ਪੂਰੀ ਤਰ੍ਹਾਂ ਬੰਦ ਰਿਹਾ। ਇਸ ਮੌਕੇ ਇੱਕ ਰੋਸ ਮਾਰਚ ਵੀ ਕੱਢਿਆ ਗਿਆ।

ਬਠਿੰਡਾ ਵਿਚ ਬੰਦ ਦੇ ਸੱਦੇ ਨੂੰ ਇੱਥੇ ਭਰਵਾਂ ਹੁੰਗਾਰਾ ਮਿਲਿਆ। ਇੱਕ ਦੋ ਮਾਮਲਿਆਂ ਨੂੰ ਛੱਡ ਕੇ ਬੰਦ ਅਮਨ-ਅਮਾਨ ਨਾਲ ਬੀਤ ਗਿਆ ਅਨੰਦਪੁਰ ਸਾਹਿਬ ਤੋਂ ਕਰਨੈਲ ਅਨੁਸਾਰ ਅੱਜ ਅਨੰਦਪੁਰ ਸਾਹਿਬ 'ਚ ਸਮੂਹ ਵਪਾਰਕ ਅਦਾਰੇ ਬੰਦ ਰਹੇ। ਪੰਥਕ ਜਥੇਬੰਦੀਆਂ ਵੱਲੋਂ ਰੋਸ ਮਾਰਚ ਵੀ ਕੱਢਿਆ ਗਿਆ। ਇਸ ਤੋਂ ਇਲਾਵਾ ਬਾਘਾ ਪੁਰਾਣਾ, ਜਗਰਾਉਂ, ਨਾਭਾ, ਕਲਾਨੌਰ, ਬਿਨੈਵਾਲ, ਭਿੱਖੀ ਪਿੰਡ, ਮਮਦੋਟ, ਫਗਵਾੜਾ, ਧਨੌਲਾ, ਫਿਲੌਰ, ਮੁੱਲਾਂਪੁਰ ਦਾਖਾ, ਬਿਲਾਸਪੁਰ, ਰਾਜਪੁਰਾ, ਟਾਂਡਾ, ਬੰਗਾ, ਜਲਾਲਾਬਾਦ, ਸਮਰਾਲਾ, ਸ਼ੇਰਪੁਰ, ਰਾੜਾ ਸਾਹਿਬ, ਚੀਮਾ ਮੰਡੀ, ਚਮਕੌਰ ਸਾਹਿਬ, ਬਹਿਰਾਮਪੁਰ ਬੇਟ, ਗੜ੍ਹਦੀਵਾਲਾ, ਬਿਆਸ, ਫਤਿਹਗੜ੍ਹ ਪੰਚਤੂੜ, ਕੋਟਕਪੂਰਾ, ਮਹਿਲ ਕਲਾਂ, ਤਲਵੰਡੀ ਭਾਈ, ਭਿੱਖੀ, ਚੀਮਾ ਮੰਡੀ, ਰਾਮਾ ਮੰਡੀ, ਪੱਟੀ, ਸਰਦੂਲਗੜ੍ਹ, ਮੋਰਿੰਡਾ ਆਦਿ 'ਚ ਵੀ ਬੰਦ ਨੂੰ ਮਿਲਿਆ-ਜੁਲਿਆ ਹੁੰਗਾਰਾ ਮਿਲਿਆ।

## ਪੰਥਕ ਜਥੇਬੰਦੀਆਂ ਨੇ ਸੰਤ ਸਮਾਜ ਤੋਂ ਨਾਤਾ ਤੋੜਿਆ

**ਲੁਧਿਆਣਾ :** ਲੁਧਿਆਣਾ ਵਿਚ ਛਿੜੇ ਗੰਭੀਰ ਘਟਨਾਕ੍ਰਮ ਨੇ ਉਸ ਵੇਲੇ ਨਵਾਂ ਮੋੜ ਲੈ ਲਿਆ ਜਦੋਂ ਪੰਥਕ ਸੰਘਰਸ਼ ਨੂੰ ਅੱਗੇ ਵਧਾ ਰਹੀਆਂ ਜਥੇਬੰਦੀਆਂ ਨੇ ਸੰਤ ਸਮਾਜ ਨਾਲੋਂ ਆਪਣਾ ਨਾਤਾ ਤੋੜ ਲਿਆ। ਉਧਰ, ਲੁਧਿਆਣਾ ਸ਼ਹਿਰ ਵਿਚ ਕਰਫਿਊ 7 ਦਸੰਬਰ ਨੂੰ ਤੀਜੇ ਦਿਨ ਵੀ ਜਾਰੀ ਰਿਹਾ। ਤੱਤ ਖਾਲਸਾ ਦੇ ਪ੍ਰਧਾਨ ਭਾਈ ਜਰਨੈਲ ਸਿੰਘ, ਸੰਤ ਸਿਪਾਹੀ ਨੌਜਵਾਨ ਦਲ ਦੇ ਪ੍ਰਧਾਨ ਬਲਜਿੰਦਰ ਸਿੰਘ ਜਿੰਦੂ, ਹੇਮਕੁੰਟ ਸੇਵਾ ਦਲ ਦੇ ਪ੍ਰਧਾਨ ਜਗਜੀਤ ਸਿੰਘ, ਸ਼੍ਰੋਮਣੀ ਸਿੱਖ ਕੌਂਸਲ ਦੇ ਪ੍ਰਧਾਨ ਭਾਈ ਸੁਖਵਿੰਦਰ ਸਿੰਘ, ਜਥੇਦਾਰ ਜਸਵਿੰਦਰ ਸਿੰਘ ਬਲੀਏਵਾਲ ਆਦਿ ਆਗੂਆਂ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਬਾਦਲ ਸਰਕਾਰ ਵਲੋਂ ਭਾਜਪਾ ਨੂੰ ਖੁਸ਼ ਕਰਨ ਲਈ ਸਿੱਖਾਂ 'ਤੇ ਗੋਲੀ ਚਲਾਉਣੀ ਇਕ ਗਿਣੀ-ਮਿਥੀ ਸਾਜ਼ਿਸ਼ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਅਲਟੀਮੇਟਮ ਦਿੱਤਾ ਗਿਆ ਹੈ ਕਿ ਵਿਧਾਇਕ ਹਰੀਸ਼ ਬੇਦੀ, ਉਸਦੇ ਪੁੱਤਰ ਹਨੀ ਬੇਦੀ, ਆਸ਼ੂਤੋਸ਼ ਮਹਾਰਾਜ ਅਤੇ ਹੋਰ ਸੰਬੰਧਤ ਲੋਕਾਂ ਅਤੇ ਅਧਿਕਾਰੀਆਂ ਖਿਲਾਫ ਕਤਲ ਅਤੇ ਇਰਾਦਾ ਕਤਲ ਦੇ ਪਰਚੇ ਦਰਜ ਕੀਤੇ ਜਾਣ। ਨਹੀਂ ਤਾਂ ਇਸਤੋਂ ਨਿਕਲਣ ਵਾਲੇ ਭਿਆਨਕ ਸਿੱਟਿਆਂ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ 13 ਦਸੰਬਰ ਨੂੰ ਸਾਰੀਆਂ ਪੰਥਕ ਜਥੇਬੰਦੀਆਂ ਦੀ ਮੀਟਿੰਗ ਗੁਰਦੁਆਰਾ ਕਲਗੀਧਰ ਵਿਚ ਸਵੇਰੇ 10 ਵਜੇ ਹੋਵੇਗੀ। ਜੇ ਸਰਕਾਰ ਨੇ ਪਰਚੇ ਦਰਜ ਨਾ ਕੀਤੇ ਤਾਂ ਅਗਲਾ ਐਕਸ਼ਨ ਪਲਾਨ ਤਿਆਰ ਕੀਤਾ ਜਾਵੇਗਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਭਾਈ ਧੁੰਮਾ ਅਤੇ ਸੰਤ ਸਮਾਜ ਵਲੋਂ ਬੁਲਾਈ ਹੋਰ ਮੀਟਿੰਗ ਵਿਚ ਉਹ ਸ਼ਾਮਲ ਨਹੀਂ ਹੋਣਗੇ।

ਆਗੂਆਂ ਨੇ ਮ੍ਰਿਤਕ ਦਰਸ਼ਨ ਸਿੰਘ ਦੇ ਪਰਿਵਾਰ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਤੋਂ ਕੋਈ ਸਹਾਇਤਾ ਪ੍ਰਾਪਤ ਨਾ ਕਰਨ। ਉਨ੍ਹਾਂ ਇਹ ਕਿਹਾ ਕਿ ਜ਼ਖਮੀ ਹੋਏ 12 ਵਿਅਕਤੀਆਂ ਦੇ ਇਲਾਜ ਲਈ ਸਰਕਾਰ ਦੀ ਮਦਦ ਨਹੀਂ ਲਈ ਜਾਵੇਗੀ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਜ਼ਮੀਰ ਦੀ ਆਵਾਜ਼ ਸੁਣਨ। ਆਗੂਆ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਤੇ ਹੋਰ ਅਧਿਕਾਰੀ ਸੀ.ਐਮ.ਸੀ. ਹਸਪਤਾਲ ਵਿਚ ਜ਼ਖਮੀਆਂ ਦੇ ਇਲਾਜ਼ ਲਈ ਮਾਇਕ ਸਹਾਇਤਾ ਦੇਣ ਆਏ ਸਨ। ਪੰਥਕ ਜਥੇਬੰਦੀਆਂ ਨੇ ਇਸ ਮਦਦ ਨੂੰ ਠੁਕਰਾ ਦਿੱਤਾ। ਆਗੂਆਂ ਨੇ ਰੋਸ ਜ਼ਾਹਰ ਕੀਤਾ ਕਿ ਉਹ ਚਾਰ ਦਿਨ ਪਹਿਲਾਂ ਐਸ.ਐਸ.ਪੀ. ਤੇ ਡਿਪਟੀ ਕਮਿਸ਼ਨਰ ਨੂੰ ਮਿਲੇ ਅਤੇ ਆਸ਼ੂਤੋਸ਼ ਦਾ ਸਮਾਗਮ ਰੱਦ ਕਰਨ ਦੀ ਵਾਰ ਵਾਰ ਬੇਨਤੀ ਕੀਤੀ ਸੀ ਪਰ ਅਫਸਰਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਲੁਧਿਆਣਾ ਬਣਿਆ ਜੰਗ ਦਾ ਮੈਦਾਨ, ਤਣਾਅ ਹਾਲੇ ਵੀ ਜਾਰੀ

## ਨੂਰਮਹਿਲੀਏ ਦਾ ਵਿਰੋਧ ਕਰ ਰਹੇ ਸਿੱਖਾਂ 'ਤੇ ਪੁਲਿਸ ਵਲੋਂ ਗੋਲੀ, ਇਕ ਦੀ ਮੌਤ ਅੱਧੀ ਦਰਜਨ ਦੇ ਕਰੀਬ ਜ਼ਖਮੀ, ਕਈ ਗੰਭੀਰ



**ਆਸੂਤੋਸ਼ ਦਾ ਲੁਧਿਆਣਾ ਸਮਾਗਮ ਖ਼ੂਨੀ ਕਾਂਡ ਪਿੱਛੋਂ ਰੱਦ**

**ਲੁਧਿਆਣਾ** : ਲੰਘੀ 5 ਦਸੰਬਰ ਨੂੰ ਲੁਧਿਆਣਾ ਵਿਚ ਵਾਪਰੇ ਘਟਨਾਕਰਮ ਨੇ ਇਕ ਵਾਰ ਫਿਰ 1978 ਦੇ ਨਿਰੰਕਾਰੀ ਕਾਂਡ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਦੋਂ ਨੂਰਮਹਿਲੀਏ ਆਸੂਤੋਸ਼ ਦੇ ਸਮਾਗਮ ਦਾ ਵਿਰੋਧ ਕਰ ਰਹੇ ਸਿੱਖਾਂ ਉਪਰ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ। ਇਸ ਘਟਨਾ ਵਿਚ ਇਕ ਸਿੰਘ ਸ਼ਹੀਦ ਹੋ ਗਿਆ ਅਤੇ ਅੱਧੀ ਦਰਜਨ ਤੋਂ ਵਧ ਜ਼ਖ਼ਮੀ ਹੋ ਗਏ। 5 ਦਸੰਬਰ ਨੂੰ ਸਵੇਰੇ ਗੁਰਦਵਾਰਾ ਸ਼ਹੀਦਾਂ ਫੇਰੂਮਾਨ ਤੋਂ ਭਾਰੀ ਗਿਣਤੀ ਵਿਚ ਸਿੱਖਾਂ ਦਾ ਇਕੱਠ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਸੇਵਾਦਾਰ ਜਸਬੀਰ ਸਿੰਘ ਰੋਡੇ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿਘ ਧੁੰਮਾ, ਬਲਜੀਤ ਸਿੰਘ ਦਾਦੂਵਾਲ, ਭਾਈ ਮੋਹਕਮ ਸਿੰਘ, ਰਣਜੀਤ ਸਿੰਘ ਢੱਡਰੀਆਂ ਵਾਲਾ, ਕੰਵਰਪਾਲ ਸਿੰਘ ਬਿੱਟੂ ਅਤੇ ਭਾਈ ਜਰਨੈਲ ਸਿੰਘ ਖ਼ਾਲਸਾ ਦੀ ਅਗਵਾਈ ਵਿਚ ਨੂਰਮਹਿਲੀਏ ਆਸੂਤੋਸ਼ ਦਾ ਸਮਾਗਮ ਰੁਕਵਾਉਣ ਲਈ ਨਿਕਲਿਆ। ਸਮਰਾਲਾ ਚੌਕ ਨੇੜੇ ਪੁਲਿਸ ਨੇ ਅਗੇ ਵਧ ਰਹੇ ਸਿੱਖਾਂ ਨੂੰ ਰੋਕਣ ਲਈ ਪਹਿਲਾਂ ਹਵਾ ਵਿਚ ਗੋਲੀਆਂ ਚਲਾਈਆਂ ਅਤੇ ਬਾਅਦ ਵਿਚ ਉਨ੍ਹਾਂ 'ਤੇ ਸਿੱਧੀਆਂ ਗੋਲੀਆਂ ਵਰ੍ਹਾ ਦਿਤੀਆਂ ਜਿਸ ਕਾਰਨ ਦਰਸ਼ਨ ਸਿੰਘ ਵਾਸੀ ਲੁਹਾਰਾ ਸ਼ਹੀਦ ਹੋ ਗਿਆ ਅਤੇ ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਚਰਨ ਸਿੰਘ, ਅਨੂਪ ਸਿੰਘ ਸੰਧੂ, ਗੁਰਜੰਟ ਸਿੰਘ ਅਤੇ ਦਰਸ਼ਨ ਸਿੰਘ ਜ਼ਖ਼ਮੀ ਹੋ ਗਏ। ਦੋ ਜ਼ਖ਼ਮੀਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਨੇ ਚੀਮਾ ਚੌਕ ਵਿਚ ਵੀ ਸਿੱਖਾਂ 'ਤੇ ਲਾਠੀਚਾਰਜ ਕੀਤਾ ਅਤੇ ਅਥਰੂ ਗੈਸ ਦੇ ਗੋਲੇ ਦਾਗ਼ੇ। ਇਹ ਘਟਨਾ ਵਾਪਰਨ ਮਗਰੋਂ ਬਾਦਲ ਸਰਕਾਰ ਨੇ 6 ਦਸੰਬਰ ਐਤਵਾਰ ਨੂੰ ਹੋਣ ਵਾਲੇ ਆਸੂਤੋਸ਼ ਦੇ ਸਮਾਗਮ 'ਤੇ ਰੋਕ ਲਗਾ ਦਿੱਤੀ। ਸੰਤ ਸਮਾਜ ਨੇ ਗੋਲੀ ਚਲਾਉਣ ਦੇ ਵਿਰੋਧ ਵਿਚ ਉਥੇ ਹੀ ਧਰਨਾ ਦੇ ਦਿਤਾ। ਬਾਬਾ ਹਰਨਾਮ ਸਿੰਘ ਧੁੰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਗਾਇਆ ਕਿ ਪੂਰੇ ਯੋਜਨਾਬੱਧ ਤਰੀਕੇ ਨਾਲ ਸਰਕਾਰ ਨੇ ਇਹ ਕਾਂਡ ਕਰਵਾਇਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪਹਿਲਾਂ ਪਤਾ ਸੀ ਕਿ ਆਸੂਤੋਸ਼ ਦੇ ਆਉਣ ਨਾਲ ਸੂਬੇ ਦਾ ਮਾਹੌਲ ਵਿਗੜ ਸਕਦਾ ਹੈ ਪਰ ਸਰਕਾਰ ਨੇ ਨਿਹੱਥੇ ਸਿੱਖਾਂ 'ਤੇ ਗੋਲੀਆਂ ਚਲਵਾ ਦਿਤੀਆਂ। ਧੁੰਮਾ ਨੇ ਕਿਹਾ ਕਿ ਜਦੋਂ ਤਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਹਰੀਸ਼ ਬੇਦੀ, ਹਨੀ ਬੇਦੀ, ਨੂਰਮਹਿਲੀਆ ਆਸੂਤੋਸ਼, ਪੰਜਾਬ ਭਾਜਪਾ ਦੇ ਪ੍ਰਧਾਨ ਰਾਜਿੰਦਰ ਭੰਡਾਰੀ ਵਿਰੁਧ ਕਤਲ ਦਾ ਮਾਮਲਾ ਦਰਜ ਨਹੀਂ ਹੁੰਦਾ, ਉਦੋਂ ਤਕ ਸਿੱਖ ਹਿਰਦੇ ਸ਼ਾਂਤ ਨਹੀਂ ਹੋਣਗੇ। ਧੁੰਮਾ ਨੇ ਕਿਹਾ ਕਿ ਅਕਾਲੀ ਸਰਕਾਰ ਸਿੱਖਾਂ ਨੂੰ ਡਰਾਉਣਾ ਚਾਹੁੰਦੀ ਹੈ। ਸਿੱਖ ਜਥੇਬੰਦੀਆਂ ਨੇ ਇਸ ਘਟਨਾ ਦੇ ਵਿਰੋਧ ਵਿਚ ਬੀਤੇ ਸੋਮਵਾਰ ਨੂੰ ਪੰਜਾਬ ਬੰਦ ਰੱਖਿਆ। ਇਸੇ ਦੌਰਾਨ ਪੁਲਿਸ ਗੋਲੀ ਨਾਲ ਜ਼ਖ਼ਮੀ ਹੋਏ ਸਿੱਖਾਂ ਨੂੰ ਜਦੋਂ ਸੀ.ਐਮ.ਸੀ. ਹਸਪਤਾਲ ਲਿਆਂਦਾ ਗਿਆ ਤਾਂ ਗੁੱਸੇ ਵਿਚ ਆਏ ਸਿੱਖਾਂ ਨੇ ਪੀ.ਸੀ.ਆਰ. ਦੇ ਦੋ ਮੋਟਰਸਾਈਕਲਾਂ ਨੂੰ ਅੱਗ ਲਗਾ ਦਿੱਤੀ। ਇਥੇ ਵੀ ਪੁਲਿਸ ਨੇ ਸਿੱਖਾਂ ਉਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ। ਉਧਰ ਲੁਧਿਆਣਾ ਰੇਂਜ ਦੇ ਡੀ.ਆਈ.ਜੀ. ਸ਼ਰਦ ਚੌਹਾਨ ਨੇ ਦਸਿਆ ਕਿ ਅੱਗੇ ਵਧ ਰਹੇ ਸਿੱਖਾਂ ਨੂੰ ਜਦੋਂ ਪੁਲਿਸ ਰੋਕਣ 'ਚ ਅਸਫ਼ਲ ਰਹੀ ਤਾਂ ਹਵਾ ਵਿਚ ਗੋਲੀ ਚਲਾਉਣੀ ਪਈ ਅਤੇ ਲਾਠੀਚਾਰਜ ਕਰਨਾ ਪਿਆ। ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਅਥਰੂ ਗੈਸ ਦੇ ਗੋਲੇ ਵੀ ਦਾਗ਼ੇ। ਘਟਨਾ ਦੌਰਾਨ



ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਕਸਬੇ ਦੇ ਡੀ.ਐਸ.ਪੀ. ਸੁਖਦੇਵ ਸਿੰਘ ਕਿਰਪਾਨਾਂ ਵੱਜਣ ਕਾਰਨ ਜ਼ਖ਼ਮੀ ਹੋ ਗਏ। ਡੀ.ਆਈ.ਜੀ. ਨੇ ਕਿਹਾ ਕਿ ਪੁਲਿਸ ਵਲੋਂ ਹਵਾਈ ਫ਼ਾਇਰਿੰਗ ਕਰਨ ਦਾ ਮਕਸਦ ਭੀੜ ਨੂੰ ਖਦੇੜਨਾ ਸੀ ਨਾਕਿ ਕਿਸੇ ਦਾ ਜਾਨੀ ਨੁਕਸਾਨ ਕਰਨਾ।

ਇਸ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਰੀਆਂ ਧਾਰਮਕ, ਸਮਾਜਕ ਅਤੇ ਸਿਆਸੀ ਪਾਰਟੀਆਂ ਨੂੰ ਸੂਬੇ 'ਚ ਅਮਨ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ 'ਚ ਉਸਾਰੂ ਭੂਮਿਕਾ ਨਿਭਾਉਣ ਦੀ ਪੁਰਜ਼ੋਰ ਅਪੀਲ ਕੀਤੀ। ਸ. ਬਾਦਲ ਨੇ ਇਨ੍ਹਾਂ ਘਟਨਾਵਾਂ ਵਿਚ ਹੋਏ ਜਾਨੀ ਨੁਕਸਾਨ ਨੂੰ ਬੇਹੱਦ ਮੰਦਭਾਗਾ ਅਤੇ ਦੁਖਦਾਈ ਕਰਾਰ ਦਿਤਾ। ਪੰਜਾਬ ਸਰਕਾਰ ਨੇ ਲੁਧਿਆਣਾ ਵਿਖੇ ਹੋਈਆਂ ਕ੍ਰਮਵਾਰ ਸਾਰੀਆਂ ਘਟਨਾਵਾਂ ਦੀ ਮੈਜਿਸਟ੍ਰੇਟੀ ਜਾਂਚ ਕਰਵਾਉਣ ਦੇ ਹੁਕਮ ਦਿਤੇ ਹਨ। ਲੁਧਿਆਣਾ ਦੇ ਡਿਪਟੀ ਕਮਿਸ਼ਨਰ ਨੂੰ ਆਦੇਸ਼ ਦਿਤੇ ਗਏ ਹਨ ਕਿ ਉਹ ਇਨ੍ਹਾਂ ਘਟਨਾਵਾਂ ਵਿਚ ਜ਼ਖ਼ਮੀ ਹੋਏ ਪ੍ਰਦਰਸ਼ਨਕਾਰੀਆਂ ਦਾ ਸਰਕਾਰੀ ਖ਼ਰਚੇ ਉਚੇ ਮੁਫ਼ਤ ਇਲਾਜ ਨੂੰ ਯਕੀਨੀ ਬਣਾਉਣ। ਪੁਲਿਸ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਆਸ਼ੂਤੋਸ਼ ਦੇ ਧਾਰਮਿਕ ਸਮਾਗਮ ਸਬੰਧੀ ਹੋਏ ਟਕਰਾਅ ਤੋਂ ਬਾਅਦ ਸਥਾਨਕ ਸ਼ਹਿਰ ਅੰਦਰ ਪੈਦਾ ਹੋਈ ਤਣਾਅਪੂਰਨ ਸਥਿਤੀ 'ਤੇ ਕੰਟਰੋਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਲੰਘੀ 6 ਦਸੰਬਰ ਨੂੰ ਸਾਰਾ ਦਿਨ ਹੀ ਉਦਯੋਗਿਕ ਨਗਰੀ ਨੂੰ ਸੀਲ ਕਰੀ ਰੱਖਿਆ। ਮਹਾਂਨਗਰ 'ਚ ਚਾਰੇ ਦਿਸ਼ਾਵਾਂ ਤੋਂ ਦਾਖ਼ਲ ਹੋਣ ਵਾਲੇ ਰਸਤਿਆਂ ਨੂੰ ਬੈਰੀਕੇਡ ਲਗਾ ਕੇ ਬੰਦ ਕਰ ਦਿੱਤਾ ਗਿਆ। ਇਸ ਦੀ ਵਜ੍ਹਾ ਇਹ ਰਹੀ ਕਿ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਦੀ ਅਗਵਾਈ 'ਚ ਸ਼ੁਰੂ ਹੋਇਆ ਰੋਸ ਧਰਨਾ 5-6 ਦੀ ਸਾਰੀ ਰਾਤ ਜਾਰੀ ਰਿਹਾ ਤੇ ਵਾਪਰੀਆਂ ਘਟਨਾਵਾਂ ਦੌਰਾਨ ਮੌਤ ਦੇ ਮੂੰਹ 'ਚ ਚਲੇ ਗਏ ਦਰਸ਼ਨ ਸਿੰਘ ਦੇ ਸਸਕਾਰ ਹੋਣ ਤੱਕ ਚਲਦਾ ਰਿਹਾ। ਪੁਲਿਸ ਨੇ ਦਰਸ਼ਨ ਸਿੰਘ ਦੀ ਮ੍ਰਿਤਕ ਦੇਹ ਪਿੰਡ ਲੁਹਾਰਾ ਅੰਦਰ ਬਹੁਤ ਹੀ ਕਰੜੇ ਪ੍ਰਬੰਧਾਂ ਅਧੀਨ ਲਿਆ ਕੇ ਪੰਥਕ ਜਥੇਬੰਦੀਆਂ ਬਾਬਾ ਹਰਨਾਮ ਸਿੰਘ ਖਾਲਸਾ, ਸੰਤ ਰਣਜੀਤ ਸਿੰਘ ਢੱਡਰੀ ਵਾਲੇ, ਭਾਈ ਜਸਵੀਰ ਸਿੰਘ ਰੋਡੇ, ਸੰਤ ਬਲਜੀਤ ਸਿੰਘ ਦਾਦੂਵਾਲ, ਸੰਤ ਭੁਪਿੰਦਰ ਸਿੰਘ ਜਰਗ ਵਾਲੇ, ਭਾਈ ਮੋਹਕਮ ਸਿੰਘ, ਭਾਈ ਕੰਵਰਪਾਲ ਸਿੰਘ ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਆਦਿ ਆਗੂਆਂ ਦੀ ਮੌਜੂਦਗੀ ਵਿਚ ਕੁਝ ਮਿੰਟਾਂ 'ਚ ਹੀ ਸਸਕਾਰ ਕਰ ਦਿੱਤਾ ਤਾਂ ਜੋ ਸਥਿਤੀ ਵਿਗੜ ਨਾ ਜਾਵੇ।

ਇਸੇ ਦੌਰਾਨ ਮਾਰਕਸਵਾਦੀ ਕਮਿਊਨਿਸਟ ਪਾਰਟੀ ਪੰਜਾਬ ਦੇ ਆਗੂ ਕਾਮਰੇਡ ਚਰਨ ਸਿੰਘ ਵਿਰਦੀ ਸਕੱਤਰ ਪੰਜਾਬ ਰਾਜ ਕਮੇਟੀ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਲੁਧਿਆਣਾ ਸ਼ਹਿਰ ਵਿਚ ਹੋਈ ਹਿੰਸਾ ਤੇ ਸਾੜਫੂਕ ਉਪਰ ਡੂੰਘੀ ਚਿੰਤਾ ਅਤੇ ਦੁੱਖ ਪ੍ਰਗਟ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਹਿੰਸਾ ਤੇ ਸਾੜਫੂਕ ਸਖਤ ਨਿੰਦਣਯੋਗ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਉਪਰੋਕਤ ਘਟਨਾ ਤੋਂ ਕੁਝ ਦਿਨ ਪਹਿਲਾਂ ਨਿਸ਼ਕਾਮ ਕੀਰਤਨੀਏ ਭਾਈ ਗੁਰਮਿੰਦਰਪਾਲ ਸਿੰਘ ਦਾ ਲੜਕਾ ਗੁਰਜੋਤ ਸਿੰਘ ਗੁਰਦਵਾਰਾ ਦੂਖ ਨਿਵਾਰਨ ਤੋਂ ਰਾਤ ਸਮੇਂ ਜਦੋਂ ਘਰ ਜਾ ਰਿਹਾ ਸੀ ਤਾਂ ਦੁਗਰੀ ਰੋਡ ਦੇ ਪੁਲ 'ਤੇ 2 ਕਾਰਾਂ ਵਿਚ ਸਵਾਰ ਹਥਿਆਰਬੰਦ ਨੌਜਵਾਨਾਂ ਨੇ ਉਸ ਦੇ ਸਿਰ ਵਿਚ ਕਿਰਪਾਨ ਮਾਰ ਦਿਤੀ। ਉਸ ਨੂੰ ਜ਼ਖ਼ਮੀ ਕਰਨ ਪਿਛੋਂ ਹਥਿਆਰਬੰਦ ਵਿਅਕਤੀ ਆਸੂਤੋਸ਼ੀਏ ਦੇ ਹੱਕ ਵਿਚ ਨਾਹਰੇ ਲਗਾਉਂਦੇ ਹੋਏ ਫ਼ਰਾਰ ਹੋ ਗਏ। ਦਸਿਆ ਜਾ ਰਿਹਾ ਹੈ ਕਿ ਭਾਈ ਗੁਰਜੋਤ ਸਿੰਘ ਦਿਨ ਵੇਲੇ ਆਸੂਤੋਸ਼ ਵਿਰੁਧ ਕੀਤੇ ਗਏ ਰੋਸ ਮਾਰਚ ਵਿਚ ਸ਼ਾਮਲ ਹੋਇਆ ਸੀ। ਇਕ ਹੋਰ ਮਾਮਲੇ ਵਿਚ ਇਕ 18 ਸਾਲਾ ਅੰਮ੍ਰਿਤਧਾਰੀ ਨੌਜਵਾਨ ਨੂੰ ਜਾਨੋ ਮਾਰਨ ਵਿਚ ਕੋਈ ਕਸਰ ਹੀ ਬਾਕੀ ਨਾ ਛੱਡੀ ਗਈ। ਤਰਨਬੀਰ ਸਿੰਘ ਦੇ ਮੂੰਹ 'ਤੇ ਇਕ ਹਥਿਆਰ ਨਾਲ ਏਨੇ ਹਮਲੇ ਕੀਤੇ ਗਏ ਕਿ ਉਸ ਦਾ ਸਾਰਾ ਜਬਾੜਾ ਹੀ ਟੁੱਟ ਗਿਆ। ਤਰਨਬੀਰ ਸਿੰਘ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਮੱਦੇਨਜ਼ਰ ਲੁਧਿਆਣਾ ਪ੍ਰਸ਼ਾਸ਼ਨ ਨੇ 4 ਦਸੰਬਰ ਨੂੰ ਕੱਢੀ ਜਾਣ ਵਾਲੀ ਨੂਰਮਹਿਲੀਏ ਦੀ ਸ਼ੋਭਾ ਯਾਤਰਾ 'ਤੇ ਪਾਬੰਦੀ ਲਾ ਦਿੱਤੀ ਸੀ। ਆਸੂਤੋਸ਼ ਦੇ 5 ਅਤੇ 6 ਦਸੰਬਰ ਨੂੰ ਹੋਣ ਵਾਲੇ ਪ੍ਰੋਗਰਾਮ ਬਾਰੇ ਉਨ੍ਹਾਂ ਕਿਹਾ ਸੀ ਕਿ ਇਸ ਸਬੰਧੀ ਵੀ ਛੇਤੀ ਹੀ ਫ਼ੈਸਲਾ ਲਿਆ ਜਾਵੇਗਾ।ਪਰ ਇਸ ਨੂੰ ਰੋਕਿਆ ਨਾ ਗਿਆ।ਜਿਸ ਕਾਰਨ ਉਪਰੋਕਤ ਘਟਨਾ ਵਾਪਰ ਗਈ।

# ਪੰਜਾਬ ਵਿਚ ਨਕਸਲਵਾਦ ਦੇ ਪਸਾਰੇ ਦਾ ਖਤਰਾ

**ਚੰਡੀਗੜ੍ਹ :** ਸੀ.ਪੀ.ਆਈ. (ਮਾਓਵਾਦੀ) ਵਲੋਂ ਪੰਜਾਬ 'ਚ ਨਕਸਲਵਾਦ ਦੇ ਪੈਰ ਜਮਾਉਣ ਲਈ ਕੀਤੇ ਅਧਿਐਨ ਨੇ ਪੰਜਾਬ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਕੇਂਦਰੀ ਖੁਫੀਆ ਏਜੰਸੀਆਂ ਵਲੋਂ ਪੰਜਾਬ 'ਚ ਨਕਸਲਵਾਦ ਦੇ ਸਿਰ ਚੁੱਕਣ ਦੇ ਸੰਕੇਤ ਦਿੱਤੇ ਗਏ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਏ.ਡੀ.ਜੀ.ਪੀ. (ਇੰਟੈਲੀਜੈਂਸ) ਸੁਰੇਸ਼ ਅਰੋੜਾ ਨੇ ਅਕਤੂਬਰ ਮਹੀਨੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ ਸਨਸਨੀਖੇਜ਼ ਰਿਪੋਰਟ ਪੇਸ਼ ਕੀਤੀ ਸੀ।

ਇਸ ਰਿਪੋਰਟ 'ਚ ਮਾਓਵਾਦੀਆਂ ਵਲੋਂ ਪੰਜਾਬ 'ਚ ਨਕਸਲਵਾਦ ਦੇ ਪੈਰ ਜਮਾਉਣ ਲਈ ਧਾਰਨ ਕੀਤੀ ਜਾ ਰਹੀ ਰਣਨੀਤੀ ਦਾ ਖੁਲਾਸਾ ਕੀਤਾ ਗਿਆ ਸੀ। ਖੁਫੀਆ ਵਿੰਗ ਦੇ ਮੁੱਖੀ ਵਲੋਂ ਪੰਜਾਬ ਸਰਕਾਰ ਦੇ ਧਿਆਨ 'ਚ ਲਿਆਂਦਾ ਗਿਆ ਸੀ ਕਿ ਸੀ.ਪੀ.ਆਈ. (ਮਾਓਵਾਦੀ) ਦੇ ਪੋਲਿਟ ਬਿਊਰੋ ਅਤੇ ਕੇਂਦਰੀ ਕਮੇਟੀ ਮੈਂਬਰ ਕੋਬਾਦ ਗਾਂਧੀ ਨੇ ਕੁਝ ਸਮਾਂ ਪਹਿਲਾਂ ਪੰਜਾਬ ਦਾ ਦੌਰਾ ਕਰਕੇ ਸੂਬੇ ਵਿਚ ਨਕਸਲਵਾਦ ਦੀਆਂ ਜੜ੍ਹਾਂ ਲਾਉਣ ਦਾ ਅਧਿਐਨ ਕੀਤਾ ਹੈ। ਪੰਜਾਬ ਦੀਆਂ ਖੁਫੀਆ ਏਜੰਸੀਆਂ ਨੂੰ ਇਹ ਜਾਣਕਾਰੀ ਕੇਂਦਰੀ ਏਜੰਸੀਆਂ ਤੋਂ ਮਿਲੀ ਹੈ। ਕੋਬਾਦ ਗਾਂਧੀ ਨੂੰ ਪਿਛਲੇ ਮਹੀਨਿਆਂ ਦੌਰਾਨ ਦਿੱਲੀ ਪੁਲੀਸ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ।

ਕੇਂਦਰੀ ਏਜੰਸੀਆਂ ਨੇ ਇਸ ਨਕਸਲਵਾਦੀ ਨੇਤਾ ਦੀ ਗ੍ਰਿਫਤਾਰੀ ਤੋਂ ਬਾਅਦ ਹਾਸਲ ਕੀਤੇ ਰਿਕਾਰਡ ਦੌਰਾਨ ਪੰਜਾਬ ਬਾਰੇ ਰਣਨੀਤੀ ਦਾ ਦਸਤਾਵੇਜ਼ ਹਾਸਲ ਕਰ ਲਿਆ ਸੀ। ਇਹ ਸਾਰੀ ਜਾਣਕਾਰੀ ਪੰਜਾਬ ਪੁਲੀਸ ਦੇ ਅਧਿਕਾਰੀਆਂ ਨਾਲ ਸਾਂਝੀ ਕੀਤੀ ਗਈ ਸੀ। ਸੀ.ਆਈ.ਡੀ. ਦੇ ਮੁਖੀ ਸੁਰੇਸ਼ ਅਰੋੜਾ ਨੇ ਕੇਂਦਰੀ ਏਜੰਸੀਆਂ ਤੋਂ ਇਹ ਰਿਪੋਰਟ ਹਾਸਲ ਕੀਤੀ ਅਤੇ ਉਨ੍ਹਾਂ ਮੁੱਖ ਮੰਤਰੀ ਦਫਤਰ ਨੂੰ ਰਿਪੋਰਟ ਭੇਜਦਿਆਂ ਸੁਝਾਅ ਵੀ ਦਿੱਤਾ ਕਿ ਇਹ ਮਾਮਲਾ ਬੜਾ ਹੀ ਸੰਵੇਦਨਸ਼ੀਲ ਹੈ। ਇਸ ਲਈ ਤੁਰੰਤ ਹੀ ਮਾਹਿਰਾਂ ਦੀ ਇਕ ਕਮੇਟੀ ਦਾ ਗਠਨ ਕੀਤਾ ਜਾਵੇ। ਇਹ ਗੱਲ ਵੱਖਰੀ ਹੈ ਕਿ ਅਮਨ ਕਾਨੂੰਨ ਦੀ ਸਥਿਤੀ ਨਾਲ ਜੁੜੇ ਇਸ ਬੇਹੱਦ ਸੰਵੇਦਨਸ਼ੀਲ ਮੁੱਦੇ ਨਾਲ ਜੁੜੀ ਰਿਪੋਰਟ ਅਜੇ ਵੀ ਕੋਈ ਦਫ਼ਤਰਾਂ 'ਚ ਤੁਰੀਂ ਫਿਰਦੀ ਹੈ। ਯੋਜਨਾ ਵਿਭਾਗ ਦੇ ਅਧਿਕਾਰੀ ਇਸ ਰਿਪੋਰਟ ਨੂੰ ਦੇਖ ਕੇ ਭੰਬਲਭੂਸੇ 'ਚ ਪੈ ਗਏ ਕਿ ਨਕਸਲਵਾਦ ਦੇ ਮੁੱਦੇ ਬਾਰੇ ਆਈ ਇਸ ਸਨਸਨੀਖੇਜ ਰਿਪੋਰਟ ਆ ਆਖੀਰ ਉਹ ਕੀ ਕਰਨ। ਯੋਜਨਾ ਵਿਭਾਗ ਨੇ ਇਸ ਰਿਪੋਰਟ ਨੂੰ ਖੇਤੀਬਾੜੀ ਵਿਭਾਗ ਨਾਲ ਸੰਬੰਧਤ ਸਮਝਦਿਆਂ ਵਿੱਤ ਕਮਿਸ਼ਨਰ ਵਿਕਾਸ ਨਵਰੀਤ ਸਿੰਘ ਕੰਗ ਦੇ ਦਫ਼ਤਰ ਭੇਜ ਦਿੱਤਾ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਕੇਂਦਰੀ ਏਜੰਸੀਆਂ ਨੇ ਇਸ ਮਾਓਵਾਦੀ ਨੇਤਾ ਦੀ ਤਫ਼ਤੀਸ਼ ਦੌਰਾਨ ਇਹ ਜਾਣਕਾਰੀ ਹਾਸਲ ਕੀਤੀ ਸੀ ਕਿ ਸੀ.ਪੀ.ਆਈ. (ਮਾਓਵਾਦੀ) ਪੰਜਾਬ 'ਚ ਨਕਸਲਵਾਦ ਦੇ ਪੈਰ ਲਾਉਣ ਦੀ ਤਿਆਰੀ 'ਚ ਹੈ। ਇਸੇ ਰਣਨੀਤੀ ਤਹਿਤ ਕੋਬਾਦ ਗਾਂਧੀ ਵਲੋਂ ਸਾਲ 2006 'ਚ ਪੰਜਾਬ ਦਾ ਦੌਰਾ ਕੀਤਾ ਗਿਆ ਸੀ। ਇਸ ਦੌਰੇ ਦੌਰਾਨ ਉਨ੍ਹਾਂ ਪੰਜਾਬ ਦੀ ਖੇਤੀ ਅਰਥ ਵਿਵਸਥਾ ਦਾ ਪੂਰਨ ਅਧਿਐਨ ਕਰਕੇ ਇੱਕ ਰਿਪੋਰਟ ਤਿਆਰ ਕੀਤੀ। ਖੁਫੀਆ ਏਜੰਸੀਆਂ ਮੁਤਾਬਕ ਇਸ ਰਿਪੋਰਟ ਨੂੰ ਸੀ.ਪੀ.ਆਈ. (ਮਾਓਵਾਦੀ) ਦੀ ਪੋਲਿਟ ਬਿਊਰੋ ਦੀ ਮੀਟਿੰਗ,ਜੋ ਕਿ ਜਨਵਰੀ 2007 'ਚ ਹੋਈ, ਦੌਰਾਨ ਵਿਚਾਰਿਆ ਵੀ ਗਿਆ ਸੀ।

ਮਾਓਵਾਦੀ ਆਗੂਆਂ ਨੇ ਪੰਜਾਬ ਦੇ ਸਾਰੇ ਖਿੱਤਿਆਂ ਦਾ ਅਧਿਐਨ ਕਰਦਿਆਂ ਸਿੱਟਾ ਕੱਢਿਆ ਹੈ ਕਿ ਪੰਜਾਬ ਦਾ ਕੰਢੀ ਇਲਾਕਾ ਨਕਸਲੀ ਗਤੀਵਿਧੀਆਂ ਲਈ ਢੁਕਵਾਂ ਇਲਾਕਾ ਹੈ। ਇਸ ਲਈ ਪੰਜਾਬ ਅੰਦਰ ਹਥਿਆਰਬੰਦ ਸੰਘਰਸ਼ ਚਲਾਉਣ ਦੀ ਥਾਂ ਸਰਕਾਰ ਤੇ ਪ੍ਰਸ਼ਾਸਨ ਨਾਲ ਟਕਰਾਅ ਵਾਲੀ ਨੀਤੀ ਅਖਤਿਆਰ ਕਰਕੇ ਲੋਕਾਂ ਨੂੰ ਸਟੇਟ ਦੇ ਖ਼ਿਲਾਫ਼ ਖੜਾ ਕੀਤਾ ਜਾਵੇ।

Freeway Travel Inc
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

R K Carpet & Flooring, Inc.
6346 N. Claremont Ave. Chicago, IL 60659
ਵਾਜ਼ਬ ਭਾਅ, ਭਰੋਸੇਯੋਗ ਸਰਵਿਸ
*Commercial *Installation
*Residential *Cleaning
*Industrial *Repair
*Sales
Ravinder Singh Ravi
Ph:773-761-6888
Fax:773-761-6865



# ਦੰਗਿਆਂ ਦਾ ਮੁੱਦਾ ਅਕਾਲੀਆਂ ਪਾਰਲੀਮੈਂਟ 'ਚ ਉਠਾਇਆ



**ਇਸ ਮੁੱਦੇ 'ਤੇ ਪਹਿਲੀ ਵਾਰ ਕਿਸੇ ਸਿੱਖ ਐਮ ਪੀ ਨੇ ਸਵਾਰ ਕੇ ਸਵਾਲ ਰੱਖੇ**



**ਨਵੀਂ ਦਿੱਲੀ :** 1984 ਵਿਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੇਸ਼ ਭਰ ਵਿਚ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ ਵੱਡੀ ਗਿਣਤੀ ਵਿਚ ਮਾਰੇ ਗਏ ਸਿੱਖ ਭਾਈਚਾਰੇ ਦੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਸਰਕਾਰ ਨੇ ਇਸ ਘਟਨਾ ਨੂੰ ਸਭ ਤੋਂ ਵੱਡੀ ਤਰਾਸਦੀ ਦੱਸਿਆ ਹੈ।

ਬੀਤੇ ਦਿਨੀਂ ਲੋਕ ਸਭਾ ਵਿਚ ਸਿਫ਼ਰ ਕਾਲ ਦੌਰਾਨ ਅਕਾਲੀ ਦਲ (ਬ) ਦੀ ਸਾਂਸਦ ਹਰਸਿਮਰਤ ਕੌਰ ਵਲੋਂ ਇਹ ਮਾਮਲਾ ਉਠਾਏ ਜਾਣ ਤੋਂ ਬਾਅਦ ਸਦਨ ਦੇ ਆਗੂ ਪ੍ਰਣਬ ਮੁਖਰਜੀ ਨੇ ਕਿਹਾ," ਇਸ ਵਿਚ ਕੋਈ ਸ਼ੱਕ ਨਹੀਂ ਕਿ 25 ਸਾਲ ਪਹਿਲਾਂ ਹੋਈ ਇਹ ਘਟਨਾ ਯਕੀਨਨ ਸਭ ਤੋਂ ਵਧ ਦੁਖਦਾਈ ਹੈ, ਉਸ ਸਮੇਂ ਕੀ ਹੋਇਆ ਇਹ ਸਭ ਜਾਣਦੇ ਹਨ ਤੇ ਮੈਂ ਖ਼ੁਦ ਵੀ ਉਸ ਦਿਨ ਦਿੱਲੀ ਵਿਚ ਹੀ ਸੀ।'' ਸ੍ਰੀ ਮੁਖਰਜੀ ਨੇ ਅਕਾਲੀ ਮੈਂਬਰ ਵਲੋਂ ਉਠਾਏ ਮਾਮਲੇ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਨਾ ਤਾਂ ਸਿੱਖ ਵਿਰੋਧੀ ਦੰਗਿਆਂ ਵਿਚ ਮਾਰੇ ਗਏ ਲੋਕਾਂ ਦਾ ਜੀਵਨ ਵਾਪਸ ਕੀਤਾ ਜਾ ਸਕਦਾ ਤੇ ਨਾ ਹੀ ਪ੍ਰਭਾਵਤ ਲੋਕਾਂ ਦਾ ਦਰਦ ਦੂਰ ਕੀਤਾ ਜਾ ਸਕਦਾ ਹੈ ਪਰ ਇੰਨਾ ਜ਼ਰੂਰ ਹੈ ਕਿ ਆਉਣ ਵਾਲੇ ਸਮੇਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਾਨੂੰ ਇਸ ਤੋਂ ਸਬਕ ਜ਼ਰੂਰ ਸਿਖਣਾ ਚਾਹੀਦਾ ਹੈ ਤਾਂ ਜੋ ਦੁਬਾਰਾ ਕਿਤੇ ਵੀ ਇਸ ਤਰ੍ਹਾਂ ਦੀ ਘਟਨਾ ਨਾ ਵਾਪਰ ਸਕੇ।

ਸ੍ਰੀ ਮੁਖਰਜੀ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਖ਼ੁਦ ਪ੍ਰਧਾਨ ਮੰਤਰੀ ਤੇ ਸਰਕਾਰ 'ਚ ਮੌਜੂਦ ਸੀਨੀਅਰ ਆਗੂਆਂ ਨਾਲ ਗੱਲਬਾਤ ਕਰਨਗੇ ਕਿ ਇਸ ਬਾਰੇ ਕੀ ਕੁਝ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ ਅਕਾਲੀ ਮੈਂਬਰ ਨੇ ਆਪਣੀ ਜਜ਼ਬਾਤੀ ਦਲੀਲ ਵਿਚ ਕਿਹਾ ਸੀ ਕਿ ਇਹ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ 90 ਫੀਸਦੀ ਕੁਰਬਾਨੀ ਕਰਨ ਵਾਲੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਪਗੜੀ ਤੇ ਵਾਲ ਰੱਖਣ ਕਾਰਨ ਆਪਣੇ ਹੀ ਦੇਸ਼ ਵਾਸੀਆਂ ਦੇ ਹੱਥੋਂ ਹਿੰਸਾ ਦਾ ਸ਼ਿਕਾਰ ਹੋਣਾ ਪਵੇਗਾ। ਬੀਬੀ ਬਾਦਲ ਨੇ ਕਿਹਾ ਕਿ ਇਕ ਪ੍ਰਧਾਨ ਮੰਤਰੀ ਦੇ ਕਾਤਲ ਨੂੰ ਚਾਰ ਸਾਲਾਂ ਦੇ ਅੰਦਰ-ਅੰਦਰ ਸਜ਼ਾ ਦੇਣ ਵਾਲੀਆਂ ਸਰਕਾਰਾਂ 25 ਸਾਲ ਬਾਅਦ ਵੀ ਇਨ੍ਹਾਂ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ਼ ਨਹੀਂ ਦਿਵਾ ਸਕੀਆਂ। ਅਕਾਲੀ ਐਮ ਪੀ ਬੀਬੀ ਬਾਦਲ ਨੇ ਕਿਹਾ ਕਿ ਇਨ੍ਹਾਂ ਦੰਗਿਆਂ ਦੌਰਾਨ 7 ਹਜ਼ਾਰ ਦੇ ਕਰੀਬ ਸਿੱਖ ਮਾਰੇ ਗਏ ਸਨ, ਜਦੋਂ ਕਿ ਸਜ਼ਾ ਇੱਕ ਵੀ ਵਿਅਕਤੀ ਨੂੰ ਨਹੀਂ ਮਿਲੀ। ਇਹੀ ਨਹੀਂ ਨਾਨਾਵਤੀ ਕਮਿਸ਼ਨ ਨੇ ਅਗਸਤ 2005 ਵਿਚ ਦੰਗੇ ਭੜਕਾਉਣ ਦੇ ਦੋਸ਼ ਹੇਠ ਸੱਜਣ ਕੁਮਾਰ ਖਿਲਾਫ਼ ਮਾਮਲਾ ਦਾਇਰ ਤੇ ਚਾਰਜਸ਼ੀਟ ਦਾਖ਼ਲ ਕਾਰਨ ਦੀ ਜੋ ਸਿਫਾਰਸ਼ ਕੀਤੀ ਸੀ, ਉਸ ਨੂੰ ਵੀ ਦਾਖ਼ਲ ਕਰਨ ਦੀ ਕੇਂਦਰ ਸਰਕਾਰ ਨੇ ਇਜਾਜ਼ਤ ਨਹੀਂ ਦਿੱਤੀ ਸੀ। ਬੀਬੀ ਬਾਦਲ ਨੇ ਕਿਹਾ ਕਿ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਹੁਣ ਤੱਕ 10 ਕਮਿਸ਼ਨ ਬਣਾਏ ਜਾ ਚੁੱਕੇ ਹਨ ਤੇ ਇਨ੍ਹਾਂ ਕਮਿਸ਼ਨਾਂ ਵਲੋਂ ਇਸ ਮਾਮਲੇ ਵਿਚ ਜਿਨ੍ਹਾਂ ਵਿਅਕਤੀਆਂ ਖਿਲਾਫ਼ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਉਨ੍ਹਾਂ ਨੂੰ ਹੀ ਸਰਕਾਰ ਨੇ ਤਰੱਕੀ ਦੇ ਕੇ ਨਿਵਾਜਿਆ ਹੈ। ਸੱਜਣ ਕੁਮਾਰ ਤੇ ਜਗਦੀਸ਼ ਟਾਇਟਲਰ ਇਸ ਦੀ ਸਪਸ਼ਟ ਉਦਾਹਰਨ ਹਨ। ਬੀਬੀ ਬਾਦਲ ਦੀ ਇਸ ਦਲੀਲ ਨਾਲ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਵੀ ਸਹਿਮਤੀ ਪ੍ਰਗਟਾਈ । ਉਨ੍ਹਾਂ ਇਸ ਲਈ ਸਦਨ ਦੀ ਇੱਕ ਕਮੇਟੀ ਸਥਾਪਤ ਕੀਤੇ ਜਾਣ ਦਾ ਸੁਝਾਅ ਵੀ ਦਿੱਤਾ।

ਉਨ੍ਹਾਂ ਕਿਹਾ ਕਿ 25 ਸਾਲ ਪਹਿਲਾਂ ਹੋਈਆਂ ਗਲਤੀਆਂ ਨੂੰ ਭੁਲਾਇਆ ਤਾਂ ਨਹੀਂ ਜਾ ਸਕਦਾ, ਪਰ ਪੁਰਾਣੀਆਂ ਗੱਲਾਂ ਨੂੰ ਵੱਖ ਰੱਖ ਕੇ ਸਰਕਾਰ ਨੂੰ ਦੋਸ਼ੀਆਂ ਖਿਲਾਫ਼ ਲੋੜੀਂਦੀ ਕਾਰਵਾਈ ਦਾ ਭਰੋਸਾ ਦੇਣਾ ਚਾਹੀਦਾ ਹੈ। ਬੀਬੀ ਬਾਦਲ ਵਲੋਂ ਉਠਾਏ ਇਸ ਮਸਲੇ ਨਾਲ ਕਰੀਬ-ਕਰੀਬ ਸਮੂਹ ਪਾਰਟੀਆਂ ਨੇ ਸਹਿਮਤੀ ਪ੍ਰਗਟਾਈ।

ਇਸੇ ਦੌਰਾਨ ਹੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਨਾਨਾਵਤੀ ਕਮਿਸ਼ਨ ਵਲੋਂ ਦੋਸ਼ੀ ਕਰਾਰ ਦਿਤੇ ਗਏ ਵਿਅਕਤੀਆਂ ਵਿਰੁਧ ਦੋਸ਼ ਪੱਤਰ ਦਾਖ਼ਲ ਕਰਨ ਲਈ ਸੀ. ਬੀ. ਆਈ. ਨੂੰ ਪ੍ਰਵਾਨਗੀ ਦੇਣ ਵਿਚ ਜਾਣ ਬੁੱਝ ਕੇ ਕੀਤੀ ਜਾ ਰਹੀ ਦੇਰੀ ਦਾ ਮਾਮਲਾ ਉਠਾ ਕੇ ਕਾਂਗਰਸ ਨੂੰ ਪੂਰੀ ਤਰ੍ਹਾਂ ਨਿਰਉੱਤਰ ਕਰਦਿਆਂ ਸਦਨ ਦੇ ਆਗੂ ਪ੍ਰਣਬ ਮੁਖਰਜੀ ਨੂੰ ਇਹ ਭਰੋਸਾ ਦੇਣ ਲਈ ਮਜਬੂਰ ਕਰ ਦਿਤਾ ਕਿ ਉਹ ਇਸ ਮਾਮਲੇ 'ਚ ਤੇਜ਼ੀ ਨਾਲ ਕਾਰਵਾਈ ਕਰਨ ਲਈ ਸਦਨ ਦੀਆਂ ਭਾਵਨਾਵਾਂ ਤੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੇ ਸੀਨੀਅਰ ਸਾਥੀਆਂ ਨੂੰ ਜਾਣੂ ਕਰਵਾਉਣ। ਜਿਉਂ ਹੀ ਬੀਬੀ ਬਾਦਲ ਨੇ ਕਤਲੇਆਮ ਦੇ ਪੂਰੇ ਵੇਰਵੇ ਸਦਨ ਅੰਦਰ ਰੱਖੇ ਤਾਂ ਬੇਹੱਦ ਭਾਵੁਕ ਹੋਏ ਵਿਰੋਧੀ ਧਿਰ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਬੀਬੀ ਬਾਦਲ ਵਲੋਂ ਉਠਾਏ ਗਏ ਮੁੱਦੇ ਦੀ ਸਮੁੱਚੀ ਵਿਰੋਧੀ ਧਿਰ ਵਲੋਂ ਹਮਾਇਤ ਕਰਦਿਆਂ ਦੋਸ਼ੀਆਂ ਵਿਰੁਧ ਕਾਰਵਾਈ ਵਿਚ ਤੇਜ਼ੀ ਲਿਆਉਣ ਬਾਰੇ ਸਦਨ ਦੇ ਆਗੂ ਤੋਂ ਭਰੋਸਾ ਦੇਣ ਦੀ ਮੰਗ ਕੀਤੀ। ਅਪਣੇ ਇਕ ਸਵਾਲ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਮੁੱਲਾਪੱਲੀ ਰਾਮਾਚੰਦਰਨ ਵਲੋਂ ਦਿੱਤੇ ਗਏ ਇਕ ਸਤਰੀ ਲਿਖਤੀ ਜਵਾਬ ਕਿ ਸੀ. ਬੀ.ਆਈ. ਦੀ ਬੇਨਤੀ ਦਿੱਲੀ ਸਰਕਾਰ ਕੋਲ ਵਿਚਾਰ ਅਧੀਨ ਹੈ, ਤੋਂ ਗੁੱਸੇ ਵਿਚ ਆਈ ਸਾਂਸਦ ਬੀਬੀ ਬਾਦਲ ਨੇ ਖੜੇ ਹੋ ਕੇ ਕਿਹਾ ਕਿ ਕਤਲੇਆਮ ਨੂੰ 25 ਵਰ੍ਹਿਆਂ ਤੋਂ ਜ਼ਿਆਦਾ ਅਰਸਾ ਬੀਤ ਚੁੱਕਾ ਹੈ ਜਦਕਿ ਇਕ ਦੋਸ਼ ਪੱਤਰ ਆਮ ਤੌਰ 'ਤੇ ਤਿੰਨ ਮਹੀਨਿਆਂ ਵਿਚ ਦਾਖ਼ਲ ਕਰ ਦਿਤਾ ਜਾਂਦਾ ਹੈ ਪਰ ਇਨ੍ਹਾਂ ਮਾਮਲਿਆਂ 'ਚ ਇਹ ਦੋਸ਼ ਪੱਤਰ ਪਿਛਲੇ 4 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਠੰਢੇ ਬਸਤੇ 'ਚ ਪਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਸਾਨੂੰ ਇਨਸਾਫ਼ ਲਈ ਕਿੰਨੇ ਹੋਰ ਵਰ੍ਹਿਆਂ ਤਕ ਇੰਤਜ਼ਾਰ ਕਰਨਾ ਪਵੇਗਾ? ਕੀ 25 ਵਰ੍ਹਿਆਂ ਦਾ ਅਰਸਾ ਘੱਟ ਹੈ? ਲੋਕ ਸਭਾ ਸਪੀਕਰ ਦੇ ਦਖ਼ਲ ਦੀ ਮੰਗ ਕਰਦਿਆਂ ਬੀਬੀ ਬਾਦਲ ਨੇ ਕਿਹਾ ਕਿ ਜਦੋਂ ਇਕ ਸਾਬਕਾ ਪ੍ਰਧਾਨ ਮੰਤਰੀ ਦਾ ਕਤਲ ਹੋਇਆ ਤਾਂ ਉਸ ਮਾਮਲੇ 'ਚ ਦੋਸ਼ੀਆਂ ਨੂੰ ਚਾਰ ਸਾਲਾਂ ਦੇ ਅੰਦਰ ਫਾਹੇ ਲਾ ਦਿਤਾ ਗਿਆ ਅਤੇ ਇਕ ਹੋਰ ਪ੍ਰਧਾਨ ਮੰਤਰੀ ਦੇ ਕਤਲ ਵਿਚ ਨਲਿਨੀ ਨਾਂ ਦੀ ਦੋਸ਼ੀ 18 ਸਾਲ ਤੋਂ ਵੀ ਵਧ ਸਮੇਂ ਤੋਂ ਜੇਲ੍ਹ ਅੰਦਰ ਬੰਦ ਹੈ ਪਰ ਜਦੋਂ 7000 ਨਿਰਦੋਸ਼ ਲੋਕਾਂ ਨੂੰ ਦਿਨ-ਦਿਹਾੜੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਅਤੇ ਜਿਸ ਦਾ ਸਮੁੱਚਾ ਦੇਸ਼ ਗਵਾਹ ਹੈ, ਉਨ੍ਹਾਂ ਦੇ ਕਾਤਲ ਅੱਜ 25 ਸਾਲ ਤੋਂ ਬਾਅਦ ਵੀ ਖੁਲੇਆਮ ਘੁੰਮ ਰਹੇ ਹਨ। ਉਨ੍ਹਾਂ ਸਰਕਾਰ ਤੋਂ ਸਪਸ਼ਟ ਜਵਾਬ ਮੰਗਿਆ ਕਿ ਕਿਉਂ ਹੁਣ ਤਕ ਸੀ. ਬੀ. ਆਈ. ਦੀ ਦੋਸ਼ ਪੱਤਰ ਦਾਖ਼ਲ ਕਰਨ ਦੀ ਮੰਗ 'ਤੇ ਫ਼ੈਸਲਾ ਨਹੀਂ ਲਿਆ ਗਿਆ? ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਜਾਣਬੁੱਝ ਕੇ ਕੋਈ ਕਾਰਵਾਈ ਨਾ ਕੀਤੇ ਜਾਣ ਦੀ ਲੰਬੀ ਗਾਥਾ ਨੂੰ ਬਿਆਨ ਕਰਦਿਆਂ ਬੀਬੀ ਬਾਦਲ ਨੇ ਕਿਹਾ ਕਿ 10 ਕਮਿਸ਼ਨਾਂ ਅਤੇ ਕਮੇਟੀਆਂ ਦੇ ਗਠਨਾਂ ਉਪਰੰਤ ਨਾਨਾਵਤੀ ਕਮਿਸ਼ਨ ਵਲੋਂ ਅਗਸਤ 2005 ਵਿਚ ਅਪਣੀ ਰੀਪੋਰਟ ਵਿਚ ਸੱਜਣ ਕੁਮਾਰ ਅਤੇ ਹੋਰਨਾਂ ਵਿਰੁਧ ਮਾਮਲੇ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਗਈ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਸੱਜਣ ਕੁਮਾਰ ਵਿਰੁਧ ਸੀ.ਬੀ.ਆਈ. ਵਲੋਂ ਸਾਲ 2005 ਵਿਚ 4 ਮਾਮਲੇ ਦਰਜ ਕੀਤੇ ਗਏ ਪਰ ਹੁਣ ਚਾਰ ਸਾਲ ਤੋਂ ਵੀ ਵਧ ਸਮਾਂ ਬੀਤ ਜਾਣ 'ਤੇ ਸੀ.ਬੀ.ਆਈ. ਵਲੋਂ ਉਨ੍ਹਾਂ ਵਿਰੁਧ ਕੋਈ ਦੋਸ਼ ਪੱਤਰ ਦਾਖ਼ਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ, ਜੋ ਕਈ ਕਤਲਾਂ ਵਿਚ ਦੋਸ਼ੀ ਹੈ ਅਤੇ ਜਿਸ ਦੀ 11 ਮੌਕੇ ਦੇ ਗਵਾਹਾਂ ਵਲੋਂ ਸ਼ਨਾਖ਼ਤ ਵੀ ਕੀਤੀ ਗਈ ਹੈ, ਨੂੰ ਜਾਣ ਬੁੱਝ ਕੇ ਆਈ.ਪੀ.ਸੀ. ਦੀ ਧਾਰਾ 153 ਏ ਜੋੜਦਿਆਂ ਬਚਾਉਣ ਦਾ ਰਸਤਾ ਲੱਭਿਆ ਜਾ ਰਿਹਾ ਹੈ ਕਿਉਂਕਿ ਇਸ ਧਾਰਾ ਤਹਿਤ ਦੋਸ਼ ਪੱਤਰ ਦਾਖ਼ਲ ਕਰਨ ਲਈ ਸਰਕਾਰ ਦੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਕਤਲ ਦੇ ਮਾਮਲਿਆਂ ਦੀ ਤੁਲਨਾ ਵਿਚ ਧਾਰਾ 153 ਏ ਤਹਿਤ ਜੁਰਮ ਬੇਹੱਦ ਛੋਟਾ ਜੁਰਮ ਹੈ ਅਤੇ ਕਿਸ ਤਰ੍ਹਾਂ ਸਰਕਾਰ ਇਸ ਧਾਰਾ ਦੀ ਆੜ ਲੈ ਕੇ ਸੱਜਣ ਕੁਮਾਰ ਨੂੰ ਹੋਰ ਅੱਗੇ ਬਚਾ ਸਕਦੀ ਹੈ। ਦੇਸ਼ ਦੀ ਆਬਾਦੀ ਦਾ ਮਹਿਜ਼ 2 ਫ਼ੀ ਸਦੀ ਹਿੱਸਾ ਹੋਣ ਦੇ ਬਾਵਜੂਦ ਰਾਸ਼ਟਰ ਲਈ ਸਿੱਖਾਂ ਦੀਆਂ ਬੇਅੰਤ ਕੁਰਬਾਨੀਆਂ ਨੂੰ ਯਾਦ ਕਰਾਉਂਦਿਆਂ ਬੀਬੀ ਬਾਦਲ ਨੇ ਕਿਹਾ ਕਿ ਬਰਤਾਨਵੀ ਸਾਮਰਾਜ ਵਲੋਂ ਕਤਲ ਕੀਤੇ ਗਏ 2125 ਭਾਰਤੀਆਂ ਵਿਚੋਂ 73 ਫ਼ੀ ਸਦੀ ਸਿੱਖ ਸਨ ਅਤੇ ਇਸੇ ਤਰ੍ਹਾਂ ਕਾਲੇ ਪਾਣੀ ਭੇਜੇ ਗਏ 2646 ਭਾਰਤੀਆਂ ਵਿਚੋਂ 80 ਫ਼ੀ ਸਦੀ ਸਿੱਖ ਸਨ। ਉਨ੍ਹਾਂ ਬੜੇ ਮਾਣ ਨਾਲ ਯਾਦ ਕੀਤਾ ਕਿ ਬਰਤਾਨਵੀ ਸਾਮਰਾਜ ਵਲੋਂ ਫਾਂਸੀ ਚਾੜ੍ਹੇ ਗਏ 121 ਭਾਰਤੀਆਂ ਵਿਚੋ 78 ਫ਼ੀ ਸਦੀ ਸਿੱਖ ਸਨ। ਉਨ੍ਹਾਂ ਅਫ਼ਸੋਸ ਪ੍ਰਗਟਾਇਆ ਕਿ ਉਸ ਕੌਮ, ਜਿਸ ਨੇ ਆਜ਼ਾਦ ਭਾਰਤ ਦੇ ਨਿਰਮਾਣ 'ਚ ਅਪਣਾ ਖ਼ੂਨ ਪਸੀਨਾ ਇਕ ਕੀਤਾ ਅਤੇ ਦੇਸ਼ ਨੂੰ ਬਰਤਾਨਵੀ ਸਾਮਰਾਜ ਦੇ ਚੁੰਗਲ 'ਚੋਂ ਮੁਕਤ ਕਰਵਾਉਣ ਲਈ ਅਪਣੇ ਪੁੱਤਰਾਂ ਦੀ ਕੁਰਬਾਨੀ ਦਿਤੀ, ਨੇ ਕਦੇ ਸੋਚਿਆ ਨਹੀਂ ਸੀ ਕਿ ਦੇਸ਼ ਦੇ ਆਜ਼ਾਦ ਹੋਣ ਤੋਂ ਮਹਿਜ਼ 37 ਵਰ੍ਹਿਆਂ ਬਾਅਦ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਹੀ ਅਪਣੇ ਲੋਕਾਂ ਵਲੋਂ ਸਿਰਫ਼ ਇਸ ਕਾਰਨ ਨਿਸ਼ਾਨਾ ਬਣਾਇਆ ਗਿਆ ਕਿ ਉਹ ਕੇਸਾਧਾਰੀ ਤੇ ਪਗੜੀਧਾਰੀ ਸਨ। ਸਿੱਖ ਕੌਮ ਦੇ ਗੁੱਸੇ ਨੂੰ ਪ੍ਰਗਟਾਉਂਦਿਆਂ ਬੀਬੀ ਬਾਦਲ ਨੇ ਕਿਹਾ ਕਿ ਰਾਸ਼ਟਰ ਨੂੰ ਬਚਾਉਣ ਵਾਲੀ ਕੌਮ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਕੋਈ ਵੀ ਉਨ੍ਹਾਂ ਦੀ ਮਦਦ ਅਤੇ ਬਚਾ ਲਈ ਅੱਗੇ ਨਹੀਂ ਆਇਆ। ਇਸ ਮੌਕੇ ਵਿਰੋਧੀ ਧਿਰ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੁਧ ਸਮੁੱਚੀ ਕਾਰਵਾਈ ਦਾ ਭਰੋਸਾ ਦੇਵੇ। ਉਨ੍ਹਾਂ ਸੁਝਾਅ ਦਿਤਾ ਕਿ ਪੁਰਾਣੇ ਮਸਲਿਆਂ ਨੂੰ ਪਾਸੇ ਰੱਖ ਕੇ ਸਰਕਾਰ ਇਸ ਮਸਲੇ ਦੇ ਤੁਰਤ ਹੱਲ ਲਈ ਪਾਰਲੀਮਾਨੀ ਕਮੇਟੀ ਦਾ ਗਠਨ ਕਰੇ। ਉਨ੍ਹਾਂ ਕਿਹਾ ਕਿ 25 ਸਾਲ ਪਹਿਲਾਂ ਹੋਈਆਂ ਗ਼ਲਤੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ ਪਰ ਪੁਰਾਣੀਆਂ ਗੱਲਾਂ ਨੂੰ ਵੱਖ ਰੱਖ ਕੇ ਸਰਕਾਰ ਦੋਸ਼ੀਆਂ ਵਿਰੁਧ ਸਮੁੱਚੀ ਕਾਰਵਾਈ ਕਰੇ। ਲੋਕ ਸਭਾ ਵਿਚ ਸਦਨ ਦੇ ਆਗੂ ਪ੍ਰਣਬ ਮੁਖਰਜੀ ਨੇ ਇਸ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ 25 ਸਾਲ ਪਹਿਲਾਂ ਹੋਈ ਇਹ ਘਟਨਾ ਸਭ ਤੋਂ ਵੱਡੀ ਅਫ਼ਸੋਸਨਾਕ ਘਟਨਾ ਹੈ।

## ਸੰਸਦ ਖ਼ਬਰਨਾਮਾ



## ਲੁਧਿਆਣਾ ਗੋਲੀ ਕਾਂਡ ਦਾ ਮੁੱਦਾ ਲੋਕ ਸਭਾ 'ਚ ਗੂੰਜਿਆ

**ਨਵੀਂ ਦਿੱਲੀ :** ਨੂਰਮਹਿਲੀਏ ਆਸ਼ੂਤੋਸ਼ ਦੇ ਸਮਾਗਮ ਦਾ ਵਿਰੋਧ ਕਰ ਰਹੇ ਸਿੱਖਾਂ ਉਪਰ ਲੁਧਿਆਣਾ ਵਿਖੇ ਗੋਲੀ ਚਲਾਉਣ ਦਾ ਮਾਮਲਾ ਅੱਜ ਲੋਕ ਸਭਾ ਵਿਚ ਗੂੰਜਿਆ ਜਿਥੇ ਕਾਂਗਰਸੀ ਅਤੇ ਅਕਾਲੀ ਦਲ ਦੇ ਮੈਂਬਰਾਂ ਦਰਮਿਆਨ ਸ਼ਬਦੀ ਜੰਗ ਤੋਂ ਬਾਅਦ ਸਦਨ ਨੂੰ ਮੁਲਤਵੀ ਕਰਨਾ ਪਿਆ। ਕਾਂਗਰਸ ਦੇ ਮਨੀਸ਼ ਤਿਵਾੜੀ ਨੇ ਸਿਫ਼ਰ ਕਾਲ ਦੌਰਾਨ ਇਹ ਮੁੱਦਾ ਉਠਾਉਂਦਿਆਂ ਕੇਂਦਰ ਸਰਕਾਰ ਨੂੰ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਚੌਕਸ ਰਹਿਣ ਲਈ ਕਿਹਾ ਕਿਉਂਕਿ ਕਈ ਸਾਲਾਂ ਬਾਅਦ ਸੂਬੇ ਵਿਚ ਸ਼ਾਂਤੀ ਪਰਤੀ ਹੈ। ਤਿਵਾੜੀ ਨੇ ਕਿਹਾ ਕਿ ਉਹ ਲੁਧਿਆਣਾ ਵਿਖੇ ਵਾਪਰੇ ਘਟਨਾਕ੍ਰਮ ਦੀ ਚੀਰ ਫਾੜ ਨਹੀਂ ਕਰਨਾ ਚਾਹੁੰਦੇ ਪਰ ਇਹ ਬਹੁਤ ਹੀ ਮੰਦਭਾਗਾ ਹੈ। ਤਿਵਾੜੀ ਨੇ ਅਪਣੀ ਗੱਲ ਅਜੇ ਪੂਰੀ ਨਹੀਂ ਕੀਤੀ ਸੀ ਕਿ ਅਕਾਲੀ ਮੈਂਬਰ ਪੱਬਾਂ ਭਾਰ ਹੋ ਕੇ ਇਹ ਮੁੱਦਾ ਉਠਾਉਣ 'ਤੇ ਇਤਰਾਜ਼ ਕਰਨ ਲੱਗੇ ਜਿਸ ਮਗਰੋਂ ਕਾਂਗਰਸੀ ਮੈਂਬਰਾਂ ਨੇ ਸ਼ਬਦੀ ਜੰਗ ਵਿਚ ਤਿਵਾੜੀ ਦਾ ਸਾਥ ਦਿਤਾ। ਲੁਧਿਆਣਾ ਹਲਕੇ ਤੋਂ ਲੋਕ ਸਭਾ ਮੈਂਬਰ ਨੇ ਕਿਹਾ, ''ਮੈਂ ਕਿਸੇ ਉਪਰ ਕੋਈ ਇਲਜ਼ਾਮ ਨਹੀਂ ਲਗਾ ਰਿਹਾ, ਮੈਂ ਸਿਰਫ਼ ਏਨਾ ਕਹਿਣਾ ਚਾਹੁੰਦਾ ਹਾਂ ਕਿ 2007 ਤੋਂ ਲੈ ਕੇ ਲਗਾਤਾਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਮੇਰੀ ਮਨਸ਼ਾ ਲੋਕ ਸਭਾ ਅਤੇ ਕੇਂਦਰ ਸਰਕਾਰ ਨੂੰ ਚੌਕਸ ਕਰਨ ਦੀ ਹੈ ਕਿਉਂਕਿ ਇਹ ਘਟਨਾਵਾਂ ਪੰਜਾਬ ਦੀ ਸ਼ਾਂਤੀ ਅਤੇ ਸਥਿਰਤਾ ਲਈ ਖ਼ਤਰਾ ਹਨ।'' ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ ਚੌਕਸ ਨਾ ਹੋਈ ਤਾਂ ਸੰਵੇਦਨਸ਼ੀਲ ਸਰਹੱਦੀ ਸੂਬੇ ਵਿਚ ਸਮੱਸਿਆਵਾਂ ਖੜੀਆਂ ਹੋ ਸਕਦੀਆਂ ਹਨ। ਇਸ ਦੌਰਾਨ ਅਕਾਲੀ ਮੈਂਬਰਾਂ ਵਲੋਂ ਪਾਏ ਰੌਲੇ-ਰੱਪੇ ਕਾਰਨ ਸਪੀਕਰ ਮੀਰਾ ਕੁਮਾਰ ਨੇ ਸਦਨ ਦੀ ਕਾਰਵਾਈ ਮੁਲਤਵੀ ਕਰ ਦਿਤੀ।

## ਦਿੱਲੀ ਦੰਗਿਆਂ ਦੇ 3 ਦੋਸ਼ੀਆਂ ਲਈ ਸਜ਼ਾ ਦੀ ਪੁਸ਼ਟੀ

**ਨਵੀਂ ਦਿੱਲੀ :** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵੇਲੇ ਇਕ ਆਟੋ ਰਿਕਸ਼ਾ ਡਰਾਈਵਰ ਨੂੰ ਜ਼ਿੰਦਾ ਸਾੜਨ ਵਾਲੇ ਤਿੰਨ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ।ਇਕ ਵੱਖਰੇ ਕੇਸ ਵਿਚ ਅਦਾਲਤ ਨੇ ਇਕ ਹੋਰ ਔਰਤ ਨੂੰ ਇਹ ਕਹਿੰਦਿਆਂ ਬਰੀ ਕਰ ਦਿੱਤਾ ਹੈ ਕਿ ਉਹ ਭਾਵੇਂ ਦੰਗਾਈਆਂ ਦੀ ਭੀੜ ਵਿਚ ਸ਼ਾਮਲ ਤਾਂ ਸੀ,ਪਰ ਉਸਨੇ ਕਿਸੇ ਸਿੱਖ ਨੂੰ ਮਾਰਿਆ ਨਹੀਂ ਸੀ। ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਜੀਤ ਭਰੀਹੋਕ ਦੇ ਡਿਵੀਜ਼ਨ ਬੈਂਚ ਨੇ ਓਮ ਪ੍ਰਕਾਸ਼, ਵੇਦ ਪ੍ਰਕਾਸ਼ ਅਤੇ ਕਰਾਮਾਤ ਵੱਲੋਂ ਦਾਇਰ ਅਪੀਲ ਰੱਦ ਕਰ ਦਿੱਤੀ ਅਤੇ 1996 ਵਿੱਚ ਟਰਾਇਲ ਕੋਰਟ ਵੱਲੋਂ ਸੁਣਾਏ ਫੈਸਲੇ ਨੂੰ ਸਹੀ ਕਰਾਰ ਦਿੱਤਾ।

ਅਦਾਲਤ ਨੇ ਮ੍ਰਿਤਕ ਠਾਕੁਰ ਸਿੰਘ ਦੀ ਪਤਨੀ ਵਿਦਿਆਵਤੀ ਦੀ ਗਵਾਹੀ ਸਵੀਕਾਰ ਲਈ ਜਿਸਨੇ ਕਿਹਾ ਸੀ ਕਿ ਇਹ ਤਿੰਨੋ ਮੁਲਜ਼ਮ ਉਸ ਭੀੜ ਵਿਚ ਸ਼ਾਮਲ ਸਨ ਜਿਸਨੇ ਉਸ ਦੇ ਪਤੀ ਨੂੰ ਜ਼ਿੰਦਾ ਸਾੜ ਦਿੱਤਾ ਸੀ। ਇਸਤਗਾਸਾ ਮੁਤਾਬਕ ਕਲਿਆਣਪੁਰੀ ਪੁਲੀਸ ਸਟੇਸ਼ਨ ਅਧੀਨ ਤ੍ਰਿਲੋਕਪੁਰੀ ਇਲਾਕੇ ਵਿੱਚ 160 ਲੋਕਾਂ ਦੇ ਹਜੂਮ ਨੇ ਠਾਕੁਰ ਸਿੰਘ ਤੇ ਉਸਦੇ ਪਰਿਵਾਰ 'ਤੇ ਹਮਲਾ ਬੋਲ ਦਿੱਤਾ ਸੀ। ਇਸ ਪਰਿਵਾਰ ਨੇ ਲਛਮਣ ਦਾਸ ਦੇ ਘਰ ਸ਼ਰਨ ਲਈ, ਪਰ ਹਜੂਮ ਨੇ ਪਹਿਲਾਂ ਉਸ ਦੇ ਥ੍ਰੀ-ਵ੍ਹੀਲਰ ਨੂੰ ਅੱਗ ਲਗਾ ਦਿੱਤੀ ਅਤੇ ਫਿਰ ਉਸਨੂੰ ਘਰ ਵਿਚੋਂ ਬਾਹਰ ਧੂਹ ਕੇ ਸਾੜ ਦਿੱਤਾ ਗਿਆ।

# ਚਿਦੰਬਰਮ ਵਲੋਂ 'ਹਿੰਦੂ ਮਿਲੀਟੈਂਸੀ' ਦੇ ਜ਼ਿਕਰ ਕਾਰਨ ਹੰਗਾਮਾ



**ਨਵੀਂ ਦਿੱਲੀ :** ਰਾਜ ਸਭਾ ਵਿਚ ਉਸ ਸਮੇਂ ਭਾਰੀ ਹੰਗਾਮਾ ਹੋਇਆ ਜਦੋਂ ਅੱਤਵਾਦ ਦੇ ਮਾਮਲੇ ਵਿਚ ਗ੍ਰਹਿ ਮੰਤਰੀ ਪੀ.ਚਿਦੰਬਰਮ ਨੇ ਇਸਲਾਮੀ ਅੱਤਵਾਦ ਨਾਲ 'ਹਿੰਦੂ ਮਿਲੀਟੈਂਸੀ' ਦਾ ਜ਼ਿਕਰ ਕੀਤਾ। ਸ੍ਰੀ ਚਿਦੰਬਰਮ ਅੱਤਵਾਦ ਬਾਰੇ ਹਾਊਸ ਵਿਚ ਬਿਆਨ ਦੇ ਰਹੇ ਸਨ। ਸ੍ਰੀ ਚਿਦੰਬਰਮ ਨੇ ਅੱਤਵਾਦ ਲਈ ਸਾਰੀਆਂ ਮਜ਼ਹਬੀ ਜਥੇਬੰਦੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅੱਤਵਾਦ ਪਿੱਛੇ ਕਿਸੇ ਵਿਸ਼ੇਸ਼ ਮਜ਼ਹਬ ਨਾਲ ਸੰਬੰਧਤ ਲੋਕਾਂ ਦਾ ਹੱਥ ਨਹੀਂ ਹੈ। ਅੱਤਵਾਦ ਵੱਖ-ਵੱਖ ਧਾਰਮਿਕ ਜਥੇਬੰਦੀਆਂ ਵਲੋਂ ਫੈਲਾਇਆ ਜਾ ਰਿਹਾ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਹਿੰਦੂ ਧਰਮ ਦਾ ਨਾਂ ਵੀ ਲਿਆ। ਉਨ੍ਹਾਂ ਦੇ ਇਸ ਤਰ੍ਹਾਂ ਕਹਿੰਦਿਆਂ ਹੀ ਭਾਜਪਾ ਦੇ ਮੈਂਬਰ ਗੁੱਸੇ ਵਿਚ ਆ ਗਏ। ਚਿਦੰਬਰਮ ਨੇ ਹਿੰਦੂ ਅੱਤਵਾਦ ਦਾ ਸ਼ਬਦ ਨਹੀਂ ਵਰਤਿਆ ਸੀ ਤੇ ਸਿਰਫ ਹਿੰਦੂ ਮਿਲੀਟੈਂਸੀ ਦਾ ਸ਼ਬਦ ਵਰਤਿਆ ਸੀ। ਹੰਗਾਮੇ ਦੌਰਾਨ ਸ੍ਰੀ ਚਿਦੰਬਰਮ ਨੇ ਕਿਹਾ ਕਿ ਅੱਤਵਾਦ ਲਈ ਕਿਸੇ ਇਕ ਧਰਮ ਜਾਂ ਫਿਰਕੇ ਦੇ ਲੋਕਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚ ਵੱਖ-ਵੱਖ ਕਿਸਮ ਦਾ ਅੱਤਵਾਦ ਹੈ। ਤਸ਼ੱਦਦ ਫੈਲਾਉਣ ਵਿਚ ਹਿੰਦੂ ਸੰਗਠਨ ਵੀ ਪਿੱਛੇ ਨਹੀਂ ਹਨ।

ਉਨ੍ਹਾਂ ਕਿਹਾ ਕਿ ਇਸਲਾਮੀ ਅੱਤਵਾਦ ਹੋਵੇ ਜਾਂ ਹਿੰਦੂ ਅੱਤਵਾਦ ਸਰਕਾਰੀ ਨੀਤੀ ਇਹ ਹੈ ਕਿ ਉਨ੍ਹਾਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਸ੍ਰੀ ਚਿਦੰਬਰਮ ਨੇ ਦੱਸਿਆ ਕਿ ਪਿਛਲੇ ਇਕ ਸਾਲ ਵਿਚ ਜੰਮੂ ਕਸ਼ਮੀਰ ਸਮੇਤ ਸਾਰੇ ਦੇਸ਼ ਵਿਚ ਅੱਤਵਾਦੀ ਘਟਨਾਵਾਂ ਵਿਚ ਕਮੀ ਆਈ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਜੰਮੂ ਕਸ਼ਮੀਰ ਵਿਚ ਅੱਤਵਾਦ ਦਾ ਗਰਾਫ ਹੁਣ ਤੱਕ ਤੇ ਰਿਕਾਰਡ ਮੁਤਾਬਕ ਸਭ ਤੋਂ ਨੀਵਾਂ ਹੈ। ਉਨ੍ਹਾਂ ਕਿਹਾ ਕਿ ਅੱਤਵਾਦ ਨੂੰ ਖਤਮ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਕਾਮਯਾਬੀ ਰਹੀ ਹੈ।

ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਬੀਤੇ ਬੁੱਧਵਾਰ ਨੂੰ ਰਾਜ ਸਭਾ ਵਿਚ ਪਾਕਿਸਤਾਨ ਨੂੰ ਦੋ-ਹਰਫ਼ੀ ਚਿਤਾਵਨੀ ਦਿੰਦਿਆਂ ਕਿਹਾ ਕਿ ਜਦੋਂ ਤੱਕ ਇਹ ਦੇਸ਼ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੰਦਾ, ਉਦੋਂ ਤੱਕ ਉਸ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।ਰਾਜ ਸਭਾ ਵਿਚ ਪ੍ਰਸ਼ਨਕਾਲ ਦੌਰਾਨ ਸ੍ਰੀ ਚਿਦੰਬਰਮ ਨੇ ਇਹ ਵੀ ਸਪਸ਼ਟ ਕੀਤਾ ਕਿ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀਂ ਚੱਲ ਰਹੀ। ਗੋਬਿੰਦ ਰਾਓ ਆਦਿਕ ਦੇ ਪੂਰਕ ਪ੍ਰਸ਼ਨ ਦਾ ਉਤਰ ਦਿੰਦਿਆਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਵੀ ਕਹਿ ਚੁੱਕੇ ਹਨ ਕਿ ਜਦੋਂ ਤੱਕ ਪਾਕਿਸਤਾਨ ਵਿਚ ਮੌਜੂਦ ਦਹਿਸ਼ਤਗਰਦ ਢਾਂਚੇ ਨੂੰ ਖ਼ਤਮ ਨਹੀਂ ਕੀਤਾ ਜਾਂਦਾ, ਉਦੋਂ ਤੱਕ ਕੋਈ ਗੱਲਬਾਤ ਸੰਭਵ ਨਹੀਂ ਹੈ।

ਹਾਲਾਂਕਿ ਸ੍ਰੀ ਚਿਦੰਬਰਮ ਨੇ ਜੰਮੂ ਕਸ਼ਮੀਰ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇੱਥੇ ਮੌਜੂਦ ਹਰੇਕ ਧਿਰ ਨਾਲ ਗੱਲਬਾਤ ਦੀ ਇੱਛਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਹ ਗੱਲਬਾਤ ਬਿਨਾਂ ਕਿਸੇ ਰੌਲੇ ਰੱਪੇ ਤੋਂ ਹੋਵੇਗੀ ਤੇ ਕੂਟਨੀਤਕ ਗੱਲਬਾਤ ਨੂੰ ਮੀਡੀਆ ਤੋਂ ਵੱਖ ਰੱਖਿਆ ਜਾਵੇਗਾ। ਸ੍ਰੀ ਚਿਦੰਬਰਮ ਨੇ ਜੰਮੂ ਕਸ਼ਮੀਰ ਦੀ ਮੌਜੂਦਾ ਸਥਿਤੀ ਨੂੰ ਸੰਤੁਸ਼ਟੀਜਨਕ ਵੀ ਕਰਾਰ ਦਿੱਤਾ। ਜੰਮੂ ਕਸ਼ਮੀਰ ਬਾਰੇ ਸ਼ਿਵ ਸੈਨਾ ਦੇ ਸੰਜੇ ਰਾਓਤ ਦੇ ਪੂਰਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਵਿਚ ਕਈ ਸਮੂਹ ਹਨ ਤੇ ਹਰੇਕ ਦੀ ਵੱਖੋ-ਵੱਖਰੀ ਮੰਗ ਹੈ। ਇਨ੍ਹਾਂ ਵਿਚੋਂ ਕੁਝ ਧਿਰਾਂ ਖ਼ੁਦ ਮੁਖ਼ਤਿਆਰੀ ਦੀ ਮੰਗ ਕਰ ਰਹੀਆਂ ਹਨ। ਸ੍ਰੀ ਚਿਦੰਬਰਮ ਨੇ ਕਿਹਾ ਕਿ ਅਸੀਂ ਨਹੀਂ ਸਮਝਦੇ ਕਿ ਕਿਸੇ ਵੀ ਧਿਰ ਨਾਲ ਗੱਲਬਾਤ ਨਾ ਹੋਵੇ। ਉਨ੍ਹਾਂ ਇਸ ਸਬੰਧੀ ਫ਼ਿਲਹਾਲ ਵਿਸਥਾਰਤ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

## 6 ਮਹੀਨੇ ਤੋਂ ਪੰਜ ਤਾਰਾ ਵਿਚ ਕੇਂਦਰੀ ਮੰਤਰੀ



**ਨਵੀਂ ਦਿੱਲੀ :** ਸੈਰ ਸਪਾਟਾ ਰਾਜ ਮੰਤਰੀ ਸੁਲਤਾਨ ਅਹਿਮਦ ਵਲੋਂ ਪਿਛਲੇ 6 ਮਹੀਨਿਆਂ ਤੋਂ ਇੱਕ ਪੰਜ ਤਾਰਾ ਹੋਟਲ 'ਚ ਰਹਿਣ ਦਾ ਮੁੱਦਾ ਬੀਤੇ ਦਿਨੀਂ ਸੀ ਪੀ ਐੱਮ ਨੇ ਲੋਕ ਸਭਾ 'ਚ ਉਠਾਉਂਦਿਆਂ ਪੁੱਛਿਆ ਕਿ ਮੰਤਰੀ ਦੇ ਹੋਟਲ 'ਚ ਰਹਿਣ ਦਾ ਬਿਲ ਕੌਣ ਭਰੇਗਾ। ਅਹਿਮਦ ਦਾ ਨਾਂਅ ਲਏ ਬਗੈਰ ਸੀ ਪੀ ਐਮ ਦੇ ਆਗੂ ਬਾਸੂਦੇਵ ਅਚਾਰੀਆ ਨੇ ਕਿਹਾ ਕਿ ਇਕ ਸੈਰ ਸਪਾਟਾ ਰਾਜ ਮੰਤਰੀ ਇਕ ਸ਼ਾਨਦਾਰ ਹੋਟਲ 'ਚ ਰਹਿ ਰਿਹਾ ਹੈ, ਹਾਲਾਂਕਿ ਸਰਕਾਰ ਨੇ ਕੁਝ ਸਮਾਂ ਪਹਿਲਾਂ ਸਾਰੇ ਵਿਭਾਗਾਂ ਨੂੰ ਬਚਤ ਦੇ ਹੁਕਮ ਜਾਰੀ ਕੀਤੇ ਹਨ ਅਤੇ ਪਾਰਲੀਮਾਨੀ ਕਮੇਟੀਆਂ ਦੀਆਂ ਮੀਟਿੰਗਾਂ ਵੀ ਦਿੱਲੀ ਤੋਂ ਬਾਹਰ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਆਪੋਜ਼ੀਸ਼ਨ ਦੇ 'ਸ਼ੇਮ-ਸ਼ੇਮ' ਦੇ ਨਾਅਰਿਆਂ ਦਰਮਿਆਨ ਅਚਾਰੀਆ ਨੇ ਕਿਹਾ ਕਿ ਉਹ ਮੁੱਦਾ ਇਸ ਲਈ ਉਠਾ ਰਹੇ ਹਨ, ਕਿਉਂਕਿ ਇਹ ਮਾਮਲਾ ਟੈਕਸ ਦਾਤਿਆਂ ਦੇ ਪੈਸੇ ਨਾਲ ਸੰਬਧਤ ਹੈ।ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕੁਝ ਸਮਾਂ ਪਹਿਲਾਂ ਬਦੇਸ਼ ਮੰਤਰੀ ਅਤੇ ਬਦੇਸ਼ ਰਾਜ ਮੰਤਰੀ ਨੂੰ ਪੰਜ ਤਾਰਾ ਹੋਟਲ 'ਚ ਨਾ ਰਹਿਣ ਲਈ ਕਹਿ ਦਿੱਤਾ ਸੀ ਅਤੇ ਉਨ੍ਹਾਂ ਨੇ ਹੋਟਲ ਛੱਡ ਦਿੱਤੇ ਸਨ, ਪਰ ਇਕ ਸੈਰ ਸਪਾਟਾ ਰਾਜ ਮੰਤਰੀ ਹੋਟਲ 'ਚ ਰਹਿੰਦਾ ਰਿਹਾ। ਉਨ੍ਹਾਂ ਪੁੱਛਿਆ ਕਿ ਮੰਤਰੀ ਨੂੰ ਹੋਟਲ 'ਚ ਰਹਿਣ ਦੀ ਆਗਿਆ ਕਿਸ ਨੇ ਦਿੱਤੀ ਅਤੇ ਉਨ੍ਹਾਂ ਦਾ ਬਿਲ ਕੌਣ ਭਰੇਗਾ ਅਤੇ ਕਿਹਾ ਕਿ ਕੀ ਬਿਲ ਦੀ ਅਦਾਇਗੀ ਸੈਰ ਸਪਾਟਾ ਮੰਤਰਾਲੇ ਵਲੋਂ ਕੀਤੀ ਜਾਵੇਗੀ।

ਕੁਝ ਕਾਂਗਰਸੀ ਮੈਂਬਰਾਂ ਨੇ ਮੰਤਰੀ ਦਾ ਜ਼ਿਕਰ ਕੀਤੇ ਜਾਣ 'ਤੇ ਇਤਰਾਜ਼ ਕੀਤਾ ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਵੀ ਨਰਾਇਣ ਸਵਾਮੀ ਨੇ ਕਿਹਾ ਕਿ ਜੇ ਮੈਂਬਰ ਨੇ ਮੰਤਰੀ ਦਾ ਨਾਂਅ ਲੈ ਕੇ ਗੱਲ ਕਰਨੀ ਚਾਹੀ, ਤਾਂ ਉਨ੍ਹਾਂ ਨੂੰ ਪਹਿਲਾਂ ਇਸ ਬਾਰੇ ਨੋਟਿਸ ਦੇਣਾ ਚਾਹੀਦਾ ਸੀ।

# ਡੇਵਿਡ ਹੈਡਲੀ ਵਿਰੁਧ ਫਰਦ-ਏ-ਜ਼ੁਰਮ ਦਾਇਰ, ਰਾਣੇ ਦੀ ਜ਼ਮਾਨਤ ਨਾ ਹੋਈ

**ਸੁਨੀਤਾ ਚੋਪੜਾ**

**ਸ਼ਿਕਾਗੋ:** ਅਮਰੀਕੀ ਜਾਂਚ ਅਧਿਕਾਰੀਆਂ ਨੇ ਅਮਰੀਕੀ ਸ਼ਹਿਰੀ ਅਤੇ ਲਸ਼ਕਰ-ਏ-ਤੋਇਬਾ ਦੇ ਸ਼ੱਕੀ ਦਹਿਸ਼ਤਪਸੰਦ ਡੇਵਿਡ ਸੀ ਹੈਡਲੀ ਵਿਰੁਧ ਬੰਬਈ ਵਿਚ 26 ਨਵੰਬਰ 2008 ਦੇ ਦਹਿਸ਼ਤਪਸੰਦੀ ਹਮਲਿਆਂ ਵਿਚ ਹੱਥ ਹੋਣ ਦੇ ਦੋਸ਼ ਆਇਦ ਕਰ ਦਿੱਤੇ ਹਨ। ਇਨ੍ਹਾਂ ਹਮਲਿਆਂ ਵਿਚ 172 ਵਿਅਕਤੀ ਮਾਰੇ ਗਏ ਸਨ। ਸ਼ਿਕਾਗੋ ਦੀ ਫੈਡਰਲ ਕੋਰਟ ਵਿਚ ਦਾਇਰ ਕੀਤੀ ਗਈ ਫਰਦ-ਏ-ਜ਼ੁਰਮ ਅਨੁਸਾਰ ਹੈਡਲੀ ਨੇ 2008 ਵਿਚ ਹੋਏ ਇਨ੍ਹਾਂ ਹਮਲਿਆਂ ਤੋਂ ਕੋਈ ਦੋ ਸਾਲ ਪਹਿਲਾਂ ਬੰਬਈ ਦੇ ਸੰਭਾਵੀ ਨਿਸ਼ਾਨਿਆਂ ਦਾ ਤਫਸੀਲ ਨਾਲ ਸਰਵੇਖਣ ਕੀਤਾ ਸੀ। ਹੈਡਲੀ ਉਤੇ ਭਾਰਤ ਵਿਚ ਜਨਤਕ ਥਾਵਾਂ ਉਤੇ ਬੰਬ ਵਿਸਫੋਟ ਕਰਨ, ਕਤਲ ਅਤੇ ਭਾਰਤ ਤੇ ਡੈਨਮਾਰਕ ਵਿਚ ਲੋਕਾਂ ਦੀ ਜਾਨ-ਮਾਲ ਦੀ ਤਬਾਹੀ ਕਰਨ, ਵਿਦੇਸ਼ੀ ਦਹਿਸ਼ਤਪਸੰਦਾਂ ਦੀਆਂ ਸਾਜ਼ਿਸ਼ਾਂ ਦੀ ਮਦਦ ਕਰਨ, ਲਸ਼ਕਰੇ ਤੋਇਬਾ ਨੂੰ ਮਦਦ ਦੇਣ ਅਤੇ ਭਾਰਤ ਵਿਚ ਅਮਰੀਕੀ ਸ਼ਹਿਰੀਆਂ ਦੇ ਕਤਲ ਆਦਿ ਦੇ 12 ਦੋਸ਼ ਆਇਦ ਕੀਤੇ ਗਏ ਹਨ।

ਸਰਕਾਰੀ ਧਿਰ ਅਨੁਸਾਰ ਭਾਰਤ ਦੇ ਦੌਰਿਆਂ ਤੋਂ ਬਾਅਦ ਹੈਡਲੀ ਆਪਣੇ ਸਰਵੇਖਣ ਦੇ ਨਤੀਜੇ ਦੇਣ ਲਈ ਪਾਕਿਸਤਾਨ ਗਿਆ ਅਤੇ 2008 ਦੇ ਸ਼ੁਰੂ ਵਿਚ ਉਸ ਨੇ ਇਕ ਕਿਸ਼ਤੀ ਵਿਚ ਬੰਬਈ ਦੀ ਬੰਦਰਗਾਹ ਦਾ ਵੀ ਦੌਰਾ ਕੀਤਾ। ਆਪਣੇ ਵਕੀਲਾਂ ਰਾਹੀਂ ਹੈਡਲੀ ਨੇ ਅਦਾਲਤ ਨੂੰ ਦੱਸਿਆ ਹੈ ਕਿ ਉਹ ਭਾਰਤ ਅਤੇ ਡੈਨਮਾਰਕ-ਦੋਹਾਂ ਹੀ ਸਾਜ਼ਿਸ਼ਾਂ ਵਿਚ ਜਾਂਚ ਅਧਿਕਾਰੀਆਂ ਨਾਲ ਸਹਿਯੋਗ ਕਰਨ ਲਈ ਤਿਆਰ ਹੈ। ਇਲੀਨਾਏ ਦੇ ਉਤਰੀ ਜ਼ਿਲੇ ਦੇ ਫੈਡਰਲ ਅਟਾਰਨੀ ਪੈਟਰਿਕ ਜੇ ਫਿਟਜ਼ਗਰਾਲਡ ਨੇ ਆਖਿਆ ਹੈ ਕਿ ਜਾਂਚ ਅਜੇ ਸਰਗਰਮੀ ਨਾਲ ਚੱਲ ਰਹੀ ਹੈ। ਜਾਂਚ ਅਧਿਕਾਰੀਆਂ ਦੀ ਟੀਮ ਇਨ੍ਹਾਂ ਹਮਲਿਆਂ ਲਈ ਜ਼ਿੰਮੇਵਾਰ ਹੋਰਨਾਂ ਵਿਅਕਤੀਆਂ ਵਿਰੁਧ ਜਾਂਚ ਜਾਰੀ ਰਹੇਗੀ ਅਤੇ ਦੋਸ਼ ਆਇਦ ਕੀਤੇ ਜਾਣਗੇ।

ਵਰਣਨਯੋਗ ਹੈ ਕਿ ਹੈਡਲੀ ਬੰਬਈ ਬੰਬ ਧਮਾਕਿਆਂ ਦੀ ਸਾਜ਼ਿਸ਼ ਵਿਚ ਗ੍ਰਿਫਤਾਰ ਹੋਣ ਵਾਲਾ ਪਹਿਲੀ ਅਮਰੀਕੀ ਸ਼ਹਿਰੀ ਹੈ ਅਤੇ ਉਸ ਨੂੰ ਪਿਛਲੀ ਅਕਤੂਬਰ ਵਿਚ ਸ਼ਿਕਾਗੋ ਦੇ ਓ'ਹੇਅਰ ਏਅਰਪੋਰਟ ਤੋਂ ਤਹੱਵੁਰ ਰਾਣਾ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ।

ਫੈਡਰਲ ਅਧਿਕਾਰੀਆਂ ਵਲੋਂ ਹੈਡਲੀ ਵਿਰੁਧ ਫਰਦ-ਏ-ਜ਼ੁਰਮ ਭਾਰਤ ਵਿਚ ਐਫ.ਬੀ.ਆਈ. ਟੀਮ ਦੇ ਪਹੁੰਚਣ ਤੋਂ ਇਕ ਦਿਨ ਬਾਅਦ ਆਇਦ ਕੀਤੀ ਗਈ ਹੈ। ਐਫ.ਬੀ.ਆਈ. ਟੀਮ ਭਾਰਤ ਹੈਡਲੀ ਅਤੇ ਰਾਣਾ ਬਾਰੇ ਆਪਣੇ ਪਾਸ ਮੌਜੂਦ ਜਾਣਕਾਰੀ ਭਾਰਤੀ ਜਾਂਚ ਅਧਿਕਾਰੀਆਂ ਨਾਲ ਸਾਂਝੀ ਕਰਨ ਲਈ ਗਈ ਹੈ। ਭਾਰਤੀ ਜਾਂਚ ਏਜੰਸੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਨੇ ਸੋਮਵਾਰ ਨੂੰ ਇਕ ਬਿਆਨ ਵਿਚ ਕਿਹਾ ਸੀ ਕਿ ਹੈਡਲੀ ਸੰਨ 2008 ਵਿਚ ਗੋਆ ਦੀਆਂ ਅਰਮਬੋਲ ਅਤੇ ਅੰਜੂਨਾ ਬੀਚਾਂ 'ਤੇ ਵੀ ਗਿਆ ਸੀ ਅਤੇ ਉਥੇ ਉਹ ਕਮਰਾ ਕਿਰਾਏ 'ਤੇ ਲੈ ਕੇ ਕਰੀਬ ਇਕ ਹਫਤਾ ਰਿਹਾ। ਇਕ ਰਿਟਾਇਰਡ ਪਾਕਿਸਤਾਨੀ ਫੌਜੀ ਅਫਸਰ ਅਬਦੁਰ ਰਹਿਮਾਨ ਹਾਸ਼ਿਮ ਸੱਈਅਦ ਨੂੰ ਵੀ ਹਜ਼ਰਤ ਮੁਹੰਮਦ ਬਾਰੇ ਕਾਰਟੂਨ ਛਾਪਣ ਬਾਰੇ ਡੈਨਿਸ਼ ਅਖਬਾਰ ਉਪਰ ਹਮਲਾ ਕਰਨ ਦੀ ਸਾਜ਼ਿਸ਼ ਘੜਨ ਦਾ ਦੋਸ਼ੀ ਪਾਇਆ ਗਿਆ ਹੈ।

ਇਸੇ ਦੌਰਾਨ ਸੰਤਰੀ ਰੰਗ ਦੀ ਜੇਲ੍ਹ-ਵਰਦੀ ਵਿਚ ਆਪਣੀ ਜ਼ਮਾਨਤ ਦੀ ਤੀਜੀ ਸੁਣਵਾਈ ਮੌਕੇ ਤਹੱਵੁਰ ਰਾਣਾ ਜਾਹਰਾ ਤੌਰ 'ਤੇ ਬਹੁਤ ਹੀ ਸਹਿਜ ਵਿਚ ਲੱਗ ਰਿਹਾ ਸੀ ਜਦੋਂ ਕਿ ਇਸਤਗਾਸਾ ਪੱਖ ਅਤੇ ਬਚਾਓ ਪੱਖ ਪਾਕਿਸਤਾਨੀ ਮੂਲ ਦੇ ਇਸ ਕੈਨੇਡੀਅਨ ਸ਼ਹਿਰੀ ਦੇ ਦੋ-ਇਕ ਦੂਜੇ ਦੇ ਵਿਰੋਧੀ ਅਕਸ ਚਿਤਰ ਰਹੇ ਸਨ। ਰਾਣੇ ਦੇ ਵਕੀਲ ਪੈਟਰਿਕ ਬੈਲਜਨ ਵਲੋਂ ਲਿਆਂਦੇ ਗਏ ਤਿੰਨ ਗਵਾਹਾਂ ਨੇ ਰਾਣੇ ਨੂੰ ਇਕ ਪਿਆਰ ਕਰਨ ਵਾਲੇ ਅਮਨ ਪਸੰਦ ਅਤੇ ਇਕਬਾਲ ਦੇ ਸੁਨੇਹੇ ਨੂੰ ਪ੍ਰਣਾਏ ਵਿਅਕਤੀ ਵਜੋਂ ਪੇਸ਼ ਕੀਤਾ।

ਸ਼ਿਕਾਗੋ ਦੇ ਇਕ ਨੇਤਰ ਵਿਗਿਆਨੀ ਅਤੇ ਰਾਣੇ ਦੇ ਪੁਰਾਣੇ ਵਾਕਫ ਮੁਹੰਮਦ ਅਰਸ਼ਦ ਮਿਰਜ਼ਾ ਨੇ ਅਦਾਲਤ ਨੂੰ ਦੱਸਿਆ ਕਿ ਰਾਣਾ ਤੇ ਉਹ ਇਕਬਾਲ ਸੁਸਾਇਟੀ ਦੇ ਮੈਂਬਰਾਂ ਵਜੋਂ ਮੁਹੰਮਦ ਇਕਬਾਲ ਵਲੋਂ ਮੁਸਲਮਾਨਾਂ ਨੂੰ ਦਿਤੇ ਗਏ ਸੁਲਹਕੁਲ ਸੁਨੇਹੇ ਵਿਚ ਯਕੀਨ ਰੱਖਦੇ ਹਨ। ਸ੍ਰੀ ਮਿਰਜ਼ਾ ਨੇ ਫੈਡਰਲ ਜ਼ਿਲਾ ਅਦਾਲਤ ਦੇ ਮਜਿਸਟ੍ਰੇਟ ਜੱਜ ਨਾਨ ਨੋਲਨ ਨੂੰ ਦੱਸਿਆ ਕਿ ਇਕਬਾਲ ਦਾ ਮੁਸਲਮਾਨਾਂ ਨੂੰ ਇਹ ਸੁਨੇਹਾ ਸੀ ਕਿ ਪੜ੍ਹ ਲਿਖ ਕੇ ਜਥੇਬੰਦ ਹੋ ਕੇ ਅਤੇ ਆਪਣੀਆਂ ਮੰਗਾਂ ਕਾਨੂੰਨੀ ਤੌਰ ਉਤੇ ਮਨਵਾਉਣ ਲਈ ਯਤਨ ਕਰੋ ਪਰ ਕਦੇ ਵੀ ਗੈਰਕਾਨੂੰਨੀ ਹਿੰਸਕ ਰਾਹਾਂ ਉਤੇ ਨਾ ਚੱਲੋ। ਰਾਣੇ ਦੇ ਵਕੀਲ ਬੈਲਜਨ ਨੇ ਅਦਾਲਤ ਨੂੰ ਇਹ ਦੱਸਣ ਵਾਸਤੇ ਮਿਰਜ਼ੇ ਨੂੰ ਗਵਾਹ ਵਜੋਂ ਪੇਸ਼ ਕੀਤਾ ਸੀ ਕਿ ਅਮਰੀਕੀ ਸਰਕਾਰ ਵਲੋਂ ਉਸ ਦੇ ਮੁਅੱਕਲ ਰਾਣੇ ਦਾ ਬਣਾਇਆ ਗਿਆ ਅਕਸ ਅਲਾਮਾ ਇਕਬਾਲ ਦੀਆਂ ਸਿੱਖਿਆਵਾਂ ਨਾਲ ਮੇਲ ਨਹੀਂ ਖਾਂਦਾ। ਉਸ ਸਮੇਂ ਜਦੋਂ ਅਦਾਲਤ ਵਿਚ ਸਭ ਲੋਕ ਇਸ ਗੱਲ ਉਤੇ ਹੈਰਾਨ ਹੋ ਰਹੇ ਸਨ ਕਿ ਆਖਰ ਇਕਬਾਲ ਹੈ ਕੌਣ? ਬੈਲਜਨ ਨੇ ਆਖਿਆ ਕਿ ਇਹ ਅਜਿਹੀ ਗੱਲ ਹੈ ਕਿ ਜਿਵੇਂ ਕੋਈ ਆਖੇ ਕਿ ਗਾਂਧੀ ਦੇ ਸ਼ਾਗਿਰਦ ਹਿੰਸਕ ਹੋਣਗੇ।

ਬੈਲਜਨ ਵਲੋਂ ਪੇਸ਼ ਕੀਤੇ ਗਏ ਦੂਜੇ ਦੋ ਗਵਾਹ ਇਕ ਗੈਸ ਸਟੇਸ਼ਨ ਮਾਲਕ ਮੁਹੰਮਦ ਯਾਕੂਬ ਅਤੇ ਰਾਣੇ ਦਾ ਇਕ ਰਿਸ਼ਤੇਦਾਰ ਅਥਰ ਅਖ਼ਤਰ ਸੀ। ਦੋਹਾਂ ਨੇ ਹੀ ਇਕੋ ਗੱਲ ਕਹੀ ਕਿ ਰਾਣਾ ਇਕ ਗੈਰਹਿੰਸਕ ਅਤੇ ਅਮਨਪਸੰਦ ਸ਼ਹਿਰੀ ਹੈ। ਅਜੇ ਪਿਛਲੇ ਹਫਤੇ ਹੀ ਸ਼ਿਕਾਗੋ ਦੇ ਵੀਹ ਪਾਕਿਸਤਾਨੀ ਅਮਰੀਕੀ ਬਿਜਨਸਮੈਨ ਇਕੱਠੇ ਹੋਏ ਸਨ ਤੇ ਸਭ ਦਾ ਇਕੋ ਹੀ ਬਿਆਨ ਸੀ ਕਿ ਰਾਣਾ ਇਕ ਅਮਨਪਸੰਦ ਸ਼ਹਿਰੀ ਹੈ।

ਬੈਲਜਨ ਦੀ ਦਲੀਲ ਦੇ ਐਨ ਉਲਟ ਫੈਡਰਲ ਅਸਿਸਟੈਂਟ ਅਟਾਰਨੀ ਡੈਨ ਕੋਲਿਨਜ਼ ਨੇ ਆਖਿਆ ਕਿ ਇਨ੍ਹਾਂ ਗਵਾਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਤਸਵੀਰ ਦਾ ਐਨ ਉਲਟ ਪਾਸਾ ਵੀ ਹੈ। ਰਾਣੇ ਨੇ ਡੇਵਿਡ ਕੋਲਮੈਨ ਹੈਡਲੀ ਨਾਲ ਇਨ੍ਹਾਂ ਤਿੰਨਾਂ ਗਵਾਹਾਂ ਨਾਲੋਂ ਕਿਤੇ ਵੱਧ ਸਮਾਂ ਗੁਜ਼ਾਰਿਆ ਹੈ। ਕੋਲਿਨਜ਼ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਬਦ 'ਨਿਸ਼ਾਨਾ' (ਟਾਰਗੈਟ) ਵੀ ਇਸੇ ਰਾਣੇ ਦੇ ਮੂੰਹੋਂ ਨਿਕਲਿਆ ਹੈ। ਕੋਲਿਨਜ਼ ਨੇ ਕਿਹਾ ਕਿ ਉਹ ਇਹ ਗੱਲ ਰਾਣੇ ਦੀ ਰਿਕਾਰਡ ਕੀਤੀ ਫੋਨ ਗੱਲਬਾਤ ਦੇ ਆਧਾਰ ਉਤੇ ਆਖ ਰਿਹਾ ਹੈ।

ਕੋਲਿਨਜ਼ ਨੇ ਗਵਾਹਾਂ ਨੂੰ ਵਾਰ ਵਾਰ ਇਹ ਸਵਾਲ ਕੀਤਾ ਕਿ ਜੇ ਉਨ੍ਹਾਂ ਨੂੰ ਇਹ ਦੱਸਿਆ ਜਾਵੇ ਕਿ ਰਾਣੇ ਨੇ ਉਸ ਵਿਅਕਤੀ ਨਾਲ ਲੰਮਾ ਸਮਾਂ ਗੁਜ਼ਾਰਿਆ ਹੈ ਜੋ ਕਿ ਦਹਿਸ਼ਤਪਸੰਦ ਜਥੇਬੰਦੀ ਗਰਦਾਨੀ ਗਈ ਲਸ਼ਕਰ-ਏ-ਤੋਇਬਾ ਵਲੋਂ ਟਰੇਂਡ ਕੀਤਾ ਗਿਆ ਇਕ ਦਹਿਸ਼ਤਪਸੰਦ ਹੈ, ਤਾਂ ਕੀ ਉਹ ਰਾਣੇ ਦੇ ਇਕ ਅਮਨਪਸੰਦ ਸ਼ਹਿਰੀ ਹੋਣ ਬਾਰੇ ਆਪਣੇ ਵਿਚਾਰ ਬਦਲ ਲੈਣਗੇ? ਬਚਾਅ ਪੱਖ ਦੇ ਤਿੰਨਾਂ ਹੀ ਗਵਾਹਾਂ ਵਿਚੋਂ ਕੋਈ ਵੀ ਇਸ ਦਾ ਸਿੱਧਾ ਜਵਾਬ ਨਾ ਦੇ ਸਕਿਆ ਅਤੇ ਉਨ੍ਹਾਂ ਦਾ ਕਹਿਣਾ ਸੀ ਕਿ ਇਸ ਬਾਰੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਸਾਰੇ ਤੱਥਾਂ ਦੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ।

ਯੂ ਐਸ ਅਟਾਰਨੀ ਦੇ ਦਫਤਰ ਨੇ ਸ਼ੁਰੂ ਤੋਂ ਹੀ ਇਹੋ ਦਲੀਲ ਦਿਤੀ ਹੈ ਕਿ ਰਾਣੇ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਸੀ ਕਿ ਹੈਡਲੀ ਡੈਨਿਸ਼ ਅਖਬਾਰ ਦੇ ਉਸ ਕਾਰਟੂਨਿਸਟ ਕੁਰਟ ਵੈਸਟਰਗਾਰਡ ਤੋਂ ਬਦਲਾ ਲੈਣਾ ਚਾਹੁੰਦਾ ਹੈ ਜਿਸ ਨੇ ਸੰਨ 2005 ਵਿਚ ਹਜਰਤ ਮੁਹੰਮਦ ਦਾ ਇਕ ਮਜਾਹੀਆ ਕਾਰਟੂਨ ਬਣਾਇਆ ਸੀ ਜਿਸ ਦੇ ਸਿਰ ਉਪਰ ਪਗੜੀ ਦੀ ਥਾਂ ਬੰਬ ਰੱਖਿਆ ਹੋਇਆ ਸੀ। ਇਹ ਕਾਰਟੂਨ ਅਖਬਾਰ ਜਾਈਲੈਂਡਜ਼ ਪੋਸਟਨ ਵਿਚ ਛਪਿਆ ਸੀ ਅਤੇ ਇਸ ਪਿਛੋਂ ਮੁਸਲਿਮ ਭਾਈਚਾਰੇ ਵਿਚ ਵਿਸ਼ਵ ਵਿਆਪੀ ਰੋਸ ਫੈਲ ਗਿਆ ਸੀ।

ਰਾਣਾ ਅਤੇ ਹੈਡਲੀ ਉਪਰ ਨਵੰਬਰ 2008 ਵਿਚ ਬੰਬਈ ਵਿਚ ਹੋਏ ਦਹਿਸ਼ਤਪਸੰਦੀ ਹਮਲਿਆਂ ਦਾ ਦੋਸ਼ ਵੀ ਲੱਗਦਾ ਹੈ। ਪਰ ਉਸ ਪੱਖ ਦਾ ਇਸ ਸੁਣਵਾਈ ਵਿਚ ਜ਼ਿਕਰ ਨਹੀਂ ਸੀ। ਇਸ ਸੁਣਵਾਈ ਦੌਰਾਨ ਸਿਰਫ ਇੰਨਾ ਹੀ ਜ਼ਿਕਰ ਆਇਆ ਕਿ ਜਿਸ ਨੈਸ਼ਨਲ ਡਿਫੈਂਸ ਕਾਲਜ ਦਾ ਜ਼ਿਕਰ ਆਇਆ ਹੈ ਉਹ ਭਾਰਤ ਵਿਚ ਹੈ ਜਾਂ ਪਾਕਿਸਤਾਨ ਵਿਚ? ਇਸਤਗਾਸਾ ਪੱਖ ਦਾ ਦਾਅਵਾ ਸੀ ਕਿ ਇਹ ਇਸ਼ਾਰਾ ਭਾਰਤ ਵੱਲ ਹੈ ਜਦੋਂ ਕਿ ਬਚਾਓ ਪੱਖ ਨੇ ਇਸ ਦੀ ਤਰਦੀਦ ਕੀਤੀ। ਬਚਾਓ ਪੱਖ ਨੇ ਇਸਤਗਾਸਾ ਪੱਖ ਦਾ ਇਹ ਦਾਅਵਾ ਵੀ ਰੱਦ ਕੀਤਾ ਕਿ ਹੈਡਲੀ ਨੇ ਰਾਣੇ ਨੂੰ ਗਰਮਖਿਆਲੀ ਇਸਲਾਮੀ ਸਾਹਿਤ ਦਿੱਤਾ ਸੀ ਜਿਸ ਕਰਕੇ ਰਾਣਾ ਹੈਡਲੀ ਨਾਲ ਸਹਿਮਤ ਸੀ। ਬਚਾਓ ਪੱਖ ਦੇ ਵਕੀਲ ਨੇ ਕਿਹਾ, 'ਮੇਰੇ ਪਾਸ ਕਮਿਊਨਿਸਟ ਮੈਨੀਫੈਸਟੋ ਹੈ ਤਾਂ ਫਿਰ ਕੀ ਇਸ ਦਾ ਮਤਲਬ ਇਹ ਹੈ ਕਿ ਮੈਂ ਕਮਿਊਨਿਸਟ ਹਾਂ?' ਇਸਤਗਾਸਾ ਪੱਖ ਵਲੋਂ ਰਾਣੇ ਤੋਂ ਗ੍ਰਿਫਤਾਰੀ ਪਿਛੋਂ ਪੰਜ ਘੰਟਿਆਂ ਦਾ ਬਿਆਨ ਲੈਣ ਦਾ ਜ਼ਿਕਰ ਕਰਦਿਆਂ ਬਚਾਓ ਪੱਖ ਦੇ ਵਕੀਲ ਬੈਲਜਨ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਦੇ ਮੁਅੱਕਲ ਨੇ ਕਿਤੇ ਵੀ ਇਹ ਨਹੀਂ ਮੰਨਿਆ ਕਿ ਉਸ ਦਾ ਕਿਸੇ ਵੀ ਸਾਜ਼ਿਸ਼ ਵਿਚ ਹੱਥ ਹੈ। ਪਿਛਲੀ 3 ਅਕਤੂਬਰ ਨੂੰ ਗ੍ਰਿਫਤਾਰੀ ਤੋਂ ਬਾਅਦ ਰਾਣੇ ਦੇ ਪਰਿਵਾਰ ਦੇ ਕਿਸੇ ਜੀਅ ਨੂੰ ਉਸ ਨੂੰ ਮਿਲਣ ਨਹੀਂ ਦਿਤਾ ਗਿਆ। ਉਸ ਦੀ 10 ਲੱਖ ਡਾਲਰ ਦੀ ਜ਼ਮਾਨਤ ਉਪਰ ਸੁਣਵਾਈ 15 ਦਸੰਬਰ 'ਤੇ ਪਾ ਦਿੱਤੀ ਗਈ ਹੈ।

# ਭਾਰਤ-ਰੂਸ ਪ੍ਰਮਾਣੂ ਸਮਝੌਤਾ ਸਿਰੇ ਲੱਗਾ

*(ਸਫਾ ਇਕ ਤੋਂ ਜਾਰੀ)*

ਦੇ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਸਰਕਾਰ ਵਲੋਂ ਪ੍ਰਮਾਣੂ ਖੇਤਰ 'ਚ ਜੋ ਯੋਗਦਾਨ ਪਾਇਆ ਜਾ ਰਿਹਾ ਹੈ ਉਹ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਦੋਹਾਂ ਦੇਸ਼ਾਂ ਦਰਮਿਆਨ ਬਹੁਤ ਚੰਗੇ ਸਬੰਧ ਰਹੇ ਹਨ ਤੇ ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ 'ਚ ਵੀ ਇਨ੍ਹਾਂ ਸਬੰਧਾਂ 'ਚ ਹੋਰ ਨਿੱਘ ਆਵੇਗੀ। ਦੋਹਾਂ ਦੇਸ਼ਾਂ ਨੇ ਲੰਮਾ ਸਮਾਂ ਚੱਲਣ ਵਾਲੇ ਮਿਲਟਰੀ ਪ੍ਰੋਗਰਾਮ ਨੂੰ 2020 ਤੱਕ ਵਧਾਉਣ ਦਾ ਫੈਸਲਾ ਵੀ ਲੈ ਲਿਆ ਹੈ।

ਅਧਿਕਾਰਤ ਸੂਤਰਾਂ ਮੁਤਾਬਕ ਪ੍ਰਮਾਣੂ ਸਹਿਯੋਗ ਦੇ ਵਿਸਥਾਰ ਵਾਲੇ ਵਿਆਪਕ ਸਮਝੌਤੇ ਨਾਲ ਭਾਰਤ ਨੂੰ ਪ੍ਰਮਾਣੂ ਬਾਲਣ ਦੀ ਮੁੜ ਸੋਧ ਦਾ ਅਧਿਕਾਰ ਹੋਵੇਗਾ। ਪ੍ਰਧਾਨ ਮੰਤਰੀ ਨਾਲ ਮਾਸਕੋ ਗਏ ਅਧਿਕਾਰੀਆਂ ਅਨੁਸਾਰ ਇਹ ਸਮਝੌਤਾ ਇਸ ਦਿਸ਼ਾ 'ਚ ਭਾਰਤ ਦੇ ਅਧਿਕਾਰਾਂ ਦੇ ਅੱਗੇ ਵਧਣ ਦਾ ਸੰਕੇਤ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਮਝੌਤਾ ਹੋਣ ਤੋਂ ਬਾਅਦ ਦੁਵੱਲੇ ਸਬੰਧ ਟੁੱਟਣ ਦੇ ਬਾਵਜੂਦ ਭਵਿੱਖ 'ਚ ਪ੍ਰਮਾਣੂ ਬਾਲਣ ਦੀ ਸਪਲਾਈ ਨਹੀਂ ਰੋਕੀ ਜਾਵੇਗੀ। ਰੂਸੀ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਪਹਿਲਾਂ ਡਾ. ਸਿੰਘ ਨੇ ਇਥੇ ਇੱਕ ਰੂਸੀ ਟੀ.ਵੀ. ਚੈਨਲ 'ਤੇ ਬੋਲਦਿਆਂ ਕਿਹਾ ਕਿ ਰੱਖਿਆ ਖੇਤਰ 'ਚ ਸਹਿਯੋਗ ਰੂਸ ਨਾਲ ਸਾਡੇ ਸਬੰਧਾਂ ਲਈ ਮਹੱਤਵਪੂਰਨ ਪਹਿਲੂ ਹੈ ਤੇ ਮੁੱਢ ਤੋਂ ਹੀ ਭਾਰਤ ਤੇ ਰੂਸ ਦੇ ਸਬੰਧ ਨਿੱਘੇ ਰਹੇ ਹਨ। ਇਸੇ ਦੌਰਾਨ ਐਤਵਾਰ ਦੇਰ ਰਾਤ ਰੂਸ ਦੇ ਰਾਸ਼ਟਰਪਤੀ ਸ੍ਰੀ ਮੈਦਵੇਦੇਵ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ ਦੇ ਖਾਣੇ ਦੀ ਮੇਜ਼ਬਾਨੀ ਕੀਤੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿਰਫ਼ ਅਮਰੀਕੀ ਰਾਸ਼ਟਰਪਤੀ ਨੂੰ ਹੀ ਇਸ ਤਰ੍ਹਾਂ ਦੀ ਮੇਜ਼ਬਾਨੀ ਦਾ ਮਾਣ ਹਾਸਿਲ ਹੋਇਆ ਹੈ। ਇਸ ਦੌਰਾਨ ਮਿਲੀ ਜਾਣਕਾਰੀ ਮੁਤਾਬਕ ਖਾਣੇ ਦੀ ਮੇਜ਼ਬਾਨੀ ਮੌਕੇ ਵੀ ਡਾ. ਸਿੰਘ ਤੇ ਮੈਦਵੇਦੇਵ ਦਰਮਿਆਨ ਪ੍ਰਮਾਣੂ ਸਹਿਯੋਗ ਤੇ ਰਵਾਇਤੀ ਊਰਜਾ ਦੇ ਖੇਤਰ 'ਚ ਵੱਖ-ਵੱਖ ਮੁੱਦਿਆਂ 'ਤੇ ਗੈਰ ਰਸਮੀ ਗੱਲਬਾਤ ਹੋਈ।

ਅਧਿਕਾਰੀਆਂ ਨੇ ਦੱਸਿਆ ਕਿ ਐਟਮੀ ਸਹਿਯੋਗ ਬਾਰੇ ਭਾਰਤ-ਰੂਸ ਸਮਝੌਤਾ ਇਕ ਅਹਿਮ ਦਸਤਾਵੇਜ਼ ਹੈ ਅਤੇ ਭਾਰਤ ਤੇ ਅਮਰੀਕਾ ਵਿਚਾਲੇ ਤੈਅ ਪਾਏ 123 ਸਮਝੌਤੇ ਤੋਂ ਕਿਤੇ ਅਗਾਂਹ ਜਾਂਦਾ ਹੈ। ਇਸ ਸਮਝੌਤੇ ਵਿਚ ਸੁਧਾਈ ਤੇ ਐਟਮੀ ਤਕਨਾਲੋਜੀ ਦੇ ਤਬਾਦਲੇ ਦੀਆਂ ਮੱਦਾਂ ਵੀ ਦਰਜ ਹਨ, ਜੋ ਕਿ 123 ਸਮਝੌਤੇ ਵਿਚ ਸ਼ਾਮਲ ਨਹੀਂ ਹਨ। ਸ੍ਰੀ ਮੈਦਵਦੇਵ ਨੇ ਕਿਹਾ ਕਿ ਐਟਮੀ ਸਮਝੌਤਾ ਕੁਡਨਕੁਲਮ ਤੋਂ ਪਰ੍ਹੇ ਵਡੇਰੇ ਸਹਿਯੋਗ ਦਾ ਰਾਹ ਪੱਧਰਾ ਕਰਦਾ ਹੈ। ਉਨ੍ਹਾਂ ਕਿਹਾ, ''ਦੋਵਾਂ ਦੇਸ਼ਾਂ ਵਿਚਾਲੇ ਐਟਮੀ ਸਹਿਯੋਗ ਦਾ ਬਹੁਤ ਵਧੀਆ ਭਵਿੱਖ ਹੈ।'' ਦੋਵਾਂ ਦੇਸ਼ਾਂ ਨੇ ਲੰਮਚਿਰਾ ਫ਼ੌਜੀ ਸਹਿਯੋਗ ਵਧਾ ਕੇ 2020 ਤੱਕ ਕਰਨ, ਰੂਸ ਵਿਚ ਤਿਆਰ ਫ਼ੌਜੀ ਸਾਜ਼ੋ-ਸਾਮਾਨ ਦੀ ਵਿਕਰੀ ਅਤੇ ਹਥਿਆਰਬੰਦ ਦਸਤਿਆਂ ਲਈ ਬਹੁ-ਮੰਤਵੀ ਮਾਲਵਾਹਕ ਜਹਾਜ਼ ਦੇ ਵਿਕਾਸ ਅਤੇ ਉਤਪਾਦਨ ਬਾਰੇ ਸਮਝੌਤਿਆਂ 'ਤੇ ਵੀ ਸਹੀ ਪਾਈ ਹੈ। ਦੋਵਾਂ ਆਗੂਆਂ ਨੇ ਅਫਗਾਨਿਸਤਾਨ ਦੇ ਹਾਲਾਤ ਸਮੇਤ ਇਲਾਕਾਈ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਕੀਤੀ। ਦਹਿਸ਼ਤਵਾਦ ਅਤੇ ਧਾਰਮਿਕ ਕੱਟੜਵਾਦ ਦੇ ਖਤਰਿਆਂ ਨਾਲ ਨਜਿੱਠਣ ਲਈ ਭਾਰਤ ਅਤੇ ਰੂਸ ਤਾਲਮੇਲ ਵਧਾਉਣਗੇ। ਪ੍ਰਧਾਨ ਮੰਤਰੀ ਨੇ ਕਿਹਾ, ''ਭਾਰਤ ਰੂਸ ਨਾਲ ਆਪਣੇ ਸਬੰਧਾਂ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਕਿਸੇ ਤੀਜੇ ਦੇਸ਼ ਨਾਲ ਭਾਰਤ ਦੇ ਸਬੰਧ ਰੂਸ ਦੀ ਕੀਮਤ ਉਤੇ ਨਹੀਂ ਬਣਾਏ ਜਾਣਗੇ।''

ਦੋਵਾਂ ਦੇਸ਼ਾਂ ਨੇ ਦੁਵੱਲੇ ਵਪਾਰ ਦਾ ਪੱਧਰ 2015 ਤੱਕ ਵਧਾ ਕੇ 30 ਅਰਬ ਡਾਲਰ ਕਰਨ ਦਾ ਫ਼ੈਸਲਾ ਕੀਤਾ ਹੈ। ਦੋਵਾਂ ਦੇਸ਼ਾਂ ਨੇ ਸੂਚਨਾ ਤਕਨਾਲੋਜੀ ਤੇ ਸੰਚਾਰ ਜਿਹੇ ਖੇਤਰਾਂ ਵਿਚ ਸਬੰਧ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ।


Easy Travel Inc.
7191 Camelot Drive, Canton, MI 48187 Fax: 866-908-6663
www.easytravelinc.net info@easytravelinc.net
ਸਸਤੀਆਂ ਹਵਾਈ ਟਿਕਟਾਂ
*Please call us for the lowest fare from your city to india*

Tel: 734-451-9526, Toll Free 866-51-INDIA

SUPER TRAVEL
847–676–9090
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

ਪੰਜਾਬੀ ਢਾਬਾ
Punjabi Dhaba
North Shore Banquet
Fine Indian Cuisine
Restaurant& Banquet Hall
2525 W. Devon Ave., Chicago IL 60659
Lunch & Dinner Buffet
ਆਪਣੀ ਅਗਲੀ ਪਾਰਟੀ ਬੁੱਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ
773-262-2080, 773-764-9392

ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਟਾਈਗਰ ਦਾ ਖਿਤਾਬ ਜਿੱਤਣ ਵਾਲਾ ਪਹਿਲਵਾਨ ਜੋਗਿੰਦਰ ਸਿੰਘ ਟਾਈਗਰ

**ਇਕਬਾਲ ਸਿੰਘ ਜੱਬੋਵਾਲੀਆ**

ਬਹੁਤ ਘੱਟ ਲੋਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਟਾਈਗਰ ਵੀ ਦੋ ਹੋਏ ਹਨ ਇਕ ਸੱਠ ਕੁ ਸਾਲ ਪਹਿਲਾਂ ਜੋਗਿੰਦਰ ਟਾਈਗਰ, ਜਿਸ ਨੇ ਭਾਰਤ ਤੋਂ ਇਲਾਵਾ ਦੂਜੇ ਮੁਲਕਾਂ 'ਚ ਵੀ ਆਪਣੀ ਕੁਸ਼ਤੀ ਦਾ ਸਿੱਕਾ ਜਮਾਇਆ। ਦੂਜਾ ਟਾਈਗਰ ਅਲੀ ਸਿੰਘ ਦਾ ਪਿਤਾ ਟਾਈਗਰ ਜੀਤ ਸਿੰਘ, ਜੋ ਕੈਨੇਡਾ ਰਹਿੰਦੇ ਹੋਏ ਫਰੀ ਸਟਾਈਲ ਕੁਸ਼ਤੀਆਂ ਲੜ ਰਹੇ ਹਨ। ਅੱਜ ਅਸੀਂ ਟਾਈਗਰ ਜੋਗਿੰਦਰ ਸਿੰਘ ਦੀ ਪਹਿਲਵਾਨ ਵਜੋਂ ਜ਼ਿੰਦਗੀ 'ਤੇ ਚਾਨਣਾ ਪਾਵਾਂਗੇ। ਟਾਈਗਰ ਜੀਤ ਸਿੰਘ ਬਾਰੇ ਫਿਰ ਕਦੇ ਲਿਖਾਂਗੇ।

ਹਿੰਦੁਸਤਾਨ ਵਿਚ ਟਾਈਗਰ ਦਾ ਰੁਤਬਾ ਹਾਸਲ ਕਰਨ ਵਾਲਾ ਸਿਰਫ ਜੋਗਿੰਦਰ ਸਿੰਘ ਹੀ ਸੀ। ਉਸ ਤੋਂ ਬਾਅਦ ਟਾਈਗਰ ਨਾਂ ਕਈਆਂ ਨੇ ਵਰਤਿਆ। ਪਰ ਫੁਰਤੀ ਤੇ ਬੇਹੱਦ ਤਾਕਤ ਨਾਲ ਖ਼ਿਤਾਬ ਜਿੱਤਣ ਵਾਲਾ ਇਕੱਲਾ ਜੋਗਿੰਦਰ ਸਿੰਘ ਹੀ ਸੀ, ਜਿਸ ਨੇ ਇੰਗਲੈਂਡ ਦੇ ਟਾਈਗਰ ਹੋਲਡਰ ਨੂੰ 1949 'ਚ ਹਰਾ ਕੇ ਇਹ ਟਾਈਟਲ ਆਪਣੀ ਝੋਲੀ ਪੁਆਇਆ।

ਪਹਿਲਵਾਨ ਜੋਗਿੰਦਰ ਸਿੰਘ ਦਾ ਜਨਮ ਤਰਨਤਾਰਨ ਨੇੜੇ ਪਿੰਡ ਸੇਰੋਂ 'ਚ 1920 ਨੂੰ ਹੋਇਆ। ਉਸ ਦਾ ਪਿਤਾ ਪਹਿਲਵਾਨ ਸੰਤਾ ਸਿੰਘ ਚਾਹੁੰਦਾ ਸੀ ਕਿ ਜੋਗਿੰਦਰ ਪੜ੍ਹ ਲਿਖ ਕੇ ਚੰਗਾ ਅਫ਼ਸਰ ਬਣੇ। ਪੰਜ ਸਾਲਾਂ ਦੇ ਜੋਗਿੰਦਰ ਨੂੰ ਸਕੂਲੇ ਭੇਜਿਆ ਗਿਆ ਪਰ ਸਕੂਲੇ ਪੜ੍ਹਾਈ 'ਚ ਦਿਲ ਨਾ ਲੱਗਣ ਕਰਕੇ ਉਨ੍ਹੀਂ ਪੈਰੀਂ ਵਾਪਸ ਘਰੇ ਮੁੜ ਆਇਆ। ਪਿਤਾ ਨੇ ਗੁੱਸੇ ਨਾਲ ਕਿਹਾ ਕਿ ਜਾਂ ਤਾਂ ਖੇਤੀ ਕਰ ਜਾਂ ਭਲਵਾਨੀ। ਤਾਂ ਜੋਗਿੰਦਰ ਸਿੰਘ ਨੇ ਭਲਵਾਨੀ ਨੂੰ ਪਹਿਲ ਦਿੱਤੀ। ਪਿਤਾ ਜੀ ਵੀ ਚਾਹੁੰਦੇ ਸਨ ਕਿ ਬੇਟਾ ਨਾਮਵਰ ਪਹਿਲਵਾਨ ਬਣੇ। ਜੋਗਿੰਦਰ ਹਲ ਵੀ ਵਾਹ ਲੈਂਦਾ ਸੀ ਪਰ ਉਸ ਨੂੰ ਪਹਿਲਵਾਨੀ ਕਰਨ ਦਾ ਸ਼ੌਕ ਸੀ।

ਪਿੰਡ ਸੇਰੋਂ ਵਿਖੇ ਡੇਰਾ ਬਾਬਾ ਸਧਾਵਾਵਾਲੇ ਦਾ ਛੋਟਾ ਜਿਹਾ ਪ੍ਰਸਿੱਧ ਡੇਰਾ ਸੀ, ਜਿੱਥੇ ਪਹਿਲਵਾਨੀ ਦਾ ਅਖਾੜਾ ਵੀ ਚਲਦਾ ਸੀ। ਇਸ ਅਖਾੜੇ 'ਚੋਂ ਨਾਮਵਰ ਪਹਿਲਵਾਨ ਠਾਕੁਰ ਸਿੰਘ, ਪੂਰਨ ਸਿੰਘ, ਵੱਸਣ ਸਿੰਘ, ਜਵੰਦ ਸਿੰਘ, ਜੋਗਿੰਦਰ ਸਿੰਘ, ਨਾਜਰ ਸਿੰਘ ਚੱਕ, ਸੁੱਚਾ ਸਿੰਘ ਜੌੜਾ, ਮਹਿੰਦਰ ਸਿੰਘ ਬੰਗਾਲੀਪੁਰੀਆ, ਫਤਹਿ ਸਿੰਘ, ਕਸ਼ਮੀਰ ਸਿੰਘ, ਕੇਹਰ ਸਿੰਘ ਤੇ ਸੁਮੇਰ ਸਿੰਘ ਹੋਏ ਹਨ। ਇਸ ਅਖਾੜੇ 'ਚ ਹੁਣ ਵੀ ਸਵੇਰੇ ਸਾਝਰੇ ਚਾਰ ਵਜੇ ਕਾਫੀ ਪਹਿਲਵਾਨ ਜ਼ੋਰ ਕਰਿਆ ਕਰਦੇ ਹਨ। ਜਦੋਂ ਵੀ ਇਸ ਪਿੰਡ 'ਚ ਕੋਈ ਲੜਕਾ ਜਨਮ ਲੈਂਦਾ ਹੈ ਤਾਂ ਉਸਨੂੰ ਰੁਮਾਲੀ ਤੇ ਜਾਂਗੀਏ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ। ਭਾਵ ਪਹਿਲਵਾਨੀ ਦਾ ਆਸ਼ੀਰਵਾਦ ਦਿੱਤਾ ਜਾਂਦਾ ਹੈ।

ਤਕੜਾ ਪਹਿਲਵਾਨ ਬਣਨ ਲਈ ਜੋਗਿੰਦਰ ਨੇ ਖੁੱਲ੍ਹੀ ਖੁਰਾਕ ਖਾਧੀ ਤੇ ਡੱਟ ਕੇ ਮਿਹਨਤ ਕੀਤੀ। ਪਹਿਲੀ ਕੁਸ਼ਤੀ ਬਾਬੇ ਸਧਾਣੇ ਦੇ ਸਰਗਲੀ ਵਾਲੇ ਮਿੰਦੂ ਨਾਲ ਕੀਤੀ। ਉਸ ਤੋਂ ਅਗਲੀ ਕੁਸ਼ਤੀ ਪਾਂਧੇ ਖਡੂਰੀਏ ਨਾਲ ਹੋਈ। ਇਹ ਫਸਵਾਂ ਘੋਲ ਬਰਾਬਰ ਰਿਹਾ। ਜੋਗਿੰਦਰ ਦੀਆਂ ਪਾਂਧੇ ਨਾਲ ਕਾਫੀ ਕੁਸ਼ਤੀਆਂ 'ਚੋਂ ਕੁਝ ਬਰਾਬਰ ਰਹੀਆਂ ਤੇ ਇਕ ਕੁਸ਼ਤੀ 'ਚ ਪਾਂਧੇ ਨੂੰ ਢਾਹਿਆ।

ਇਸ ਤਰ੍ਹਾਂ ਜੋਗਿੰਦਰ ਛਿੰਝਾਂ ਵਿਚ ਪਟਕੇ ਦੀਆਂ ਕੁਸ਼ਤੀਆਂ ਲੜਨ ਲੱਗਾ ਤੇ ਤਕੜੇ ਮੱਲਾਂ ਨੂੰ ਢਾਹੁਣ ਲੱਗਾ। ਕੁਸ਼ਤੀ ਦੇ ਹੋਰ ਗੁਰਮੰਤਰ ਸਿੱਖਣ ਲਈ ਪਹਿਲਵਾਨ ਹਰਨਾਮ ਸਿੰਘ ਵਰਾਵੇਂ ਨੂੰ ਉਸਤਾਦ ਧਾਰਿਆ। ਹਰਨਾਮ ਸਿੰਘ ਖੁਦ ਵੀ ਜੋਗਿੰਦਰ ਸਿੰਘ ਦਾ ਗੁਰੂ ਬਣਨਾ ਚਾਹੁੰਦਾ ਸੀ। ਕੁਝ ਚਿਰ ਹੋਰ ਕਰੜੀ ਮਿਹਨਤ ਕਰਕੇ ਹਰਨਾਮ ਸਿੰਘ ਜੋਗਿੰਦਰ ਨੂੰ ਭਰਤਪੁਰ ਦੇ ਰਾਜੇ ਕੋਲ ਲੈ ਗਿਆ। ਉਸ ਸਮੇਂ ਰਾਜੇ ਨੇ 100 ਰੁਪਿਆ ਤਨਖਾਹ ਅਤੇ ਮਰਜ਼ੀ ਮੁਤਾਬਕ ਖਾਣ ਪੀਣ ਦੀ ਖੁੱਲ੍ਹ ਦੇ ਦਿੱਤੀ। ਬਾਹਰੋਂ ਕੁਸ਼ਤੀਆਂ ਦੀ ਮਾਇਆ ਜੋਗਿੰਦਰ ਦੀ ਹੁੰਦੀ ਸੀ।

ਉਸ ਦੇ ਘਰ ਕਿਸੇ ਚੀਜ਼ ਦੀ ਕਮੀ ਨਹੀਂ ਸੀ ਕਿਉਂਕਿ ਉਸ ਦੇ ਬਾਬਾ ਜੀ ਦੀ ਸਾਰਾਗੜ੍ਹੀ ਦੇ ਮੈਦਾਨ-ਏ-ਜੰਗ ਵਿਚ ਸ਼ਹੀਦ ਹੋਣ ਕਰਕੇ 7 ਰੁਪਏ ਮਹੀਨਾ ਪੈਨਸ਼ਨ ਲੱਗੀ ਹੋਈ ਸੀ। ਘਰ ਵਿਚ ਲਵੇਰਾ ਹੋਣ ਦੇ ਬਾਵਜੂਦ ਵੀ ਪਿਤਾ ਸੰਤਾ ਸਿੰਘ ਭਾਂਡਾ ਲੈ ਕੇ ਲੋਕਾਂ ਦੇ ਘਰੋਂ ਘਰੀਂ ਜਾ ਕੇ ਦੁੱਧ ਘਿਓ ਹੋਰ ਮੁੱਲ ਲੈ ਆਉਂਦਾ।

ਭਰਤਪੁਰ ਦੇ ਰਾਜੇ ਨੇ ਜੋਗਿੰਦਰ ਦਾ ਵੱਡਾ ਘੋਲ ਕਾਲੇ ਪਹਿਲਵਾਨ ਨਾਲ ਕਰਾਇਆ। ਇਸ ਘੋਲ 'ਚ ਜੋਗਿੰਦਰ ਨੇ ਝੱਟ ਹੀ ਕਾਲੇ ਨੂੰ ਚਿੱਤ ਕਰ ਦਿੱਤਾ। ਭਰਤਪੁਰ ਇਕ ਸਾਲ ਰਹਿਣ ਤੋਂ ਬਾਅਦ ਜੋਗਿੰਦਰ ਦੀਵਾਸ ਦੇ ਰਾਜੇ ਕੋਲ ਚਲਿਆ ਗਿਆ। ਉਥੇ ਹੋਏ ਇਕ ਦੰਗਲ ਵਿਚ ਜਯੋਤੀ ਵਿਸ਼ਨੂੰ ਨੂੰ ਹਰਾਇਆ। ਇਥੇ ਰਹਿ ਕੇ ਜੋਗਿੰਦਰ ਨੇ ਕੁਸ਼ਤੀਆਂ ਕੀਤੀਆਂ ਤੇ ਚੰਗਾ ਪੈਸਾ ਕਮਾ ਕੇ ਗਹਿਣੇ ਪਈ ਜ਼ਮੀਨ ਛੁਡਾਈ।

ਇਕ ਵਾਰ ਜੋਗਿੰਦਰ ਘਰਦਿਆਂ ਨੂੰ ਪਿੰਡ ਮਿਲਣ ਆਇਆ ਤਾਂ ਸ਼ਰੀਕੇ ਵਾਲਿਆਂ ਨੇ ਜਾਣਬੁਝ ਕੇ ਲੜਾਈ ਕਰ ਲਈ। ਉਸ ਲੜਾਈ ਵਿਚ ਜੋਗਿੰਦਰ ਤੋਂ ਉਨ੍ਹਾਂ ਦੇ ਸੱਟਾਂ ਲੱਗ ਗਈਆਂ। ਇਸ ਝਗੜੇ 'ਚ ਪੈਸਾ ਜ਼ਿਆਦਾ ਖਰਚ ਹੋ ਗਿਆ ਤੇ ਜਲਦੀ ਵਾਪਸ ਆਉਣਾ ਪਿਆ। ਉਸ ਤੋਂ ਬਾਅਦ ਕੋਹਲਾਪੁਰ ਦਾ ਰਾਜਾ ਲੈ ਗਿਆ ਤੇ 200 ਰੁਪਏ ਤਨਖਾਹ ਨਾਲ ਰਾਸ਼ਨ ਪਾਣੀ ਮੁਫਤ ਦੇਣ ਦਾ ਵਾਅਦਾ ਕੀਤਾ। ਇਥੇ ਪ੍ਰਸਿੱਧ ਪਹਿਲਵਾਨ ਆਜ਼ਮ ਤੇ ਰੁਸਤਮੇ ਪਾਕਿਸਤਾਨ ਅਸਲਮ ਪੁੱਤਰ ਇਮਾਮਬਖਸ਼ ਨਾਲ ਬਰਾਬਰ ਕੁਸ਼ਤੀਆਂ ਲੜੀਆਂ। 47 ਦੇ ਲਗਭਗ ਹਮੀਦੇ ਪਹਿਲਵਾਨ ਨਾਲ ਕੁਸ਼ਤੀ ਹੋਈ।

ਇਨ੍ਹਾਂ ਕੁਸ਼ਤੀਆਂ ਤੋਂ ਬਾਅਦ ਕੋਹਲਾਪੁਰ ਤੋਂ ਦਿੱਲੀ ਆ ਕੇ ਜੋਗਿੰਦਰ ਨੇ ਨੱਥੇ ਤਰਨਤਾਰਨੀ ਨਾਲ ਕੁਸ਼ਤੀ ਕੀਤੀ। ਨੱਥਾ ਹਮੀਦੇ ਦਾ ਸ਼ਗਿਰਦ ਸੀ ਜੋ ਧੋਬੀ ਪਟਕਾ ਦਾਓ ਦਾ ਬਹੁਤ ਮਾਹਿਰ ਸੀ। ਵੱਡੇ ਵੱਡੇ ਪਹਿਲਵਾਨ ਇਸ ਦੇ ਇਸ ਦਾਅ ਤੋਂ ਚਲਦੇ ਸਨ। ਪਹਿਲਵਾਨ ਸੋਹਣ ਨਜ਼ਾਮ ਨੂੰ ਢਾਹੁਣ ਲੱਗੇ ਨੇ ਐਸਾ ਦਾਅ ਮਾਰਿਆ ਕਿ ਉਹਦੀ ਬਾਂਹ ਕੱਢ ਦਿੱਤੀ। ਜਦੋਂ ਜੋਗਿੰਦਰ ਦੀ ਕੁਸ਼ਤੀ ਨੱਥੇ ਨਾਲ ਹੋਣੀ ਤਹਿ ਹੋਈ ਤਾਂ ਜੋਗਿੰਦਰ ਉਸ ਦੇ ਧੋਬੀ ਪਟਕਾ ਦਾਓ ਤੋਂ ਪ੍ਰੇਸ਼ਾਨ ਹੋ ਗਿਆ ਤੇ ਇਸ ਦਾਓ ਤੋਂ ਬਚਣ ਲਈ ਸੋਚਣ ਲੱਗਾ। ਰੱਬ ਸਬੱਬੀ ਸੰਸਾਰ ਜੇਤੂ ਅਰਜਨ ਸਿੰਘ ਢੋਟੀ ਵੀ ਕੋਲ ਹੀ ਸੀ। ਅਰਜਨ ਢੋਟੀ ਤਕੜਾ ਮੱਲ ਅਤੇ ਉਮਰ 'ਚ ਵੱਡਾ ਹੋਣ ਕਰਕੇ ਜੋਗਿੰਦਰ ਉਹਦੀ ਇੱਜ਼ਤ ਬਹੁਤ ਕਰਦਾ ਸੀ। ਅਰਜਨ ਨੇ ਦਾਓ ਤੋਂ ਬਚਣ ਦਾ ਇਲਾਜ ਦੱਸਿਆ ਕਿ ਬਾਂਹ ਸਿੱਧੀ ਨਾ ਰੱਖੀਂ, ਖੰਭ ਬਣਾ ਕੇ ਰੱਖੀਂ। ਦੂਜੇ ਦਿਨ ਸਵੇਰੇ ਜਦੋਂ ਘੋਲ ਸ਼ੁਰੂ ਹੋਇਆ ਤਾਂ ਨੱਥੇ ਨੇ ਖੰਭ ਵਾਲੀ ਬਾਂਹ 'ਤੇ ਧੋਬੀ ਮਾਰੀ ਪਰ ਅਸਫਲ ਰਿਹਾ। ਉਸੇ ਵਕਤ ਜੋਗਿੰਦਰ ਨੇ ਅੱਗੇ ਵਧ ਕੇ ਇਕ ਦਾਓ ਮਾਰ ਕੇ ਨੱਥੇ ਨੂੰ ਥੱਲੇ ਸੁੱਟ ਲਿਆ ਤੇ ਧੌਣ 'ਤੇ ਗੋਡਾ ਰੱਖ ਕੇ ਢਾਹ ਮਾਰਿਆ। ਅਰਜਨ ਢੋਟੀ ਨੂੰ ਜੋਗਿੰਦਰ ਹੋਰ ਅੱਗੇ ਵਧਣ ਵਾਲਾ ਤਕੜਾ ਪਹਿਲਵਾਨ ਜਾਪਿਆ। ਉਹਨੇ ਹਰਨਾਮ ਸਿੰਘ ਤੋਂ ਸ਼ੇਰ ਖੋਹ ਲਿਆ ਤੇ ਜੋਗਿੰਦਰ ਦਾ ਨਵਾਂ ਉਸਤਾਦ ਹੁਣ ਅਰਜਨ ਢੋਟੀ ਸੀ। ਉਸ ਵੇਲੇ ਦਿੱਲੀ ਦੇ ਡਿਪਟੀ ਕਮਿਸ਼ਨਰ ਕੰਵਰ ਮਹਿੰਦਰ ਸਿੰਘ ਸਨ। ਇਥੇ ਹੀ ਪਹਿਲਵਾਨ ਖੜ੍ਹਕਾ ਸਾਧ ਅਤੇ ਗਾਜੀਪੁਰ ਦੇ ਰਾਜੇ ਦੇ ਵੱਡੇ ਪਹਿਲਵਾਨ ਮੰਗਲਾ ਨੂੰ ਮੂੰਧੇ ਮੂੰਹ ਸੁੱਟਿਆ।

ਇਥੋਂ ਹੀ ਜੋਗਿੰਦਰ ਦੇ ਕੁਸ਼ਤੀ ਜੀਵਨ ਦਾ ਰੁਖ ਬਦਲ ਗਿਆ। ਦੇਸੀ ਕੁਸ਼ਤੀ ਵਿਚ ਕੋਲਾ ਭਾਗੋਵਾਲੀਆ, ਕਰਮ ਸਿੰਘ ਸਠਿਆਲਾ ਤੇ ਮੇਹਰਦੀਨ ਬਾਣੀਏ ਨਾਲ ਵੱਡੇ ਘੋਲ ਕੀਤੇ। ਕਰਮ ਸਿੰਘ ਸਠਿਆਲਾ ਰੁਸਤਮੇ ਹਿੰਦ ਵੀ ਰਹਿ ਚੁੱਕੈ ਜੋ ਮਿਹਨਤ ਵਿਚ ਕਦੇ ਨਾਗਾ ਨਹੀਂ ਸੀ ਪਾਉਂਦਾ। ਸਭ ਤੋਂ ਪਹਿਲਾਂ ਸੈਂਕੜੇ ਡੰਡ, ਬੈਠਕਾਂ ਮਾਰਦਾ ਤੇ ਬਾਅਦ 'ਚ ਕਈ ਕਈ ਪਹਿਲਵਾਨਾਂ ਦਾ ਜ਼ੋਰ ਕਰਾਉਂਦਾ। ਖੂਹ ਗੇੜ ਕੇ ਸਭ ਨੂੰ ਨਹਾਉਂਦਾ ਤੇ 5



ਮੀਲ ਰੋਜ਼ਾਨਾ ਦੌੜ ਲਾਉਣੀ। ਖੁਰਾਕ ਵੀ ਦੱਬ ਕੇ ਇਕ ਸੇਰ ਪੱਕਾ ਦੇਸੀ ਘਿਓ ਤੇ ਕਿਲੋ ਬਦਾਮ ਤੋਂ ਇਲਾਵਾ ਤਿੰਨ ਸੇਰ ਮੀਟ ਦੀ ਯਖਣੀ ਖਾਂਦਾ ਸੀ।

ਜੋਗਿੰਦਰ ਦੇ ਚੜ੍ਹਾਈ ਵਾਲੇ ਦਿਨਾਂ 'ਚ 250 ਪੌਂਡ ਭਾਰ ਤੇ 52 ਇੰਚ ਛਾਤੀ ਅਤੇ 6 ਫੁੱਟ ਕੱਦ ਤੇ ਪੱਟਾਂ ਦੀ ਵਾਹਵਾ ਤਿਆਰੀ ਹੁੰਦੀ ਸੀ। ਅਰਜਨ ਢੋਟੀ ਨੇ ਅੰਗਰੇਜ਼ੀ ਕੁਸ਼ਤੀ ਸਿਖਾਈ ਤੇ 1948 ਨੂੰ ਪਹਿਲੀ ਵਾਰ ਦੋਨੋਂ ਸਿੰਗਾਪੁਰ ਗਏ। ਸਿੰਗਾਪੁਰ ਉਨ੍ਹੀਂ ਦਿਨੀਂ ਕਿੰਗਕਾਂਗ, ਦਾਰਾ ਸਿੰਘ ਦੁਲਚੀਪੁਰੀਆ, ਜੇ. ਜੀ. ਕ੍ਰਿਸਟੀਨ ਅਤੇ ਸਮਤੀ ਵਰਗੇ ਨਾਮੀ ਪਹਿਲਵਾਨ ਹੁੰਦੇ ਸਨ। ਜੋਗਿੰਦਰ ਸਿੰਘ ਨੇ ਕਿੰਗਕਾਂਗ ਨੂੰ ਸਿੰਘਾਪੁਰ, ਬੰਬਈ ਤੇ ਦਿੱਲੀ ਹਰਾਇਆ। ਜੋਗਿੰਦਰ ਨੇ ਦਾਰਾ ਦੁਲਚੀਪੁਰੀਆ ਨੂੰ ਵੀ ਢਾਹਿਆ। ਇਨ੍ਹਾਂ ਕੁਸ਼ਤੀਆਂ ਕਰਕੇ ਜਾਪਾਨ ਮਲੇਸ਼ੀਆ, ਇੰਡੋਨੇਸ਼ੀਆ ਤੇ ਜਕਾਰਤਾ ਵਿਚ ਬੇਹੱਦ ਨਾਂ ਤੇ ਨਾਵਾਂ ਕਮਾਇਆ। ਪੰਜ ਵਾਰ ਸਿੰਘਾਪੁਰ ਜਾਣ ਦਾ ਮੌਕਾ ਮਿਲਿਆ। ਉਥੋਂ ਹੀ ਜੋਗਿੰਦਰ ਤੇ ਢੋਟੀ ਅਮਰੀਕਾ ਆ ਕੇ 10 ਮਹੀਨੇ ਰਹੇ। ਅਰਜਨ ਢੋਟੀ ਤੇ ਜੋਗਿੰਦਰ ਦੀਆਂ ਕੁਸ਼ਤੀਆਂ ਦੇ ਗੋਰੇ ਵੀ ਦੀਵਾਨੇ ਹੁੰਦੇ ਸਨ।

ਫੀਨਿਕਸ ਦਾ ਟਿਡਬਾ ਪ੍ਰਮੋਟਰ ਜੋਗਿੰਦਰ ਨੂੰ ਆਸਟ੍ਰੇਲੀਆ, ਜਪਾਨ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਰਗੇ ਮੁਲਕਾਂ 'ਚ ਲਿਆ ਕੇ ਕੁਸ਼ਤੀਆਂ ਕਰਾਉਂਦਾ ਹੁੰਦਾ ਸੀ। ਇਨ੍ਹਾਂ ਮੁਲਕਾਂ 'ਚ ਵੀ ਜੋਗਿੰਦਰ ਦੀ ਝੰਡੀ ਰਹੀ ਤੇ ਸਭ ਨੂੰ ਹਰਾਇਆ। ਓਕਲਹੋਮਾ ਸ਼ਹਿਰ ਵਿਚ ਵਰਲਡ ਚੈਂਪੀਅਨਸ਼ਿਪ ਹੋਈ। ਇਥੇ 166 ਪਹਿਲਵਾਨਾਂ ਨੂੰ ਹਰਾਇਆ। 1952 ਵਿਚ ਜਿੰਮੀ ਲਾਂਸ ਨੂੰ ਹਰਾ ਕੇ ਸੰਸਾਰ ਜੇਤੂ ਬੈਲਟ ਪ੍ਰਾਪਤ ਕੀਤੀ। ਇੰਗਲੈਂਡ ਜਾਂਦੇ ਸਮੇਂ ਹੋਲਡਨ ਨੂੰ ਹਰਾ ਕੇ ਟਾਈਗਰ ਦਾ ਖ਼ਿਤਾਬ ਲਿਆ।

1952-53 ਵਿਚ ਦਾਰਾ ਸਿੰਘ ਦੁਲਚੀਪੁਰੀਆ ਨੂੰ ਇਕ ਕੇਸ 'ਚ ਸਜ਼ਾਏ-ਮੌਤ ਹੋ ਗਈ। ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਸਨ। ਰੂਸ ਦਾ ਪ੍ਰਧਾਨ ਖਰੁਸ਼ਚੋਵ ਭਾਰਤ ਦੇ ਦੌਰੇ 'ਤੇ ਆਇਆ। ਉਦੋਂ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਨ। ਖਰੁਸ਼ਚੋਵ ਹੋਰ ਖੇਡਾਂ ਤੋਂ ਇਲਾਵਾ ਕੁਸ਼ਤੀਆਂ ਵੇਖਣ ਦਾ ਵੀ ਕਾਫੀ ਸ਼ੌਕੀਨ ਸੀ। ਉਸ ਵੇਲੇ ਦਾਰਾ ਸਿੰਘ ਜੇਲ੍ਹ ਵਿਚ ਸੀ। ਖਰੁਸ਼ਚੋਵ ਨੂੰ ਖੁਸ਼ ਕਰਨ ਲਈ ਦਾਰਾ ਸਿੰਘ ਦੀ ਕੁਸ਼ਤੀ ਜੋਗਿੰਦਰ ਸਿੰਘ ਨਾਲ ਕਰਾਈ ਗਈ। ਦਾਰਾ ਸਿੰਘ ਦੀ ਸਜ਼ਾ ਮੁਆਫ ਕਰਾਉਣ ਲਈ ਜੋਗਿੰਦਰ ਹਾਰ ਗਿਆ। ਰੂਸ ਦੇ ਪ੍ਰਧਾਨ ਨੇ ਪੰਡਿਤ ਨਹਿਰੂ ਨੂੰ ਦਾਰਾ ਦੁਲਚੀਪੁਰ ਬਾਰੇ ਪੁੱਛਿਆ ਤਾਂ ਪੰਡਿਤ ਨਹਿਰੂ ਨੇ ਦੱਸਿਆ ਕਿ ਇਹ ਪੰਜਾਬੀ ਹੈ ਜੋ ਇਕ ਕਤਲ ਕੇਸ ਵਿਚ ਫਿਰੋਜ਼ਪੁਰ ਜੇਲ੍ਹ ਵਿਚ ਬੰਦ ਹੈ। ਰੂਸੀ ਪ੍ਰਧਾਨ ਦੇ ਜ਼ੋਰ ਪਾਉਣ 'ਤੇ ਪੰਡਿਤ ਨਹਿਰੂ ਨੂੰ ਨਾ ਚਾਹੁੰਦੇ ਹੋਏ ਵੀ ਦਾਰਾ ਸਿੰਘ ਨੂੰ ਰਿਹਾ ਕਰਨਾ ਪਿਆ। ਛੇ ਫੁੱਟ ਨੌਂ ਇੰਚ ਲੰਬੇ ਕੱਦ ਵਾਲਾ ਦਾਰਾ ਸਿੰਘ ਬਣਦਾ ਫੱਬਦਾ ਪਹਿਲਵਾਨ ਸੀ ਜੋ ਸਾਰੀ ਉਮਰ ਜੋਗਿੰਦਰ ਸਿੰਘ ਦਾ ਅਹਿਸਾਨਮੰਦ ਰਿਹਾ। ਪ੍ਰਸਿੱਧ ਫਿਲਮ ਅਭਿਨੇਤਾ, ਪ੍ਰੋਡਿਊਸਰ ਤੇ ਪਹਿਵਲਾਨ ਦਾਰਾ ਸਿੰਘ ਧਰਮੂੰਚੱਕ ਵਾਲੇ ਨੂੰ ਫਰੀ ਸਟਾਈਲ ਕੁਸ਼ਤੀਆਂ ਦੀ ਟਰੇਨਿੰਗ ਜੋਗਿੰਦਰ ਸਿੰਘ ਨੇ ਹੀ ਦਿੱਤੀ ਜਿਸ ਕਰਕੇ ਸਾਰੀ ਉਮਰ ਦੋਨਾਂ ਦਾ ਪਿਆਰ ਮੁਹੱਬਤ ਬਣਿਆ ਰਿਹਾ। ਦਾਰਾ ਸਿੰਘ ਨੇ ਜੋਗਿੰਦਰ ਨੂੰ ਫ਼ਿਲਮਾਂ 'ਚ ਕੰਮ ਕਰਨ ਲਈ ਪ੍ਰੇਰਿਆ ਜਿਸ 'ਤੇ ਉਸ ਨੇ ਮਹਾਭਾਰਤ, ਨੌਜਵਾਨ, ਦੁੱਲਾ ਭੱਟੀ, ਆਂਧੀ ਔਰ ਤੂਫਾਨ, ਜੱਗਾ ਵੀਰ, ਭੀਮਸੈਨ, ਬਲਰਾਮ ਅਤੇ ਸ਼੍ਰੀ ਕ੍ਰਿਸ਼ਨ ਵਰਗੀਆਂ ਫ਼ਿਲਮਾਂ 'ਚ ਭੂਮਿਕਾ ਨਿਭਾਈ।

ਪੁਰਾਣੇ ਭਲਵਾਨਾਂ ਦਾ ਇਤਿਹਾਸ ਲਿਖਣ ਵਾਲੇ ਬਲਵੀਰ ਸਿੰਘ ਕੰਵਲ ਇੰਗਲੈਂਡ ਵਾਲੇ ਦੇ ਦੱਸਣ ਅਨੁਸਾਰ, ਜੋਗਿੰਦਰ ਟਾਈਗਰ ਜਦੋਂ ਸੜਕ 'ਤੇ ਤੁਰਦਾ ਸੀ ਤਾਂ ਟਰੱਕਾਂ ਵਾਲੇ ਟਰੱਕ ਨੂੰ ਥੋੜ੍ਹਾ ਰੋਕ ਕੇ ਫਿਰ ਤੁਰ ਪੈਂਦੇ ਸਨ। ਲੋਕੀਂ ਦਰਸ਼ਨ ਕਰਨ ਲਈ ਇਹਦੇ ਮਗਰ ਹੋ ਤੁਰਦੇ। ਕਿਉਂਕਿ ਜਦੋਂ ਟਾਈਗਰ ਤੁਰਦਾ ਸੀ ਤਾਂ ਸਾਰੀ ਸੜਕ ਭਰੀ ਲੱਗਦੀ ਸੀ। ਜਿਥੇ ਵੀ ਜਾਂਦਾ, ਰੌਣਕਾਂ ਲੱਗ ਜਾਂਦੀਆਂ ਸਨ। ਯਾਰਾਂ, ਦੋਸਤਾਂ ਦਾ ਦੁੱਖ ਮੰਨਣ ਵਾਲਾ ਨੇਕ ਇਨਸਾਨ ਸੀ।

ਪਹਿਲਵਾਨ ਸ਼ੰਮੀ ਗਿੱਲ ਦੇ ਪਿਤਾ ਪ੍ਰਿੰਸੀਪਲ ਕਸ਼ਮੀਰਾ ਸਿੰਘ ਭਲਵਾਨ ਅਤੇ ਟਾਈਗਰ ਕਈ ਦੰਗਲਾਂ 'ਚ ਇਕੱਠੇ ਹੁੰਦੇ ਰਹੇ। ਕਸ਼ਮੀਰਾ ਸਿੰਘ ਦੇ ਕਥਨ ਮੁਤਾਬਕ ਟਾਈਗਰ ਵਾਕਿਆ ਟਾਈਗਰ ਸੀ, ਜਿਸ ਨੇ ਖੁੱਲ੍ਹੀ ਖੁਰਾਕ ਅਤੇ ਡੰਡ ਬੈਠਕਾਂ ਨਾਲ ਸਰੀਰ ਲੱਠ ਵਰਗਾ ਬਣਾਇਆ ਹੋਇਆ ਸੀ। ਵੇਖਣ ਨੂੰ ਵੇਟ ਲਿਫਟਰ ਲੱਗਦਾ ਸੀ ਪਰ ਸਰੀਰ 'ਤੇ ਭੋਰਾ ਫੈਟ ਨਹੀਂ ਸੀ। ਪ੍ਰਿੰਸੀਪਲ ਕਸ਼ਮੀਰ ਸਿੰਘ ਅੱਜ ਵੀ ਟਾਈਗਰ ਦੀਆਂ ਗੱਲਾਂ ਕਰਕੇ ਪੁਰਾਣੀਆਂ ਯਾਦਾਂ ਤਾਜ਼ਾ ਕਰ ਰਿਹੈ।

ਨਿਊ ਯਾਰਕ ਵਾਲੇ ਕੁਲਦੀਪ ਭਲਵਾਨ ਦਾ ਪਿੰਡ ਲੱਖਣਾਂ ਜੋਗਿੰਦਰ ਦੇ ਪਿੰਡ ਸੇਰੋਂ ਕੋਲ ਹੀ ਹੈ ਜੋ ਪੁਰਾਣੇ ਬਜ਼ੁਰਗਾਂ ਤੋਂ ਸੁਣੀਆਂ ਪੁਰਾਣੀਆਂ ਬਾਤਾਂ ਅੱਜ ਵੀ ਸੁਣਾ ਕੇ ਇਤਿਹਾਸ ਨੂੰ ਤਾਜ਼ਾ ਕਰ ਰਿਹੈ।

ਆਪਣੇ ਵੱਖਰੇ ਇਤਿਹਾਸ ਦੇ ਮਾਲਕ ਰੁਸਤਮੇ ਹਿੰਦ ਜੋਗਿੰਦਰ ਟਾਈਗਰ ਨੇ ਜ਼ਿੰਦਗੀ 'ਚ ਵੱਡੇ ਵੱਡੇ ਪਹਿਲਵਾਨਾਂ ਨਾਲ ਬੇਅੰਤ ਕੁਸ਼ਤੀਆਂ ਕਰਕੇ ਦੇਸ਼ਾਂ-ਵਿਦੇਸ਼ਾਂ 'ਚ ਧੁੰਮਾਂ ਪਾਈਆਂ। ਹਰ ਪ੍ਰਾਣੀ ਦੀ ਤਰ੍ਹਾਂ ਇਹ ਬੱਬਰ ਸ਼ੇਰ ਵੀ ਆਪਣੀ ਉਮਰ ਭੋਗ ਕੇ 1990 ਨੂੰ ਆਪਣੇ ਪਰਿਵਾਰ, ਯਾਰਾਂ ਦੋਸਤਾਂ, ਪਹਿਲਵਾਨਾਂ ਅਤੇ ਮਹਾਨ ਭਾਰਤ ਨੂੰ ਸੁੰਨਿਆਂ ਕਰਕੇ ਹਮੇਸ਼ਾ ਲਈ ਵਿਛੜ ਗਿਆ। ਸ਼ਮਸ਼ਾਨਭੂਮੀ ਤੱਕ ਲਿਜਾਣ ਵੇਲੇ ਕਈ ਮਿੱਤਰ ਪਿਆਰਿਆਂ ਨੇ ਮੋਢਾ ਦਿੱਤਾ। ਵਜ਼ਨ ਜ਼ਿਆਦਾ ਹੋਣ ਕਰਕੇ ਅਰਥੀ ਦਾ ਫੱਟਾ ਟੁੱਟ ਗਿਆ। ਫਿਰ ਟਰਾਲੀ 'ਤੇ ਪਾ ਕੇ ਸ਼ਮਸ਼ਾਨਭੂਮੀ ਤਕ ਲੈ ਕੇ ਗਏ। ਬੇਹਿਸਾਬ ਪ੍ਰਸ਼ੰਸਕਾਂ ਤੋਂ ਇਲਾਵਾ ਨਾਮੀ ਪਹਿਲਵਾਨ ਕਰਮ ਸਿੰਘ ਸਠਿਆਲਾ, ਵੱਸਣ ਸਿੰਘ, ਆਲਮਗੀਰ ਅਖਾੜੇ ਤੋਂ ਸਿਕੰਦਰ, ਫੱਤਾ, ਕੇਹਰ, ਸੁਮੇਰ, ਰਾਮ ਕ੍ਰਿਸ਼ਨ, ਦਾਰ ਸਿੰਘ ਅਤੇ ਡੀ. ਆਈ. ਜੀ. ਪਹਿਲਵਾਨ ਸੁਖਵੰਤ ਸਿੰਘ ਨੇ ਇਸ ਗਮਗੀਨ ਘੜੀ 'ਚ ਸ਼ਰੀਕ ਹੋ ਕੇ ਭਾਰਤ ਦੇ ਟਾਈਗਰ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

*917-375-6395


ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।

www.Raunkmela.com

Enjoy Live Radio Show

Every Sun: 9am-9.30am

(Central Time)

on 1590AM

or on Internet.

Since 1983



ਮੇਜ਼ਬਾਨ: ਪੰਮੀ ਗਿੱਲ



ਖਾਲਸਾ ਲੋਕ ਭਲਾਈ ਟਰੱਸਟ, ਕਾਲੇਕੇ (ਬਰਨਾਲਾ)

ਪੰਜਾਬ ਵਿਚ ਗਰੀਬ ਲੜਕੀਆਂ ਦੇ ਵਿਆਹ ਕਰਨ ਲਈ

ਦਾਨੀ ਸੱਜਣਾਂ ਨੂੰ ਬੇਨਤੀ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਿਰਪਾ ਨਾਲ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਖਾਲਸਾ ਲੋਕ ਭਲਾਈ ਟਰੱਸਟ (ਕਾਲੇਕੇ) ਵਲੋਂ ਪਿੰਡ ਕਾਲੇਕੇ (ਤਹਿਸੀਲ ਧਨੌਲਾ, ਜ਼ਿਲਾ ਬਰਨਾਲਾ) ਦਾਣਾ ਮੰਡੀ 'ਚ 7 ਫਰਵਰੀ, 2010 (ਦਿਨ ਐਤਵਾਰ) ਨੂੰ ਗਰੀਬ ਲੜਕੀਆਂ ਦੇ ਵਿਆਹ ਕੀਤੇ ਜਾ ਰਹੇ ਹਨ। ਜੇ ਕੋਈ ਦਾਨੀ ਸੱਜਣ ਇਸ ਯੱਗ ਵਿਚ ਆਪਣੇ ਦਸਵੰਧ ਰਾਹੀਂ ਹਿੱਸਾ ਪਾਉਣਾ ਚਾਹੁੰਦਾ ਹੈ ਤਾਂ ਹੇਠਾਂ ਦਿੱਤੇ ਫੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*ਹੋਰ ਜਾਣਕਾਰੀ ਲਈ ਸੰਪਰਕ ਕਰੋ*

ਬਾਬਾ ਬਲਬੀਰ ਸਿੰਘ ਕਾਲੇਕੇ, ਫੋਨ:971-240-3350

# ਪੁਲਿਸ ਦੇ ਕੰਮਕਾਰ ’ਚ ਰਾਜਸੀ ਦਖਲਅੰਦਾਜ਼ੀ ਹੀ ਪੁਆੜੇ ਦੀ ਜੜ੍ਹ

**–ਜਤਿੰਦਰ ਪਨੂੰ**

ਪੰਜਾਬ ਵਿਚ ਦਿਨੋਂ-ਦਿਨ ਵਿਗੜ ਰਹੀ ਅਮਨ-ਕਾਨੂੰਨ ਦੀ ਹਾਲਤ ਦਾ ਜ਼ਿਕਰ ਸਾਡੇ ਸਮੇਤ ਹਰ ਜ਼ਿੰਮੇਵਾਰ ਕਲਮ ਨੇ ਪਿਛਲੇ ਸਮੇਂ ਵਿਚ ਵਾਰ-ਵਾਰ ਕੀਤਾ ਹੈ। ਇਹ ਤਾਂ ਚਿਰਾਂ ਤੋਂ ਜਾਪਦਾ ਸੀ ਕਿ ਜੋ ਕੁਝ ਨਿੱਤ ਵਾਪਰ ਰਿਹਾ ਹੈ, ਉਹ ਕਿਸੇ ਦਿਨ ਵੱਡੇ ਬਖੇੜੇ ਦਾ ਕਾਰਨ ਬਣ ਸਕਦਾ ਹੈ, ਪਰ ਜੋ ਕੁਝ ਲੁਧਿਆਣੇ ਵਿਚ ਤਿੰਨ ਤੇ ਚਾਰ ਦਸੰਬਰ ਦੇ ਦਿਨ ਸਾਹਮਣੇ ਆਇਆ, ਉਸ ਦਾ ਕਿਆਸ ਕਿਸੇ ਨੇ ਵੀ ਨਹੀਂ ਸੀ ਕੀਤਾ। ਪੰਜ ਦਸੰਬਰ ਦੀ ਚਰਚਾ ਅਸੀਂ ਹਾਲੇ ਨਹੀਂ ਕਰ ਰਹੇ। ਚਾਰ ਦਸੰਬਰ ਨੂੰ ਅੱਧਾ ਸ਼ਹਿਰ ਕਰਫਿਊ ਦੀ ਕੁੜਿੱਕੀ ਵਿਚ ਦੇਣਾ ਪੈ ਗਿਆ। ਜ਼ਿਲੇ ਦੀ ਪੁਲਸ ਨੂੰ ਭਾਜੜ ਪਾਉਣੀ ਤਾਂ ਕਿਧਰੇ ਰਹੀ, ਫੌਜ ਦੀਆਂ ਗੱਡੀਆਂ ਵੀ ਪ੍ਰਦਰਸ਼ਨਕਾਰੀਆਂ ਨੇ ਘੇਰ ਕੇ ਸਾੜ ਦਿੱਤੀਆਂ।ਚੰਡੀਗੜ੍ਹ ਤੋਂ ਉਚੇਚੇ ਆਏ ਐਡੀਸ਼ਨਲ ਡੀ. ਜੀ. ਪੀ. ਨੂੰ ਕਮਾਨ ਆਪਣੇ ਹੱਥ ਲੈਣੀ ਪੈ ਗਈ। ਪੰਜਾਬ ਦਾ ਪੁਲਸ ਮੁਖੀ ਭਾਵੇਂ ਹਾਲਾਤ ਕਾਬੂ ਹੇਠ ਹੋਣ ਦੀ ਕਥਾ ਕਰਦਾ ਰਿਹਾ, ਹਕੀਕਤ ਵਿਚ ਹਰ ਪਾਸੇ ਗੜਬੜ-ਚੌਥ ਤੇ ਭੰਨ-ਤੋੜ ਕਰਨ ਵਾਲਿਆਂ ਦਾ ਬੋਲਬਾਲਾ ਸੀ ਤੇ ਸਥਿਤੀ ਪ੍ਰਵਾਸੀ ਮਜ਼ਦੂਰਾਂ ਅਤੇ ਸਥਾਨਕ ਲੋਕਾਂ ਵਿਚਾਲੇ ਟਕਰਾਅ ਤੱਕ ਵੀ ਪਹੁੰਚ ਗਈ ਸੀ। ਹਾਲਾਤ ਭਾਵੇਂ ਪੰਜ ਦਸੰਬਰ ਨੂੰ ਨੂਰਮਹਿਲੀਏ ਸੰਤ ਆਸ਼ੂਤੋਸ਼ ਦਾ ਸਮਾਗਮ ਰੋਕਣ ਤੁਰੀਆਂ ਸਿੱਖ ਜਥੇਬੰਦੀਆਂ ਤੇ ਪੁਲਸ ਦੀ ਭੇੜ ਨੇ ਹੋਰ ਵੀ ਵਿਗਾੜੇ, ਪਰ ਅਸੀਂ ਇਨ੍ਹਾਂ ਨੂੰ ਵੱਖਰੇ ਚੌਖਟੇ ਵਿਚ ਰੱਖ ਕੇ ਉਸ ਤੋਂ ਪਹਿਲੇ ਦੋ ਦਿਨਾਂ ਦੀ ਗੱਲ ਹੀ ਕਰਨਾ ਚਾਹੁੰਦੇ ਹਾਂ। ਇਸ ਬਾਰੇ ਕਿਹਾ ਜਾ ਰਿਹਾ ਹੈ ਕਿ ਛੋਟੀ ਜਿਹੀ ਬਾਤ ਦਾ ਐਵੇਂ ਹੀ ਬਤੰਗੜ ਬਣ ਗਿਆ। ਵੇਖਣ ਨੂੰ ਭਾਵੇਂ ਇਹੋ ਲੱਗਦਾ ਹੈ ਕਿ ਇਕ ਮਜ਼ਦੂਰ ਦੀ ਲੁੱਟੇ ਜਾਣ ਦੀ ਸ਼ਿਕਾਇਤ ਦਰਜ ਨਾ ਹੋਣ ਕਾਰਨ ਪ੍ਰਵਾਸੀ ਮਜ਼ਦੂਰ ਭੜਕ ਉਠੇ ਸਨ, ਪਰ ਮਾਮਲਾ ਏਨਾ ਸਾਦਾ ਨਹੀਂ। ਇਹ ਸਿਰਫ ਇਕ ਘਟਨਾ ਦਾ ਨਹੀਂ, ਘਟਨਾਵਾਂ ਦੀ ਪੂਰੀ ਲੜੀ ਦਾ ਪ੍ਰਤੀਕਰਮ ਸੀ। ਪਿਛਲੇ ਕਈ ਮਹੀਨਿਆਂ ਤੋਂ ਹਰ ਮਹੀਨੇ ਦੇ ਪਹਿਲੇ ਸੱਤ ਦਿਨ ਤਨਖਾਹਾਂ ਲੈ ਕੇ ਕਾਰਖਾਨਿਆਂ ‘ਚੋਂ ਨਿਕਲਦੇ ਮਜ਼ਦੂਰ ਇਕੱਲੇ-ਇਕੱਲੇ ਘੇਰ ਕੇ ਲੁੱਟੇ ਜਾ ਰਹੇ ਸਨ ਤੇ ਹਰ ਮਾਮਲੇ ਵਿਚ ਇਹੋ ਹੁੰਦਾ ਸੀ ਕਿ ਪੁਲਿਸ ਰਿਪੋਰਟ ਦਰਜ ਕੀਤੇ ਬਿਨਾਂ ਫੋਕੇ ਦਿਲਾਸੇ ਦੇ ਕੇ ਤੋਰ ਦਿੰਦੀ ਸੀ। ਸਥਿਤੀ ਕਾਫੀ ਗੰਭੀਰ ਸੀ ਤੇ ਇਸ ਗੱਲ ਨੂੰ ਉਹ ਕਾਰਖਾਨੇਦਾਰ ਵੀ ਮਹਿਸੂਸ ਕਰਦੇ ਸਨ, ਜਿਨ੍ਹਾਂ ਕੋਲ ਇਹ ਮਜ਼ਦੂਰ ਕੰਮ ਕਰਦੇ ਸਨ। ਖ਼ੁਦ ਕਾਰਖਾਨੇਦਾਰਾਂ ਨੇ ਵੀ ਜਦੋਂ ਦੁਹਾਈ ਪਾਈ ਤਾਂ ਜ਼ਿਲੇ ਦੇ ਪੁਲਸ ਮੁਖੀ ਨੇ ਉਸ ਇਲਾਕੇ ਵਿਚ ਜਾ ਕੇ ਲੋਕਾਂ ਨਾਲ ਮੀਟਿੰਗ ਲਾ ਕੇ ਹਾਲਾਤ ਸੁਧਾਰਨ ਦਾ ਯਕੀਨ ਦਿਵਾਇਆ ਸੀ। ਆਸ ਤਾਂ ਲੋਕਾਂ ਨੂੰ ਬਹੁਤ ਸੀ ਪਰ ਹਾਲਾਤ ਨਹੀਂ ਸਨ ਸੁਧਰੇ। ਲੁੱਟਾਂ-ਖੋਹਾਂ ਨਾ ਸਿਰਫ ਹੁੰਦੀਆਂ ਰਹੀਆਂ, ਸਗੋਂ ਹੋਰ ਵਧ ਗਈਆਂ ਸਨ, ਪਰ ਇਹ ਵਿਗੜੇ ਹਾਲਾਤ ਵੀ ਪੁਲਸ ਦੇ ਸਥਾਨਕ ਅਮਲੇ ਨੂੰ ਪ੍ਰਭਾਵਤ ਨਹੀਂ ਸੀ ਕਰ ਸਕੇ।

ਪੰਜਾਬ ਭਰ ਵਿਚ ਪੁਲਸ ਦੇ ਥਾਣਾ ਜਾਂ ਸਬ ਡਵੀਜ਼ਨ ਪੱਧਰ ਦੇ ਅਧਿਕਾਰੀ ‘ਛੋਟੀ-ਮੋਟੀ’ ਵਾਰਦਾਤ ਦੀ ਰਿਪੋਰਟ ਦਰਜ ਨਹੀਂ ਕਰਦੇ ਕਿਉਂਕਿ ਇਸ ਨਾਲ ਉਨ੍ਹਾਂ ਦੇ ਇਲਾਕੇ ਵਿਚ ਅਪਰਾਧਾਂ ਦੀ ਗਿਣਤੀ ਵਧ ਗਈ ਮੰਨੀ ਜਾਂਦੀ ਹੈ। ਮਿਸਾਲ ਵਜੋਂ ਕਿਸੇ ਦਾ ਮੋਬਾਈਲ ਫੋਨ ਜਾਂ ਪਰਸ ਖੋਹਿਆ ਜਾਵੇ ਤਾਂ ਪੁਲਸ ਵਾਲੇ ਇਹ ਸਲਾਹ ਖ਼ੁਦ ਹੀ ਦਿੰਦੇ ਹਨ ਕਿ ਖੋਹੇ ਜਾਣ ਦੀ ਥਾਂ ਕਿਧਰੇ ਗਵਾਚ ਗਿਆ ਹੋਣ ਦੀ ਰਿਪੋਰਟ ਦਰਜ ਕਰਵਾ ਕੇ ਨਵਾਂ ਲੈ ਲਵੋ। ਕਾਰਨ ਇਸ ਦਾ ਇਹ ਕਿ ਜੇ ‘ਖੋਹਿਆ ਗਿਆ’ ਦੀ ਰਿਪੋਰਟ ਦਰਜ ਕੀਤੀ ਤਾਂ ਫਿਰ ਵਾਰਦਾਤ ਹੋਈ ਮੰਨ ਕੇ ਜਾਂਚ ਵੀ ਕਰਨੀ ਪਵੇਗੀ, ਜਿਸ ਤੋਂ ਪੁਲਸ ਬਚਣਾ ਚਾਹੁੰਦੀ ਹੈ, ਜਦਕਿ ਗੁੰਮ ਹੋਏ ਦੀ ਜਾਂਚ ਨਹੀਂ ਕਰਨੀ ਪੈਂਦੀ। ਇਹ ਕੰਮ ਆਮ ਹੁੰਦਾ ਹੈ। ਜਿਨ੍ਹਾਂ ਲੋਕਾਂ ਦੇ ਮੋਬਾਈਲ ਜਾਂ ਡਰਾਈਵਿੰਗ ਲਾਇਸੈਂਸ ਜਾਂ ਕਾਰਡ ਖੋਹੇ ਜਾਣ, ਉਹ ਤਾਂ ਏਦਾਂ ਦੀ ਰਿਪੋਰਟ ਦਰਜ ਕਰਵਾ ਸਕਦੇ ਹਨ, ਜਿਸ ਮਜ਼ਦੂਰ ਦੀ ਮਹੀਨੇ ਦੀ ਤਨਖਾਹ ਖੋਹ ਲਈ ਜਾਵੇ, ਉਹ ਨਹੀਂ ਕਰਵਾ ਸਕਦਾ। ਉਹਦੇ ਲਈ ਰਿਪੋਰਟ ਨਾਲੋਂ ਵਧ ਅਹਿਮ ਸਮੱਸਿਆ ਬਾਕੀ ਮਹੀਨਾ ਭਰ ਚੁੱਲ੍ਹਾ ਗਰਮ ਰੱਖਣ ਦੀ ਹੁੰਦੀ ਹੈ, ਜਿਸ ਨੂੰ ਪੁਲਸ ਨਹੀਂ ਸਮਝ ਸਕਦੀ।

ਲੁਧਿਆਣੇ ਵਿਚ ਤਿੰਨ ਦਸੰਬਰ ਦੀ ਸ਼ਾਮ ਨੂੰ ਸੰਬੰਧਤ ਪੁਲਸ ਚੌਕੀ ਦੇ ਮੁਲਾਜ਼ਮਾਂ ਦੀ ਇਸੇ ਗੈਰ-ਜ਼ਿੰਮੇਵਾਰਾਨਾ ਕੋਸ਼ਿਸ਼ ਨੇ ਪੁਆੜਾ ਪਾਇਆ ਸੀ। ਰੋਜ਼-ਰੋਜ਼ ਦੀਆਂ ਵਾਰਦਾਤਾਂ ਤੋਂ ਤੰਗ ਆਏ ਪਏ ਦੂਜੇ ਰਾਜਾਂ ਤੋਂ ਆਏ ਹੋਏ ਮਜ਼ਦੂਰ ਇਕੱਠੇ ਹੋਏ ਤੇ ਉਨ੍ਹਾਂ ਨੇ ਭੰਨ-ਤੋੜ ਸ਼ੁਰੂ ਕਰ ਦਿੱਤੀ ਸੀ। ਕੁਝ ਲੋਕਾਂ ਨੇ ਇਸ ਨੂੰ ਪ੍ਰਵਾਸੀ ਮਜ਼ਦੂਰਾਂ ਦੀ ਹੁੱਲੜਬਾਜ਼ੀ ਕਰਾਰ ਦਿੱਤਾ ਤੇ ‘ਪੰਜਾਬੀ ਬਨਾਮ ਪਰਵਾਸੀ’ ਦਾ ਮੁੱਦਾ ਬਣਾਉਣ ਦੀ ਕੋਸ਼ਿਸ਼ ਵੀ ਕੀਤੀ। ਸਾਨੂੰ ਇਸ ਗੱਲ ਨੂੰ ਆਸਟਰੇਲੀਆ ਦੇ ਮੈਲਬੋਰਨ ਸ਼ਹਿਰ ਅੰਦਰ ਰਾਤ ਨੂੰ ਕੰਮ ਤੋਂ ਮੁੜਦੇ ਲੁੱਟੇ ਜਾਂਦੇ ਭਾਰਤੀ ਮੁੰਡਿਆਂ ਦੀਆਂ ਘਟਨਾਵਾਂ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ। ਜਿਵੇਂ ਉਹ ਮੁੰਡੇ ਇਕੱਲੇ-ਇਕੱਲੇ ਲੁੱਟੇ ਜਾਂਦੇ ਹਨ, ਇਕ ਦਿਨ ਇਕੱਠੇ ਸੜਕਾਂ ‘ਤੇ ਨਿਕਲ ਆਏ ਸਨ, ਉਵੇਂ ਹੀ ਲੁਧਿਆਣੇ ਦੇ ਪ੍ਰਵਾਸੀ ਮਜ਼ਦੂਰ ਵੀ ਨਿਕਲੇ ਹਨ। ਆਸਟਰੇਲੀਆ ਦੇ ਆਮ ਲੋਕ ਨਸਲਵਾਦੀ ਨਹੀਂ ਤੇ ਸਿਰਫ ਮੁੱਠੀ ਭਰ ਨਸ਼ੇੜੀ ਹੀ ਰਾਤ ਬਰਾਤੇ ਏਦਾਂ ਦੀਆਂ ਵਾਰਦਾਤਾਂ ਕਰਦੇ ਹਨ। ਏਥੇ ਵੀ ਪੰਜਾਬੀ ਲੋਕ ਆਮ ਕਰਕੇ ਚੰਗੇ ਹਨ, ਪਰ ਨਸ਼ੇੜੀ ਕਿਸਮ ਦੇ ਛੋਕਰੇ ਵੀ ਹੁਣ ਹਰ ਪਿੰਡ ਤੇ ਹਰ ਸ਼ਹਿਰ ਵਿਚ ਵਾਰਦਾਤਾਂ ਕਰਦੇ ਫਿਰ ਰਹੇ ਹਨ। ਜਦੋਂ ਰੋਜ਼ ਦਾ ਖੋਹ-ਖਿੰਝ ਤੋਂ ਤੰਗ ਆ ਕੇ ਪ੍ਰਵਾਸੀ ਮਜ਼ਦੂਰ ਰੋਸ ਕਰਨ ਨਿਕਲੇ ਤਾਂ ਉਨ੍ਹਾਂ ਨੂੰ ਵੀ ਸਥਾਨਕ ਲੋਕਾਂ ਨਾਲ ਟਕਰਾਅ ਦਾ ਰਾਹ ਨਹੀਂ ਫੜਨਾ ਚਾਹੀਦਾ ਸੀ ਤੇ ਸਥਾਨਕ ਪੰਜਾਬੀ ਲੋਕਾਂ ਨੂੰ ਵੀ ਹੁਣ ਇਸ ਗੱਲ ਨੂੰ ਬਹੁਤਾ ਵੱਡਾ ਮੁੱਦਾ ਨਹੀਂ ਬਣਾਉਣਾ ਚਾਹੀਦਾ। ਇਕ ਦੋ ਅਖ਼ਬਾਰਾਂ ਨੇ ਇਸ ਤਰ੍ਹਾਂ ਦੇ ਟਕਰਾਅ ਦਾ ਮਾਹੌਲ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਸ਼ੁਕਰ ਹੈ ਕਿ ਉਨ੍ਹਾਂ ਦੀ ਗੱਲ ਬਹੁਤੀ ਮੰਨੀ ਨਹੀਂ ਗਈ।

ਜੋ ਵੀ ਹੋਵੇ, ਲੁਧਿਆਣੇ ਵਿਚ ਹੋਏ-ਵਾਪਰੇ ਨੂੰ ਨਾ ਤਾਂ ਇਕੱਲੇ ‘ਪ੍ਰਵਾਸੀ ਮਜ਼ਦੂਰਾਂ ਦੀ ਲੁੱਟ’ ਮੰਨਣਾ ਚਾਹੀਦਾ ਹੈ ਤੇ ਨਾ ਸਿਰਫ ਲੁਧਿਆਣੇ ਸ਼ਹਿਰ ਦਾ ਮਾਮਲਾ। ਲੁਧਿਆਣੇ ਸ਼ਹਿਰ ਅੰਦਰ ਹੀ ਏਦਾਂ ਦੀਆਂ ਅਨੇਕਾਂ ਵਾਰਦਾਤਾਂ ਹੋ ਰਹੀਆਂ ਹਨ, ਜਿਨ੍ਹਾਂ ਦਾ ਸ਼ਿਕਾਰ ਪ੍ਰਵਾਸੀ ਮਜ਼ਦੂਰ ਨਹੀਂ, ਸਥਾਨਕ ਪੰਜਾਬੀ ਲੋਕ ਵੀ ਹੁੰਦੇ ਰਹੇ ਹਨ। ਬਾਕੀ ਸ਼ਹਿਰਾਂ ਤੇ ਕਸਬਿਆਂ ਦਾ ਵੀ ਇਹੋ ਹਾਲ ਹੈ। ਜਲੰਧਰ, ਅੰਮ੍ਰਿਤਸਰ, ਪਟਿਆਲਾ ਤਾਂ ਕੀ, ਸਮਾਣੇ, ਸੁਨਾਮ, ਫਿਲੌਰ ਤੇ ਫਗਵਾੜੇ ਵਰਗੀਆਂ ਥਾਵਾਂ ‘ਤੇ ਵੀ ਇਹੋ ਕੁਝ ਵਾਪਰ ਰਿਹਾ ਹੈ। ਅਖ਼ਬਾਰਾਂ ਵਿਚ ਵਾਰਦਾਤਾਂ ਦੀ ਗਿਣਤੀ ਹੋਰ ਹੁੰਦੀ ਹੈ ਤੇ ਥਾਣਿਆਂ ਦੇ ਰਿਕਾਰਡ ਵਿਚ ਹੋਰ। ਅੰਕੜੇ ਕਿਸੇ ਥਾਂ ਵੀ ਪੂਰੇ ਨਹੀਂ ਮਿਲਦੇ, ਕਿਉਂਕਿ ਹਰ ਥਾਂ ਮੌਕੇ ਦਾ ਅਧਿਕਾਰੀ ਅੰਕੜੇ ਘਟਾਉਣ ਦੇ ਯਤਨ ਕਰਦਾ ਹੈ।

ਘਟਨਾਵਾਂ ਦੀ ਲੰਮੀ ਸੂਚੀ ਅਸੀਂ ਖੜੇ ਪੈਰ ਦੱਸ ਸਕਦੇ ਹਾਂ। ਹਾਲੇ ਦੋ ਦਿਨ ਪਹਿਲਾਂ ਮਾਲਵੇ ਦੇ ਇਕ ਛੋਟੇ ਸ਼ਹਿਰ ਵਿਚ ਬੈਂਕ ਵਿਚੋਂ ਪੈਸੇ ਕਢਵਾ ਕੇ ਨਿਕਲਦੇ ਕਿਸਾਨ ਨੂੰ ਕਤਲ ਕਰਕੇ ਲੁੱਟਿਆ ਗਿਆ ਤੇ ਬਚਾਉਣ ਲਈ ਅੱਗੇ ਆਏ ਨਾਲ ਦੇ ਘਰ ਦੇ ਵਸਨੀਕ ਨੂੰ ਜ਼ਖ਼ਮੀ ਕੀਤਾ ਗਿਆ। ਪਿਛਲੇਰੇ ਹਫਤੇ ਦੋਆਬੇ ਦੇ ਇਕ ਛੋਟੇ ਕਸਬੇ ਤੋਂ ਨਿਕਲਦੇ ਦੋ ਭਰਾਵਾਂ ਨੂੰ ਰਾਹ ਵਿਚ ਘੇਰ ਕੇ ਲੁੱਟਿਆ ਗਿਆ ਤੇ ਵਿਰੋਧ ਕਰਨ ’ਤੇ ਉਨ੍ਹਾਂ ‘ਚੋਂ ਇਕ ਦੀਆਂ ਬਾਹਾਂ ਵੱਢ ਸੁੱਟੀਆਂ ਸਨ। ਮਾਝੇ ਦੇ ਇਕ ਸਰਹੱਦੀ ਕਸਬੇ ਵਿਚ ਇਕ ਜਣੇ ਤੋਂ ਮੋਬਾਈਲ ਫੋਨ ਤੇ ਪੈਸੇ ਖੋਹ ਕੇ ਉਹਨੂੰ ਗੰਦੇ ਨਾਲੇ ਵਿਚ ਧੱਕਾ ਦੇ ਦਿੱਤਾ ਗਿਆ ਸੀ। ਛੋਟੇ ਸ਼ਹਿਰਾਂ ਨੂੰ ਛੱਡੋ, ਵੱਡੇ ਸ਼ਹਿਰਾਂ ਦਾ ਹਾਲ ਵੀ ਚੰਗਾ ਨਹੀਂ। ਪਿਛਲੇ ਮਹੀਨੇ ਦੇ ਇਕੋ ਦਿਨ ਜਲੰਧਰ ਸ਼ਹਿਰ ਵਿਚ ਚਾਰ ਥਾਂ ਵਾਰਦਾਤਾਂ ਹੋਈਆਂ ਤੇ ਚਾਰੇ ਥਾਂ ਲੁਟੇਰੇ ਆਪਣੇ ਹੱਥ ਵਿਚ ਕਟਰ ਲੈ ਕੇ ਆਏ, ਜਿਸ ਕਿਸੇ ਨੂੰ ਫੜਦੇ ਸਨ, ਉਸ ਦੀ ਧੌਣ ‘ਤੇ ਕਟਰ ਰੱਖ ਕੇ ਡਰਾਉਣ ਪਿਛੋਂ ਉਸੇ ਕਟਰ ਨਾਲ ਉਸ ਦਾ ਕੜਾ ਜਾਂ ਚੈਨੀ ਕੱਟ ਕੇ ਤੁਰ ਜਾਂਦੇ ਸਨ। ਅੰਮ੍ਰਿਤਸਰ ਵਿਚ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਨੂੰ ਜਾਂਦੇ ਇਕ ਪ੍ਰਵਾਸੀ ਭਾਰਤੀ ਜੋੜੇ ਨੂੰ ਲੁੱਟਿਆ ਗਿਆ ਤੇ ਉਹ ਇਹ ਸੋਚ ਕੇ ਰਿਪੋਰਟ ਦਰਜ ਕਰਵਾਏ ਬਿਨਾਂ ਵਿਦੇਸ਼ ਤੁਰ ਗਿਆ ਕਿ ਪਿਛੋਂ ਤਰੀਕਾਂ ਕੌਣ ਭੁਗਤਣ ਆਵੇਗਾ ?

ਇਹ ਸਾਰਾ ਕੁਝ ਆਖ਼ਰ ਕੀ ਹੋ ਰਿਹਾ ਹੈ ਤੇ ਕਿਉਂ ਹੋ ਰਿਹਾ ਹੈ। ਸਿਰਫ ਇਸ ਲਈ ਕਿ ਪੰਜਾਬ ਦੀ ਪੁਲਸ ਰਾਜਸੀ ਲੋਕਾਂ ਦੇ ਦਬਾਅ ਹੇਠ ਹੈ ਤੇ ਰਾਜਸੀ ਲੋਕਾਂ ਦੀ ਲੁੱਟਾਂ-ਖੋਹਾਂ ਕਰਨ ਵਾਲਿਆਂ ਤੋਂ ਲੈ ਕੇ ਚੌਕ ਵਿਚ ਖੜੋ ਕੇ ਬੱਚਿਆਂ ਤੋਂ ਭੀਖ ਮੰਗਵਾਉਂਦੇ ਲੋਕਾਂ ਤੱਕ ਨੂੰ ਸਰਪ੍ਰਸਤੀ ਹਾਸਲ ਹੈ। ਚੌਕ ਵਿਚ ਖੜੋ ਕੇ ਭੀਖ ਮੰਗਣਾ ਵੀ ਹੁਣ ਬਾਕਾਇਦਾ ਜਥੇਬੰਦ ਗਰੋਹਾਂ ਦਾ ਕੰਮ ਹੈ। ਕਿਸੇ ਚੌਕ ਵਿਚ ਇਕ ਦਿਨ ਬੱਚੇ ਰੁਮਾਲ ਵੇਚਦੇ ਮਿਲਦੇ ਹਨ ਤਾਂ ਸ਼ਹਿਰ ਦੇ ਸਾਰੇ ਚੌਕਾ ਅੰਦਰ ਬੱਚੇ ਰੁਮਾਲ ਹੀ ਵੇਚਦੇ ਮਿਲਣਗੇ। ਅਗਲੇ ਦਿਨ ਉਹ ਬੱਚੇ ਖਾਲੀ ਹੱਥ ਭੀਖ ਮੰਗਦੇ ਹਨ ਤਾਂ ਹਰ ਚੌਕ ਵਿਚ ਏਦਾਂ ਹੀ ਮੰਗਦੇ ਹੋਣਗੇ। ਤੀਜੇ ਦਿਨ ਇਕ ਚੌਕ ਵਿਚ ਦੋ-ਤਿੰਨ ਹੱਟੇ-ਕੱਟੇ ਮੰਗਦੇ ਫੌੜੀਆਂ ਦਾ ਆਸਾਰਾ ਲੈ ਕੇ ਚੱਲਦੇ ਤੇ ਮੰਗਦੇ ਮਿਲ ਗਏ ਤਾਂ ਉਸ ਦਿਨ ਸ਼ਹਿਰ ਦੇ ਸਾਰੇ ਚੌਕਾਂ ਵਿਚ ਫੌੜੀਆਂ ਵਾਲੇ ਮੰਗਤੇ ਹੀ ਮਿਲਣਗੇ। ਇਕੋ ਜਿਹੀ ਕਿਸਮ ਦੇ ਇਹ ਸਾਰੇ ਮੰਗਤੇ ਇਕੋ ਦਿਨ ਕਿਥੋਂ ਆ ਜਾਂਦੇ ਹਨ, ਸੋਚਣ ਦੀ ਲੋੜ ਨਹੀਂ। ਸਵੇਰੇ ਟੈਂਪੂ ਵਾਲੇ ਉਨ੍ਹਾਂ ਨੂੰ ਛੱਡ ਕੇ ਜਾਂਦੇ ਹਨ ਤੇ ਸ਼ਾਮ ਨੂੰ ਲੈ ਕੇ ਜਾਂਦੇ ਹਨ ਤੇ ਉਨ੍ਹਾਂ ਦੀ ਸਰਪ੍ਰਸਤੀ ਵੱਖ-ਵੱਖ ਰਾਜਸੀ ਪਾਰਟੀਆਂ ਦੇ ਲੀਡਰ ਕਰਦੇ ਹਨ। ਪੁਲਸ ਕਿਸੇ ਥਾਂ ਵੀ ਇਸ ‘ਕਾਰੋਬਾਰ’ ਵਿਚ ਅੜਿੱਕਾ ਨਹੀਂ ਪਾਉਂਦੀ, ਕਿਉਂਕਿ ਉਸ ਨੂੰ ਪਤਾ ਹੁੰਦਾ ਹੈ ਕਿ ਇਨ੍ਹਾਂ ਦੇ ਪਿੱਛੇ ਰਾਜਸੀ ਤਾਕਤ ਹੈ।

ਪਿਛਲੀ ਕਾਂਗਰਸੀ ਸਰਕਾਰ ਦੇ ਵਕਤ ਜਲੰਧਰ ਵਿਚ ਇਕ ਔਰਤ ਦੇ ਗਲੇ ਦੀ ਚੇਨੀ ਖਿੱਚ ਕੇ ਦੌੜਦਾ ਇਕ ਛੋਕਰਾ ਫੜ ਕੇ ਲੋਕਾਂ ਨੇ ਪੁਲਸ ਦੇ ਹਵਾਲੇ ਕੀਤਾ ਸੀ। ਮੌਕੇ ‘ਤੇ ਪੱਤਰਕਾਰਾਂ ਦੀ ਹਾਜ਼ਰੀ ਵਿਚ ਉਸ ਨੇ ਕਹਿ ਦਿੱਤਾ ਸੀ ਕਿ ਉਹ ਫਲਾਣੇ ਕਾਂਗਰਸੀ ਚੇਅਰਮੈਨ ਦਾ ਭਤੀਜਾ ਹੈ। ਚੇਅਰਮੈਨ ਦਾ ਨੰਬਰ ਮਿਲਾ ਕੇ ਉਸ ਦੀ ਗੱਲ ਕਰਵਾਈ ਗਈ ਤਾਂ ਮੁੰਡੇ ਨੇ ਫੋਨ ਫੜਦੇ ਸਾਰ ਕਿਹਾ ਸੀ , “ਚਾਚੂ, ਮੈਂ ਸਨੀ ਬੋਲ ਰਿਹਾ ਹਾਂ।” ਜਿਵੇਂ ਉਦੋਂ ‘ਕਾਂਗਰਸੀ ਚਾਚੂ’ ਦਾ ਸਨੀ ਭਤੀਜਾ ਲੁੱਟਾਂ ਕਰਦਾ ਫਿਰਦਾ ਸੀ, ਹੁਣ ‘ਅਕਾਲੀ ਅੰਕਲਾਂ’ ਦੇ ਕਈ ਭਤੀਜੇ ਵੀ ਉਹੋ ਕੁਝ ਕਰਦੇ ਫਿਰਦੇ ਹਨ। ਪੁਲਸ ਕਾਰਵਾਈ ਕਰਨ ਤੋਂ ਡਰਦੀ ਹੈ।

ਆਖਰ ਡਰਦੀ ਕਿਉਂ ਹੈ ਪੁਲਿਸ? ਇਸ ਲਈ ਕਿ ਉਹ ਹਸ਼ਰ ਜਾਣਦੀ ਹੈ। ਕੁਝ ਮਹੀਨੇ ਪਹਿਲਾਂ ਲੁਧਿਆਣੇ ਵਿਚ ਇਕ ਮੈਜਿਸਟਰੇਟ ਨੂੰ ਅਦਾਲਤ ਵਿਚੋਂ ਧੂਹ ਕੇ ਬਾਹਰ ਲੋਕਾਂ ਸਾਹਮਣੇ ਕੁੱਟਿਆ ਗਿਆ ਸੀ। ਇਕ ਕੱਛੇ ਤੋਂ ਸਿਵਾ ਉਸ ਦੇ ਸਾਰੇ ਕੱਪੜੇ ਪਾੜ ਦਿੱਤੇ ਗਏ ਸਨ ਜ਼ਿਲਾ ਪੁਲਸ ਦਾ ਮੁਖੀ ਤੇ ਡਿਪਟੀ ਕਮਿਸ਼ਨਰ ਉਸ ਨੂੰ ਕੁੱਟ ਪੈਂਦੀ ਵੇਖਦੇ ਰਹੇ ਸਨ। ਵੇਖਦੇ ਇਸ ਕਰਕੇ ਰਹੇ ਕਿ ਉਨ੍ਹਾਂ ਨੂੰ ਇਹ ਅਪਰਾਧ ਕਰਨ ਵਾਲਿਆਂ ਦੀ ਧੁਰ ਉਪਰ ਤੱਕ ਦੀ ਰਾਜਸੀ ਪਹੁੰਚ ਦਾ ਪਤਾ

> **ਜਿਨ੍ਹਾਂ ਲੋਕਾਂ ਨਾਲ ਆਏ ਦਿਨ ਲੁੱਟ-ਖੋਹ ਜਾਂ ਹੋਰ ਜ਼ਿਆਦਤੀ ਹੁੰਦੀ ਹੈ, ਉਹ ਇਸ ਨੂੰ ਪੁਲਸ ਦੀ ਮਜ਼ਬੂਰੀ ਮੰਨ ਕੇ ਚੁੱਪ ਨਹੀਂ ਰਹਿ ਸਕਦੇ, ਕਦੇ ਨਾ ਕਦੇ ਉਬਲ ਪੈਂਦੇ ਹਨ। ਉਨ੍ਹਾਂ ਦਾ ਇਹੋ ਜਿਹਾ ਉਬਾਲਾ ਲੁਧਿਆਣੇ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਧਮਚੜ ਵਰਗਾ ਰੂਪ ਵੀ ਧਾਰਨ ਕਰ ਸਕਦਾ ਹੈ ਤੇ ਕੋਈ ਇਸ ਨਾਲੋਂ ਭੈੜਾ ਵੀ।**

ਸੀ। ਕੀ ਇਹ ਕਾਫੀ ਨਹੀਂ ਸੀ ਪੰਜਾਬ ਦੀ ਬਾਕੀ ਰਾਜਸੀ ਮਸ਼ੀਨਰੀ ਨੂੰ ਅਕਲ ਸਿਖਾਉਣ ਵਾਸਤੇ?

ਹੁਣ ਚਲੰਤ ਹਫਤੇ ਦੇ ਇਕ ਦਿਨ ਫਰੀਦਕੋਟ ਸ਼ਹਿਰ ਅੰਦਰ ਪੰਜਾਬ ਪੁਲਸ ਦੇ ਟਰੈਫਿਕ ਸਕੁਐਡ ਦਾ ਥਾਣੇਦਾਰ ਕੁੱਟਿਆ ਗਿਆ ਹੈ। ਉਸ ਦਾ ਕਸੂਰ ਸਿਰਫ ਇਹ ਸੀ ਕਿ ਉਹ ਭਰੇ ਬਾਜ਼ਾਰ ਦੇ ਵਿਚਾਲੇ ਰਸਤਾ ਰੋਕੀ ਖੜ੍ਹੀ ਲਗਜ਼ਰੀ ਕਾਰ ਦੇ ਮਾਲਕਾਂ ਨੂੰ ਕਾਰ ਸੜਕ ਦੇ ਇਕ ਪਾਸੇ ਲਾਉਣ ਲਈ ਕਹਿਣ ਦੀ ਜੁਰਅੱਤ ਕਰ ਬੈਠਾ ਸੀ। ਕਾਰ ਦੇ ਮਾਲਕ ਦੋਵੇਂ ਕਾਕੇ ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈਨ ਦੇ ਪੁੱਤਰ ਸਨ। ਉਨ੍ਹਾਂ ਨੇ ਉਸ ਥਾਣੇਦਾਰ ਨੂੰ ਕੁਟਾਪਾ ਚਾੜ੍ਹ ਦਿੱਤਾ। ਸ਼ਹਿਰ ‘ਚ ਰੌਲਾ ਪੈ ਗਿਆ। ਵੱਡੇ ਅਫਸਰ ਵੀ ਮੌਕੇ ‘ਤੇ ਆ ਗਏ, ਪੱਤਰਕਾਰ ਵੀ ਤੇ ਕਾਕਿਆਂ ਦੇ ਹਮਾਇਤੀ ਵੀ। ਜਦੋਂ ਉਹ ਵੱਡੇ ਘਰ ਦੇ ਕਾਕੇ ਅਫਸਰਾਂ ਸਾਹਮਣੇ ਵੀ ਉਸ ਥਾਣੇਦਾਰ ਨੂੰ ਕੁੱਟ ਰਹੇ ਸਨ, ਪੱਤਰਕਾਰ ਤਸਵੀਰਾਂ ਲੈਣ ਲੱਗ ਪਏ। ਉਨ੍ਹਾਂ ਰਈਸਜ਼ਾਦਿਆਂ ਨੇ ਪਿਸਤੌਲ ਤਾਣ ਕੇ ਪੱਤਰਕਾਰਾਂ ਦੇ ਕੈਮਰੇ ਵੀ ਖੋਹ ਲਏ ਪਰ ਪੁਲਿਸ ਨੇ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਦੇ ਬਚਾਅ ਦਾ ਰਾਹ ਫੜ ਲਿਆ। ਇਹੋ ਨਹੀਂ, ਪੱਤਰਕਾਰਾਂ ਨੂੰ ਡਰਾਉਣ ਲਈ ਕਾਕਿਆਂ ਦੇ ਬਾਪ ਨੂੰ ਅੱਧੀ ਰਾਤ ਨੂੰ ਬਿਜਲੀ ਬੋਰਡ ਦੇ ਫਲਾਇੰਗ ਸਕੂਐਡ ਭੇਜ ਕੇ ਉਨ੍ਹਾਂ ਦੇ ਘਰਾਂ ‘ਤੇ ਬਿਜਲੀ ਚੋਰੀ ਦੇ ਨਾਂਅ ਹੇਠ ਛਾਪੇ ਮਰਵਾਉਣੇ ਸ਼ੁਰੂ ਕਰ ਦਿੱਤੇ। ਇਹ ਤਾਂ ਜੰਗਲ ਦੇ ਰਾਜ ਤੋਂ ਵੀ ਪਰੇ ਦੀ ਗੱਲ ਹੈ, ਜਿਸ ਨਾਲ ਆਮ ਲੋਕਾਂ ਨੂੰ ਅਮਨ ਕਾਨੂੰਨ ਦੀ ਕਾਇਮੀ ਦਾ ਭਰੋਸਾ ਰੱਖਣ ਦੀ ਥਾਂ ‘ਦੜ ਵੱਟ, ਦਿਹਾੜੇ ਕੱਟ’ ਦਾ ਸੰਕੇਤ ਦਿੱਤਾ ਜਾ ਰਿਹਾ ਹੈ। ਜਦੋਂ ਪੰਜਾਬ ਭਰ ਵਿਚ ਇਹ ਹਾਲਾਤ ਹੋਵੇ, ਪੁਲਸ ਆਪਣੀ ਜ਼ਿੰਮੇਵਾਰੀ ਨਹੀਂ ਭੁਗਤਾ ਸਕਦੀ। ਜਿਨ੍ਹਾਂ ਲੋਕਾਂ ਨਾਲ ਆਏ ਦਿਨ ਲੁੱਟ-ਖੋਹ ਜਾਂ ਹੋਰ ਜ਼ਿਆਦਤੀ ਹੁੰਦੀ ਹੈ, ਉਹ ਇਸ ਨੂੰ ਪੁਲਸ ਦੀ ਮਜ਼ਬੂਰੀ ਮੰਨ ਕੇ ਚੁੱਪ ਨਹੀਂ ਰਹਿ ਸਕਦੇ, ਕਦੇ ਨਾ ਕਦੇ ਉਬਲ ਪੈਂਦੇ ਹਨ। ਉਨ੍ਹਾਂ ਦਾ ਇਹੋ ਜਿਹਾ ਉਬਾਲਾ ਲੁਧਿਆਣੇ ਵਿਚ ਪ੍ਰਵਾਸੀ ਮਜ਼ਦੂਰਾਂ ਦੇ ਧਮਚੜ ਵਰਗਾ ਰੂਪ ਵੀ ਧਾਰਨ ਕਰ ਸਕਦਾ ਹੈ ਤੇ ਕੋਈ ਇਸ ਨਾਲੋਂ ਭੈੜਾ ਵੀ, ਜਿਸ ਦੀ ਸਰਕਾਰ ਨੂੰ ਚਿੰਤਾ ਕਰਨੀ ਚਾਹੀਦੀ ਹੈ ਤਾਂ ਕਿ ਰਾਜ ਵਿਚ ਅਮਨ ਕਾਇਮ ਰਹਿ ਸਕੇ। ਜਾਂਦੇ-ਜਾਂਦੇ ਇਕ ਗੱਲ ਅਸੀਂ ਹੋਰ ਕਹਿਣੀ ਚਾਹੁੰਦੇ ਹਾਂ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਵਜੋਂ ਦੂਜੀ ਵਾਰੀ ਰਾਜ ਸੁਖ ਮਾਣ ਰਹੇ ਸਨ, ਤੀਹ ਕੁ ਸਾਲ ਪਹਿਲਾਂ ਓਦੋਂ ਪੰਜਾਬ ਦੇ ਪੁਲਸ ਵਾਲਿਆਂ ਨੇ ਹੜਤਾਲ ਕੀਤੀ ਸੀ। ਉਸ ਹੜਤਾਲ ਦਾ ਮੁੱਢ ਪਟਿਆਲੇ ਵਿਚ ਇਕ ਅਕਾਲੀ ਆਗੂ ਦੇ ਪੁੱਤਰ ਵਲੋਂ ਇਕ ਸਿਪਾਹੀ ਨੂੰ ਥੱਪੜ ਮਾਰਨ ਦੀ ਕਰਤੂਤ ਨੇ ਬੰਨ੍ਹਿਆ ਸੀ। ਹੁਣ ਵੱਡੇ ਘਰਾਂ ਦੇ ਕਾਕੇ ਸਿਪਾਹੀਆਂ ਨੂੰ ਹੀ ਨਹੀਂ, ਥਾਣੇਦਾਰਾਂ ਨੂੰ ਵੀ ਥੱਪੜ ਮਾਰਨ ਤੱਕ ਪਹੁੰਚ ਗਏ ਹਨ ਤੇ ਪੱਤਰਕਾਰਾਂ ‘ਤੇ ਪਿਸਤੌਲ ਤਾਣਨ ਤੱਕ ਵੀ। ਮੁੱਖ ਮੰਤਰੀ ਸਾਹਿਬ ਨਾਲ ਕਿਸੇ ਦੀ ਜਿੰਨੀ ਵੀ ਨੇੜਤਾ ਹੋਵੇ, ਜੇ ਇਹੋ ਜਿਹੇ ਲੋਕਾਂ ਦੀ ਬੇਲਗਾਮ ਹੋਈ ਔਲਾਦ ਇਹੋ ਕੁਝ ਕਰਦੀ ਰਹੀ ਤਾਂ ਨਾ ਇਹ ਪੰਜਾਬ ਲਈ ਚੰਗਾ ਹੋਵੇਗਾ, ਨਾ ਪੰਜਾਬ ਦੇ ਰਾਜ-ਕਰਤਿਆਂ ਲਈ ਹੀ।

# ਪ੍ਰਵਾਸੀ ਮਜ਼ਦੂਰਾਂ ਨੇ ਲੁਧਿਆਣਾ ਲੂਹਿਆ, ਪੰਜਾਹ ਤੋਂ ਵਧ ਗ੍ਰਿਫਤਾਰ

**–ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਲੁਧਿਆਣਾ** : ਸ਼ਹਿਰ ਅੰਦਰ ਵਿਗੜਦੀ ਜਾ ਰਹੀ ਕਾਨੂੰਨ ਵਿਵਸਥਾ ਵਿਰੁਧ ਪ੍ਰਵਾਸੀ ਮਜ਼ੂਦੂਰ ਲੰਘੀ 4 ਦਸੰਬਰ ਨੂੰ ਸੜਕਾਂ ’ਤੇ ਉਤਰ ਆਏ। ਗੁੱਸੇ ਵਿਚ ਆਏ ਮਜ਼ਦੂਰਾਂ ਨੇ ਦਿੱਲੀ-ਲੁਧਿਆਣਾ ਮੁੱਖ ਮਾਰਗ ਜਾਮ ਕਰ ਦਿਤਾ। ਪ੍ਰਦਰਸ਼ਨਕਾਰੀ ਰੇਲਵੇ ਟਰੈਕ ‘ਤੇ ਵੀ ਇਕੱਠੇ ਹੋ ਗਏ। ਹਾਲਾਤ ਖ਼ਰਾਬ ਹੁੰਦਿਆਂ ਵੇਖ ਕੇ ਪ੍ਰਸ਼ਾਸਨ ਨੇ ਲੁਧਿਆਣਾ ਦੇ ਪੰਜ ਥਾਣਾ ਖੇਤਰਾਂ ਵਿਚ ਕਰਫ਼ਿਉ ਲਗਾ ਦਿਤਾ। ਮਜ਼ਦੂਰਾਂ ਦੇ ਵਿਰੋਧ ਕਾਰਨ ਦਿੱਲੀ-ਅੰਮ੍ਰਿਤਸਰ ਵਿਚਾਲੇ ਚਲਣ ਵਾਲੀਆਂ ਸਾਰੀਆਂ ਗੱਡੀਆਂ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋਈਆਂ। ਕਈ ਵਾਹਨਾਂ ਨੂੰ ਅੱਗ ਹਵਾਲੇ ਕਰ ਦਿਤਾ ਗਿਆ। ਪ੍ਰਦਰਸ਼ਕਾਰੀਆਂ ਦਾ ਦੋਸ਼ ਹੈ ਕਿ ਉਨ੍ਹਾਂ ਨਾਲ ਆਏ ਦਿਨ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਪੁਲਿਸ ਬਦਮਾਸ਼ਾਂ ਨੂੰ ਕਾਬੂ ਕਰਨ ਵਿਚ ਨਾਕਾਮ ਰਹੀ ਹੈ।

ਮਜ਼ਦੂਰਾਂ ਨਾਲ ਹੋਈ ਲੁੱਟ ਦੀ ਸ਼ਿਕਾਇਤ ਦਰਜ ਨਾ ਕੀਤੇ ਜਾਣ ਕਾਰਨ ਗੁੱਸੇ ਵਿਚ ਆਏ ਮਜ਼ਦੂਰਾਂ ਨੇ ਪੁਲਿਸ ਵਿਰੁਧ ਨੈਸ਼ਨਲ ਹਾਈਵੇ ‘ਤੇ ਜੰਮ ਕੇ ਨਾਹਰੇਬਾਜ਼ੀ ਕੀਤੀ। ਉਨ੍ਹਾਂ ਨੇ ਜਿਥੇ ਪਥਰਾਅ ਕੀਤਾ, ਉਥੇ ਬੱਸਾਂ ਤੇ ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿਤਾ। ਇਹ ਹੀ ਨਹੀਂ ਉਨ੍ਹਾਂ ਨੇ ਲੁਧਿਆਣਾ-ਦਿੱਲੀ ਰੇਲ ਆਵਾਜਾਈ ਨੂੰ ਵੀ ਜਾਮ ਕਰ ਦਿਤਾ ਜਿਸ ਕਾਰਨ ਮੁਸਾਫ਼ਰਾਂ ਨੂੰ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਪੁਲਿਸ ਨੇ ਹੁੱਲੜਬਾਜ਼ਾਂ ਨੂੰ ਕਾਬੂ ਕਰਨ ਲਈ ਲਾਠੀਚਾਰਜ ਦੇ ਨਾਲ-ਨਾਲ ਹਵਾਈ ਫ਼ਾਇਰਿੰਗ ਵੀ ਕੀਤੀ



ਜਿਸ ਤੋਂ ਬਾਅਦ ਅਰਾਜਕਤਾ ਫੈਲ ਗਈ। ਮਜ਼ਦੂਰਾਂ ਨੇ 8 ਟਰੱਕ, 2 ਟੈਂਕਰ, 5 ਕਾਰਾਂ ਤੇ ਇਕ ਪ੍ਰਾਈਵੇਟ ਕੰਪਨੀ ਦੀ ਬੱਸ ਨੂੰ ਅੱਗ ਲਾ ਕੇ ਸੁਆਹ ਕਰ ਦਿਤਾ। ਮਜ਼ੂਦਰਾਂ ਨੇ ਅਪਣੇ ਕੰਮਾਂ ਕਾਰਾਂ ‘ਤੇ ਜਾ ਰਹੇ ਲੋਕਾਂ ਨਾਲ ਵੀ ਮਾਰ ਕੁਟਾਈ ਕੀਤੀ। ਮਜ਼ਦੂਰਾਂ ਨਾਲ ਹੋਈਆਂ ਝੜਪਾਂ ਵਿਚ ਡੀ.ਐਸ.ਪੀ ਪਰਮਪਾਲ ਸਿੰਘ ਸਮੇਤ 20 ਤੋਂ ਵਧ ਪੁਲਿਸ ਮੁਲਾਜ਼ਮ ਫੱਟੜ ਹੋਏ।

ਪਰ ਇਸ ਦੇ ਬਾਵਜੂਦ ਮਜ਼ਦੂਰ ਕਾਬੂ ਹੇਠ ਨਾ ਆਏ। ਇਹ ਵਿਵਾਦ ਇਲਾਕੇ ਵਿਚ ਬਾਈਕਰ ਗੈਂਗ ਵਲੋਂ ਲਗਾਤਾਰ ਕੀਤੀ ਜਾ ਰਹੀ ਲੁੱਟ ਨੂੰ ਰੋਕਣ ਲਈ ਪੁਲਿਸ ਵਲੋਂ ਕੋਈ ਕਾਰਵਾਈ ਨਾ ਕਰਨ ਕਾਰਨ ਹੋਇਆ। ਫ਼ੋਕਲ ਪੁਆਇੰਟ ਇਲਾਕੇ ਵਿਚ ਬੀਤੀ 3-4 ਦਸੰਬਰ ਦੀ ਰਾਤ ਇਕ ਮਜ਼ਦੂਰ ਦੀ ਕੁਝ ਮੁਜ਼ਰਮਾਂ ਵਲੋਂ ਕੀਤੀ ਲੁੱਟਮਾਰ ਦੀ ਸ਼ਿਕਾਇਤ ਢੰਡਾਰੀ ਕਲਾਂ ਪੁਲਿਸ ਵਲੋਂ ਨਾ ਦਰਜ ਕੀਤੇ ਜਾਣ ਕਾਰਨ, ਮਜ਼ਦੂਰ ਭੜਕ ਪਏ, ਮਜ਼ਦੂਰਾਂ ਨੂੰ ਕਾਬੂ ਕਰਨ ਲਈ ਕੁਝ ਪਿੰਡਾਂ ਦੇ ਲੋਕਾਂ ਨੇ ਅਪਣੀ ਜਾਨ ਜੋਖਮ ਵਿਚ ਪਾ ਕੇ, ਪੁਲਿਸ ਦੀ ਸਹਾਇਤਾ ਕੀਤੀ। ਹਾਲਾਤ ਖ਼ਰਾਬ ਹੁੰਦੇ ਵੇਖ ਕੇ ਐਸ.ਐਸ.ਪੀ ਸੁਖਚੈਨ ਸਿੰਘ ਗਿੱਲ, ਡਿਪਟੀ ਕਮਿਸ਼ਨਰ ਅਸ਼ੋਕ ਗਰਗ ਵੀ ਮੌਕੇ ‘ਤੇ ਪਹੁੰਚੇ। ਪਟਿਆਲਾ ਤੇ ਜਲੰਧਰ ਤੋਂ ਹੋਰ ਵਾਧੂ ਫ਼ੋਰਸ ਵੀ ਮੰਗਵਾਈ ਗਈ। ਪ੍ਰਸ਼ਾਸਨ ਨੇ 5 ਥਾਣਾ ਖੇਤਰਾਂ, ਜਿਨ੍ਹਾਂ ਵਿਚ ਸ਼ਿਮਲਾਪੁਰੀ, ਫ਼ੋਕਲ ਪੁਆਇੰਟ ਦੇ ਇਲਾਕੇ ਸ਼ਾਮਲ ਹਨ, ਕਰਫ਼ਿਊ ਲਗਾ ਦਿਤਾ ਹੈ। ਪੁਲਿਸ ਨੇ 50 ਤੋਂ ਵਧ ਹੁੱਲੜਬਾਜ਼ਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫ਼ਾਇਰ ਬ੍ਰਿਗੇਡ ਦੀ ਇਕ ਗੱਡੀ ਦੀ ਵੀ ਭੰਨਤੋੜ ਕੀਤੀ ਗਈ। ਮਜ਼ੂਦਰਾਂ ਨੇ ਢੰਡਾਰੀ ਰੇਲਵੇ ਸਟੇਸ਼ਨ ‘ਤੇ ਇਕ ਗੱਡੀ ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਦੇ ਪੁੱਜਣ ਕਾਰਨ ਬਚਾਅ ਹੋ ਗਿਆ। ਕਈ ਗੱਡੀਆਂ ਰੱਦ ਕਰ ਦਿਤੀਆਂ ਗਈਆਂ ਤੇ ਦੋਰਾਹਾ ਤੋਂ ਲੁਧਿਆਣਾ ਰੋਡ ‘ਤੇ ਵੀ ਆਵਾਜਾਈ ‘ਤੇ ਪਾਬੰਦੀ ਲਗਾ ਦਿਤੀ ਗਈ। ਮਜ਼ੂਦਰਾਂ ਵਲੋਂ ਕੀਤੀ ਜਾ ਰਹੀ ਹਿੰਸਾ ਸਮੇਂ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਸ਼ਹਿਰ ਵਿਚ ਪ੍ਰਸ਼ਾਸਨ ਨਾਂ ਦੀ ਕੋਈ ਚੀਜ਼ ਨਹੀਂ। ਕੁਝ ਮਜ਼ਦੂਰਾਂ ਕੋਲ ਦੇਸੀ ਕੱਟੇ ਵੀ ਵੇਖਣ ਨੂੰ ਮਿਲੇ। ਮਜ਼ਦੂਰਾਂ ਨੇ ਬੋਤਲਾਂ ਵਿਚ ਪੈਟਰੋਲ ਪਾ ਕੇ ਵੀ ਪੁਲਿਸ ‘ਤੇ ਹਮਲੇ ਕੀਤੇ। ਇਕ ਸਮੇਂ ਤਾਂ ਐਸ.ਐਸ.ਪੀ ਨੇ ਵੀ ਭੱਜ ਕੇ ਅਪਣੀ ਜਾਨ ਬਚਾਈ। ਮਜ਼ੂਦਰਾਂ ਨੇ 4-5 ਘੰਟੇ ਤਕ ਰੱਜ ਕੇ ਗੁੰਡਾਗਰਦੀ ਕੀਤੀ ਤੇ ਪੁਲਿਸ ਵਾਲੇ ਜਾਨ ਬਚਾਉਣ ਲਈ ਭੱਜਦੇ ਰਹੇ। ਇਸ ਕਾਰਨ ਦਿੱਲੀ-ਲਾਹੌਰ ਬੱਸ ਨੂੰ ਵੀ ਰਸਤਾ ਬਦਲ ਕੇ ਭੇਜਣਾ ਪਿਆ। ਇਸ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ ਵਿਖੇ ਅਮਨ ਅਤੇ ਕਾਨੂੰਨ ਦੀ ਵਿਗੜੀ ਹਾਲਤ ਲਈ ਪੰਜਾਬ ਸਰਕਾਰ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਸਮੇਂ ‘ਤੇ ਕਾਰਵਾਈ ਕਰਨ ਵਿਚ ਨਾਕਾਮ ਰਹੀ। ਲੋਕ ਅਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਪੁਲਿਸ ਨੇ ਪੂਰੀ ਤਰ੍ਹਾਂ ਗ਼ੈਰ ਜ਼ਿੰਮੇਵਾਰੀ ਨਾਲ ਕੰਮ ਕੀਤਾ।

# ਪੰਜਾਬ ਟਾਈਮਜ਼

ਸਨਿਚਰਵਾਰ, 12 ਦਸੰਬਰ, 2009

*ਰੁੱਖ ਬੋਲ ਨਾ ਸਕਦੇ ਭਾਵੇਂ, ਬੰਦਿਆਂ ਦਾ ਦੁੱਖ ਪੁੱਛਦੇ - ਲੋਕ ਬੋਲੀ*


## ਸੰਪਾਦਕੀ

# ਕੋਪਨਹੇਗਨ ਕਾਨਫਰੰਸ ਦੀ ਸਫਲਤਾ ਦੇ ਆਸਾਰ

ਕੌਮਾਂਤਰੀ ਭਾਈਚਾਰੇ ਦੇ ਦਬਾਅ ਅਧੀਨ ਚੀਨ ਅਤੇ ਭਾਰਤ ਕਾਰਬਨ ਨਿਕਾਸੀ ਨੂੰ 2020 ਤੱਕ ਘੱਟ ਕਰਨ ਲਈ ਸਹਿਮਤ ਹੋ ਗਏ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਵੀ 2020 ਤੱਕ ਆਪਣੀ ਕਾਰਬਨ ਨਿਕਾਸੀ ਘੱਟ ਕਰਨ ਦਾ ਪੈਂਤੜਾ ਲਿਆ ਹੈ। ਪਹਿਲਾਂ ਅਮਰੀਕਾ ਵਲੋਂ ਉਠਾਏ ਗਏ ਇਸ ਕਦਮ ਦੇ ਮੱਦੇਨਜ਼ਰ ਚੀਨ ਅਤੇ ਭਾਰਤ ਵੀ ਇਕ ਤਰ੍ਹਾਂ ਦੇ ਦਬਾਅ ਅਧੀਨ ਆ ਗਏ ਸਨ। ਇਸ ਦਬਾਅ ਦਾ ਸਾਹਮਣਾ ਕਰਦਿਆਂ ਅਖੀਰ ਭਾਰਤ ਨੇ ਵੀ 2020 ਤੱਕ ਆਪਣੀ ਕਾਰਬਨ ਨਿਕਾਸੀ ਵਿਚ 2005 ਨਾਲੋਂ 20 ਤੋਂ 25 ਫੀਸਦੀ ਕਮੀ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਚੀਨ ਨੇ ਆਪਣੀ ਕਾਰਬਨ ਨਿਕਾਸੀ ਵਿਚ 40 ਤੋਂ 45 ਫੀਸਦੀ ਕਮੀ ਕਰਨ ਦਾ ਫੈਸਲਾ ਕੀਤਾ ਹੈ ਜਦੋਂਕਿ ਅਮਰੀਕਾ ਨੇ 17 ਫੀਸਦੀ ਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇੰਜ ਜਾਪਦਾ ਹੈ ਕਿ 7 ਤੋਂ 18 ਦਸੰਬਰ ਤਕ ਡੈਨਮਾਰਕ ਦੇ ਸ਼ਹਿਰ ਕੋਪਨਹੇਗਨ ਵਿਚ 192 ਮੁਲਕਾਂ ਦੀ ਸ਼ਮੂਲੀਅਤ ਬਾਰੇ ਮੌਸਮੀ ਤਬਦੀਲੀ ਉਪਰ ਹੋਣ ਜਾ ਰਹੀ ਕਾਨਫਰੰਸ ਸਫਲਤਾ ਵਲ ਵਧ ਰਹੀ ਹੈ।

ਇਸ ਤੋਂ ਵੀ ਅੱਗੇ ਦਿਲਚਸਪ ਗੱਲ ਇਹ ਹੈ ਕਿ ਪਿਛਲੇ ਕੁਝ ਦਿਨਾਂ ਤੱਕ ਸਰਹੱਦੀ ਮੁੱਦਿਆਂ ਕਾਰਨ ਇਕ-ਦੂਜੇ ਨਾਲ ਖਹਿਬੜ ਰਹੇ ਚੀਨ ਅਤੇ ਭਾਰਤ ਨੇ ਵੀ ਇਸ ਮਸਲੇ ਉਪਰ ਤਕਰੀਬਨ ਇਕੋ ਜਿਹਾ ਸਟੈਂਡ ਲਿਆ ਹੈ, ਭਾਵੇਂ ਕਿ ਕਾਰਬਨ ਕਟੌਤੀ ਵਿਚ ਦੋਨਾਂ ਮੁਲਕਾਂ ਨੇ ਜੋ ਫੀਸਦੀ ਐਲਾਨੀ ਹੈ, ਉਸ ਵਿਚ ਕਾਫੀ ਫਰਕ ਹੈ। ਉਂਜ ਇਥੇ ਇਹ ਵੀ ਜ਼ਿਕਰਯੋਗ ਹੈ ਕਿ ਚੀਨ ਅੱਜ ਦੁਨੀਆਂ ਦਾ ਸਭ ਤੋਂ ਵਧੇਰੇ ਪ੍ਰਦੂਸ਼ਣ ਕਰਤਾ ਮੁਲਕ ਹੈ। ਇਸ ਦੇ ਨਾਲ ਹੀ ਇਹ ਵੀ ਤੱਥ ਹੈ ਕਿ ਇਹ ਚੀਨ ਹੀ ਹੈ, ਜਿਹੜਾ ਦੁਨੀਆਂ ਵਿਚ ਅੱਜ ਸਭ ਤੋਂ ਤੇਜ਼ ਗਤੀ ਨਾਲ ਆਰਥਿਕ ਵਿਕਾਸ ਕਰ ਰਿਹਾ ਹੈ। ਭਾਰਤ ਪ੍ਰਦੂਸ਼ਣਕਰਤਾ ਮੁਲਕਾਂ ਦੀ ਦਰਜਾਬੰਦੀ ਵਿਚ ਚੌਥੇ ਨੰਬਰ 'ਤੇ ਆਉਂਦਾ ਹੈ ਜਦਕਿ ਅਮਰੀਕਾ ਅਤੇ ਰੂਸ ਕ੍ਰਮਵਾਰ ਦੂਜੇ ਅਤੇ ਤੀਜੇ ਨੰਬਰ ਉਪਰ ਆਉਂਦੇ ਹਨ। ਜਿਥੋਂ ਤਕ ਪ੍ਰਦੂਸ਼ਣ ਦਾ ਮਾਮਲਾ ਹੈ, ਯੂਰਪ ਦੇ ਮੁਲਕ, ਅਮਰੀਕਾ, ਭਾਰਤ, ਚੀਨ ਅਤੇ ਰੂਸ ਜਿਹੇ ਮੁਲਕਾਂ ਨਾਲੋਂ ਸੁਥਰੇ ਹਨ। ਇਸ ਤੋਂ ਇਲਾਵਾ ਕਈ ਉਹ ਮੁਲਕ ਵੀ, ਜਿਹੜੇ ਬਹੁਤੇ ਵਿਕਸਤ ਨਹੀਂ ਹੋਏ, ਪ੍ਰਦੂਸ਼ਣ ਦੇ ਮਾਮਲੇ ਵਿਚ ਕਾਫੀ ਸਾਫ-ਸੁਥਰੇ ਹਨ।

2005 ਤੋਂ 2020 ਤਕ ਦੇ 15 ਸਾਲਾਂ ਵਿਚ ਭਾਰਤ ਨੇ ਭਾਵੇਂ 20 ਤੋਂ 25 ਫੀਸਦੀ ਕਾਰਬਨ ਨਿਕਾਸੀ ਘੱਟ ਕਰਨ ਦਾ ਐਲਾਨ ਕੀਤਾ ਹੈ ਪਰ ਨਾਲ ਹੀ ਦੇਸ਼ ਦੇ ਚੌਗਿਰਦੇ ਬਾਰੇ ਮੰਤਰੀ ਸ੍ਰੀ ਜੈ ਰਾਮ ਨੇ ਆਖ ਦਿੱਤਾ ਹੈ ਕਿ ਦੇਸ਼ ਭਾਵੇਂ ਕਾਰਬਨ ਨਿਕਾਸੀ ਘੱਟ ਕਰਨ ਦੀ ਸਹਿਮਤੀ ਦੇ ਰਿਹਾ ਹੈ, ਪਰ ਅਸੀਂ ਇਸ ਮਾਮਲੇ ਵਿਚ ਕੋਈ ਵੀ ਕਾਨੂੰਨੀ ਪਾਬੰਦੀ ਸਹਿਣ ਨਹੀਂ ਕਰਾਂਗੇ। ਉਨ੍ਹਾਂ ਇਥੋਂ ਤਕ ਕਿਹਾ ਕਿ ਮੈਂ ਕੋਪਨਹੇਗਨ ਦੀ ਟਿਕਟ ਉਥੇ ਭਾਰਤ ਦੇ ਹਿਤਾਂ ਨੂੰ ਡੋਬਣ ਲਈ ਨਹੀਂ ਖਰੀਦ ਰਿਹਾ। ਵਾਤਾਵਰਣ ਮੰਤਰੀ ਨੇ ਇਹ ਗੱਲ ਵਾਰ-ਵਾਰ ਆਖੀ ਹੈ ਕਿ ਦੁਨੀਆਂ ਜਿਸ ਪਾਸੇ ਜਾ ਰਹੀ ਹੈ, ਅਸੀਂ ਉਸ ਤੋਂ ਵੱਖ ਨਹੀਂ ਹੋ ਸਕਦੇ ਅਤੇ ਨਾ ਹੀ ਕੱਲ੍ਹ ਨੂੰ ਇਹ ਦੋਸ਼ ਝੱਲਣ ਲਈ ਤਿਆਰ ਹਾਂ ਕਿ ਕੋਪਨਹੇਗਨ ਵਿਚ ਹੋਣ ਵਾਲਾ ਸਮਝੌਤਾ ਭਾਰਤ ਨੇ ਨਹੀਂ ਹੋਣ ਦਿੱਤਾ, ਪਰ ਇਸ ਦੇ ਬਾਵਜੂਦ ਵੀ ਅਸੀਂ ਆਪਣੇ ਦੇਸ਼ ਦੇ ਆਰਥਿਕ ਵਿਕਾਸ ਨੂੰ ਕੁਰਬਾਨ ਨਹੀਂ ਕਰਾਂਗੇ। ਵਾਤਾਵਰਣ ਮੰਤਰੀ ਨੇ ਇਹ ਵੀ ਕਿਹਾ ਕਿ ਜਿਥੇ ਅਸੀਂ ਆਪਣੇ ਹਿਤ ਕੁਰਬਾਨ ਨਹੀਂ ਕਰਨੇ ਹਨ, ਉਥੇ ਨਾਲ ਹੀ ਇਹ ਧਿਆਨ ਵੀ ਰੱਖਣਾ ਹੈ ਕਿ ਭਾਰਤ ਦੀ ਪਹੁੰਚ ਅੜਿੱਕਾ ਸਿਹੂੰ ਵਾਲੀ ਨਾ ਹੋਵੇ। ਸਗੋਂ ਸਾਨੂੰ ਲਚਕਦਾਰ ਪਹੁੰਚ ਅਪਨਾਉਣੀ ਚਾਹੀਦੀ ਹੈ। ਲਚਕਦਾਰ ਪਹੁੰਚ ਦਾ ਮਤਲਬ ਦੇਸ਼ ਦੇ ਹਿਤਾਂ ਨੂੰ ਵੇਚਣਾ ਨਹੀਂ ਹੈ ਸਗੋਂ ਆਪਣੀ ਸ਼ਕਤੀ ਅਨੁਸਾਰ ਅੰਤਰਰਾਸ਼ਟਰੀ ਮੰਚ 'ਤੇ ਉਠਦੇ ਮਸਲਿਆਂ ਪ੍ਰਤੀ ਹਾਜ਼ਰ ਦਿਮਾਗੀ ਵਾਲੀ ਪਹੁੰਚ ਅਪਨਾਉਣਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿਚ ਭਾਰਤ ਵਿਚ ਕਾਰਬਨ ਨਿਕਾਸੀ ਜ਼ਰੂਰ ਹੋਵੇਗੀ ਪਰ ਇਸ ਦੀ ਤੀਬਰਤਾ ਘਟ ਜਾਵੇਗੀ।

ਇਸੇ ਦੌਰਾਨ ਚੀਨ ਨੇ ਭਾਰਤ ਵਲੋਂ ਚੁੱਕੇ ਗਏ ਉਪਰੋਕਤ ਕਦਮ ਦੀ ਸਰਾਹਨਾ ਕੀਤੀ ਹੈ। ਚੀਨ ਦਾ ਆਖਣਾ ਹੈ ਕਿ ਮੌਸਮੀ ਤਬਦੀਲੀ ਦੇ ਮਾਮਲੇ ਵਿਚ ਦੋਨਾਂ ਮੁਲਕਾਂ ਨੂੰ ਰਲ ਕੇ ਅੱਗੇ ਵਧਣਾ ਚਾਹੀਦਾ ਹੈ। ਚੀਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਹੈ ਕਿ ਭਾਰਤ ਅਤੇ ਚੀਨ ਨੂੰ ਆਪੋ-ਆਪਣੀਆਂ ਕੌਮੀ ਹਾਲਤਾਂ ਅਨੁਸਾਰ ਫੈਸਲੇ ਲੈਣੇ ਚਾਹੀਦੇ ਹਨ। ਇਸ ਬਹਿਸ ਦੇ ਦਰਮਿਆਨ ਹੀ ਜਲਵਾਯੂ ਤਬਦੀਲੀ ਬਾਰੇ ਬਣੀ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਕਮੇਟੀ ਦੇ ਮੁਖੀ ਆਰ. ਕੇ. ਪਚੌਰੀ ਨੇ ਵੀ ਆਸ ਪ੍ਰਗਟ ਕੀਤੀ ਹੈ ਕਿ ਕੋਪਨਹੇਗਨ ਵਿਚ ਚਲ ਰਹੇ ਜਲਵਾਯੂ ਸੰਮੇਲਨ 'ਚ ਸਮਝੌਤੇ ਦੇ ਆਸਾਰ ਵਧ ਗਏ ਹਨ। ਸ੍ਰੀ ਪਚੌਰੀ ਨੇ ਕਿਹਾ ਕਿ ਅਮਰੀਕਾ ਅਤੇ ਚੀਨ ਵਲੋਂ ਗ੍ਰੀਨ ਹਾਊਸ ਗੈਸਾਂ ਦੇ ਪੈਦਾ ਕਰਨ ਵਿਚ ਕਟੌਤੀ ਦੇ ਟੀਚੇ ਐਲਾਨਣ ਤੋਂ ਬਾਅਦ ਭਾਰਤ ਨੇ ਵੀ ਅਜਿਹਾ ਐਲਾਨ ਕੀਤਾ ਹੈ।

ਸਮੁੱਚੇ ਤੌਰ 'ਤੇ ਵਾਤਾਵਰਣ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਸਾਰੇ ਦੇਸ਼ ਆਉਣ ਵਾਲੇ ਸਮੇਂ ਵਿਚ ਕਾਰਬਨ ਨਿਕਾਸੀ ਵਿਚ 20 ਫੀਸਦੀ ਕਮੀ ਕਰਨ ਲਈ ਵੀ ਸਹਿਮਤ ਹੋ ਜਾਂਦੇ ਹਨ, ਤਦ ਵੀ ਇਸ ਦਾ ਮੌਸਮੀ ਤਬਦੀਲੀ 'ਤੇ ਬੇਹੱਦ ਸਾਕਾਰਾਤਮਕ ਅਸਰ ਪਵੇਗਾ। ਇਸ ਨਾਲ ਵਾਤਾਵਰਣ ਵਿਚ ਆ ਰਹੀ ਤਬਦੀਲੀ ਅਤੇ ਪੈਦਾ ਹੋ ਰਹੀ ਗਲੋਬਲ ਵਾਰਮਿੰਗ ਨੂੰ ਸਥਿਰ ਕਰਨ ਵਿਚ ਮਦਦ ਮਿਲ ਸਕਦੀ ਹੈ।

ਮੌਸਮੀ ਤਬਦੀਲੀ ਦਾ ਮਸਲਾ ਅੱਜ ਦੁਨੀਆਂ ਭਰ ਦੇ ਵਿਗਿਆਨੀਆਂ ਅਤੇ ਆਮ ਲੋਕਾਂ ਲਈ ਵੱਡਾ ਮਸਲਾ ਬਣ ਚੁੱਕਾ ਹੈ। ਕੋਪਨਹੇਗਨ ਕਾਨਫਰੰਸ ਵਲ ਸਾਰੀ ਦੁਨੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਇਥੇ ਹੋਣ ਵਾਲੇ ਕਿਸੇ ਵੀ ਫੈਸਲੇ ਨਾਲ ਸਾਰੀ ਦੁਨੀਆਂ ਦੇ ਆਰਥਿਕ ਅਤੇ ਰਾਜਨੀਤਕ ਹਿੱਤ ਤਾਂ ਪ੍ਰਭਾਵਤ ਹੋਣੇ ਹੀ ਹਨ, ਇਸ ਤੋਂ ਅੱਗੇ ਇਥੇ ਹੋਣ ਵਾਲੇ ਫੈਸਲਿਆਂ ਦਾ ਮਨੁੱਖੀ ਅਤੇ ਹੋਰ ਜੀਵਾਂ ਦੀ ਹੋਂਦ ਅਤੇ ਭਵਿੱਖ ਦਾ ਮਸਲਾ ਵੀ ਦਾਅ 'ਤੇ ਲੱਗਾ ਹੋਇਆ ਹੈ। ਦੁਨੀਆਂ ਭਰ ਵਿਚ ਸਨਅਤੀਕਰਨ ਦੇ ਨਾਲ-ਨਾਲ ਫੈਲੇ ਪ੍ਰਦੂਸ਼ਣ ਦੇ ਸਿੱਟੇ ਵਜੋਂ ਪਿਛਲੇ ਕੁਝ ਹੀ ਸਾਲਾਂ ਵਿਚ ਗਲੋਬਲ ਵਾਰਮਿੰਗ ਦਾ ਵਰਤਾਰਾ ਤੇਜ਼ੀ ਨਾਲ ਅੱਗੇ ਵਧਿਆ ਹੈ। ਗਲੋਬਲ ਵਾਰਮਿੰਗ ਦੇ ਸਿੱਟੇ ਵਜੋਂ ਹੀ ਸੰਸਾਰ ਭਰ ਵਿਚ ਮੌਸਮੀ ਤਬਦੀਲੀਆਂ ਵਾਪਰ ਰਹੀਆਂ ਹਨ। ਕਿਧਰੇ ਸੋਕੇ ਪੈਣ ਲੱਗੇ ਹਨ ਅਤੇ ਕਿਧਰੇ ਹੜ੍ਹ ਆ ਰਹੇ ਹਨ। ਸਿੱਟਾ ਇਹ ਨਿਕਲ ਰਿਹਾ ਹੈ ਕਿ ਦੁਨੀਆਂ ਦੀਆਂ ਖੁਰਾਕੀ ਲੋੜਾਂ ਮੁੜ ਤੋਂ ਸੰਕਟ ਮੂੰਹ ਆ ਗਈਆਂ ਹਨ। ਇਸ ਤੋਂ ਇਲਾਵਾ ਸਮੁੰਦਰ ਦਾ ਤਲ ਉਪਰ ਉਠਣ ਲੱਗਾ ਹੈ ਅਤੇ ਸਮੁੰਦਰ ਕੰਢੇ ਵਸਦੇ ਮੁਲਕ ਅਤੇ ਟਾਪੂ ਵੀ ਖ਼ਤਰੇ ਮੂੰਹ ਆ ਗਏ ਹਨ। ਅਜਿਹੀਆਂ ਸਥਿਤੀਆਂ ਤੋਂ ਸਾਰੀ ਦੁਨੀਆਂ ਚਿੰਤਤ ਹੈ ਅਤੇ ਇਸ ਵਰਤਾਰੇ ਨੂੰ ਰੋਕਣਾ ਹੀ ਕੋਪਨਹੇਗਨ ਕਾਨਫਰੰਸ ਦਾ ਕੇਂਦਰੀ ਏਜੰਡਾ ਹੈ। ਵੇਖਣਾ ਇਹ ਹੋਵੇਗਾ ਕਿ ਇਹ ਕਾਨਫਰੰਸ ਕਿੰਨੇ ਕੁ ਸਾਕਾਰਾਤਮਕ ਸਿੱਟਿਆਂ 'ਤੇ ਪਹੁੰਚਦੀ ਹੈ। ਜੇ ਇਹ ਕਾਨਫਰੰਸ ਅਸਫਲ ਰਹਿੰਦੀ ਹੈ ਤਾਂ ਇਹ ਦੁਨੀਆਂ ਦੀ ਵੱਡੀ ਬਦਕਿਸਮਤੀ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੋਲੀ ਕਾਂਡ ਲੁਧਿਆਣੇ ਦਾ*

ਰਾਜ ਭਾਗ ਫਰੇਬੀਆਂ ਕੋਲ ਹੋਵੇ, ਅਣਖੀ ਪੁੱਤ ਤਦ ਜੇਲ੍ਹਾਂ ਨੂੰ ਜਾਣ ਕਿਉਂ ਨਾ?<br>
ਮੁੱਖ ਮੰਤਰੀ ਹੋਵੇ ਜਦ 'ਚਰਨ-ਸੇਵਕ', ਹਿੰਡ ਆਪਣੀ ਬਾਬੇ ਪੁਗਾਣ ਕਿਉਂ ਨਾ?<br>
'ਜਥੇਦਾਰ' ਵੀ ਹੁਕਮ ਦੇ ਹੋਣ ਗੋਲੇ, ਸਜ਼ਾ 'ਆਕੀਆਂ' ਤਾਈਂ ਲਗਵਾਣ ਕਿਉਂ ਨਾ?<br>
ਉਚੀ ਸਮਝੇ ਜੋ ਕੁਰਸੀ ਨੂੰ ਕੌਮ ਨਾਲੋਂ, ਭਾਈ ਆਪਣੇ ਕਰੇ ਕੁਰਬਾਨ ਕਿਉਂ ਨਾ?<br>
ਕੋਈ ਅਣਖ ਵੰਗਾਰੇ ਪੰਜਾਬੀਆਂ ਦੀ, ਸੂਰੇ ਤਲੀ 'ਤੇ ਸੀਸ ਟਿਕਾਣ ਕਿਉਂ ਨਾ?<br>
ਹੋਵੇ 'ਪੰਥਕ ਸਰਕਾਰ' ਪੰਜਾਬ ਅੰਦਰ, ਸਿੱਖ ਗੋਲੀਆਂ ਹਿੱਕਾਂ 'ਤੇ ਖਾਣ ਕਿਉਂ ਨਾ?

# ਜਲ੍ਹਿਆਂਵਾਲਾ ਬਾਗ ਸਬੰਧੀ ਮੰਗਾਂ ਦੀ ਪੂਰਤੀ

**ਜਗਜੀਤ ਸਿੰਘ ਆਨੰਦ**

ਜਲ੍ਹਿਆਂਵਾਲਾ ਬਾਗ ਸਾਡੇ ਦੇਸ਼ ਦੀ ਆਜ਼ਾਦੀ ਲਹਿਰ ਦੇ ਸਿਰੜੀ ਸੰਗਰਾਮ ਦਾ ਇਕ ਵਿਕਲੋਤਰਾ ਮੀਲ ਪੱਥਰ ਹੈ। ਜਦੋਂ ਅੰਗਰੇਜ਼ ਦੇ ਜ਼ੁਲਮ ਮੂਹਰੇ ਕੌਮ ਕਮਾਨ ਵਾਂਗ ਝੁਕੀ ਪਈ ਸੀ, ਓਦੋਂ ਅਣਖੀਲੇ ਪੰਜਾਬੀ ਦੇਸ਼ ਦਰਦੀਆਂ ਨੇ ਇਸ ਬਾਗ ਵਿਚ ਮੀਟਿੰਗ ਰੱਖੀ ਸੀ। ਉਹ ਬੰਦੂਕਾਂ ਜਾਂ ਬੰਬ ਨਹੀਂ ਸਨ ਚਲਾ ਰਹੇ, ਪੁਰਅਮਨ ਬੈਠੇ ਸਿਰਫ਼ ਵਿਚਾਰਾਂ ਕਰ ਰਹੇ ਸਨ, ਜਦੋਂ ਜਨਰਲ ਡਾਇਰ ਆਪਣੇ ਨਾਲ ਫ਼ੌਜ ਦੀ ਟੁਕੜੀ ਲੈ ਕੇ ਆ ਗਿਆ। ਅੰਨ੍ਹੇ-ਵਾਹ ਗੋਲੀਆਂ ਨਾਲ ਸੈਂਕੜੇ ਲੋਕ ਮਾਰੇ ਗਏ। ਕਈ ਖੂਹ ਵਿਚ ਛਾਲਾਂ ਮਾਰਨ ਕਰ ਕੇ ਮਰ ਗਏ। ਜ਼ਖਮੀਆਂ ਦੀ ਤਾਦਾਦ ਇਸ ਤੋਂ ਵੱਖਰੀ ਸੀ। ਦੇਸ਼ ਭਰ ਵਿਚ ਤਾਂ ਇਸ ਨਾਲ ਰੋਹ ਫੈਲਿਆ ਹੀ, ਇਸ ਕਾਂਡ ਦੀ ਗੂੰਜ ਦੂਰ ਲੰਡਨ ਵਿਚ ਬਰਤਾਨਵੀ ਸਾਮਰਾਜ ਦੀ ਪਾਰਲੀਮੈਂਟ ਤੱਕ ਵੀ ਪਈ ਸੀ।



ਆਜ਼ਾਦੀ ਲਹਿਰ ਪਿੱਛੋਂ ਇਹ ਸਥਾਨ ਅਗਲੀ ਪੀੜ੍ਹੀ ਦੇ ਲੋਕਾਂ ਦੇ ਮਨਾਂ ਵਿਚ ਦੇਸ਼ ਭਗਤੀ ਦੀ ਭਾਵਨਾ ਕਾਇਮ ਰੱਖਣ ਵਾਲਾ ਤੀਰਥ ਬਣ ਗਿਆ ਸੀ। ਲੋਕ ਇਥੇ ਇਕ ਅਲੌਕਿਕ ਜਜ਼ਬੇ ਨਾਲ ਜਾਇਆ ਕਰਦੇ ਸਨ। ਭਾਵਨਾ ਕਿਸੇ ਪਿਕਨਿਕ ਸਥਾਨ ਦਾ ਗੇੜਾ ਮਾਰਨ ਵਰਗੀ ਨਾ ਹੋ ਕੇ ਕਿਸੇ ਪ੍ਰੇਰਨਾ ਸਰੋਤ ਉੱਤੇ ਹਾਜ਼ਰੀ ਭਰਨ ਵਰਗੀ ਹੁੰਦੀ ਸੀ। ਰਾਜਨੀਤੀ ਦੇ ਵਖਰੇਵੇਂ ਵੀ ਇਸ ਵਿਚ ਅੜਿੱਕਾ ਨਹੀਂ ਸਨ ਬਣਦੇ।

ਪਿਛਲੇ ਸਾਲ ਇਹ ਮਹਾਨ ਅਸਥਾਨ ਇਕ ਵਾਰੀ ਚਰਚਾ ਦਾ ਕੇਂਦਰ ਬਣ ਗਿਆ। ਤਜਵੀਜ਼ ਇਹ ਆ ਗਈ ਕਿ ਇਸਨੂੰ ਵਿਕਸਤ ਕਰਨਾ ਹੈ, ਪਰ ਢੰਗ ਇਹੋ ਜਿਹਾ ਦੱਸਿਆ ਗਿਆ, ਜਿਸ ਨਾਲ ਇਹ ਹੋਰ ਜੋ ਵੀ ਹੋ ਜਾਂਦਾ, ਜਲ੍ਹਿਆਂਵਾਲਾ ਬਾਗ ਨਹੀਂ ਸੀ ਰਹਿ ਜਾਣਾ, ਨਾਂ ਭਾਵੇਂ ਇਹੋ ਹੀ ਰਹਿਣਾ ਸੀ। ਦੇਸ਼ ਭਗਤ ਲਹਿਰ ਦੇ ਵਿਰਸੇ ਨਾਲ ਜੁੜੀਆਂ ਧਿਰਾਂ, ਸੰਗਠਨਾਂ, ਜਥੇਬੰਦੀਆਂ ਨੇ ਇਸ ਤਜਵੀਜ਼ ਦਾ ਵਿਰੋਧ ਕੀਤਾ। ਵਿਰੋਧ ਦੀ ਅਗਵਾਈ ਵੀ ਦੇਸ਼ਭਗਤ ਲਹਿਰ ਦੀ ਵਿਰਾਸਤ ਦੀ ਕੇਂਦਰੀ ਧਿਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਕੀਤੀ। ਉਨ੍ਹਾਂ ਦੀ ਮੰਗ ਇਹ ਸੀ ਕਿ ਉਸ ਖੂਨੀ ਕਾਂਡ ਦੀ ਯਾਦ ਦਿਵਾਉਂਦਾ ਇਹ ਸਥਾਨ ਕਿਸੇ ਸੈਰ ਸਪਾਟਾ ਵਿਕਾਸ ਨਾਲ ਜੁੜੇ ਵਿਭਾਗ ਜਾਂ ਕਾਰਪੋਰੇਸ਼ਨ ਦੇ ਹਵਾਲੇ ਨਹੀਂ ਕੀਤਾ ਜਾਣਾ ਚਾਹੀਦਾ। ਇਸ ਦੀ ਬਜਾਏ ਇਹ ਵਿਰਾਸਤ ਦੀ ਸੰਭਾਲ ਕਰਨ ਲਈ ਯੋਗ ਸਮਝੇ ਜਾਂਦੇ ਹੱਥਾਂ ਵਿਚ ਦਿੱਤਾ ਜਾਣਾ ਚਾਹੀਦਾ ਹੈ।

ਕਾਫ਼ੀ ਲੰਮਾ ਗੇੜਾ ਕੱਟਣਾ ਪਿਆ। ਅੰਿਤਸਰ ਦੇ ਜਿਸ ਡਿਪਟੀ ਕਮਿਸ਼ਨਰ ਬਾਰੇ ਸਮਝਿਆ ਜਾਂਦਾ ਸੀ ਕਿ ਉਹ ਇਸ ਬਾਗ ਦੀ ਦਿੱਖ ਬਦਲਣ 'ਤੇ ਬਜ਼ਿਦ ਹੈ, ਉਸ ਨੇ ਦੇਸ਼ਭਗਤ ਯਾਦਗਾਰ ਕਮੇਟੀ ਨਾਲ ਉਪਰੋਕਤ ਮਾਮਲੇ ਵਿਚ ਸਹਿਮਤੀ ਵੀ ਕੀਤੀ ਤੇ ਕੇਸ ਦੀ ਪੈਰਵੀ ਵੀ। ਨਤੀਜੇ ਵਜੋਂ ਮੰਗ ਮੰਨੀ ਗਈ। ਹੁਣ ਜਲ੍ਹਿਆਂਵਾਲਾ ਬਾਗ ਅਸਲ ਵਿਚ ਵਿਰਾਸਤ ਦੇ ਪ੍ਰਤੀਕ ਵਜੋਂ ਉਸ ਵਕਤ ਲੱਗੀਆਂ ਗੋਲੀਆਂ ਦੇ ਨਿਸ਼ਾਨਾਂ ਦੀ ਸੰਭਾਲ ਸਮੇਤ ਸੁਰੱਖਿਅਤ ਰੱਖਿਆ ਜਾਵੇਗਾ।

ਕੋਲਕਾਤਾ ਕੈਂਪ ਆਫ਼ਿਸ ਤੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਜਲ੍ਹਿਆਂਵਾਲਾ ਬਾਗ ਮੈਮੋਰੀਅਲ ਟਰਸਟ ਦੇ ਸੈਕਟਰੀ ਸ੍ਰੀ ਐਸ.ਕੇ. ਮੁਖਰਜੀ ਵਲੋਂ ਚਿੱਠੀ ਫ਼ੈਕਸ ਕਰ ਕੇ ਇਸ ਦੀ ਜੋ ਸੂਚਨਾ ਦਿੱਤੀ ਗਈ ਹੈ, ਉਹ ਡਿਪਟੀ ਕਮਿਸ਼ਨਰ ਨੇ ਦੇਸ਼ਭਗਤ ਯਾਦਗਾਰ ਕਮੇਟੀ ਨੂੰ ਪੁੱਜਦੀ ਕੀਤੀ ਹੈ। ਚਿੱਠੀ ਆਖਦੀ ਹੈ ਕਿ ਰਸਾਇਣਕ ਟਰੀਟਮੈਂਟ ਦੇਣ ਮਗਰੋਂ ਗੋਲੀਆਂ ਦੇ ਨਿਸ਼ਾਨਾਂ ਨੂੰ ਸ਼ੀਸ਼ੇ ਨਾਲ ਢੱਕ ਦਿੱਤਾ ਗਿਆ ਹੈ ਤੇ ਅਜਿਹਾ ਪ੍ਰਬੰਧ ਕੀਤਾ ਗਿਆ ਹੈ ਕਿ ਲੋਕ ਇਨ੍ਹਾਂ ਨੂੰ ਚਾਰ ਫੁੱਟ ਦੇ ਫ਼ਾਸਲੇ ਤੋਂ ਦੇਖ ਤਾਂ ਸਕਣਗੇ, ਛੂਹਣਾ ਅਸੰਭਵ ਹੋਵੇਗਾ। ਉਸ ਖੂਨੀ ਕਾਂਡ ਬਾਰੇ ਲਾਈਟ ਐਂਡ ਸਾਊਂਡ ਦੀ ਸਕਰਿਪਟ ਵੀ ਇਤਿਹਾਸਕ ਖੋਜ ਬਾਰੇ ਭਾਰਤੀ ਕੌਂਸਲ ਨੂੰ ਪ੍ਰਵਾਨਗੀ ਲਈ ਭੇਜ ਦਿੱਤੀ ਗਈ ਹੈ। ਇਥੋਂ ਸਹੁੰ ਚੁੱਕ ਕੇ ਇਸ ਕਾਂਡ ਦਾ ਲੰਡਨ ਜਾ ਕੇ ਬਦਲਾ ਲੈਣ ਤੇ ਫਾਂਸੀ ਚੜ੍ਹਨ ਵਾਲੇ ਸ਼ਹੀਦ ਊਧਮ ਸਿੰਘ ਦਾ ਬੁੱਤ ਲਾਉਣ ਬਾਰੇ ਵਿਚਾਰ ਕਰ ਕੇ ਮਾਮਲਾ ਸੱਭਿਆਚਾਰਕ ਮੰਤਰਾਲੇ ਦੇ ਸਪੁਰਦ ਕਰ ਦਿੱਤਾ ਗਿਆ ਹੈ, ਜੋ ਟਰਸਟੀਆਂ ਦੇ ਬੋਰਡ ਮੂਹਰੇ ਰੱਖੇਗਾ। ਇੰਗਲੈਂਡ ਤੋਂ ਸ਼ਹੀਦ ਊਧਮ ਸਿੰਘ ਦਾ ਇਤਿਹਾਸਕ ਪਿਸਤੌਲ, ਜਿਸ ਨਾਲ ਉਸਨੇ ਓਡਵਾਇਰ ਨੂੰ ਮਾਰਿਆ ਸੀ, ਭਾਰਤ ਮੰਗਵਾਉਣ ਬਾਰੇ ਭਾਰਤ ਸਰਕਾਰ ਨੂੰ ਛੇਤੀ ਕਾਰਵਾਈ ਲਈ ਕਹਿ ਦਿੱਤਾ ਗਿਆ ਹੈ। ਬਾਗ ਅੰਦਰ ਜਾਣ ਲਈ ਕਿਸੇ ਕਿਸਮ ਦੀ ਦਾਖਲਾ ਫੀਸ ਦਾ ਵਿਚਾਰ ਵੀ ਮੂਲੋਂ ਹੀ ਖਾਰਿਜ ਕਰ ਦਿੱਤਾ ਗਿਆ ਹੈ।

ਇਹ ਸਾਰਾ ਕੁਝ ਦੇਸ਼ ਭਗਤ ਲਹਿਰ ਦੇ ਵਾਰਸਾਂ ਦੀ ਵੱਡੀ ਪ੍ਰਾਪਤੀ ਹੈ, ਜਿਸ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਵਧਾਈ ਦੇਣੀ ਬਣਦੀ ਹੈ ਤੇ ਉਨ੍ਹਾਂ ਸਾਰੇ ਸੰਗਠਨਾਂ ਨੂੰ ਸ਼ਾਬਾਸ਼ ਦੇਣਾ ਵੀ, ਜਿਨ੍ਹਾਂ ਨੇ ਇਸ ਲਈ ਲਗਾਤਾਰ ਸੰਘਰਸ਼ ਕੀਤਾ ਤੇ ਸਹਿਯੋਗ ਕੀਤਾ। ਸ਼ਲਾਘਾ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਵੀ ਕਰਨੀ ਬਣਦੀ ਹੈ, ਜਿਸ ਨੇ ਵਾਅਦੇ ਮੁਤਾਬਕ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਦੇਸ਼ਭਗਤ ਯਾਦਗਾਰ ਕਮੇਟੀ ਨਾਲ ਵਿਚਾਰ ਵਟਾਂਦਰੇ ਰਾਹੀਂ ਸਹਿਮਤੀ ਦੇ ਨੁਕਤੇ ਵੀ ਲੱਭੇ ਤੇ ਉਨ੍ਹਾਂ ਉਤੇ ਅਮਲ ਲਈ ਲਗਾਤਾਰ ਕੋਸ਼ਿਸ਼ ਵੀ ਕੀਤੀ, ਜਿਸ ਨਾਲ ਆਜ਼ਾਦੀ ਲਹਿਰ ਦੀ ਇਸ ਮਹਾਨ ਯਾਦਗਾਰ ਦਾ ਸਰੂਪ ਵਿਗੜਨ ਤੋਂ ਬਚਿਆ ਤੇ ਹੁਣ ਪੰਜਾਬ ਦੀ ਇਹ ਵਿਰਾਸਤ ਅਗਲੀਆਂ ਪੀੜ੍ਹੀਆਂ ਲਈ ਰੋਸ਼ਨ ਮੀਨਾਰ ਬਣੀ ਰਹੇਗੀ।

# ਪੰਜਾਬ ਯੂਨੀਵਰਸਿਟੀ 'ਚ ਪੜ੍ਹਾਈ ਦਾ ਹਾਲ ਹੋਇਆ ਮਾੜਾ

ਪੰਜਾਬ ਯੂਨੀਵਰਸਿਟੀ ਵਿਚ ਅਧਿਆਪਕਾਂ ਦੀ ਘਾਟ ਕਾਰਨ ਕਈ ਕੋਰਸਾਂ ਅਤੇ ਵਿਸ਼ਿਆਂ ਦੀ ਪੜ੍ਹਾਈ ਬੰਦ ਹੋ ਗਈ ਹੈ। ਐਮ.ਏ. ਦੇ ਵਿਦਿਆਰਥੀਆਂ ਲਈ ਚੋਣਵਾਂ (ਆਪਸ਼ਨਲ) ਵਿਸ਼ਾ ਪੜ੍ਹਨ ਦੀ ਗੁੰਜਾਇਸ਼ ਨਹੀਂ ਰਹੀ। ਯੂਨੀਵਰਸਿਟੀ ਦੇ ਪੱਤਰ-ਵਿਹਾਰ ਵਿਭਾਗ ਅਤੇ ਇਹਦੇ ਨਾਲ ਸਬੰਧਤ ਖੇਤਰੀ ਸੈਂਟਰਾਂ ਵਿਚ ਅਧਿਆਪਕਾਂ ਦੀ ਗਿਣਤੀ ਅੱਧੇ ਤੋਂ ਘੱਟ ਰਹਿ ਗਈ ਹੈ। ਯੂਨੀਵਰਸਿਟੀ ਕੈਂਪਸ ਵਿਚ ਦੋ ਵਿਭਾਗ ਅਜਿਹੇ ਹਨ, ਜਿੱਥੇ ਮੰਗਵੇਂ ਅਧਿਆਪਕਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ। ਪੰਜਾਬ ਯੂਨੀਵਰਸਿਟੀ ਟੀਚਰਜ ਐਸੋਸੀਏਸ਼ਨ ਵਲੋਂ ਤਿਆਰ ਕੀਤੀ ਇਕ ਰਿਪੋਰਟ ਵਿਚ ਇਹ ਅੰਕੜੇ ਦਿੰਦਿਆਂ ਕਿਹਾ ਗਿਆ ਹੈ ਕਿ ਇਵਨਿੰਗ ਸਟੱਡੀਜ਼ ਵਿਭਾਗ ਦੇ ਸਮਾਜ ਸ਼ਾਸਤਰ ਅਤੇ ਸੰਸਿਕ੍ਰਤ ਵਿਭਾਗ ਵਿਚ ਇਕ ਵੀ ਰੈਗੂਲਰ ਅਧਿਆਪਕ ਨਹੀਂ।

ਰਿਪੋਰਟ ਅਨੁਸਾਰ ਪੰਜਾਬੀ ਵਿਭਾਗ ਵਿਚ 17 ਆਸਾਮੀਆਂ ਮਨਜ਼ੂਰ ਹਨ, ਜਿਨ੍ਹਾਂ ਵਿਚੋਂ ਕੇਵਲ ਅੱਠ ਅਧਿਆਪਕ ਹੀ ਰੱਖੇ ਹੋਏ ਹਨ। ਪੰਜਾਬੀ ਅਧਿਐਨ ਸਕੂਲ ਵਿਚ ਸਰਟੀਫਿਕੇਟ ਕੋਰਸ ਇਨ ਫੰਕਸ਼ਨਲ ਪੰਜਾਬੀ, ਡਿਪਲੋਮਾ ਇਨ ਪੰਜਾਬੀ ਲੈਂਗੂਏਜ ਐਂਡ ਕਲਚਰ ਅਤੇ ਐਮ.ਫਿਲ ਗੁਰੂ ਗ੍ਰੰਥ ਸਾਹਿਬ ਬੰਦ ਹੋ ਚੁੱਕੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਸਟਾਫ ਦੀ ਘਾਟ ਕਾਰਨ ਐਮ.ਏ. ਪੰਜਾਬੀ ਦੇ ਤੀਜੇ ਅਤੇ ਚੌਥੇ ਪੇਪਰਾਂ ਵਿਚ ਆਪਸ਼ਨ ਦੀ ਗੁੰਜਾਇਸ਼ ਵੀ ਖਤਮ ਹੈ। ਪੇਪਰ ਤੀਜਾ ਵਿਚ ਕਵਿਤਾ ਅਤੇ ਪੇਪਰ ਚੌਥਾ ਵਿਚ ਨਾਵਲ ਪੜ੍ਹਨਾ ਪੈ ਰਿਹਾ ਹੈ, ਜਦੋਂਕਿ ਦੋਹਾਂ ਵਿਚ ਹੀ ਆਪਸ਼ਨਲ ਹੈ। ਵਿਭਾਗ ਦੇ ਪ੍ਰੋਫੈਸਰ ਨਾਹਰ ਸਿੰਘ ਨੇ ਕਿਹਾ ਹੈ ਕਿ ਸਟਾਫ ਦੀ ਘਾਟ ਤਾਂ ਹੈ ਪਰ ਕੋਰਸ ਬੰਦ ਹੋਣ ਜਾਂ ਪੇਪਰ ਦੀ ਆਪਸ਼ਨ ਨਾ ਹੋਣ ਦੇ ਹੋਰ ਵੀ ਕਈ ਕਾਰਨ ਹਨ। ਉਨ੍ਹਾਂ ਕਿਹਾ ਕਿ ਐਮ.ਫਿਲ ਗੁਰੂ ਗ੍ਰੰਥ ਸਾਹਿਬ ਲਈ ਕੋਈ ਵਿਦਿਆਰਥੀ ਨਹੀਂ ਆਇਆ। ਐਮ.ਏ. ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਕਹਾਣੀ ਇਸ ਤੋਂ ਵੱਖਰੀ ਨਹੀਂ। ਅੰਗਰੇਜ਼ੀ ਵਿਚ ਵੀ ਕਹਾਣੀ ਇਸ ਤੋਂ ਵੱਖਰੀ ਨਹੀਂ। ਅੰਗਰੇਜ਼ੀ ਵਿਭਾਗ ਵਿਚ 10 ਅਧਿਆਪਕ ਹਨ, ਜਦੋਂਕਿ ਆਸਾਮੀਆਂ 19 ਹਨ। ਹਾਲਾਂਕਿ ਵਿਭਾਗ ਵਿਚ ਐਮ.ਏ. ਤੋਂ ਬਿਨਾ ਹੋਰ ਵੀ ਕਈ ਡਿਪਲੋਮਾ ਕੋਰਸ ਕਰਵਾਏ ਜਾ ਰਹੇ ਹਨ। ਐਮ.ਏ. ਪੰਜ ਸਾਲਾ ਕੋਰਸ ਸ਼ੁਰੂ ਨਾ ਕਰਨ ਦਾ ਕਾਰਨ ਅਧਿਆਪਕਾਂ ਦੀ ਘਾਟ ਹੈ। ਸੰਸਕ੍ਰਿਤ ਵਿਭਾਗ ਵਿਚ 7 ਦੀ ਥਾਂ 3 ਅਤੇ ਉਰਦੂ ਵਿਚ 5 ਦੀ ਥਾਂ ਤਿੰਨ ਅਧਿਆਪਕਾਂ ਨਾਲ ਬੁੱਤਾ ਸਾਰਿਆ ਜਾ ਰਿਹਾ ਹੈ।

ਸਰੀਰਕ ਸਿੱਖਿਆ ਵਿਭਾਗ ਵਿਚ 15 ਆਸਾਮੀਆਂ ਅਤੇ 5 ਅਧਿਆਪਕ ਕੰਮ ਕਰ ਰਹੇ ਹਨ। ਐਮ.ਏ. ਐਜੂਕੇਸ਼ਨ ਸਮੇਤ ਇਸ ਨਾਲ ਸਬੰਧਤ ਹੋਰ ਕੋਰਸਾਂ ਲਈ 9 ਅਧਿਆਪਕ ਰਹਿ ਗਏ ਹਨ, ਜਦੋਂ ਕਿ 18 ਆਸਾਮੀਆਂ ਮਨਜ਼ੂਰ ਹਨ। ਯੂਨੀਵਰਸਿਟੀ ਬਿਜ਼ਨਸ ਸਕੂਲ ਵਿਚ 36 ਆਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ 16 ਖਾਲੀ ਪਈਆਂ ਹਨ। ਸਕੂਲ ਦੇ 20 ਅਧਿਆਪਕਾਂ ਨੂੰ ਯੂ.ਆਈ.ਏ. ਐਮ. ਐਸ. ਸਮੇਤ ਦੂਜੇ ਵਿਭਾਗਾਂ ਵਿਚ ਪੜ੍ਹਾਉਣ ਲਈ ਜਾਣਾ ਪੈ ਰਿਹਾ ਹੈ। ਅਰਥਸ਼ਾਸਤਰ ਵਿਭਾਗ ਵਿਚ ਮਨਜ਼ੂਰਸ਼ੁਦਾ 21 ਆਸਾਮੀਆਂ ਹਨ ਜਦੋਂਕਿ ਕੇਵਲ 10 ਅਧਿਆਪਕ ਪੜ੍ਹਾ ਰਹੇ ਹਨ। ਵਿਭਾਗ 'ਚ ਵਿਦਿਆਰਥੀਆਂ ਦੀ ਗਿਣਤੀ 325 ਹੈ। ਵਿਭਾਗ ਦੇ ਵੱਖ-ਵੱਖ ਕੋਰਸਾਂ ਵਿਚ ਪੜ੍ਹਾਏ ਜਾਂਦੇ 58 ਪੇਪਰਾਂ ਵਿਚੋਂ 16 ਪੇਪਰ ਹੀ ਪੜ੍ਹਾਏ ਜਾ ਰਹੇ ਹਨ। ਸਮਾਜ ਵਿਗਿਆਨ ਵਿਭਾਗ ਵਿਚ ਪੰਜ ਅਧਿਆਪਕਾਂ ਦੀ ਘਾਟ ਹੈ। ਇਸ ਵਿਭਾਗ ਸਿਰ ਸੋਸ਼ਲ ਵਰਕ ਵਿਭਾਗ ਦੀ ਵੀ ਜ਼ਿੰਮੇਵਾਰੀ ਪਾਈ ਗਈ ਹੈ। ਸੋਸ਼ਲ ਵਰਕ ਵਿਭਾਗ ਵਿਚ ਪਹਿਲਾ ਬੈਚ ਸਿਰੇ ਲੱਗ ਚੁੱਕਾ ਹੈ ਪਰ ਇੱਥੇ ਕੇਵਲ ਇਕ ਹੀ ਰੈਗੂਲਰ ਅਧਿਆਪਕ ਹੈ।

ਕੈਂਪਸ ਦੇ ਪੱਤਰ-ਵਿਹਾਰ ਵਿਭਾਗ (ਸਕੂਲ ਆਫ ਓਪਨ ਲਰਨਿੰਗ) ਵਿਚ ਕੁਲ 76 ਅਸਾਮੀਆਂ ਹਨ ਪਰ ਇਨ੍ਹਾਂ ਉੱਤੇ ਕੇਵਲ 44 ਅਧਿਆਪਕ ਹੀ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋਂ ਵੀ ਚਾਰ ਜਣੇ ਅਗਲੇ ਤਿੰਨ ਮਹੀਨਿਆਂ ਵਿਚ ਸੇਵਾ ਮੁਕਤ ਹੋ ਜਾਣਗੇ। ਸਕੂਲ ਵਿਚ ਅੱਠ ਵਿਭਾਗ ਹਨ ਅਤੇ ਇਨ੍ਹਾਂ ਵਿਚ 13500 ਵਿਦਿਆਰਥੀ ਪੜ੍ਹ ਰਹੇ ਹਨ। ਇਵਨਿੰਗ ਸਟੱਡੀਜ਼ ਵਿਭਾਗ ਵਿਚ ਕੇਵਲ 30 ਅਧਿਆਪਕ ਪੜ੍ਹਾ ਰਹੇ ਹਨ, ਜਦੋਂਕਿ 43 ਅਸਾਮੀਆਂ ਹਨ। ਇਸ ਤੋਂ ਬਿਨਾ ਗਣਿਤ, ਹਿੰਦੀ ਅਤੇ ਲੋਕ ਪ੍ਰਸ਼ਾਸਨ ਵਿਚ ਕੇਵਲ ਇਕ ਇਕ ਹੀ ਅਧਿਆਪਕ ਹੈ। ਪੂਟਾ ਨੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਅਕਾਦਮਿਕ ਪੱਧਰ ਨਾਲ ਸਮਝੌਤਾ ਨਾ ਕਰਨ ਅਤੇ ਖਾਲੀ ਅਸਾਮੀਆਂ ਛੇਤੀ ਭਰਨ ਦੀ ਮੰਗ ਕੀਤੀ ਹੈ।

ਉਪ ਕੁਲਪਤੀ ਆਰ.ਸੀ. ਸੋਬਤੀ ਨੇ ਕਿਹਾ ਕਿ ਪੂਟਾ ਕੋਲ ਜਦੋਂ ਹੁਣ ਕੋਈ ਮੁੱਦਾ ਨਹੀਂ ਰਿਹਾ ਤਾਂ ਅਧਿਆਪਕਾਂ ਦੀ ਘਾਟ ਦੇ ਬਹਾਨੇ ਨਾਲ ਨਵੀਂ ਸਾਜ਼ਿਸ਼ ਰਚਣੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਪੂਟਾ ਦੀ ਰਿਪੋਰਟ 'ਤੇ ਹੋਰ ਵਧੇਰੇ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ।

# ਬਾਬਰੀ ਮਸਜਿਦ ਦਾ ਢੱਠਣਾ ਤੇ ਰਾਓ ਦੀ ਭੂਮਿਕਾ



**ਵੇਦਪ੍ਰਤਾਪ ਵੈਦਿਕ**

ਜਸਟਿਸ ਐਮ. ਐਸ. ਲਿਬਰਹਾਨ ਨੇ ਜਿਹੜੇ ਇਕ ਹਜ਼ਾਰ ਪੇਜਾਂ 'ਤੇ ਆਪਣੀ ਰਿਪੋਰਟ ਲਿਖੀ ਹੈ, ਉਹ ਬਰਬਾਦ ਹੋ ਗਏ। ਉਹੀ ਇਕ ਹਜ਼ਾਰ ਪੇਜਾਂ ਤੇ ਜੇਕਰ ਛੋਟੇ ਬੱਚਿਆਂ ਨੂੰ ਕ ਖ ਗ ਪੜਾਇਆ ਜਾਂਦਾ ਤਾਂ ਉਨ੍ਹਾਂ ਦਾ ਕੁਝ ਚੰਗਾ ਇਸਤੇਮਾਲ ਹੁੰਦਾ। ਇਹ ਕਿਹੋ ਜਿਹੀ ਰਿਪੋਰਟ ਹੈ ਕਿ ਬਾਬਰੀ ਮਸਜਿਦ ਤੋੜਨ ਵਾਲੇ ਇਕ ਵੀ ਕਾਰਸੇਵਕ 'ਤੇ ਇਹ ਉਂਗਲੀ ਨਹੀਂ ਰਖ ਸਕੀ। ਉਹ ਉਸ ਸਾਜ਼ਿਸ਼ ਦਾ ਪਰਦਾਫਾਸ਼ ਵੀ ਨਹੀਂ ਕਰ ਸਕੀ, ਜਿਸ ਤਹਿਤ ਮਸਜਿਦ ਗਿਰਾਈ ਗਈ ਸੀ। ਪਰ ਇਸ ਰਿਪੋਰਟ ਦੇ ਬਹਾਨੇ ਦੇਸ਼ ਵਿਚ ਜ਼ਬਰਦਸਤ ਰਾਜਨੀਤਕ ਲਿਪਾ ਪੋਚੀ ਚਲ ਰਹੀ ਹੈ। ਖ਼ੁਦ ਲਿਬਰਹਾਨ ਨੇ ਨਰਸਿਮ੍ਹਾ ਰਾਓ ਤੇ ਵਿਅੰਗ ਕੱਸਿਆ ਹੈ।

ਇਸ ਲਿੱਪਾ ਪੋਚੀ ਦਾ ਸਭ ਤੋਂ ਦੁਖਦਾਇਕ ਪਹਿਲੂ ਇਹ ਹੈ ਕਿ ਤਤਕਾਲੀਨ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਕਟਹਿਰੇ ਵਿਚ ਖੜਾ ਕੀਤਾ ਜਾ ਰਿਹਾ ਹੈ। ਕੋਈ ਕਹਿ ਰਿਹਾ ਹੈ ਕਿ 6 ਦਸੰਬਰ 1992 ਨੂੰ ਉਹ ਦਿਨ ਭਰ ਸੁੱਤੇ ਰਹੇ। ਕੋਈ ਕਹਿ ਰਿਹਾ ਹੈ ਕਿ ਰਾਓ ਅਤੇ ਸੰਘ ਦੀ ਮਿਲੀਭੁਗਤ ਸੀ ਅਤੇ ਮੈਨੂੰ ਸੰਬੋਧਤ ਕਰਕੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਰਾਓ ਸਾਹਿਬ ਨੇ ਮੈਨੂੰ ਕਿਹਾ ਕਿ ਚਲੋ ਚੰਗਾ ਹੋਇਆ, ਮਸਜਿਦ ਟੁੱਟੀ, ਖਹਿੜਾ ਛੁੱਟਾ।' ਇਹ ਤਿੰਨੋਂ ਗੱਲਾਂ ਬਿਲਕੁਲ ਨਿਰ ਆਧਾਰ ਹਨ। 6 ਦਸੰਬਰ 1992 ਨੂੰ ਐਤਵਾਰ ਸੀ। ਉਸੇ ਦਿਨ ਮਸਜਿਦ ਟੁੱਟੀ ਸੀ। ਉਸ ਦਿਨ ਸਵੇਰੇ ਸਾਢੇ ਅੱਠ ਤੋਂ ਰਾਤ ਸਾਢੇ ਗਿਆਰਾ ਵਜੇ ਤੱਕ ਮੇਰੀ ਰਾਓ ਸਾਹਿਬ ਨਾਲ ਘੱਟ ਤੋਂ ਘੱਟ ਛੇ ਸੱਤ ਵਾਰ ਗੱਲਬਾਤ ਹੋਈ ਸੀ। ਐਤਵਾਰ ਹੋਣ ਦੇ ਬਾਵਜੂਦ ਮੈਂ ਸਵੇਰੇ ਠੀਕ ਅੱਠ ਵਜੇ ਆਪਣੇ ਦਫਤਰ (ਪੀ.ਟੀ.ਆਈ.) ਪਹੁੰਚ ਗਿਆ ਸੀ। ਸਾਢੇ ਅੱਠ ਵਜੇ ਦੇ ਲਾਗੇ ਚਾਗੇ ਉਨ੍ਹਾਂ ਨਾਲ ਹਰ ਰੋਜ਼ ਦੀ ਤਰ੍ਹਾਂ ਗੱਲਬਾਤ ਹੋਈ। ਸਵਾ ਦਸ ਵਜੇ ਦੇ ਕਰੀਬ ਮੈਂ ਉਨ੍ਹਾਂ ਨੂੰ ਦੱਸਿਆ ਕਿ ਮਸਜਿਦ ਦੇ ਪਹਿਲੇ ਗੁੰਬਦ ਤੇ ਲੋਕ ਚੜ ਗਏ ਹਨ। ਸਾਡੀ ਦੋਵਾਂ ਦੀ ਗੱਲਬਾਤ ਦੇ ਵਿਚ ਆਈ ਬੀ ਪ੍ਰਮੁੱਖ ਵੈਦੱਯ ਨੇ 'ਰੈਕਸ' (ਲਾਲ ਫੋਨ) 'ਤੇ ਇਸਦੀ ਪੁਸ਼ਟੀ ਕੀਤੀ! ਰਾਓ ਸਾਹਿਬ ਨੇ ਮੈਨੂੰ ਕਿਹਾ ਕਿ 'ਇਹ ਤਾਂ ਖ਼ਤਰਨਾਕ ਧੋਖਾ ਹੋਇਆ'। 'ਇਨ੍ਹਾਂ ਲੋਕਾਂ' ਨੇ ਤੁਹਾਡੇ ਅਤੇ ਮੇਰੇ ਨਾਲ ਜਿੰਨੇ ਵੀ ਵਾਅਦੇ ਕੀਤੇ ਸਨ, ਉਹ ਸਭ ਭੰਗ ਕਰ ਦਿੱਤੇ।

ਰਾਓ ਸਾਹਿਬ ਦੇ ਪ੍ਰਤੀਨਿਧੀ ਦੇ ਤੌਰ 'ਤੇ ਮੈਂ ਵਿਹਿਪ, ਸੰਘ, ਭਾਜਪਾ ਨੇਤਾਵਾਂ, ਸਾਧੂ-ਸੰਤਾਂ ਅਤੇ ਮੁਸਲਿਮ ਨੇਤਾਵਾਂ ਦੇ ਮੰਦਿਰ-ਮਸਜਿਦ ਵਿਵਾਦ ਤੇ ਲਗਭਗ ਸਾਲ ਭਰ ਤੋਂ ਗੱਲਬਾਤ ਚਲਾ ਰਿਹਾ ਸੀ। ਰਸਮੀ ਤੌਰ 'ਤੇ ਇਹ ਗੱਲਬਾਤ ਸ਼ਰਦ ਪਵਾਰ, ਸੁਬੋਧਕਾਂਤ ਸਹਾਏ, ਕੁਮਾਰਮੰਗਲਮ ਅਤੇ ਰਾਜੇਸ਼ ਪਾਇਲਟ ਚਲਾਉਂਦੇ ਸਨ। ਰਾਮ ਮੰਦਿਰ ਅੰਦੋਲਨ ਦੇ ਸਾਰੇ ਨੇਤਾਵਾਂ ਨੇ ਪ੍ਰਧਾਨ ਮੰਤਰੀ ਅੱਗੇ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਕਾਰ ਸੇਵਾ ਕਰਨ ਦਿੱਤੀ ਜਾਵੇ। ਰਾਓ ਸਾਹਿਬ ਕਾਰਸੇਵਾ ਦੀ ਆਗਿਆ ਦੇਣ ਦੇ ਪੱਖ ਵਿਚ ਨਹੀਂ ਸਨ। ਗੱਲਬਾਤ ਟੁੱਟਣ ਵਾਲੀ ਸੀ, ਪਰ ਵਿਹਿਪ ਨੇਤਾਵਾਂ ਨੇ ਮੇਰੇ ਕਹਿਣ ਤੇ ਕਾਰਸੇਵਾ ਦੀ ਤਾਰੀਖ ਤਿੰਨ ਮਹੀਨੇ ਅੱਗੇ ਵਧਾਈ ਅਤੇ 6 ਦਸੰਬਰ ਤੈਅ ਹੋਈ। ਇਹ ਸਮਝੌਤਾ 24 ਜੁਲਾਈ ਨੂੰ ਹੋਇਆ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਰਾਮ ਮੰਦਿਰ ਅੰਦੋਲਨ ਦਾ ਹੱਲ ਕੱਢਣ ਲਈ ਕੀ ਕੀ ਯਤਨ ਨਹੀਂ ਕੀਤੇ। ਇਨ੍ਹਾਂ ਸਾਰਿਆਂ ਦਾ ਜ਼ਿਕਰ ਇਥੇ ਨਹੀਂ ਹੋ ਸਕਦਾ।



3 ਦਸੰਬਰ ਨੂੰ ਮੁੱਖ ਮੰਤਰੀ ਕਲਿਆਣ ਸਿੰਘ ਨੇ ਮੈਨੂੰ ਫੋਨ ਕੀਤਾ ਅਤੇ ਲਗਭਗ ਇਕ ਘੰਟਾ ਗੱਲ ਕੀਤੀ। ਸੰਘ ਚਾਲਕ ਰੱਜੂ ਭਈਆ, ਸੁਦਰਸ਼ਨ, ਅਸ਼ੋਕ ਸਿੰਘਲ, ਡਾਲਮੀਆ, ਅਡਵਾਨੀ, ਅਟਲ, ਵਿਨੈ ਕਟਿਆਰ ਆਦਿ ਨਾਲ ਵੀ ਸਾਫ ਗੱਲ ਹੋਈ। ਸਮਝੌਤਾ ਇਹ ਹੋਇਆ ਕਿ ਢਾਂਚੇ ਕੋਲ ਕੋਈ ਨਹੀਂ ਜਾਵੇਗਾ। ਸਿਰਫ ਚਬੂਤਰੇ 'ਤੇ ਕਾਰਸੇਵਾ ਹੋਵੇਗੀ। ਕੋਈ ਤੋੜਫੋੜ ਜਾਂ ਹਿੰਸਾ ਨਹੀਂ ਹੋਵੇਗੀ। ਇਹੋ ਜਿਹਾ ਯਕੀਨ ਉਚਤਮ ਕੋਰਟ ਅਤੇ ਰਾਸ਼ਟਰੀ ਏਕਤਾ ਮਤਾ ਸੰਮਿਤੀ ਨੂੰ ਵੀ ਦਿੱਤਾ ਗਿਆ ਸੀ। ਪਰ ਮੈਨੂੰ ਕਾਫੀ ਸ਼ੱਕ ਸੀ, ਕਿਉਂਕਿ ਬੇਕਾਬੂ ਹੁੰਦੀ ਭੀੜ ਦੇ ਕਈ ਕੌੜੇ ਅਨੁਭਵ ਮੈਨੂੰ ਆਪਣੇ ਵਿਦਿਆਰਥੀ ਕਾਲ ਵਿਚ ਹੋ ਚੁੱਕੇ ਸਨ। ਮੈਂ ਕੁਝ ਰੱਖਿਆ ਮਾਹਿਰਾਂ ਨਾਲ ਗੱਲ ਕਰਕੇ ਪ੍ਰਧਾਨ ਮੰਤਰੀ ਨੂੰ ਸਲਾਹ ਦਿੱਤੀ ਸੀ ਕਿ ਉਹ ਰਬੜ ਦੀਆਂ ਗੋਲੀਆਂ ਦਾ ਅਗਾਊਂ ਪ੍ਰਬੰਧ ਕਰਨ ਤਾਂ ਕਿ ਹਿੰਸਕ ਕਾਰਸੇਵਕਾਂ ਨੂੰ ਘਾਇਲ ਕੀਤੇ ਬਿਨਾ ਘਟਨਾ ਸਥਾਨ ਤੋਂ ਭਜਾਇਆ ਜਾ ਸਕੇ। ਮੈਂ ਉਨ੍ਹਾਂ ਨੂੰ ਇਹ ਵੀ ਕਿਹਾ ਸੀ ਕਿ 6 ਦਸੰਬਰ ਦੇ ਦਿਨ ਮਸਜਿਦ ਨੂੰ ਚਾਰੇ ਪਾਸੇ ਤੋਂ ਟੈਂਕਾਂ ਨਾਲ ਘੇਰਾ ਪਾ ਲਿਆ ਜਾਵੇ।

ਜਿਵੇਂ ਜਿਵੇਂ ਮਸਜਿਦ ਦੇ ਦੂਜੇ ਗੁੰਬਦਾਂ ਦੇ ਡਿਗਣ ਦੀ ਖ਼ਬਰ ਆਉਂਦੀ ਗਈ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸ਼ੰਕਰਰਾਵ ਚਵਾਣ, ਹੋਰ ਸੀਨੀਅਰ ਅਫਸਰ ਅਤੇ ਮੈਂ ਕਈ ਵਿਕਲਪਾਂ 'ਤੇ ਵਿਚਾਰ ਕਰਦੇ ਰਹੇ। ਫੈਜ਼ਾਬਾਦ ਸਥਿਤ ਪੁਲਿਸ ਬਲ ਨੂੰ ਅਯੁਧਿਆ ਦੁੜਾਉਣ, ਕਲਿਆਣ ਸਿੰਘ ਨੂੰ ਬਰਖ਼ਾਸਤ ਕਰਨ, ਢਾਂਚੇ ਨੂੰ ਬਚਾਉਣ, ਕਾਰਸੇਵਕਾਂ ਨੂੰ ਵਿਸਰਜਿਤ ਕਰਨ ਆਦਿ ਦਾ ਕੋਈ ਵੀ ਫੈਸਲਾ ਲਾਗੂ ਨਹੀਂ ਹੋ ਸਕਿਆ, ਕਿਉਂਕਿ ਹਰ ਫੈਸਲੇ ਵਿਚ ਕਾਨੂੰਨੀ ਅੜਚਣਾਂ ਸਨ ਅਤੇ ਉਸ ਤੋਂ ਵੀ ਜ਼ਿਆਦਾ ਸ਼ੱਕ ਇਹ ਸੀ ਕਿ ਜੇਕਰ ਘਟਨਾਸਥਾਨ 'ਤੇ ਖ਼ੂਨ ਖਰਾਬਾ ਹੋ ਗਿਆ ਤਾਂ ਉਸ ਦੀ ਅੱਗ ਸਾਰੇ ਦੇਸ਼ ਵਿਚ ਫੈਲ ਜਾਵੇਗੀ। ਕੋੜ੍ਹ ਵਿਚ ਖਾਜ ਕਿਉਂ ਪੈਦਾ ਕਰਨੀ? ਮੈਂ ਖ਼ੁਦ ਉਸ ਵਕਤ ਜਲਦੀ ਕਠੋਰ ਕਾਰਵਾਈ ਦੇ ਪੱਖ ਵਿਚ ਸੀ, ਪਰ ਹੁਣ 17 ਸਾਲ ਬਾਅਦ ਸੋਚਦਾ ਹਾਂ ਤਾਂ ਲਗਦਾ ਹੈ ਕਿ ਰਾਓ ਸਾਹਿਬ ਨੇ ਅਸਾਧਾਰਣ ਸਹਿਣਸ਼ੀਲਤਾ ਦਿਖਾ ਕੇ ਠੀਕ ਕੀਤਾ।

ਲਗਭਗ ਚਾਰ ਵਜੇ ਰਾਜਪਾਲ ਸਤਿਆਨਾਰਾਇਣ ਰੈਡੀ ਨੇ ਮੈਨੂੰ ਫੋਨ ਤੇ ਪੁਛਿਆ ਕਿ 'ਕੀ ਕਰੀਏ, ਮੁੱਖ ਮੰਤਰੀ ਰਾਜ ਭਵਨ ਦੇ ਗੇਟ 'ਤੇ ਖੜੇ ਹਨ?' ਮੈਂ ਕਿਹਾ, 'ਉਹ ਕਰੋ ਜੋ ਗ੍ਰਹਿਮੰਤਰੀ ਕਹਿੰਦੇ ਹਨ।' ਇਸ ਬਾਰੇ ਪ੍ਰਧਾਨ ਮੰਤਰੀ ਨਾਲ ਅੱਧਾ ਕੁ ਘੰਟਾ ਪਹਿਲਾਂ ਮੇਰੀ ਗੱਲ ਹੋ ਚੁੱਕੀ ਸੀ। ਯਾਦ ਰਹੇ, ਰਾਓ ਸਾਹਿਬ ਅਕਸਰ ਪੌਣੇ ਤਿੰਨ ਵਜੇ ਲੰਚ ਦੇ ਬਾਅਦ ਅੱਧਾ ਘੰਟਾ ਅਰਾਮ ਕਰਦੇ ਸਨ। ਉਸ ਦਿਨ ਉਨ੍ਹਾਂ ਨੇ ਨਾ ਤਾਂ ਭੋਜਨ ਕੀਤਾ ਅਤੇ ਨਾ ਹੀ ਅਰਾਮ। ਦੂਜੇ ਦਿਨ ਉਨ੍ਹਾਂ ਨੂੰ ਤੇਜ਼ ਬੁਖ਼ਾਰ ਹੋ ਗਿਆ ਅਤੇ ਗਲਾ ਇੰਨਾ ਖਰਾਬ ਰਿਹਾ ਕਿ ਉਹ ਫੋਨ ਤੇ ਠੀਕ ਤਰ੍ਹਾਂ ਨਾਲ ਗੱਲ ਵੀ ਨਹੀਂ ਕਰ ਸਕੇ ਸਨ। ਉਸ ਦਿਨ ਮੈਂ ਖ਼ੁਦ ਰਾਤ ਨੂੰ ਸਾਢੇ ਗਿਆਰਾਂ ਵਜੇ ਵਿੱਤ ਰਾਜ ਮੰਤਰੀ ਰਾਮੇਸ਼ਵਰ ਠਾਕੁਰ ਨਾਲ ਗੱਲਬਾਤ ਕੀਤੀ। ਅਨੇਕ ਪ੍ਰਮੁੱਖ ਨੇਤਾਵਾਂ ਨਾਲ ਦਿਨ ਭਰ ਫੋਨ ਤੇ ਗੱਲ ਹੁੰਦੀ ਰਹੀ। ਪਤਾ ਨਹੀਂ ਕਿਉਂ, ਸੰਘ ਅਤੇ ਕਾਂਗਰਸ ਦੇ ਵੀ ਕੁਝ ਨੇਤਾਵਾਂ ਨੇ ਪ੍ਰਧਾਨ ਮੰਤਰੀ ਦੇ ਵਿਰੁਧ ਤਲਵਾਰਾਂ ਖਿੱਚ ਲਈਆਂ। ਉਨ੍ਹਾਂ ਨੂੰ ਬਦਨਾਮ ਕਰਨ ਅਤੇ ਗੱਦੀ ਰਹਿਤ ਕਰਨ ਦੇ ਲਈ ਕੀ-ਕੀ ਸਾਜ਼ਿਸ਼ ਨਹੀਂ ਰਚੀ? ਰਾਓ ਸਾਹਿਬ ਦੇ ਸੀਨੀਅਰ ਮੰਤਰੀ ਨੇ ਮੈਨੂੰ ਵੀ ਧਮਕੀ ਦਿੱਤੀ। ਜਦ ਮੈਂ ਠਾਕੁਰ ਜੀ ਦੇ ਘਰ ਖਾਣਾ ਖਾ ਰਿਹਾ ਸੀ ਤਾਂ ਉਨ੍ਹਾਂ ਨੇ ਕਿਹਾ 'ਤੁਹਾਨੂੰ ਅਤੇ ਤੁਹਾਡੇ ਦੋਸਤ ਰਾਓ ਨੂੰ ਹੁਣ ਦੇਖ ਲਵਾਂਗੇ।' ਹੋਇਆ ਕੀ? ਉਹ ਖੁਦ ਹੀ ਬਾਹਰ ਹੋ ਗਏ ਅਤੇ ਰਾਓ ਸਾਹਿਬ ਪੂਰੇ ਪੰਜ ਸਾਲ ਸਰਕਾਰ ਚਲਾਉਂਦੇ ਰਹੇ। ਸੰਘ ਦੇ ਲੋਕ ਕਹਿੰਦੇ ਰਹੇ ਕਿ ਨਰਸਿਮ੍ਹਾ ਰਾਓ ਤੋਂ ਵੱਡਾ ਸ਼ਾਤਰ ਕੌਣ ਹੋ ਸਕਦਾ ਹੈ?

ਉਨ੍ਹਾਂ ਨੇ ਬਾਬਰੀ ਢਾਂਚਾ ਜਾਣ-ਬੁੱਝ ਕੇ ਟੁੱਟਣ ਦਿੱਤਾ ਤਾਂ ਕਿ ਸੰਘ ਅਤੇ ਮੰਦਿਰ ਅੰਦੋਲਨ ਹਮੇਸ਼ਾ ਦੇ ਲਈ ਬਦਨਾਮ ਹੋ ਜਾਣ। ਇਸ ਬਹਾਨੇ ਉਨ੍ਹਾਂ ਨੇ ਭਾਜਪਾ ਦੀਆਂ ਰਾਜ ਸਰਕਾਰਾਂ ਵੀ ਭੰਗ ਕਰ ਦਿੱਤੀਆਂ। ਨਰਸਿਮ੍ਹਾ ਰਾਓ 'ਤੇ ਮਸਜਿਦ ਤੁੜਵਾਉਣ ਦਾ ਦੋਸ਼ ਉਵੇਂ ਦਾ ਹੀ ਹੈ, ਜਿਵੇਂ ਇਹ ਕਹਿਣਾ ਕਿ ਨਿਊ ਯਾਰਕ ਦੇ ਟ੍ਰੇਡ ਟਾਵਰ ਅਮਰੀਕਾ ਦੇ ਯਹੂਦੀਆਂ ਨੇ ਡਿਗਾਏ ਜਾਂ ਬੇਨਜ਼ੀਰ ਭੁੱਟੋ ਦੀ ਹਤਿਆ ਆਸਿਫ ਅਲੀ ਜ਼ਰਦਾਰੀ ਨੇ ਕਰਵਾਈ।

ਅਫਸੋਸ ਇਸ ਗੱਲ ਦਾ ਹੈ ਕਿ ਇਦਾਂ ਦੀਆਂ ਬੇਸਿਰ ਪੈਰ ਦੀਆਂ ਗੱਲਾਂ ਨੂੰ ਕਾਂਗਰਸ ਦੇ ਕੁਝ ਜ਼ਿੰਮੇਵਾਰ ਨੇਤਾਵਾਂ ਨੇ ਵੀ ਉਤਸ਼ਾਹਿਤ ਕੀਤਾ। ਖਾਸ ਤੌਰ 'ਤੇ ਰਾਓ ਸਾਹਿਬ ਦੇ ਅਹੁਦੇ ਤੋਂ ਹਟਣ ਦੇ ਬਾਅਦ। ਉਹ ਇਹ ਭੁੱਲ ਗਏ ਕਿ ਉਨ੍ਹਾਂ ਦੀ ਇਹ ਮਾੜੀ ਹਰਕਤ ਰਾਓ ਸਾਹਿਬ ਤੋਂ ਜ਼ਿਆਦਾ ਖੁਦ ਕਾਂਗਰਸ ਨੂੰ ਬਹੁਤ ਮਹਿੰਗੀ ਪਵੇਗੀ। ਹੈਰਾਨੀ ਹੈ ਕਿ ਅੱਜ ਦੀ ਕਾਂਗਰਸ ਵੀ ਰਾਓ ਸਾਹਿਬ ਦੀ ਭੂਮਿਕਾ 'ਤੇ ਭੁੱਜਲਾ ਰਹੀ ਹੈ। ਨਰਸਿਮ੍ਹਾ ਰਾਓ ਦੀ ਨੀਅਤ 'ਤੇ ਸ਼ੱਕ ਕਰਨਾ ਆਪਣੇ ਮਹਾਨ ਲੋਕਤੰਤਰ ਦੀ ਇੱਜ਼ਤ ਨੂੰ ਖਟਾਈ ਵਿਚ ਪਾਉਣਾ ਹੈ।

# ਅਮਰੀਕਾ ਦੇ ਵਧ ਰਹੇ ਦਬਾਅ ਤੋਂ ਪਾਕਿਸਤਾਨ ਪ੍ਰੇਸ਼ਾਨ ਹੋਇਆ

**ਆਰਿਫ਼ ਨਿਜ਼ਾਮੀ**

ਓਬਾਮਾ ਪ੍ਰਸ਼ਾਸਨ ਦੇ ਅਫ਼ਗਾਨਿਸਤਾਨ 'ਚ ਹੋਰ ਜ਼ਿਆਦਾ ਫੌਜ ਭੇਜਣ ਬਾਰੇ ਲਏ ਗਏ ਆਖ਼ਰੀ ਫ਼ੈਸਲੇ ਤੋਂ ਬਾਅਦ ਪਾਕਿਸਤਾਨ 'ਤੇ ਇਸ ਗੱਲ ਲਈ ਦਬਾਅ ਵਧਣਾ ਸ਼ੁਰੂ ਹੋ ਗਿਆ ਹੈ ਕਿ ਉਹ ਤਾਲਿਬਾਨ ਵਿਰੁਧ ਕਾਰਵਾਈ ਹੋਰ ਤੇਜ਼ ਕਰੇ। ਇਸ ਸਬੰਧੀ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਪਾਕਿ ਫੇਰੀ ਨੂੰ ਬਹੁਤ ਅਹਿਮ ਮੰਨਿਆ ਗਿਆ ਹੈ। ਇਸ ਤੋਂ ਬਾਅਦ ਹੀ ਅਮਰੀਕਾ ਦੇ ਕੌਮੀ ਸੁਰੱਖਿਆ ਸਲਾਹਕਾਰ ਜਨਰਲ ਜੇਮਸ ਜੋਨਸ ਵੀ ਪਾਕਿਸਤਾਨ ਦੀ ਯਾਤਰਾ 'ਤੇ ਆਏ। ਆਪਣੇ ਨਾਲ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਲਈ ਰਾਸ਼ਟਰਪਤੀ ਓਬਾਮਾ ਦੀ ਇਕ ਚਿੱਠੀ ਵੀ ਲਿਆਏ, ਜਿਸ ਵਿਚ ਲਿਖਿਆ ਸੀ ਕਿ ਪਾਕਿਸਤਾਨ ਹੁਣ ਅਮਰੀਕਾ ਦੀ ਨਵੀਂ ਰਣਨੀਤੀ ਮੁਤਾਬਿਕ ਤੇਜ਼ੀ ਨਾਲ ਕੰਮ ਕਰੇ। ਜ਼ਿਕਰਯੋਗ ਹੈ ਕਿ ਓਬਾਮਾ ਵਾਸ਼ਿੰਗਟਨ ਵਲੋਂ ਐਲਾਨੇ ਟੀਚਿਆਂ ਮੁਤਾਬਿਕ ਛੇਤੀ ਅਫ਼ਗਾਨ ਜੰਗ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਇਸ ਸਮੇਂ ਓਬਾਮਾ ਦੀ ਵਿਦੇਸ਼ ਨੀਤੀ ਸੰਕਟ 'ਚ ਪੈਂਦੀ ਨਜ਼ਰ ਆ ਰਹੀ ਹੈ।

ਫਿਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅਬਾਸ ਨੇ ਸ਼ਾਂਤੀ-ਵਾਰਤਾ ਨੂੰ ਮੁੜ ਸ਼ੁਰੂ ਕਰਨ ਵਿਚ ਕਿਸੇ ਤਰ੍ਹਾਂ ਦੀ ਤਰੱਕੀ ਨਾ ਹੋਣ ਕਰਕੇ ਇਸਰਾਈਲ ਨਾਲ ਵਾਰਤਾ ਤੋਂ ਪਿੱਛੇ ਹਟਣ ਦਾ ਫੈਸਲਾ ਕੀਤਾ ਹੈ। ਇਰਾਨ, ਨਾਲ ਵੀ ਵਾਰਤਾ ਸ਼ੁਰੂ ਨਹੀਂ ਹੋ ਸਕੀ ਹੈ। ਅਜਿਹੀ ਸਥਿਤੀ ਵਿਚ ਓਬਾਮਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਿਤੇ ਨਾ ਕਿਤੇ ਕੋਈ ਸਫਲਤਾ ਮਿਲੇ।

ਪੱਛਮ ਲਈ ਅਫ਼ਗਾਨਿਸਤਾਨ ਦਾ ਮਾਮਲਾ ਦਿਨੋ-ਦਿਨ ਉਲਝਦਾ ਜਾ ਰਿਹਾ ਹੈ। ਪਿਛਲੇ ਕੁਝ ਮਹੀਨਿਆਂ 'ਚ ਉਥੇ ਹਿੰਸਾ ਵਧਣ ਦੇ ਨਾਲ ਹੀ ਤਾਇਨਾਤ ਸੈਨਿਕਾਂ ਦੇ ਮਰਨ ਦੀਆਂ ਖ਼ਬਰਾਂ 'ਚ ਵੀ ਵਾਧਾ ਹੋਇਆ ਹੈ। ਸਿੱਟੇ ਵਜੋਂ ਬ੍ਰਿਟੇਨ, ਜਿਸਨੇ ਅਮਰੀਕਾ ਤੋਂ ਬਾਅਦ ਸਭ ਤੋਂ ਵਧ ਫੌਜੀ ਅਫ਼ਗਾਨਿਸਤਾਨ ਵਿਚ ਭੇਜੇ, ਦਾ ਮਨੋਬਲ ਟੁੱਟਦਾ ਜਾ ਰਿਹਾ ਹੈ। ਦੂਜੇ ਪਾਸੇ 'ਨਾਟੋ' ਦੇ ਬਾਕੀ ਦੇਸ਼ ਵੀ ਉਥੇ ਆਪਣੇ ਹੋਰ ਸੈਨਿਕ ਭੇਜਣ ਲਈ ਤਿਆਰ ਦਿਖਾਈ ਨਹੀਂ ਦਿੰਦੇ। ਇਸ ਵਜ੍ਹਾ ਕਰਕੇ ਓਬਾਮਾ ਨੂੰ ਅਫ਼ਗਾਨਿਸਤਾਨ ਵਿਚ ਆਪਣੇ ਟੀਚਿਆਂ ਦੀ ਪ੍ਰਾਪਤੀ 'ਚ ਛੇਤੀ ਸਫਲਤਾ ਮਿਲਦੀ ਦਿਖਾਈ ਨਹੀਂ ਦਿੰਦੀ।





ਓਬਾਮਾ ਨੇ ਜਦੋਂ ਇਸ ਸਾਲ ਦੇ ਸ਼ੁਰੂ 'ਚ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕੀ ਸੀ ਤਾਂ ਹਰ ਇਕ ਨੂੰ ਉਮੀਦ ਸੀ ਕਿ ਉਹ ਸਥਿਤੀਆਂ 'ਚ ਕੁਝ ਤਬਦੀਲੀ ਲਿਆਉਣਗੇ। ਉਨ੍ਹਾਂ ਨੇ ਰਿਚਰਡ ਹਾਲਬਰੁੱਕ ਨੂੰ ਪਾਕਿਸਤਾਨ ਤੇ ਅਫ਼ਗਾਨਿਸਤਾਨ ਲਈ ਆਪਣਾ ਵਿਸ਼ੇਸ਼ ਦੂਤ ਨਿਯੁਕਤ ਕੀਤਾ। ਇਸ ਸਾਲ 'ਚ ਉਹ ਇਨ੍ਹਾਂ ਦੋਹਾਂ ਦੇਸ਼ਾਂ ਦੀ ਕਈ ਵਾਰ ਯਾਤਰਾ ਕਰ ਚੁੱਕੇ ਹਨ ਤੇ ਇਸਦੇ ਮਿਲੇ-ਜੁਲੇ ਸਿੱਟੇ ਸਾਹਮਣੇ ਆਏ ਹਨ। ਭਾਰਤ ਨੇ ਉਨ੍ਹਾਂ ਨੂੰ ਸਾਫ਼-ਸਾਫ਼ ਕਹਿ ਦਿੱਤਾ ਹੈ ਕਿ ਉਹ ਭਾਰਤ-ਪਾਕਿ ਦੇ ਆਪਸੀ ਮਾਮਲਿਆਂ 'ਚ ਅਮਰੀਕਾ ਦੀ ਵਿਚੋਲਗੀ ਨਹੀਂ ਚਾਹੁੰਦਾ। ਜ਼ਰਦਾਰੀ ਦੇ ਨਿਊ ਯਾਰਕ 'ਚ ਜਲਾਵਤਨੀ ਬਿਤਾਉਣ ਦੌਰਾਨ ਉਨ੍ਹਾਂ ਦੀ ਹਾਲਬਰੁੱਕ ਨਾਲ ਨਿੱਜੀ ਮਿੱਤਰਤਾ ਰਹੀ ਹੈ। ਇਸ ਵਜ੍ਹਾ ਕਰਕੇ ਹਾਲਬਰੁੱਕ ਨੂੰ ਪਾਕਿਸਤਾਨ 'ਚ ਆਸਾਨੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ ਪਰ ਇਹੀ ਗੱਲ ਥਲ ਸੈਨਾ ਮੁਖੀ ਜਨਰਲ ਕਿਆਨੀ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਨਹੀਂ ਕਹੀ ਜਾ ਸਕਦੀ। ਹਾਲਬਰੁੱਕ ਵਾਸ਼ਿੰਗਟਨ 'ਚ ਬੈਠੇ ਆਪਣੇ ਬੌਸਾਂ ਬਾਰੇ ਪਾਕਿਸਤਾਨੀ ਫ਼ੌਜ ਦੇ ਵਿਚਾਰਾਂ ਦਾ ਅੰਦਾਜ਼ਾ ਨਹੀਂ ਲਗਾ ਸਕੇ। ਇਹੀ ਕਾਰਨ ਹੈ ਕਿ ਉਹ ਕੈਰੀ-ਲੂਗਰ ਬਿੱਲ ਪ੍ਰਤੀ ਪਾਕਿਸਤਾਨੀ ਫ਼ੌਜ ਦੇ ਵਿਰੋਧ ਤੋਂ ਹੱਕੇ-ਬੱਕੇ ਰਹਿ ਗਏ।

ਇਨ੍ਹੀਂ ਦਿਨੀਂ ਵਾਸ਼ਿੰਗਟਨ 'ਚ ਅਫ਼ਗਾਨਿਸਤਾਨ ਦੀਆਂ ਚੋਣਾਂ ਦੌਰਾਨ ਹੋਈ ਹੇਰਾ-ਫੇਰੀ ਕਾਫੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਉਹ ਅਫ਼ਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੂੰ ਚੋਣਾਂ 'ਚ ਗੜਬੜ ਕਰਨ ਤੋਂ ਨਹੀਂ ਰੋਕ ਸਕੇ। ਇਸ ਨਾਲ ਕਰਜ਼ਈ ਨੇ ਚੋਣਾਂ ਦੀ ਮਾਨਤਾ ਅਤੇ ਅਮਰੀਕਾ ਦੀ ਭਰੋਸੇਯੋਗਤਾ ਨੂੰ ਹੀ ਠੇਸ ਪਹੁੰਚਾਈ ਹੈ। ਕਰਜ਼ਈ ਦੇ ਮੁੱਖ ਵਿਰੋਧੀ ਅਬਦੁੱਲਾ ਨੇ ਆਖ਼ਰੀ ਸਮੇਂ 'ਤੇ ਆਪਣਾ ਨਾਂ ਵਾਪਿਸ ਲੈ ਲਿਆ। ਕਾਬੁਲ 'ਚ ਅਮਰੀਕਾ ਦੇ ਰਾਜਦੂਤ ਨੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਉਹ ਅਫ਼ਗਾਨਿਸਤਾਨ 'ਚ ਹੋਰ ਫ਼ੌਜ ਨਾ ਭੇਜਣ ਕਿਉਂਕਿ ਭ੍ਰਿਸ਼ਟ ਕਰਜ਼ਈ ਸਰਕਾਰ ਇੰਨੇ ਸੈਨਿਕਾਂ ਨੂੰ ਸੰਭਾਲ ਨਹੀਂ ਸਕੇਗੀ।

ਇਸ ਸਮੇਂ ਹਾਲਾਤ ਅਜਿਹੇ ਬਣ ਗਏ ਹਨ ਕਿ ਇਕ ਪਾਸੇ ਅਫ਼ਗਾਨਿਸਤਾਨ ਬੇਕਾਬੂ ਹੁੰਦਾ ਜਾ ਰਿਹਾ ਹੈ ਤਾਂ ਦੂਜੇ ਪਾਸੇ ਅਮਰੀਕਾ ਸਰਕਾਰ ਇਸ ਜਲਦਬਾਜ਼ੀ ਵਿਚ ਹੈ ਕਿ ਉਥੇ ਛੇਤੀ ਤੋਂ ਛੇਤੀ ਸਮੱਸਿਆ ਹੱਲ ਹੋਵੇ ਤੇ ਅਮਰੀਕੀ ਫ਼ੌਜਾਂ ਉਥੋਂ ਵਾਪਿਸ ਆਉਣ। ਇਨ੍ਹਾਂ ਸਥਿਤੀਆਂ 'ਚ ਪਾਕਿਸਤਾਨ ਵੀ ਉਲਝਿਆ ਹੋਇਆ ਹੈ।

ਪਾਕਿਸਤਾਨੀ ਫ਼ੌਜ ਇਹ ਦਾਅਵਾ ਕਰ ਸਕਦੀ ਹੈ ਕਿ ਦੱਖਣੀ ਵਜ਼ੀਰਿਸਤਾਨ ਨੂੰ ਉਸ ਨੇ ਤਾਲਿਬਾਨ ਅਤਿਵਾਦੀਆਂ ਤੋਂ ਮੁਕਤ ਕਰਵਾ ਲਿਆ ਹੈ। ਇਸ ਜੰਗ 'ਚ ਪਾਕਿ ਫ਼ੌਜ ਨੂੰ ਵੱਡੀ ਗਿਣਤੀ 'ਚ ਆਪਣੇ ਸੈਨਿਕ ਗੁਆਉਣੇ ਪਏ। ਇਸ ਤੋਂ ਇਲਾਵਾ ਪਾਕਿਸਤਾਨ ਆਤਮਘਾਤੀ ਅਤਿਵਾਦੀਆਂ ਵਲੋਂ ਕੀਤੇ ਜਾਣ ਵਾਲੇ ਧਮਾਕਿਆਂ ਨਾਲ ਦਹਿਲ ਰਿਹਾ ਹੈ।

ਸਵਾਤ ਅਤੇ ਦੱਖਣੀ ਵਜ਼ੀਰਿਸਤਾਨ 'ਚ ਪਾਕਿ ਫ਼ੌਜ ਨੂੰ ਮਿਲੀ ਸਫਲਤਾ ਨੂੰ ਅਮਰੀਕਾ ਨੇ ਵੀ ਕਬੂਲਿਆ ਹੈ। ਹੁਣ ਅਮਰੀਕਾ ਚਾਹੁੰਦਾ ਹੈ ਕਿ ਪਾਕਿ ਫ਼ੌਜਾਂ ਉੱਤਰੀ ਵਜ਼ੀਰਿਸਤਾਨ 'ਚ ਵੀ ਤੇਜ਼ੀ ਨਾਲ ਕਾਰਵਾਈ ਕਰਨ, ਜਿੱਥੇ ਇਹ ਸਮਝਿਆ ਜਾਂਦਾ ਹੈ ਕਿ ਅਲਕਾਇਦਾ ਦੇ ਸਰਗਨੇ ਲੁਕੇ ਹੋਏ ਹਨ। ਪਾਕਿ ਫ਼ੌਜ ਉਥੇ ਤੇਜ਼ ਕਾਰਵਾਈ ਕਰਨ ਤੋਂ ਬਚ ਰਹੀ ਹੈ ਕਿਉਂਕਿ ਇਸ ਜੰਗ ਵਿਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋ ਸਕਦਾ ਹੈ ਤੇ ਇਸ ਨਾਲ ਪਾਕਿਸਤਾਨ ਦੇ ਚਿਰ ਸਥਾਈ ਰਣਨੀਤਕ ਹਿੱਤਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਅਮਰੀਕਾ ਨੇ ਅਫ਼ਗਾਨਿਸਤਾਨ 'ਚ ਆਪਣੀ ਆਖ਼ਰੀ ਸਮਾਂ-ਹੱਦ ਅਗਲੇ ਸਾਲ ਨਵੰਬਰ ਤਕ ਤੈਅ ਕੀਤੀ ਹੈ। ਪਾਕਿਸਤਾਨ ਲਈ ਵੀ ਇਸ ਮਾਮਲੇ ਵਿਚ ਇਹ ਆਖ਼ਰੀ ਸਮਾਂ ਹੱਦ ਹੈ ਕਿਉਂਕਿ ਉਦੋਂ ਤਕ ਥਲ ਸੈਨਾ ਮੁਖੀ ਜਨਰਲ ਕਿਆਨੀ ਵੀ ਰਿਟਾਇਰ ਹੋ ਜਾਣਗੇ। ਉਨ੍ਹਾਂ ਤੋਂ ਪਹਿਲਾਂ ਜਨਰਲ ਤਾਰਿਕ ਮਜੀਦ ਵੀ ਰਿਟਾਇਰ ਹੋ ਜਾਣਗੇ। ਅਗਲੇ ਸਾਲ ਮਾਰਚ 'ਚ ਆਈ.ਐਸ.ਆਈ. ਚੀਫ ਲੈਫਟੀਨੈਂਟ ਜਨਰਲ ਸੁਜ਼ਾ ਪਾਸ਼ਾ ਵੀ ਰਿਟਾਇਰ ਹੋ ਜਾਣਗੇ।

ਅਜਿਹੀ ਸਥਿਤੀ 'ਚ ਪਾਕਿਸਤਾਨ ਵਿਚ ਨਵਾਂ ਫੌਜੀ ਪ੍ਰਸ਼ਾਸਨ ਅਤੇ ਸਿਵਲ ਪ੍ਰਸ਼ਾਸਨ ਕਿਵੇਂ ਕੰਮ ਕਰੇਗਾ, ਇਸਨੂੰ ਲੈ ਕੇ ਕਈ ਸਵਾਲ ਉੱਠ ਰਹੇ ਹਨ। ਪਾਕਿਸਤਾਨ ਲਈ ਇਹ ਹਾਲਤ ਸੱਚਮੁੱਚ ਚਿੰਤਾਜਨਕ ਹੈ।

# ਇਨ੍ਹਾਂ ਨੂੰ ਮਿਲੋ-ਲਾਂਬੂ ਲਾ ਕੇ ਤਮਾਸ਼ਾ ਦੇਖਣ ਵਾਲੇ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪਿੰਡਾਂ ਵਿਚ ਇਕ ਤਾਂ ਸਰਪੰਚ ਹੁੰਦੇ ਨੇ, ਜਿਨ੍ਹਾਂ ਨੂੰ ਪਿੰਡ ਵਾਸੀ ਵੋਟਾਂ ਨਾਲ ਚੁਣਦੇ ਹਨ ਜਾਂ ਕਦੀ ਕਦੀ ਸਰਬਸੰਮਤੀ ਨਾਲ ਵੀ ਬਣਾਏ ਜਾਂਦੇ ਹਨ। ਇਨ੍ਹਾਂ ਸਰਪੰਚਾਂ ਦੇ ਜ਼ਿੰਮੇ ਮੁੱਖ ਕੰਮ ਪਿੰਡ ਦਾ ਵਿਕਾਸ ਕਰਨਾ ਹੁੰਦਾ ਹੈ। ਪਿੰਡਾਂ ਵਿਚ ਦੂਸਰਾ ਮੁਖੀ ਲੰਬੜਦਾਰ ਹੁੰਦਾ ਹੈ ਜੋ ਆਮ ਕਰਕੇ ਜੱਦੀ ਪੁਸ਼ਤੀ ਹੀ ਹੁੰਦਾ ਹੈ। ਇਨ੍ਹਾਂ ਤੋਂ ਇਲਾਵਾ ਪੇਂਡੂ ਜੀਵਨ ਵਿਚ ਇਕ ਤੀਸਰਾ ਚੌਧਰੀ ਵੀ ਅਕਸਰ ਹਰੇਕ ਪਿੰਡ ਵਿਚ ਹੀ ਹੁੰਦਾ ਹੈ। ਇਸ ਨੂੰ ਠੇਠ ਪੰਜਾਬੀ ਵਿਚ ਆਖਿਆ ਜਾਂਦਾ ਹੈ ਖੜਪੈਂਚ! ਦੂਸਰੇ ਦੋ ਮੁਖੀਆਂ ਦੇ ਉਲਟ ਇਹ ਖੜਪੈਂਚ ਵਾਲਾ ਅਹੁਦਾ ਕਿਸੇ ਵਿਧੀ-ਵਿਧਾਨ ਦਾ ਮੁਥਾਜ ਨਹੀਂ ਹੁੰਦਾ। ਇਸ ਸਵੈ-ਸਜੇ ਅਹੁਦੇ ਦੀ ਇਕ ਹੋਰ ਖਾਸੀਅਤ ਇਹ ਹੁੰਦੀ ਹੈ ਕਿ ਜਰੂਰੀ ਨਹੀਂ ਕਿਸੇ ਪਿੰਡ ਵਿਚ ਕੇਵਲ ਇਕ ਖੜਪੈਂਚ ਹੀ ਹੋਵੇ। ਇਕ, ਦੋ ਜਾਂ ਇਸ ਤੋਂ ਵੀ ਵਧ ਹੋ ਸਕਦੇ ਹਨ। ਸਰਪੰਚਾਂ ਵਾਂਗ ਇਨ੍ਹਾਂ ਖੜਪੈਂਚਾਂ ਦਾ ਕੰਮ ਵਿਕਾਸ ਕਰਨਾ ਨਹੀਂ ਸਗੋਂ 'ਵਿਨਾਸ਼' ਕਰਨਾ ਹੀ ਹੁੰਦਾ ਹੈ। ਇਹ ਵੀ ਧਾਰਨਾ ਪੱਕੀ ਹੀ ਸਮਝੋ ਕਿ ਪਿੰਡ ਦੇ ਖੜਪੈਂਚ ਜਾਂ ਖੜਪੈਂਚਾਂ ਦਾ ਸਰਪੰਚ-ਲੰਬੜਦਾਰ ਨਾਲ ਇੱਟ-ਖੜੱਕਾ ਚਲਦਾ ਹੀ ਰਹਿੰਦਾ ਹੈ। ਸਰਪੰਚ-ਲੰਬੜਦਾਰ ਤਾਂ ਆਪਣੇ ਅਹੁਦੇ ਦੀ ਮਾਣ-ਮਰਿਯਾਦਾ ਬਰਕਰਾਰ ਰੱਖਦੇ ਹੋਏ, ਬਿਨ-ਬੁਲਾਏ ਕਿਸੇ ਦੇ ਘਰ ਨਹੀਂ ਜਾਂਦੇ। ਪਰ ਖੜਪੈਂਚ ਸਾਹਿਬਾਨ ਦਾ ਹਾਲ ਇਹ ਹੁੰਦਾ ਹੈ, 'ਅਖੇ ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲ੍ਹੀ!' ਇਸੇ ਫੇਰਾ-ਤੋਰੀ ਦੀ ਬਦੌਲਤ ਇਨ੍ਹਾਂ ਨੂੰ ਪਿੰਡ ਦੇ ਹਰ ਜੀਅ-ਜੰਤ ਦੀ ਪੂਰੀ 'ਖ਼ਬਰ' ਹੁੰਦੀ ਹੈ। ਜਾਂ ਇਉਂ ਆਖੋ ਕਿ ਖੜਪੈਂਚ ਸਾਹਿਬਾਨ ਆਪਣੇ ਪਿੰਡ ਦੀ ਰਗ-ਰਗ ਤੋਂ ਵਾਕਿਫ ਹੁੰਦੇ ਹਨ। ਆਪਣੇ 'ਆਰਟ' ਵਿਚ ਇਹ ਇਤਨੇ ਨਿਪੁੰਨ ਹੁੰਦੇ ਹਨ ਕਿ ਸਰਪੰਚ ਦਾ 'ਵਾਰ' ਤਾਂ ਖਾਲੀ ਜਾ ਸਕਦਾ ਹੈ ਪਰ ਇਨ੍ਹਾਂ ਦੀ ਲਾਈ ਹੋਈ ਤੀਲ੍ਹੀ ਕਈ ਪੁਸ਼ਤਾਂ ਤੱਕ ਭਾਂਬੜ ਬਣ ਕੇ ਮੱਚਦੀ ਰਹਿ ਸਕਦੀ ਹੈ। 'ਅੱਗ ਲਾ ਕੇ ਡੱਬੂ ਨਿਆਈਆਂ' ਵਾਲੇ ਅਖਾਣ ਦੀ ਤਹਿ ਦਿਲੋਂ ਪਾਲਣਾ ਕਰਦਿਆਂ ਖੜਪੈਂਚ ਸ੍ਰੀਮਾਨ ਆਪਣੀ ਕਲਾ ਦੇ ਜੌਹਰ ਦਿਖਾ ਕੇ ਸਬੰਧਿਤ ਘਟਨਾ-ਸਥਾਨ ਤੋਂ ਫੌਰਨ ਅਲੋਪ ਹੋ ਜਾਂਦੇ ਨੇ। ਇਨ੍ਹਾਂ ਦੇ ਜ਼ਹਿਰੀਲੇ ਡੰਗ ਦਾ ਮਾਰਿਆ ਬੰਦਾ ਕਸੀਸ ਵੱਟ ਕੇ 'ਸੀ...ਸੀ' ਕਰਦਾ ਰਹਿੰਦਾ ਹੈ, ਪਰ ਇਹ ਭੱਦਰਪੁਰਸ਼ ਆਪਣੇ ਕਿਸੇ ਹੋਰ ਸ਼ਿਕਾਰ ਦੀ ਭਾਲ ਵਿਚ ਇਧਰ-ਉਧਰ ਨਿਕਲ ਵਗਦੇ ਹਨ। ਅਜਿਹੀ ਖਸਲਤ ਦਾ ਮਾਲਕ ਕਿਸੇ ਪਿੰਡ ਦਾ ਇਕ ਖੜਪੈਂਚ ਘੁੰਮਦਾ-ਘੁਮਾਉਂਦਾ ਬਿਨ ਬੁਲਾਏ ਮਹਿਮਾਨ ਵਾਂਗ ਪਿੰਡ ਵਿਚਲੀ ਲਾਲੇ ਦੀ ਹੱਟੀ ਜਾ ਪਹੁੰਚਿਆ। ਅੱਧੀ ਕੁ ਹੋ ਚੁੱਕੀ ਵਰਤੀਆਂ ਦੀ ਬੋਰੀ ਉੱਪਰ ਪਥੱਲਾ ਮਾਰ ਕੇ ਬਹਿੰਦਿਆਂ ਸਾਰ ਕੋਲ ਪਏ ਪੀਪੇ ਵਿਚ ਹੱਥ ਮਾਰ ਕੇ ਕਹਿੰਦਾ;

''ਲਾਲਾ, ਅਹਿ ਪੀਪੇ 'ਚ ਕੀ ਪਿਐ ਭਲਾ?''

ਲਾਲੇ ਵਲੋਂ 'ਸੀਰਾ' ਕਹਿਣ ਤੋਂ ਪਹਿਲਾਂ ਹੀ ਖੜਪੈਂਚ ਜੀ ਆਪਣੀਆਂ ਸੀਰੇ ਨਾਲ ਲਿੱਬੜੀਆਂ ਦੋ ਉਂਗਲਾਂ ਪੀਪੇ ਤੋਂ ਬਾਹਰ ਕੱਢ ਕੇ, ਲੰਬੀ ਸੁਰ ਵਿਚ 'ਅੱ....ਛਾ-ਅ' ਕਹਿੰਦਿਆਂ ਕੰਧ ਨਾਲ ਘਸਾ ਕੇ ਸਾਫ ਕਰਨ ਲੱਗ ਪਿਆ। ਨਾ ਤਾਂ ਉਸਨੇ ਹੱਟੀ ਤੋਂ ਕੋਈ ਚੀਜ਼ ਵਸਤ ਖਰੀਦਣੀ ਸੀ ਅਤੇ ਨਾ ਹੀ ਉਸਨੇ ਸੀਰੇ 'ਚੋਂ ਕੁਝ ਕੱਢਣਾ ਪਾਉਣਾ ਸੀ। ਪਰ ਸੀਰੇ ਨਾਲ ਲਿੱਬੜੀਆਂ ਉਂਗਲਾਂ ਨਾਲ ਉਸਨੇ ਹੱਟੀ ਦੀ ਅੰਦਰਲੀ ਕੰਧ ਉੱਪਰ ਗੰਦ ਜਰੂਰ ਪਾ ਦਿੱਤਾ।

ਮਿੱਠਾ ਸੀਰਾ ਕੰਧ 'ਤੇ ਲੱਗਣ ਦੀ ਦੇਰ ਸੀ, ਉੱਥੇ ਮੱਖੀਆਂ ਨੇ ਝੁਰਮਟ ਪਾ ਲਿਆ। ਹੱਟੀ ਵਿਚ ਰੱਖੇ ਸਾਮਾਨ ਦੇ ਡੱਬਿਆਂ ਪਿੱਛੋਂ ਨਿਕਲੀ ਇਕ ਕਿਰਲੀ ਮੱਖੀਆਂ ਦਾ ਸ਼ਿਕਾਰ ਕਰਨ ਲਈ ਭੱਜ ਕੇ ਪਈ। ਸ਼ਾਇਦ ਚੂਹੇ ਦੇ ਭੁਲੇਖੇ, ਲਾਲੇ ਦੀ ਪਾਲਤੂ ਬਿੱਲੀ ਨਾਸਾਂ ਵਿਚੋਂ 'ਛੀ-ਛੀ' ਦੀ ਆਵਾਜ਼ ਕੱਢਦੀ ਹੋਈ ਕੁੱਦ ਕੇ ਕਿਰਲੀ ਵਲ ਅਹੁਲੀ। ਕਿਰਲੀ ਤਾਂ ਕਾਹਲੀ ਨਾਲ 'ਯੂ-ਟਰਨ' ਮਾਰ ਕੇ ਡੱਬਿਆਂ ਪਿੱਛੇ ਜਾ ਵੜੀ। ਪਰ ਇੱਧਰ ਐਨ ਇਸੇ ਵੇਲੇ ਹੱਟੀ 'ਤੇ ਪਹੁੰਚੇ ਇਕ ਗਾਹਕ ਨਾਲ ਆਏ ਬੂਛਰ ਜਿਹੇ ਕੁੱਤੇ ਨੇ, ਇਕ ਦਮ ਹਮਲਾ ਕਰਕੇ ਲਾਲੇ ਦੀ ਬਿੱਲੀ ਨੂੰ ਜਾ ਧੌਣੋ ਫੜਿਆ। ਲਾਲੇ ਨੇ ਪੁੱਤਾਂ-ਧੀਆਂ ਵਾਂਗ ਪਾਲੀ ਹੋਈ ਆਪਣੀ ਪਿਆਰੀ ਮਾਣੋ ਬਿੱਲੀ ਦੇ ਡੇਲੇ ਜਦ ਬਾਹਰ ਨੂੰ ਨਿੱਕਲੇ ਦੇਖੇ, ਤਾਂ ਉਸਨੇ ਚੁੱਕ ਲਿਆ ਸੋਟਾ। ਉਧਰੋਂ ਬਿੱਲੀ ਦੇ ਪ੍ਰਾਣ ਪੰਖੇਰੂ ਉੱਡ ਗਏ ਤੇ ਇੱਧਰੋਂ ਲਾਲੇ ਨੇ ਗੁੱਸੇ 'ਚ ਆਏ ਨੇ ਘੁਮਾਅ ਕੇ ਸੋਟਾ ਕੁੱਤੇ ਦੀ ਪੁੜਪੁੜੀ 'ਚ ਦੇ ਮਾਰਿਆ। ਇੱਕੋ ਲੇਰ ਜਿਹੀ ਮਾਰ ਕੇ ਕੁੱਤਾ ਵੀ ਲੁੜਕ ਕੇ ਅਹੁ ਜਾ ਪਿਆ।

ਜਿੰਨੀ ਲਾਲੇ ਨੂੰ ਬਿੱਲੀ ਪਿਆਰੀ ਸੀ, ਗਾਹਕ ਨੂੰ ਵੀ ਆਪਣਾ ਕੁੱਤਾ ਉਨਾ ਹੀ ਪਿਆਰਾ ਸੀ। ਬਿੱਲੀ-ਕੁੱਤੇ ਦੀਆਂ ਕੋਲੋ ਕੋਲ ਪਈਆਂ ਲਾਸ਼ਾਂ ਵਲ ਦੇਖ ਕੇ ਦੋਹਾਂ ਦਿਆਂ ਮਾਲਕਾਂ ਦੇ ਸੀਨਿਆਂ 'ਚ ਸੱਲ ਉੱਭਰਨ ਲੱਗਾ।

'ਤੇਰੇ ਕੁੱਤੇ ਨੇ ਮੇਰੀ ਬਿੱਲੀ ਮਾਰ 'ਤੀ' ਕਹਿੰਦਾ ਹੋਇਆ ਲਾਲਾ, ਗਾਹਕ ਉੱਪਰ ਡੰਡਾ ਵਰ੍ਹਾਉਣ ਲੱਗ ਪਿਆ। 'ਤੂੰ ਮੇਰਾ ਕੁੱਤਾ ਮਾਰ' 'ਤਾ ਕਹਿ ਕੇ ਗਾਹਕ, ਲਾਲੇ 'ਤੇ ਵਰ੍ਹ ਪਿਆ। ਡਾਂਗ-ਸੋਟੇ ਦੀ ਲੜਾਈ ਕਾਰਨ ਦੋਹਾਂ ਦੇ ਸਿਰ ਪਾਟ ਗਏ। ਦੋਵੇਂ ਜ਼ਖ਼ਮੀ ਹੋਏ ਤਾਂ ਹਸਪਤਾਲ ਦਾਖਲ ਹੋ ਗਏ ਅਤੇ ਬੈੱਡਾਂ ਉੱਪਰ ਜਾ ਪਏ। ਲੇਕਿਨ ਸੀਰੇ ਨਾਲ ਲਿੱਬੜੀਆਂ ਉਂਗਲਾਂ ਕੰਧ 'ਤੇ ਲਾਉਣ ਵਾਲਾ ਖੜਪੈਂਚ, ਪੈੱਗ-ਸ਼ੈੱਗ ਲਾ ਕੇ ਅਰਾਮ ਨਾਲ ਘਰੇ ਜਾ ਕੇ ਸੌਂ ਗਿਆ!

ਅਮਨ-ਅਮਾਨ ਵਾਲੇ ਹਾਲਾਤ ਆਮ ਤੌਰ 'ਤੇ ਖੜਪੈਂਚਾਂ ਨੂੰ ਨਹੀਂ ਭਾਉਂਦੇ। ਕਿਉਂਕਿ ਸੁਲਾਹ ਸਫਾਈ ਦੇ ਮਾਹੌਲ ਵਿਚ ਇਨ੍ਹਾਂ ਨੂੰ ਆਪਣਾ 'ਹੁਨਰ' ਦਿਖਾਉਣ ਦੇ ਮੌਕੇ ਬਹੁਤ ਘੱਟ ਦਰਿਆਫਤ ਹੁੰਦੇ ਹਨ। ਜਾਂ ਫਿਰ ਮਾੜੀ-ਮੋਟੀ ਸੱਤ-'ਕਵੰਜਾ ਨੂੰ ਇਹ ਆਪਣੀ ਹਿੰਮਤ ਨਾਲ ਧੂਅ ਕੇ ਤਿੰਨ ਸੌ ਦੋ ਤੱਕ ਲਿਜਾ ਸਕਦੇ ਹੁੰਦੇ ਹਨ। ਜਿੱਥੇ ਵੀ ਕਿਤੇ 'ਪੰਗਾ' ਪਿਆ ਹੋਇਆ ਦਿਖਾਈ ਦੇਵੇ ਤਾਂ ਪੱਕਾ ਜਾਣ ਲਉ ਕਿ ਇਥੇ ਕਿਸੇ ਨਾ ਕਿਸੇ ਖੜਪੈਂਚ ਦਾ ਪਹਿਰਾ ਜਰੂਰ ਹੋਵੇਗਾ।

ਪੰਗਾ ਲਫ਼ਜ਼ ਤੋਂ ਮੈਨੂੰ ਯਾਦ ਆਇਆ ਕਿ ਸਾਡੇ ਇਲਾਕੇ ਦਾ ਇਕ ਕਾਮਰੇਡ ਆਗੂ ਹੁੰਦਾ ਸੀ, ਜਿਸਦਾ ਗੋਤ ਯਾਨਿ 'ਲਾਸਟ ਨੇਮ' ਸੀ ਸੰਘਾ! ਇਸਨੇ ਆਪਣੀ ਜ਼ਿੰਦਗੀ 'ਲੋਕ-ਘੋਲਾਂ' ਨੂੰ ਹੀ ਸਮਰਪਿਤ ਕੀਤੀ ਹੋਈ ਸੀ। ਲਾਲ ਝੰਡੇ ਵਾਲਿਆਂ ਵਲੋਂ ਕੀਤੇ ਜਾਂਦੇ ਮੁਜਾਹਰਿਆਂ ਵਿਚ ਤਾਂ ਇਸ ਦੀ ਹਾਜ਼ਰੀ ਯਕੀਨੀ ਹੁੰਦੀ ਹੀ ਸੀ। ਪਰ ਇਸ ਤੋਂ ਇਲਾਵਾ ਭੱਠਾ ਮਜ਼ਦੂਰਾਂ ਦੀਆਂ ਰੈਲੀਆਂ, ਮੁਲਾਜ਼ਮਾਂ ਦੇ ਰੋਸ ਧਰਨਿਆਂ, ਗੰਨਾਂ ਮਿੱਲ੍ਹਾਂ ਅੱਗੇ ਕਿਸਾਨਾਂ ਦੇ ਚੱਕਾ ਜਾਮ ਅੰਦੋਲਨਾਂ, ਪਿੰਡਾਂ ਵਿਚਲੀਆਂ ਧੜੇਬੰਦਕ ਲੜਾਈਆਂ ਜਾਂ ਘਰੇਲੂ ਮਸਲਿਆਂ ਦੇ ਬਾਤ ਤੋਂ ਬਤੰਗੜ ਬਣੇ ਹੋਏ ਝਗੜਿਆਂ ਵਿਚ ਕਾਮਰੇਡ ਸੰਘਾ ਸਿਰ ਕੱਢਵਾਂ ਰੋਲ ਅਦਾ ਕਰਦੇ ਹੁੰਦੇ ਸਨ। ਉਨ੍ਹਾਂ ਵਲੋਂ ਕੀਤੀਆਂ ਜਾਂਦੀਆਂ ਇਨ੍ਹਾਂ 'ਨਿਸ਼ਕਾਮ ਸੇਵਾਵਾਂ' ਤੋਂ ਖੁਸ਼ ਹੁੰਦਿਆਂ, ਕਾਮਰੇਡ ਸੰਘਾ ਦੇ ਪ੍ਰਸ਼ੰਸਕਾਂ ਨੇ ਆਪਣੇ ਆਗੂ ਦੇ ਪਰਉਪਕਾਰੀ ਸੁਭਾਅ ਦੀ ਸ਼ੋਭਾ ਵਜੋਂ ਇਕ ਲੋਕ ਬੋਲੀ ਘੜੀ ਹੋਈ ਸੀ- 'ਜਿੱਥੇ ਪਊ ਪੰਗਾ-ਉੱਥੇ ਪਹੁੰਚੂ ਸੰਘਾ!'

ਕਦੇ-ਕਦਾਈਂ ਗਲਤ ਦੁਆਈ ਖਾਣ ਨਾਲ ਹੋਣ ਵਾਲੇ 'ਰਿਐਕਸ਼ਨ' ਵਾਂਗ ਖੜਪੈਂਚਾਂ ਨੂੰ ਮੂੰਹ ਦੀ ਖਾਣੀ ਵੀ ਪੈ ਜਾਂਦੀ ਹੈ। ਕਹਿੰਦੇ ਕਿਸੇ ਬਿਗਾਨੇ ਮੁਲਕ ਵਿਚ ਕੰਮ ਧੰਦਾ ਕਰਨ ਗਏ ਇਕ ਪਰਦੇਸੀ ਕੋਲੋਂ ਕੋਈ ਗੈਰਕਾਨੂੰਨੀ ਕੰਮ ਹੋ ਗਿਆ। ਹਾਕਮ ਨੇ ਭਰੇ ਦਰਬਾਰ ਵਿਚ ਪਰਦੇਸੀ ਨੂੰ ਬੁਲਾ ਕੇ ਉਹਦੇ ਕਸੂਰ ਦੀ ਸਾਰੀ ਕਹਾਣੀ ਸੁਣੀ ਤੇ ਉਸਨੂੰ ਫਾਂਸੀ ਦੇਣ ਦਾ ਹੁਕਮ ਸੁਣਾ ਦਿੱਤਾ। ਮੌਤ ਦੀ ਸਜ਼ਾ ਸੁਣਦਿਆਂ ਪਰਦੇਸੀ ਗੁੱਸੇ 'ਚ ਆ ਕੇ ਆਪਣੀ ਬੋਲੀ ਵਿਚ ਹਾਕਮ ਨੂੰ ਗਾਲ੍ਹਾਂ ਕੱਢਣ ਲੱਗ ਪਿਆ।

''...ਮੇਰੇ ਮਾਮੂਲੀ ਜਿਹੇ ਦੋਸ਼ ਬਦਲੇ ਮੈਨੂੰ ਫਾਂਸੀ ਦੀ ਸਜ਼ਾ ਸੁਣਾਉਣ ਵਾਲੇ ਦੁਸ਼ਟ ਹਾਕਮ ਦਾ ਕੱਖ ਨਾ ਰਹੇ!...ਇਹਦਾ ਰਾਜ ਭਾਗ ਤਬਾਹ ਹੋ ਜਾਏ...ਇਹਦਾ ਟੱਬਰ ਮਰ ਜਾਏ!!''

ਪਰਦੇਸੀ ਦੀ ਭਾਸ਼ਾ ਤੋਂ ਬਿਲਕੁਲ ਅਨਜਾਣ ਹਾਕਮ ਸਭਾ ਵਿਚ ਬੈਠੇ ਆਪਣੇ ਇਕ ਸਿਆਣੇ ਵਜ਼ੀਰ ਨੂੰ ਪੁੱਛਣ ਲੱਗਿਆ ਕਿ ਦੋਸ਼ੀ ਕੀ ਆਖ ਰਿਹਾ ਹੈ? ਕੁਝ ਸੋਚ ਵਿਚਾਰ ਕੇ ਬੜੇ ਧੀਰਜ ਨਾਲ ਵਜ਼ੀਰ ਬੋਲਿਆ- ''ਜਨਾਬ, ਇਹ ਕਹਿ ਰਿਹਾ ਹੈ ਕਿ ਇਸ ਦੇਸ਼ ਦਾ ਹਾਕਮ ਬਹੁਤ ਦਯਾਲੂ ਤੇ ਕ੍ਰਿਪਾਲੂ ਹੈ। ਉਸਨੇ ਮੈਨੂੰ ਸਜ਼ਾ ਸੁਣਾਉਣ ਲੱਗਿਆਂ ਬਹੁਤ ਰਹਿਮਦਿਲੀ ਦਿਖਾਈ ਹੈ। ਨਹੀਂ ਤਾਂ ਮੇਰੇ ਵੱਡੇ ਕਸੂਰ ਕਾਰਨ ਮੈਨੂੰ ਜਿਉਂਦੇ ਨੂੰ ਅੱਗ ਵਿਚ ਸੁੱਟ ਦੇਣ ਦੀ ਸਜ਼ਾ ਵੀ ਘੱਟ ਸੀ...ਸੋ ਇਹ ਆਪ ਨੂੰ ਅਸੀਸਾਂ ਦੇ ਰਿਹਾ ਹੈ!''

ਵਜ਼ੀਰ ਦੀ ਗੱਲ ਸੁਣ ਕੇ ਖੁਸ਼ ਹੁੰਦਿਆਂ, ਹਾਕਮ ਨੇ ਪਰਦੇਸੀ ਦੀ ਸਜ਼ਾ ਮੁਆਫ ਕਰਕੇ ਉਸਨੂੰ ਹਾਲੇ ਰਿਹਾਅ ਕਰ ਦੇਣ ਦਾ ਹੁਕਮ ਸੁਣਾਇਆ ਹੀ ਸੀ ਕਿ ਲਾਗਿਉਂ ਕੋਈ ਖੜਪੈਂਚ ਉੱਠ ਕੇ ਕਹਿਣ ਲੱਗਾ;

''ਹਜ਼ੂਰ, ਬਿਲਕੁਲ ਝੂਠ! ਮੈਂ ਵੀ ਇਸ ਪਰਦੇਸੀ ਦੀ ਬੋਲੀ ਚੰਗੀ ਤਰ੍ਹਾਂ ਜਾਣਦਾ ਹਾਂ।...ਤੁਹਾਡੇ ਵਜ਼ੀਰ ਨੇ ਸਰਾਸਰ ਝੂਠੀ ਜਾਣਕਾਰੀ ਦਿੱਤੀ ਹੈ ਆਪਨੂੰ...ਇਹ ਪਰਦੇਸੀ ਤਾਂ ਤੁਹਾਨੂੰ ਬਹੁਤ ਬੁਰੀਆਂ ਬੁਰੀਆਂ ਬਦ-ਦੁਆਵਾਂ ਦੇ ਰਿਹਾ ਹੈ, ਨਾਲੇ ਗਾਲ੍ਹਾਂ ਕੱਢ ਰਿਹਾ!!''

''ਝੂਠ' ਬੋਲਣ ਵਾਲੇ ਵਜ਼ੀਰ ਦੇ ਸਿਰ ਤਾਂ ਸੌ ਘੜਾ ਪਾਣੀ ਦਾ ਪੈ ਗਿਆ! ਡਰਦਾ ਹੋਇਆ ਲੱਗਾ ਥਰਥਰ ਕੰਬਣ!! ਪਰ ਇਹ ਕੀ? ਹਾਕਮ ਲੋਹਾ-ਲਾਖਾ ਹੋ ਕੇ ਖੜਪੈਂਚ ਨੂੰ ਟੁੱਟ ਕੇ ਪੈ ਗਿਆ- ''ਬੈਠਾ ਰਹੁ ਓਏ ਵੱਡਿਆ ਸੱਚ-ਪੁੱਤਰਾ! ਤੇਰੇ ਸੱਚ ਨਾਲੋਂ ਮੇਰੇ ਵਜ਼ੀਰ ਦਾ ਝੂਠ ਸੌ ਗੁਣ ਚੰਗਾ ਹੈ, ਜੋ ਕਿਸੇ ਦੀ ਜਾਨ ਬਚਾਉਣ ਲਈ ਬੋਲਿਆ ਗਿਆ ਹੈ!!''

ਲਾਂਬੂ ਲਾ ਕੇ ਤਮਾਸ਼ਾ ਦੇਖਣ ਵਾਲੇ ਇਕ 'ਸੇਵਾਦਾਰ' ਵਲੋਂ ਮਿੰਨ੍ਹੀਆਂ-ਛੁਰੀਆਂ ਚਲਾ ਕੇ ਵੱਡੇ ਪਰਿਵਾਰਕ ਕਲੇਸ਼ ਖੜ੍ਹੇ ਕੀਤੇ ਜਾਂਦੇ ਮੈਂ ਆਪਣੀ ਅੱਖੀਂ ਦੇਖੇ ਹੋਏ ਹਨ। ਇਲਾਕੇ ਵਿਚ ਇਕ ਸਤਿਕਾਰਿਤ ਧਾਰਮਿਕ ਆਗੂ ਵਜੋਂ ਸਥਾਪਤ ਹੋਏ ਇਕ ਬਿਰਧ ਬਜ਼ੁਰਗ ਨੇ ਹਵੇਲੀ ਤੋਂ ਆਪਣੇ ਸੇਵਾਦਾਰ ਨੂੰ ਘਰੋਂ ਲੱਸੀ ਲੈਣ ਲਈ ਭੇਜਿਆ। ਇਹ ਪੁਰਾਣੇ ਸਮੇਂ ਦੀ ਗੱਲ ਹੈ ਜਦੋਂ 'ਨੂੰਹਾਂ-ਧੀਆਂ' ਆਪਣੇ ਵੱਡਿਕਿਆਂ ਤੋਂ ਡਰਦੀਆਂ ਘਰ 'ਚ ਉੱਚੀ ਸਾਹ ਵੀ ਨਹੀਂ ਸਨ ਕਢਦੀਆਂ ਹੁੰਦੀਆਂ। ਹੱਥ ਵਿਚ ਬਾਲਟੀ ਲਈ ਖੜੇ ਸੇਵਾਦਾਰ ਨੂੰ ਵੱਡੀ ਨੂੰਹ ਨੇ ਡਰਦਿਆਂ ਡਰਦਿਆਂ ਦੱਸਿਆ ਕਿ ਲੱਸੀ ਤਾਂ ਅੱਜ ਬਿੱਲੀ ਨੇ ਜੂਠੀ ਕਰ ਦਿੱਤੀ ਸੀ। ਇਸ ਲਈ ਸਾਰੀ ਚਾਟੀ ਬਾਹਰ ਡੋਲ੍ਹ ਦਿੱਤੀ ਹੈ। ਚੁਆਤੀ ਲਾਊ ਫਿਤਰਤ ਵਾਲੇ ਸੇਵਾਦਾਰ ਨੂੰ ਘਰ ਵਿਚ ਮਹਾਂਭਾਰਤ ਮਚਾਉਣ ਦਾ ਸੁਨਹਿਰੀ ਮੌਕਾ ਮਿਲ ਗਿਆ। ਖਾਲੀ ਹੱਥ ਹਵੇਲੀ ਜਾ ਪਹੁੰਚਾ, ਬਜ਼ੁਰਗ ਬਾਪੂ ਕੋਲ। ਨਿੱਕੀ ਨਿੱਕੀ ਗੱਲ ਤੋਂ ਵੀ ਕ੍ਰੋਧਿਤ ਹੋ ਉੱਠਣ ਵਾਲੇ ਬਾਪੂ ਨੇ ਜਦ ਲੱਸੀ ਬਾਰੇ ਉਸਨੂੰ ਪੁੱਛਿਆ, ਤਾਂ ਅੱਗਿਉਂ ਬਣਾ ਸੁਆਰ ਕੇ ਸੇਵਾਦਾਰ ਬੋਲਿਆ;

''ਬਾਬਾ ਜੀ, ਅੱਜ ਤੁਹਾਡੀਆਂ ਨੂੰਹਾਂ-ਰਾਣੀਆਂ ਨੇ ਸਿਰਫ ਕੁੱਤਿਆਂ-ਬਿੱਲੀਆਂ ਜੋਗੀ ਲੱਸੀ ਹੀ ਰਿੜਕੀ ਸੀ!''

ਸੱਪ, ਸਪੋਲੇ, ਬਿੱਛੂ ਰੱਬ ਬਣਾਏ ਨੇ<br>ਕੁੱਝ 'ਇਨਸਾਨੀ' ਜਾਮੇ ਵਿਚ ਵੀ ਆਏ ਨੇ।

ਇਸ 'ਚੁਆਤੀ ਲਾਊਣੇ' ਸੇਵਾਦਾਰ ਜਿਹੇ ਖੜਪੈਂਚ ਤਾਂ ਇਕ ਪਰਿਵਾਰ ਵਿਚ ਜਾਂ ਵੱਧ ਤੋਂ ਵਧ ਆਪਣੇ ਪਿੰਡ ਵਿਚ ਅੱਗ ਲਾ ਕੇ ਤਮਾਸ਼ਾ ਦੇਖਣ ਦਾ ਸ਼ੌਕ ਪੂਰਾ ਕਰ ਸਕਦੇ ਹਨ। ਲੇਕਿਨ ਸੁਨੇਹੇ-ਸੂਚਨਾਵਾਂ ਦੇ ਅਦਾਨ-ਪ੍ਰਦਾਨ ਦੀਆਂ ਬੇਓੜਕੀਆਂ ਸੁੱਖ-ਸਹੂਲਤਾਂ ਨਾਲ ਸੁੰਗੜ ਚੁੱਕੇ ਸੰਸਾਰ ਵਿਚ ਖੜਪੈਂਚ ਵੀ ਬਹੁਤ ਵਧ ਗਏ ਨੇ ਅਤੇ ਉਨ੍ਹਾਂ ਦਾ ਦਾਇਰਾ ਵੀ ਵਸੀਹ ਹੋ ਗਿਆ ਹੈ। ਅਜੋਕੀਆਂ ਸੁਵਿਧਾਵਾਂ ਦੇ ਹੁੰਦਿਆਂ ਹੁਣ ਜਰੂਰੀ ਨਹੀਂ ਕਿ ਕਿਸੇ ਖਾਸ ਖਿੱਤੇ ਵਿਚ ਨਿਜੀ ਰੂਪ ਵਿਚ ਪਹੁੰਚ ਕੇ ਹੀ ਕੋਈ ਖੜਪੈਂਚ ਭੜਥੂ ਪਾ ਸਕਦਾ ਹੈ। ਹੁਣ ਤਾਂ ਉੱਚ ਟੈਕਨੀਕ ਦੀ ਮਦਦ ਨਾਲ ਵੀਡੀਓਗ੍ਰਾਫੀ ਦੀ ਮਨ ਇੱਛਤ ਤੋੜ-ਭੰਨ ਕਰਕੇ, ਅਮਰੀਕਾ-ਕੈਨੇਡਾ ਜਾਂ ਕਿਸੇ ਹੋਰ ਮੁਲਕ 'ਚ ਬੈਠਿਆਂ ਬੈਠਿਆਂ ਹੀ, ਦੂਰਦਰਾਜ ਖਿੱਤੇ ਵਿਚ ਅੱਗਾਂ ਲਗਾਈਆਂ ਜਾ ਸਕਦੀਆਂ ਨੇ, ਭਾਂਬੜ ਬਾਲੇ ਜਾ ਸਕਦੇ ਹਨ। ਕਿਸੇ ਵੀ ਨਾਮੀ-ਗਰਾਮੀ ਬੰਦੇ ਦੀ ਬਣੀ ਬਣਾਈ ਇੱਜ਼ਤ ਬਰਬਾਦ ਕੀਤੀ ਜਾਂ ਕਰਵਾਈ ਜਾ ਸਕਦੀ ਹੈ। ਇਕ ਘਰ ਵਿਚ ਜਾਂ ਇਕ ਪਿੰਡ ਵਿਚ ਰਹਿਣ ਵਾਲੇ ਲਾਂਬੂ ਲਾਊਣੇ ਖੜਪੈਂਚ ਹੱਥੋਂ ਇੰਨਾ ਉਪੱਦਰ ਨਹੀਂ ਹੋ ਸਕਦਾ, ਜਿੰਨਾ ਕੋਈ ਮਾਡਰਨ ਯੁੱਗ ਦਾ ਤੀਲ੍ਹੀ ਲਾਊ ਖੜਪੈਂਚ ਕਰ ਸਕਦਾ ਹੈ। ਹੁਣ ਤਾਂ ਪੂਰੀ ਦੀ ਪੂਰੀ ਕੌਮ ਵਿਚ ਖਾਨਾਜੰਗੀ ਮਚਾ ਸਕਦੇ ਨੇ ਅੰਤਰਰਾਸ਼ਟਰੀ ਖੜਪੈਂਚ!

ਵੋ ਤੋ ਬਸ ਹਾਥ ਹਿਲਾਤਾ ਹੈ<br>ਗੁਜ਼ਰ ਜਾਤਾ ਹੈ।<br>ਸਹਰ ਆ ਜਾਤੇ ਹੈਂ<br>ਵਹਸ਼ਤ ਕੇ ਅਸਰ ਮੇਂ ਖ਼ੁਦ ਹੀ!

# ਅਣਖੀਲੇ ਪੰਜਾਬੀਆਂ ਦੇ ਖਾਣਸੂਰੇ ਬਰਾਤੀ!

ਮਿਹਰ ਸਿੰਘ ਰੰਧਾਵਾ

ਪੰਜਾਬ ਖ਼ਾਸ ਕਰਕੇ ਦੁਆਬੇ ਦਾ ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇਗਾ, ਜਿਸਦਾ ਕੋਈ ਸਕਾ-ਸੋਦਰਾ ਵਿਦੇਸ਼ ਨਾ ਗਿਆ ਹੋਵੇ। ਬਹੁਤੇ ਪਰਵਾਸੀ ਸਰਦੀਆਂ ਵਿਚ ਛੁੱਟੀ ਆਉਣਾ ਪਸੰਦ ਕਰਦੇ ਹਨ। ਉਨ੍ਹਾਂ ਦੀ ਸ਼ਮੂਲੀਅਤ ਖ਼ਾਤਰ ਬਹੁਤੇ ਵਿਆਹ ਸਰਦ ਰੁੱਤੇ ਰੱਖੇ ਜਾਂਦੇ ਹਨ ਅਤੇ ਉਹ ਵੀ ਸ਼ਾਨਦਾਰ ਤੋਂ ਸ਼ਾਨਦਾਰ ਮੈਰਿਜ ਪੈਲੇਸਾਂ ਜਾਂ ਖੁੱਲ੍ਹੇ ਡੁੱਲ੍ਹੇ ਰੀਜ਼ੋਰਟਾਂ ਵਿਚ। ਪੁਰਾਣੇ ਸਮਿਆਂ ਵਿਚ ਬਹੁਤੇ ਲੋਕਾਂ ਨੂੰ ਸਾਲ ਵਿਚ ਮਸਾਂ ਦੋ-ਤਿੰਨ ਵਿਆਹ ਹੀ ਆਉਂਦੇ ਸਨ ਅਤੇ ਉਨ੍ਹਾਂ ਵਿਚੋਂ ਮਸਾਂ ਇਕ-ਅਧੇ ਵਿਆਹ ਵਿਚ ਬਰਾਤੇ ਜਾਣ ਦਾ ਮੌਕਾ ਮਿਲਦਾ ਸੀ। ਇਸ ਲਈ ਬਰਾਤ ਜਾਣ ਦੇ ਨਾਂ 'ਤੇ ਵਿਸ਼ੇਸ਼ ਤਿਆਰੀ ਕੀਤੀ ਜਾਂਦੀ। ਨਵੇਂ ਕੱਪੜੇ ਸੁਆਏ ਜਾਂਦੇ, ਤੁਰਲੇ ਲਈ ਪੱਗ ਨੂੰ ਮਾਇਆ ਲੱਗਦੀ ਅਤੇ ਨੋਕ ਵਾਲੀ ਤਿੱਲੇਦਾਰ ਜੁੱਤੀ ਸਾਈ 'ਤੇ ਬਣਵਾਈ ਜਾਂਦੀ। ਉਨ੍ਹੀਂ ਦਿਨੀਂ ਸ਼ਰੀਕੇ, ਬਰਾਦਰੀ ਜਾਂ ਰਿਸ਼ਤੇਦਾਰੀ ਵਿਚੋਂ ਚੋਣਵੇਂ ਬੰਦਿਆਂ ਨੂੰ ਬਰਾਤ ਲਈ ਕਿਹਾ ਜਾਂਦਾ, ਕਿਉਂਕਿ ਉਨ੍ਹਾਂ ਸਮਿਆਂ ਵਿਚ ਬਰਾਤੀ ਬਰਾਤ ਦੀ ਸ਼ਾਨ ਹੁੰਦੇ ਸਨ। ਲੜਕੇ ਦੇ ਪਰਿਵਾਰ ਦਾ ਸਮਾਜ ਵਿਚ ਕੀ ਰੁਤਬਾ ਹੈ ਅਤੇ ਕੀ ਪੈਠ ਹੈ, ਇਸ ਦਾ ਪਤਾ ਬਰਾਤ ਤੋਂ ਲਾਇਆ ਜਾਂਦਾ ਸੀ, ਪਰ ਅੱਜ-ਕੱਲ੍ਹ ਤਾਂ ਸਮੁੱਚੇ ਟੱਬਰਾਂ ਦੇ ਟੱਬਰ ਬਰਾਤ ਵਿਚ ਸ਼ਾਮਲ ਹੁੰਦੇ ਹਨ। ਬਰਾਤ ਵਿਚ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਵਿਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ। ਜੇਕਰ ਕੋਈ ਵਿਆਹ ਸਥਾਨਕ ਮੈਰਿਜ ਪੈਲੇਸ ਵਿਚ ਹੋਵੇ ਤਾਂ ਫਿਰ ਤਾਂ ਬਸ ਬੱਲੇ ਹੀ ਬੱਲੇ। ਬਹੁਤੇ ਲੋਕ 12 ਕੁ ਵਜੇ ਪੁੱਜਦੇ ਹਨ ਅਤੇ 2 ਕੁ ਘੰਟੇ 'ਚ ਢਿੱਡ ਨੂੰ ਵਖਤ ਪਾ ਕੇ, ਘੁੱਟ ਛਕ-ਛਕਾ ਕੇ ਸ਼ਗਨ ਵਾਲਾ ਲਿਫਾਫਾ ਫੜਾ ਦੇਂਦਾਂ 'ਚ ਤੀਲਾ ਫੇਰਦੇ ਵਾਪਸ ਪਰਤ ਆਉਂਦੇ ਹਨ। ਜਦੋਂ ਵਿਆਹਾਂ ਦਾ ਬਹੁਤ ਜ਼ੋਰ ਹੁੰਦਾ ਹੈ ਤਾਂ ਸ਼ਾਇਦ ਹੀ ਕੋਈ ਅਜਿਹਾ ਸਪਤਾਹ ਹੋਵੇਗਾ, ਜਦੋਂ ਇਕ ਅੱਧਾ-ਕਾਰਡ ਵਿਆਹ ਜਾਂ ਮੰਗਣੀ ਦਾ ਨਾ ਆਇਆ ਹੋਵੇ। ਕਾਰਡ ਨਾਲ ਮਠਿਆਈ ਦਾ ਡੱਬਾ ਵੀ ਘਰ ਪੁੱਜਾ ਹੁੰਦਾ ਹੈ। ਇਸ ਲਈ ਅਣਸਰਦੀ ਨੂੰ ਸਮਾਂ ਕੱਢ ਕੇ ਹਾਜ਼ਰੀ ਲਵਾਉਣੀ ਮਜਬੂਰੀ ਹੁੰਦੀ ਹੈ।

ਸਾਡੇ ਨਵੇਂ ਆਏ ਗੁਆਂਢੀ ਦੇ ਮੁੰਡੇ ਦਾ ਵਿਆਹ ਸੀ। ਕਾਰਡ ਅਤੇ ਮਠਿਆਈ ਦਾ ਡੱਬਾ ਤਾਂ ਉਸ ਲਾਗੀ ਹੱਥ ਪਹਿਲਾਂ ਹੀ ਪੁੱਜਦਾ ਕਰ ਦਿੱਤਾ ਸੀ। ਕਾਰਡ ਨਾਲ ਬਰਾਤ ਜਾਣ ਵਾਲੀ ਪਰਚੀ ਵੀ ਲੱਗੀ ਹੋਈ ਸੀ। ਬਰਾਤ ਜਾਣ ਤੋਂ ਪਹਿਲਾਂ ਵਾਲੀ ਸ਼ਾਮ ਨੂੰ ਉਹ ਉਚੇਚ ਨਾਲ ਬਾਰਾਤ ਨਾਲ ਜਾਣ ਲਈ ਕਹਿਣ ਵੀ ਆਇਆ। ਮੇਰਾ ਬਰਾਤ ਜਾਣ ਦਾ ਪ੍ਰੋਗਰਾਮ ਪੱਕਾ ਸੀ। ਪਰ ਰਾਤ ਨੂੰ ਮੇਰਾ ਪੇਟ ਅਚਾਨਕ ਖ਼ਰਾਬ ਹੋ ਗਿਆ। ਇਸ ਲਈ ਮੈਂ ਬਰਾਤ ਜਾਣ ਦਾ ਖਿਆਲ ਛੱਡ ਦਿੱਤਾ। ਬਰਾਤ ਦੇ ਤੁਰਨ ਦਾ ਸਮਾਂ ਸਵੇਰੇ ਦਸ ਵਜੇ ਦਾ ਸੀ। ਮੈਂ ਜਦੋਂ 9 ਕੁ ਵਜੇ ਤੱਕ ਉਹਦੇ ਘਰ ਨਾ ਪੁੱਜਾ ਤਾਂ ਉਸ ਮੇਰੇ ਘਰ ਪੁੱਜ ਆਵਾਜ਼ ਮਾਰੀ। ਮੈਂ ਉਸਨੂੰ ਦੱਸਿਆ ਕਿ ਮੇਰਾ ਪੇਟ ਠੀਕ ਨਹੀਂ। ਇਸ ਲਈ ਮੈਂ ਬਰਾਤ ਨਹੀਂ ਜਾ ਸਕਦਾ। ਉਹ ਮੇਰੀ ਇਸ ਮਜਬੂਰੀ ਨੂੰ ਬਹਾਨਾ ਸਮਝ ਬੜਾ ਹੈਰਾਨ ਹੋਇਆ ਅਤੇ ਸਹਿਜ-ਸੁਭਾਅ ਕਹਿ ਗਿਆ ਕਿ ਬਰਾਤ ਤੁਸਾਂ ਜਾਣਾ ਹੈ, ਤੁਹਾਡੇ ਢਿੱਡ ਨੇ ਨਹੀਂ? ਤੁਸੀਂ ਛੇਤੀ ਤਿਆਰ ਹੋ ਕੇ ਘਰ ਪੁੱਜ ਜਾਓ। ਬਰਾਤ ਤਿਆਰ ਖੜ੍ਹੀ ਹੈ। ਬਸ, ਤੁਹਾਡੀ ਹੀ ਉਡੀਕ ਹੈ।

ਜਦੋਂ ਉਹ ਚਲਾ ਗਿਆ ਤਾਂ ਮੈਨੂੰ ਉਸਦੇ ਭੋਲੇਪਣ 'ਤੇ ਬੜਾ ਹਾਸਾ ਵੀ ਆਇਆ। ਉਹ ਵਿਚਾਰਾ ਕੀ ਜਾਣੇ ਕਿ ਅੱਜ-ਕੱਲ੍ਹ ਬਰਾਤੀ ਬਰਾਤ ਨਹੀ ਜਾਂਦੇ, ਸਗੋਂ ਉਨ੍ਹਾਂ ਦੇ ਢਿੱਡ ਜਾਂਦੇ ਹਨ। ਮੈਰਿਜ ਪੈਲੇਸ ਬਰਾਤ ਦੇ ਪੁੱਜਣ 'ਤੇ ਭਾਈ ਜੀ ਅਰਦਾਸ ਰਾਹੀਂ ਪੋਤੇ-ਪੜਪੋਤਿਆਂ ਦੀ ਮਿਲਣੀ ਦੀਆਂ ਅਰਜੋਈਆਂ ਕਰ ਰਹੇ ਹੁੰਦੇ ਹਨ। ਬਹੁਤੇ ਬਰਾਤੀ ਇਸ ਤੋਂ ਬੇਖ਼ਬਰ ਬਹਿਰਿਆਂ ਵਲੋਂ ਵਰਤਾਏ ਜਾ ਰਹੇ ਮੇਵਿਆਂ ਦੇ ਫੱਕੇ ਮਾਰ ਰਹੇ ਹੁੰਦੇ ਹਨ ਜਾਂ ਸੋਡਾ-ਸ਼ਰਬਤ ਛਕ ਰਹੇ ਹੁੰਦੇ ਹਨ। ਬਰਾਤ ਦੀ ਆਓ-ਭਗਤ ਲਈ ਜਿਹੜੀ ਲੜਕੀਆਂ ਵਲੋਂ ਰਿਬਨ ਕੱਟਣ ਦੀ ਰਸਮ ਕੀਤੀ ਜਾਂਦੀ ਹੈ, ਉਸ ਸਮੇਂ ਵੀ ਬਹੁਤੇ ਬਰਾਤੀ ਦੂਸਰੇ ਦਰਵਾਜ਼ਿਆਂ ਰਾਹੀਂ ਹਾਲ ਅੰਦਰ ਘੁਸ ਜਾਂਦੇ ਹਨ ਅਤੇ ਚਾਹ-ਪਕੌੜਿਆਂ 'ਤੇ ਹੱਲਾ ਬੋਲ ਦਿੰਦੇ ਹਨ। ਚਾਹ ਦੀ ਸਮਾਪਤੀ ਮਗਰੋਂ ਬਹੁਤੇ ਬਰਾਤੀਆਂ ਅਤੇ ਮੇਲੀਆਂ-ਗੇਲੀਆਂ ਨੂੰ ਲਾਂਵੇ ਦੇ ਫੇਰਿਆਂ ਦੀ ਰਸਮ ਵਿਚ ਸ਼ਮੂਲੀਅਤ ਲਈ ਕੋਈ ਉਤਸੁਕਤਾ ਨਹੀਂ ਹੁੰਦੀ, ਸਗੋਂ ਉਹ ਤਾਂ ਹਾਲ ਜਾਂ ਲਾਅਨ ਵਿਚ ਕੁਰਸੀਆਂ 'ਤੇ ਚੌੜੇ ਹੋ ਕੇ ਸ਼ਰਾਬ-ਕਬਾਬ ਦੇ ਦੌਰ ਦੀ ਉਡੀਕ ਕਰਨ ਲੱਗਦੇ ਹਨ। ਬਰਾਤ ਦੇ ਪੁੱਜਣ ਅਤੇ ਫੇਰਿਆਂ ਵਿਚ ਤਾਂ ਦੇਰ-ਸਵੇਰ ਹੋ ਸਕਦੀ ਹੈ, ਪਰ ਸ਼ਰਾਬ ਦੇ ਜਾਮ ਛਲਕਣ ਦੇ ਸਮੇਂ ਦਾ ਪਾਲਣ ਬੜੀ ਦ੍ਰਿੜ੍ਹਤਾ ਨਾਲ ਕੀਤਾ ਜਾਂਦਾ ਹੈ। ਬਸ ਫਿਰ ਕੀ ਕਲਯੁੱਗ ਦਾ ਵਰਤਾਰਾ ਸ਼ੁਰੂ ਹੋ ਜਾਂਦਾ ਹੈ। ਕੀ ਮੇਲੀ, ਕੀ ਬਰਾਤੀ ਅਤੇ ਕੀ ਵਿਸ਼ੇਸ਼ ਪ੍ਰਾਹੁਣੇ ਬਿਨਾ ਕਿਸੇ ਭੇਦਭਾਵ ਅਤੇ ਉਮਰ ਦੇ, ਪੈੱਗ 'ਤੇ ਪੈੱਗ ਢਿੱਡਾਂ 'ਚ ਡੋਲ੍ਹੀ ਜਾਂਦੇ ਹਨ। ਜੇ ਕਿਤੇ ਬੀਅਰ ਦਾ ਦੌਰ ਚੱਲਦਾ ਹੋਵੇ ਤਾਂ ਮੇਲੀ-ਬਰਾਤੀ ਬੋਤਲਾਂ ਦੀਆਂ ਬੋਤਲਾਂ ਡਕਾਰ ਜਾਂਦੇ ਹਨ। ਇਸ ਮੌਕੇ ਬਰਾਤੀਆਂ ਦਾ ਬਹੁਤਾ ਧਿਆਨ ਪੀਣ-ਖਾਣ ਵਲ ਹੁੰਦਾ ਹੈ। ਮੱਛੀ, ਮੀਟ ਅਤੇ ਪਤਾ ਨਹੀਂ ਹੋਰ ਕੀ-ਕੀ, ਬਸ ਬਹਿਰੇ ਡਾਰਾਂ ਬੰਨ੍ਹ ਲਈ ਆਉਂਦੇ ਹਨ ਅਤੇ ਮੇਲੀ-ਗੇਲੀ ਛਕੀ ਜਾਂਦੇ ਹਨ।

ਇਸ ਸਮੇਂ ਕਿਸੇ ਨੂੰ ਠੰਢੇ-ਗਰਮ ਦਾ ਕੋਈ ਭੇਦਭਾਵ ਨਹੀਂ ਹੁੰਦਾ। ਮੱਛੀ ਵੀ ਛਕੀ ਜਾ ਰਹੀ ਹੈ, ਠੰਢੀ ਆਈਸ ਕਰੀਮ ਦਾ ਵੀ ਆਨੰਦ ਮਾਣਿਆ ਜਾ ਰਿਹਾ ਹੈ, ਕਾਫੀ ਦੇ ਸੁੜਕੜੇ ਲੱਗ ਰਹੇ ਹਨ, ਠੰਢਾ ਜੂਸ ਪੀਤਾ ਜਾ ਰਿਹਾ ਹੁੰਦਾ ਹੈ। ਪਤਾ ਨਹੀਂ ਸਟਾਲਾਂ 'ਤੇ ਕੀ ਕੁਝ ਬਣਿਆ ਹੁੰਦਾ ਹੈ। ਸਭ ਛਕਿਆ ਜਾ ਰਿਹਾ ਹੁੰਦਾ ਹੈ। ਗੱਲ ਕੀ, ਬਰਾਤੀਆਂ ਦੀ ਵਿਆਹ ਦੀਆਂ ਰਸਮਾਂ ਵਿਚ ਸ਼ਮੂਲੀਅਤ ਘੱਟ ਅਤੇ ਖਾਣ ਵਲ ਧਿਆਨ ਜ਼ਿਆਦਾ ਹੁੰਦਾ ਹੈ। 24 ਘੰਟੇ 'ਚ ਖਾਣ ਜਿੰਨਾ ਤਿੰਨ ਚਾਰ ਘੰਟੇ ਵਿਚ ਡੱਕਾਰ ਕੇ ਢਿੱਡੀ ਸੁੱਟ ਲਿਆ ਜਾਂਦਾ ਹੈ, ਬਿਨਾ ਸਰਦ-ਗਰਮ ਅਤੇ ਮਿੱਠੇ-ਨਮਕੀਨ ਦੇ ਭੇਦਭਾਵ ਦੇ। ਭਲਾ ਹੁਣ ਸੋਚੋ ਬੰਦੇ ਬਰਾਤ ਜਾਂਦੇ ਹਨ ਜਾਂ ਢਿੱਡ।



# ਸਿੱਖ ਸੋਸਾਇਟੀ ਆਫ ਡੇਅਟਨ ਵਲੋਂ ਕੀਰਤਨ ਦਰਬਾਰ

**ਡੇਅਟਨ, ਓਹਾਇਓ:** ਸਿੱਖ ਸੋਸਾਇਟੀ ਆਫ ਡੇਅਟਨ ਵਲੋਂ ਲੰਘੇ ਦਿਨੀਂ ਪੰਥ ਦੀ ਚੜਦੀ ਕਲਾ ਵਾਸਤੇ ਕੀਰਤਨ ਦਰਬਾਰ ਕਰਵਾਇਆ ਗਿਆ। ਕੀਰਤਨ ਦਰਬਾਰ ਵਿਚ ਬੀਬੀ ਬਲਜੀਤ ਕੌਰ ਖਾਲਸਾ ਤਲਵਾੜੇ ਵਾਲਿਆਂ ਦੇ ਜਥੇ ਨੇ ਇਕ ਅਤੇ ਪਿੰਡਾਂ ਪਿੰਡ ਜਾ ਕੇ ਪ੍ਰਚਾਰ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਧਰਮ ਸੁਪਰੀਮ ਸੰਸਥਾ ਤੋਂ ਤਾਂ ਕੋਈ ਆਸ ਨਹੀਂ। ਉਨ੍ਹਾਂ ਪੰਜਾਬ ਵਿਚ ਧਰਮ ਪ੍ਰਚਾਰ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਪ੍ਰਗਟਾਇਆ।



*ਸਮਾਗਮ ਤੋਂ ਬਾਅਦ ਬੀਬੀ ਬਲਜੀਤ ਕੌਰ ਖਾਲਸਾ ਤੇ ਜਥਾ ਗੁਰੂ ਘਰ ਦੇ ਸੇਵਾਦਾਰ ਲਖਵਿੰਦਰ ਸਿੰਘ, ਰਘਬੀਰ ਸਿੰਘ, ਸਿਮਰਜੀਤ ਸਿੰਘ ਅਤੇ ਸੁਰਜੀਤ ਸਿੰਘ ਨਾਲ*

ਹਫਤਾ ਹਰ ਰੋਜ ਸ਼ਾਮ ਨੂੰ ਰਸ ਭਿਨੇ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਗੁਰੂ ਘਰ ਦੇ ਮੁਖ ਸੇਵਾਦਾਰ ਸ. ਲਖਵਿੰਦਰ ਸਿੰਘ ਨੇ ਬੀਬੀ ਬਲਜੀਤ ਕੌਰ ਖਾਲਸਾ ਅਤੇ ਜਥੇ ਦਾ ਧੰਨਵਾਦ ਕੀਤਾ। ਉਨ੍ਹਾਂ ਬੀਬੀ ਬਲਜੀਤ ਕੌਰ ਨੂੰ ਪੰਜਾਬ ਵਿਚ ਸਕੂਲਾਂ, ਕਾਲਜਾਂ

ਇਸ ਤੋਂ ਪਹਿਲਾਂ ਬੀਬੀ ਬਲਜੀਤ ਕੌਰ ਖਾਲਸਾ ਦੇ ਜਥੇ ਨੇ ਸਿਨਸਿਨੈਟੀ ਦੇ ਗੁਰੂ ਘਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਮੌਕੇ ਅਤੇ ਕਲੀਵਲੈਂਡ ਗੁਰੂ ਘਰ ਵਿਚ ਵੀ ਇਕ ਇਕ ਹਫਤਾ ਸੰਗਤ ਨੂੰ ਗੁਰਬਾਣੀ ਜਸ ਨਾਲ ਜੋੜਿਆ।

# ਮਾਰੀਆ ਪਾਪਸ ਦੇ ਦਫਤਰ ਵਿਚ ਕ੍ਰਿਸਮਿਸ ਦੀ ਬਹਾਰ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਸੰਸਾਰ ਭਰ ਵਿਚ ਕ੍ਰਿਸਮਿਸ ਦਾ ਦਿਹਾੜਾ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਹ ਦਿਨ ਪਿਆਰ ਅਤੇ ਅਮਨ-ਸ਼ਾਂਤੀ ਦੇ ਸੰਦੇਸ਼ ਦਾ ਪ੍ਰਤੀਕ ਹੈ। ਲੰਘੇ ਵੀਰਵਾਰ ਕੁੱਕ ਕਾਉਂਟੀ ਟ੍ਰੈਜ਼ਰਰ ਮਾਰੀਆ ਪਾਪਸ ਨੇ ਇਥੇ ਕੁੱਕ ਕਾਉਂਟੀ ਬਿਲਡਿੰਗ ਦੇਸ਼ਾਂ ਦੇ ਰਾਸ਼ਟਰੀ ਝੰਡੇ ਦੀਵਾਰਾਂ ਨਾਲ ਤਰਤੀਬਵਾਰ ਲਹਿਰਾ ਰਹੇ ਸਨ। ਭਾਰਤ, ਪਾਕਿਸਤਾਨ, ਇਗਲੈਂਡ, ਚੀਨ, ਡੈਨਮਾਰਕ, ਹੰਗਰੀ, ਟਰਕੀ, ਅਮਰੀਕਾ, ਇਟਲੀ, ਫਰਾਂਸ, ਜਰਮਨੀ, ਸਪੇਨ, ਦਖਣੀ ਅਫਰੀਕਾ, ਤਾਈਵਾਨ, ਜਪਾਨ, ਥਾਈਲੈਂਡ, ਪੀਰੂ, ਰੋਮਾਨੀਆ, ਰਸ਼ੀਆ, ਸਕਾਟਲੈਂਡ, ਫਿਨਲੈਂਡ ਆਦਿ



ਵਿਚ ਕ੍ਰਿਸਮਿਸ ਦੇ ਤਿਉਹਾਰ ਸੰਬੰਧੀ "ਕ੍ਰਿਸਮਿਸ ਮਨਾਓ" ਸਮਾਗਮ ਕੀਤਾ ਜਿਸ ਵਿਚ ਵੱਖ-ਵੱਖ ਦੇਸ਼ਾਂ ਤੇ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਸਜਾਈਆਂ ਗਈਆਂ ਰੰਗ-ਬਰੰਗੀਆਂ ਲਾਈਟਾਂ ਬੜਾ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਵੱਖ ਵੱਖ 90 ਦੇਸ਼ਾਂ ਦੇ ਸਲੀਕੇ ਨਾਲ ਸਜਾਏ ਕ੍ਰਿਸਮਿਸ ਦਰਖ਼ਤ ਇਕ ਮਨਮੋਹਣਾ ਦ੍ਰਿਸ਼ ਪੇਸ਼ ਕਰ ਰਹੇ ਸਨ। ਕ੍ਰਿਸਮਿਸ ਦਰਖ਼ਤ ਸ਼ੁਭ ਇਛਾਵਾਂ, ਸਰਬੱਤ ਦੇ ਭਲੇ, ਕ੍ਰਿਸਮਿਸ ਵਧਾਈ ਦੇ ਸੰਦੇਸ ਨੂੰ ਦਰਸਾਉਂਦੀਆਂ ਕਲਾਕ੍ਰਿਤੀਆਂ ਨਾਲ ਸਜਾਏ ਹੋਏ ਸਨ। ਕਈ ਦੇਸ਼ਾਂ ਦੇ ਟ੍ਰੀ ਉਨ੍ਹਾਂ ਦੀ ਸੰਸਕ੍ਰਿਤੀ, ਸਭਿਆਚਾਰ, ਧਰਮ ਦੀ ਤਸਵੀਰ ਨੂੰ ਪ੍ਰਗਟਾਉਂਦੇ ਸਰਬੱਤ ਦੇ ਭਲੇ ਦੇ ਸੁਨੇਹਾ ਦੇ ਰਹੇ ਸਨ।

ਮਾਰੀਆ ਪਾਪਸ ਅਤੇ ਉਸ ਦਾ ਸਟਾਫ ਮਹਿਮਾਨਾਂ ਦਾ ਭਰਵਾਂ ਸਵਾਗਤ ਕਰ ਰਹੇ ਸਨ। ਸਟਾਫ ਮੈਂਬਰ ਸ਼ਾਂਤਾ ਕਲਾਜ਼ ਦਾ ਰੂਪ ਧਾਰੀ ਖਾਸ ਖਿੱਚ ਦਾ ਕਾਰਨ ਬਣੇ ਹੋਏ ਸਨ। ਮਾਰੀਆ ਪਾਪਸ ਨੇ ਸਾਰਿਆਂ ਨੂੰ ਕ੍ਰਿਸਮਿਸ ਦੀ ਵਧਾਈ ਦਿੰਦਿਆਂ ਕਿਹਾ ਕਿ ਪ੍ਰਭੂ ਨੇ ਸਾਨੂੰ ਪ੍ਰੇਮ, ਸਾਂਤੀ ਅਤੇ ਆਪਸੀ ਭਾਈਚਾਰੇ ਦਾ ਰਸਤਾ ਦਿਖਾਇਆ ਹੈ ਜਿਸ 'ਤੇ ਚਲ ਕੇ ਸਮੁੱਚੀ ਮਨੁੱਖ ਜਾਤੀ ਤਰੱਕੀ ਦੇ ਰਾਹ 'ਤੇ ਅਗੇ ਵਧ ਸਕਦੀ ਹੈ। ਅਰਦਾਸ ਹੈ ਕਿ ਪੂਰੀ ਦੁਨੀਆਂ ਵਿਚ ਅਮਨ, ਸਾਂਤੀ ਦਾ ਹਮੇਸ਼ਾ ਮਾਹੌਲ ਬਣਿਆ ਰਹੇ। ਇਸ ਮੌਕੇ ਵੱਖ-ਵੱਖ ਧਰਮ ਦੇ ਆਗੂਆਂ ਨੇ ਵੀ ਵਿਸ਼ਵ-ਸਾਂਤੀ ਤੇ ਭਾਈਚਾਰਕ ਸਾਂਝ ਲਈ ਪ੍ਰਥਾਨਾਵਾਂ ਕੀਤੀਆਂ।

ਪੋਲਿਸ਼ ਭਾਈਚਾਰੇ ਦੇ ਬਚਿਆਂ, ਜਵਾਨਾਂ ਤੇ ਬਜ਼ੁਰਗਾਂ ਨੇ ਰੰਗ-ਬਰੰਗੀਆਂ ਪੌਸ਼ਾਕਾਂ ਵਿਚ ਸਜ ਕੇ ਕ੍ਰਿਸਮਿਸ ਸੰਬੰਧੀ ਰਵਾਇਤੀ ਡਾਂਸ ਤੇ ਭਜਨ ਪੇਸ਼ ਕੀਤੇ। ਮਾਰੀਆ ਪਾਪਸ ਨੇ ਵੀ ਉਨ੍ਹਾਂ ਨਾਲ ਡਾਂਸ ਕੀਤਾ।

ਮਾਰੀਆ ਪਾਪਸ ਨੇ ਖੁਦ ਇਕ ਚੰਗੇ ਫਨਕਾਰ ਦੀ ਤਰ੍ਹਾਂ ਮਿਨੀ ਪਿਆਨੋ ਵਜਾਉਂਦੇ ਹੋਏ ਧਾਰਮਿਕ ਗੀਤ "ਜਿੰਗਲ ਬੈਲ", "ਏਂਜਲ ਵੂਈ ਹੈਵ ਹੀਅਰਡ ਆਨ ਹਾਈ", "ਡੈਕ ਦੀ ਹਾਲ", "ਜਾਏ ਟੂ ਦਿ ਵਰਲਡ", "ਸਾਇਲੈਂਟ ਨਾਈਟ" ਆਦਿ ਗਾਏ ਤੇ ਪ੍ਰਭੂ ਯਿਸੂ ਦੀ ਮਹਿਮਾ ਦਾ ਗੁਣਗਾਣ ਕੀਤਾ। ਕੁਕ ਕਾਉਂਟੀ ਆਫਿਸ ਵਲੋਂ ਖਾਣੇ ਦਾ ਖਾਸ ਇੰਤਜਾਮ ਕੀਤਾ ਸੀ। ਮਹਿਮਾਨਾਂ ਨੇ ਸਵਾਦਲੇ ਭੋਜ ਦਾ ਖੂਬ ਆਨੰਦ ਮਾਣਿਆ।

## ਜਨਮ ਦਿਨ ਮੁਬਾਰਕ !



**ਸ. ਅਵਤਾਰ ਸਿੰਘ ਅਤੇ ਸਰਬਜੀਤ ਕੌਰ (ਸਰਪਰਿੰਗ ਫੀਲਡ, ਓਹਾਇਓ) ਦੀ ਬੇਟੀ ਰਵਜੋਤ ਕੌਰ ਨੂੰ ਜਨਮ ਦਿਨ ਮੁਬਾਰਕ !**

# ਮਾੜੀ ਸ਼ਬਦਾਵਲੀ ਅਕਾਲੀ ਨਹੀਂ ਕਾਂਗਰਸੀ ਵਰਤਦੇ ਹਨ:ਦਸੂਹਾ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਦੇ ਐਨ ਆਰ ਆਈ ਵਿੰਗ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਨੇ ਆਪਣੇ ਉਤੇ ਨਿਊ ਯਾਰਕ ਦੇ ਕੁਝ ਕਾਂਗਰਸੀ ਆਗੂਆਂ ਵਲੋਂ ਕੈਪਟਨ ਅਮਰਿੰਦਰ ਸਿੰਘ ਲਈ ਮਾੜੀ ਸ਼ਬਦਾਵਲੀ ਵਰਤੇ ਜਾਣ ਦੇ ਕਥਿਤ ਦੋਸ਼ਾਂ 'ਤੇ ਪ੍ਰਤੀਕਿਰਿਆ ਕਰਦਿਆਂ ਆਖਿਆ ਹੈ ਕਿ ਮਾੜੀ ਸ਼ਬਦਾਵਲੀ ਅਕਾਲੀ ਨਹੀਂ ਬਲਕਿ ਕਾਂਗਰਸੀ ਆਗੂ ਵਰਤਦੇ ਹਨ।

ਓਵਰਸੀਜ਼ ਕਾਂਗਰਸ ਦੇ ਪੰਜਾਬ ਵਿੰਗ ਦੇ ਪ੍ਰਧਾਨ ਸ. ਫੂੰਮਣ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਅਖਬਾਰਾਂ ਨੂੰ ਦਿਤੇ ਗਏ ਬਿਆਨ ਦਾ ਜ਼ਿਕਰ ਕਰਦਿਆਂ ਸ੍ਰੀ ਦਸੂਹਾ ਨੇ ਇਥੇ ਜਾਰੀ ਇਕ ਬਿਆਨ ਵਿਚ ਆਖਿਆ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੂੰ ਬਦਨਾਮ ਕਰਨ ਲਈ ਦੋਸ਼ ਕਿਸੇ ਅਕਾਲੀ ਵਲੋਂ ਨਹੀਂ ਸਗੋਂ ਕੈਪਟਨ ਦੇ ਆਪਣੇ ਹੀ ਸ਼ਬਦਾਂ ਵਿਚ ਪਾਰਟੀ ਅੰਦਰ ਕੁਝ ਉਨ੍ਹਾਂ ਦੇ ਆਪਣੇ ਹੀ ਵਿਰੋਧੀ ਕਾਂਗਰਸੀਆਂ ਵਲੋਂ ਲਾਏ ਗਏ। ਸ੍ਰੀ ਦਸੂਹਾ ਨੇ ਆਪਣੇ ਇਸ ਬਿਆਨ ਵਿਚ ਆਖਿਆ ਹੈ ਕਿ ਮੈਂ ਤਾਂ ਸਿਰਫ "ਇਨ੍ਹਾਂ ਸਮੁੱਚੇ ਰਾਜਿਆਂ-ਮਹਾਰਾਜਿਆਂ ਦੇ ਇਤਿਹਾਸ ਬਾਰੇ ਜ਼ਰੂਰ ਗੱਲ ਕੀਤੀ ਸੀ। ਮੇਰੀ ਸੂਝ ਮੁਤਾਬਕ ਔਰਤ ਅਤੇ ਸ਼ਰਾਬ ਰਾਜੇ-ਮਹਾਰਾਜਿਆਂ ਦਾ ਸ਼ੌਕ ਹੁੰਦਾ ਹੈ ਅਤੇ ਮੇਰੀ ਇਸ ਗੱਲ ਨਾਲ ਸਾਰਾ ਸੰਸਾਰ ਸਹਿਮਤ ਹੋਵੇਗਾ।" ਆਪਣਾ ਬਿਆਨ ਜਾਰੀ ਰੱਖਦਿਆਂ ਉਨ੍ਹਾਂ ਇਹ ਵੀ ਆਖਿਆ ਹੈ, "ਸ਼ਾਇਦ ਫੂੰਮਣ ਸਿੰਘ ਇਹ ਭੁੱਲਦੇ ਹਨ ਕਿ ਪੰਜਾਬ ਵਿਚ ਲੋਕ ਮਹਾਰਾਜਾ ਪਟਿਆਲਾ ਵਾਲੇ ਦੀਆਂ ਕਈ ਉਦਾਹਰਣਾਂ ਦਿੰਦੇ ਹਨ। ਮੈਂ ਤਾਂ ਮਹਾਰਾਜਾ ਸਾਹਿਬ ਦੇ ਇੱਜ਼ਤ ਬਾਰੇ ਕੁਝ ਵੀ ਨਹੀਂ ਕਿਹਾ ਪਰ ਹੈਰਾਨ ਹੁੰਦਾ ਹਾਂ ਕਿ ਅਮਰੀਕਾ ਦੇ ਕਾਂਗਰਸੀ ਅਖਬਾਰਾਂ ਵਿਚ ਕੈਪਟਨ ਸਾਹਿਬ ਅਤੇ ਅਰੂਸਾ ਦੇ ਸਬੰਧਾਂ ਬਾਰੇ ਨਿੱਤ ਪੜ੍ਹਦੇ ਹਨ ਅਤੇ ਫਿਰ ਵੀ ਅਵੇਸਲੇ ਹਨ। ਮੈਂ ਵੀ ਅਖਬਾਰਾਂ ਵਿਚੋਂ ਪੜ੍ਹ ਕੇ ਹੀ ਕੋਈ ਗੱਲ ਕਹਿ ਦਿੱਤੀ ਹੈ ਕਿ ਮਹਾਰਾਜਾ ਸਾਹਿਬ ਨੂੰ ਇਹੋ ਜਿਹੀਆਂ ਗੱਲਾਂ ਤੋਂ ਛੋਟ ਦਿੱਤੀ ਜਾਵੇ।"

ਸ੍ਰੀ ਦਸੂਹਾ ਨੇ ਇਹ ਵੀ ਆਖਿਆ ਹੈ ਕਿ "ਫੂੰਮਣ ਸਿੰਘ ਹੋਰਾਂ ਸਮੇਤ ਇਨ੍ਹਾਂ ਦੇ ਸਾਰੇ ਕਾਂਗਰਸੀਆਂ ਨੇ ਕਦੇ '84 ਦੇ ਸਿੱਖ ਕਤਲੇਆਮ ਬਾਰੇ ਤਾਂ ਇਕ ਵੀ ਬਿਆਨ ਨਹੀਂ ਦਿੱਤਾ। '84 ਦੇ ਸਿੱਖ ਕਤਲੇਆਮ ਦੇ 25 ਵਰ੍ਹੇ ਬੀਤ ਜਾਣ 'ਤੇ ਵੀ ਅਮਰੀਕਾ ਦੇ ਕਾਂਗਰਸੀਆਂ ਦੀ ਹਮਦਰਦੀ ਸਿੱਖਾਂ ਨਾਲ ਨਹੀਂ ਸਗੋਂ ਸਿੱਖਾਂ ਦੇ ਕਾਤਲ ਰਾਜੀਵ ਗਾਂਧੀ ਦੇ ਪਰਿਵਾਰ ਨਾਲ ਹੈ।" ਅਕਾਲੀ ਆਗੂ ਨੇ ਇਹ ਵੀ ਆਖਿਆ ਹੈ ਕਿ ਜਿਥੋਂ ਤੱਕ ਉਨ੍ਹਾਂ ਦੇ ਸਿਆਸੀ ਕੱਦ ਦੀ ਗੱਲ ਹੈ, ਫੂੰਮਣ ਸਿੰਘ ਹੋਰਾਂ ਨੂੰ ਪਹਿਲਾਂ ਆਪਣੇ ਸਿਆਸੀ ਕੱਦ ਬਾਰੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿਉਂਕਿ ਫੂੰਮਣ ਸਿੰਘ ਕਾਂਗਰਸ ਦੇ ਉਹ ਅਹੁਦੇਦਾਰ ਹਨ ਜਿਹੜੇ ਨਿਊ ਯਾਰਕ ਵਿਚ ਆਉਂਦੇ-ਜਾਂਦੇ ਅਕਾਲੀ ਮੰਤਰੀਆਂ ਦੀ ਅਕਸਰ ਜੀ ਹਜ਼ੂਰੀ ਕਰਦੇ ਰਹਿੰਦੇ ਹਨ। ਇਸ ਨੂੰ ਉਨ੍ਹਾਂ ਦੀ ਮਤਲਬਪ੍ਰਸਤੀ ਗੇਮ ਕਿਹਾ ਜਾਵੇ ਜਾਂ ਕੁਝ ਹੋਰ? ਅਕਾਲੀ ਆਗੂ ਨੇ ਆਖਿਆ ਕਿ ਸੱਚ ਤਾਂ ਇਹ ਹੈ ਕਿ ਫੂੰਮਣ ਸਿੰਘ ਹੋਰਾਂ ਦਾ ਦਿਲ ਅਕਾਲੀ ਪਾਰਟੀ ਨਾਲ ਜੁੜਿਆ ਹੋਇਆ ਹੈ ਬਾਹਰੋਂ ਭਾਵੇਂ ਉਹ ਜੋ ਮਰਜ਼ੀ ਡਰਾਮੇ ਕਰਨ। ਸ਼ਾਇਦ ਇਸੇ ਲਈ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਉਨ੍ਹਾਂ ਦੀ ਥਾਂ ਗੁਰਤੇਜ ਸਿੰਘ ਸੰਧੂ ਨੂੰ ਓਵਰਸੀਜ਼ ਕਾਂਗਰਸ, ਪੰਜਾਬ ਦਾ ਪ੍ਰਧਾਨ ਬਣਾ ਦਿੱਤਾ। ਬਾਕੀ ਜੇ ਅਮਰੀਕਾ ਦੇ ਕਾਂਗਰਸੀ ਕੈਪਟਨ ਨਾਲ ਖੜ੍ਹੇ ਹਨ ਅਤੇ ਅਕਾਲੀਆਂ ਦਾ ਮੂੰਹ ਤੋੜ ਜਵਾਬ ਦੇਣਗੇ ਤਾਂ ਅਮਰੀਕਾ ਵਿਚ ਅਕਾਲੀ ਦਲ ਦੇ ਸਾਰੇ ਅਹੁਦੇਦਾਰ ਵੀ ਅਕਾਲੀ ਪਾਰਟੀ ਨਾਲ ਖੜ੍ਹੇ ਹਨ ਤੇ ਉਹ ਵੀ ਕਾਂਗਰਸੀਆਂ ਨੂੰ ਮੂੰਹ ਤੋੜ ਜਵਾਬ ਦੇਣਗੇ।



*ਮਨਜੀਤ ਸਿੰਘ ਦਸੂਹਾ*



# ਸ਼ਹੀਦ ਊਧਮ ਸਿੰਘ ਸਭਾ ਆਫ ਨਿਊ ਯਾਰਕ, ਇੰਕ



ਸ਼ਹੀਦ ਊਧਮ ਸਿੰਘ
(1899-1940)

ਕੌਮ ਦੇ ਮਹਾਨ ਸ਼ਹੀਦ ਸ. ਊਧਮ ਸਿੰਘ
ਦੇ ਜਨਮ ਦਿਨ ਉਤੇ ਪੇਸ਼ ਹੈ

## ਪਰਿਵਾਰਕ ਤੇ ਸਭਿਆਚਾਰਕ ਪ੍ਰੋਗਰਾਮ

**26 ਦਸੰਬਰ, 2009**

(ਦਿਨ ਸਨਿਚਰਵਾਰ)

**ਰਾਇਲ ਪੈਲੇਸ**

ਐਟਲਾਂਟਿਕ ਐਵਨਿਊ, ਰਿਚਮੰਡ ਹਿੱਲ, ਨਿਊ ਯਾਰਕ।

ਇਸ ਮੌਕੇ ਨਿਊ ਯਾਰਕ ਦੇ ਕਲਾਕਾਰਾਂ ਵਲੋਂ ਪੰਜਾਬ ਦੇ ਅਮੀਰ ਵਿਰਸੇ ਦੀ ਗੱਲ, ਗਿੱਧਾ, ਭੰਗੜਾ ਅਤੇ ਗੀਤ-ਸੰਗੀਤ ਪੇਸ਼ ਕੀਤਾ ਜਾਵੇਗਾ।

ਸ਼ਾਇਰ ਦੀਪ ਮੰਗਲੀ ਸ਼ਾਮ 7 ਵਜੇ
ਸ਼ੇਅਰੋ-ਸ਼ਾਇਰੀ ਦਾ ਸਮਾਂ ਬੰਨ੍ਹਣਗੇ

**ਸਭਨਾਂ ਨੂੰ ਖੁੱਲ੍ਹਾ ਸੱਦਾ**



ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

**347-249-2473, 917-392-2880, 347-744-8806**

www.ShaheedUdhamSinghSabhaNY.com

| ਜਸਵੰਤ ਸਿੰਘ ਜੱਸਾ | ਸਵਿੰਦਰ ਸਿੰਘ ਜੋਸਨ | ਦਵਿੰਦਰ ਸਿੰਘ ਲਾਲੀ |
|---|---|---|
| ਪ੍ਰਧਾਨ | ਚੇਅਰਮੈਨ | ਸੀ.ਈ.ਓ. |

**Shaheed Udham Singh Sabha, NY**

ੴ ਸਤਿਗੁਰ ਪ੍ਰਸਾਦਿ

# ਸਿੱਖ ਰਿਲੀਜੀਅਸ ਸੁਸਾਇਟੀ (ਸ਼ਿਕਾਗੋ)

## ਨਿੱਕੀਆਂ ਜਿੰਦਾਂ-ਵੱਡੇ ਸਾਕੇ

## ਸ਼ਹੀਦੀ ਸਮਾਗਮ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰੂ ਘਰ ਪੈਲਾਟਾਈਨ ਵਿਖੇ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਉਲੀਕੇ ਗਏ ਹਨ। ਆਪ ਸਮੂਹ ਸੰਗਤਾਂ ਇਸ ਮੌਕੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰੋ ਜੀ।







ਸੰਤ ਅਨੂਪ ਸਿੰਘ ਊਨਾ ਵਾਲੇ

## ਪ੍ਰੋਗਰਾਮ ਦਾ ਵੇਰਵਾ

**24 ਦਸੰਬਰ, 2009**
ਅਰੰਭ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 9 ਵਜੇ

**26 ਦਸੰਬਰ, 2009**
ਭੋਗ ਸ੍ਰੀ ਅਖੰਡ ਪਾਠ ਸਾਹਿਬ:ਸਵੇਰੇ 9 ਵਜੇ

**ਦੋ ਰੋਜ਼ਾ ਗੁਰਮਤਿ ਕੈਂਪ**
ਸਾਹਿਬਜ਼ਾਦਿਆਂ ਦੀ ਯਾਦ ਵਿਚ 25 ਅਤੇ 26 ਦਸੰਬਰ, 2009 ਨੂੰ ਦੋ ਰੋਜ਼ਾ ਗੁਰਮਤਿ ਕੈਂਪ ਵੀ ਲੱਗੇਗਾ।

**ਵਿਸ਼ੇਸ਼ ਕੀਰਤਨ ਦਰਬਾਰ**
23, 24, 25 ਅਤੇ 26 ਦਸੰਬਰ, 2009
ਸਵੇਰੇ 5 ਵਜੇ ਤੋਂ ਸਵੇਰੇ 11 ਵਜੇ ਤੱਕ
ਸ਼ਾਮ 4 ਵਜੇ ਤੋਂ 9 ਵਜੇ ਤੱਕ (ਤਿੰਨੋਂ ਦਿਨ)
ਸੰਤ ਅਨੂਪ ਸਿੰਘ ਜੀ ਊਨਾ ਵਾਲੇ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ, ਭਾਈ ਗੁਰਜੰਟ ਸਿੰਘ

**ਕੀਰਤਨ ਬੀਬੀ ਬਲਜੀਤ ਕੌਰ**
23 ਤੋਂ 27 ਦਸੰਬਰ, 2009



ਬੀਬੀ ਬਲਜੀਤ ਕੌਰ ਖਾਲਸਾ

## Sikh Religious Society of Chicago, Palatine

1280, Winnetka St. Palatine, IL 60067 Ph. 847-358-1117

# ਚੰਡੀਗੜ੍ਹ ਦੇ ਮਸਲੇ 'ਤੇ ਬਾਦਲ ਅਤੇ ਹੁੱਡਾ ਮੁੜ ਆਹਮੋ-ਸਾਹਮਣੇ

**ਚੰਡੀਗੜ੍ਹ:** ਚੰਡੀਗੜ੍ਹ 'ਚ ਆਪਣਾ ਇਕ ਵੱਖਰਾ ਹਾਈਕੋਰਟ ਸਥਾਪਤ ਕਰਨਾ ਹਰਿਆਣਾ ਦਾ ਅਧਿਕਾਰ ਹੈ। ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਨੇ ਕਿਹਾ ਕਿ ਹਰਿਆਣਾ ਨੂੰ ਇਸ ਦਾ ਕਾਨੂੰਨੀ ਅਧਿਕਾਰ ਹੈ ਅਤੇ ਮਾਮਲਾ ਵਿਚਾਰਧੀਨ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਤੇ ਦਿਨੀਂ ਇੱਥੇ ਹਰਿਆਣਾ ਰਾਜ ਕਾਂਗਰਸ ਕਮੇਟੀ ਦੇ ਮੁੱਖ ਦਫ਼ਤਰ 'ਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕੀਤਾ। ਸ੍ਰੀ ਹੁੱਡਾ ਨੇ ਕਿਹਾ ਕਿ ਜਿੱਥੇ ਤੱਕ ਖੇਤਰੀ ਅਧਿਕਾਰ ਦੇ ਮੁੱਦੇ ਦਾ ਸਬੰਧ ਹੈ, ਇਸ ਨੂੰ ਸੁਲਝਾਉਣ ਲਈ ਉਪਰਾਲੇ ਕੀਤੇ ਜਾਣਗੇ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨ ਕਿ ਜੇਕਰ ਹਰਿਆਣਾ ਦਾ ਚੰਡੀਗੜ੍ਹ ਵਿਚ ਆਪਣਾ ਵੱਖਰਾ ਹਾਈ ਕੋਰਟ ਬਣ ਜਾਂਦਾ ਹੈ ਤਾਂ ਚੰਡੀਗੜ੍ਹ 'ਤੇ ਪੰਜਾਬ ਦਾ ਦਾਅਵਾ ਪ੍ਰਭਾਵਤ ਹੋਵੇਗਾ ਸਬੰਧੀ ਸ੍ਰੀ ਹੁੱਡਾ ਨੇ ਕਿਹਾ ਉਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਜੇਕਰ ਪੰਜਾਬ ਚੰਡੀਗੜ੍ਹ ਤੋਂ ਬਾਹਰ ਆਪਣਾ ਵੱਖਰਾ ਹਾਈਕੋਰਟ ਬਣਾਉਂਦਾ ਹੈ ਤਾਂ ਹਰਿਆਣਾ ਵੀ ਇਸ ਸ਼ਹਿਰ ਤੋਂ ਬਾਹਰ





ਆਪਣਾ ਹਾਈਕੋਰਟ ਸਥਾਪਤ ਕਰ ਲਵੇਗਾ।

ਯਾਦ ਰਹੇ ਸ. ਬਾਦਲ ਨੇ ਇਕ ਵਾਰ ਫਿਰ ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਉਨ੍ਹਾਂ ਇਸ ਵਾਰ ਆਵਾਜ਼ ਉਠਾਈ ਹੈ ਕਿ ਹਰਿਆਣਾ ਦੀ ਵੱਖਰੀ ਹਾਈ ਕੋਰਟ ਬਣਨ 'ਤੇ ਕੋਈ ਇਤਰਾਜ਼ ਨਹੀਂ ਪਰ ਇਹ ਚੰਡੀਗੜ੍ਹ ਵਿਚ ਨਹੀਂ ਬਣਨੀ ਚਾਹੀਦੀ। ਉਨ੍ਹਾਂ ਦੀ ਇਹ ਦਲੀਲ ਵਜ਼ਨਦਾਰ ਅਤੇ ਸੱਚੀ ਹੈ ਪਰ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਅਤੇ ਗੁਆਂਢੀ ਸੂਬੇ 'ਚ ਚੌਟਾਲਾ ਦੀ ਸਰਕਾਰ ਵੇਲੇ ਪੂਰੇ ਅਕਾਲੀ ਦਲ ਨੇ ਚੰਡੀਗੜ੍ਹ ਮੁੱਦੇ 'ਤੇ ਚੁੱਪ ਧਾਰ ਲਈ ਸੀ। ਅਸਲ 'ਚ ਮੁੱਖ ਮੰਤਰੀ ਨੇ ਅਪਣੇ ਬੇਟੇ ਨੂੰ ਉਸ ਵੇਲੇ ਵਜ਼ੀਰ ਬਣਾਉਣਾ ਸੀ।

ਇਸ ਦੌਰਾਨ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਪੰਜਾਬ ਦੀ ਰਾਜਧਾਨੀ ਆਨੰਦਪੁਰ ਸਾਹਿਬ ਅਤੇ ਪੰਜਾਬ ਦੀ ਹਾਈਕੋਰਟ ਅੰਮ੍ਰਿਤਸਰ ਬਣਨੀ ਚਾਹੀਦੀ ਹੈ ਤੇ ਚੰਡੀਗੜ੍ਹ ਕੇਂਦਰੀ ਪ੍ਰਦੇਸ਼ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਖ਼ਿਲਾਫ਼ ਲਿਆ ਗਿਆ ਫ਼ੈਸਲਾ ਜਲਦਬਾਜ਼ੀ ਦਾ ਹੈ, ਕਿਉਂਕਿ ਸਿੰਘ ਸਾਹਿਬਾਨ ਨੂੰ ਅਜਿਹੀ ਸਖ਼ਤ ਕਾਰਵਾਈ ਕਰਨ ਤੋਂ ਪਹਿਲਾਂ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਸੀ। ਇਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲੋਂ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੀਖ ਨਹੀਂ ਮੰਗਣਗੇ ਤੇ ਆਪਣੇ ਬਲਬੂਤੇ 'ਤੇ ਹੀ ਕਮੇਟੀ ਲੈ ਕੇ ਰਹਿਣਗੇ। ਵੱਖਰੀ ਕਮੇਟੀ ਲੈਣ ਦੀ ਰਣਨੀਤੀ ਬਣਾਈ ਜਾ ਚੁੱਕੀ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਾਈ ਸੇਵਾ ਜਦੋਂ ਖਤਮ ਹੋ ਜਾਵੇਗੀ, ਉਸ ਤੋਂ ਬਾਅਦ ਇਸ 'ਤੇ ਅਮਲ ਕੀਤਾ ਜਾਵੇਗਾ। ਅਗਲੀ ਰਣਨੀਤੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਇਸ ਬਾਰੇ ਸਮਾਂ ਆਉਣ 'ਤੇ ਹੀ ਦੱਸਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵੱਖਰੀ ਕਮੇਟੀ ਦੇ ਮੁੱਦੇ 'ਤੇ ਹੁੱਡਾ ਸਰਕਾਰ ਵੀ ਰਾਜ ਦੇ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ ਤੇ ਵਾਅਦੇ ਕਰਕੇ ਵੀ ਕਮੇਟੀ ਨਹੀਂ ਦੇ ਰਹੀ ਪਰ ਉਹ ਵੱਖਰੀ ਕਮੇਟੀ ਬਣਵਾ ਕੇ ਹੀ ਰਹਿਣਗੇ।

ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਪੁਨਰਗਠਨ ਐਕਟ 1966 ਤਹਿਤ ਹਰਿਆਣਾ ਨੂੰ ਵੱਖਰੀ ਕਮੇਟੀ ਨਹੀਂ ਦੇਣੀ ਤਾਂ ਇਸ ਐਕਟ ਨੂੰ ਹੀ ਖਤਮ ਕਰ ਦੇਣਾ ਚਾਹੀਦਾ ਹੈ ਤਾਂ ਕਿ ਹਰਿਆਣਾ ਨੂੰ ਦਰਿਆਈ ਪਾਣੀ ਦਾ ਹਿੱਸਾ ਤੇ ਹੋਰ ਸਹੂਲਤਾਂ ਮਿਲ ਸਕਣ। ਇਹ ਪੁੱਛੇ ਜਾਣ 'ਤੇ ਵੱਖਰੀ ਕਮੇਟੀ ਦੇ ਜਨਰਲ ਸਕੱਤਰ ਦੀਦਾਰ ਸਿੰਘ ਨਲਵੀ ਹੀ ਉਨ੍ਹਾਂ ਵਿਰੁਧ ਦੋਸ਼ ਲਾ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਜਥੇਦਾਰ ਨਲਵੀ ਵੱਖਰੀ ਕਮੇਟੀ ਦੇ ਜਨਰਲ ਸਕੱਤਰ ਨਹੀਂ ਹਨ।

ਝੀਂਡਾ ਨੇ ਹੈ ਕਿਹਾ ਕਿ ਅਮਰਿੰਦਰ ਸਿੰਘ ਇੱਕ ਸੱਚੇ ਸਿੱਖ ਹਨ। ਝੀਂਡਾ ਅਤੇ ਉਸਦੇ ਚਾਰ ਸਾਥੀ ਇਥੇ ਕੇਸਗੜ੍ਹ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਪੰਜ ਦਿਨਾਂ ਧਾਰਮਿਕ ਸਜ਼ਾ ਸੁਣਾਏ ਜਾਣ ਕਰਕੇ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਧਾਰਮਿਕ ਵਿਚਾਰਾਂ ਵਾਲੇ ਹਨ, ਪਰ ਉਨ੍ਹਾਂ ਨੂੰ ਪ੍ਰਕਾਸ਼ ਸਿੰਘ ਬਾਦਲ ਕਾਰਨ ਅਕਾਲੀ ਦਲ ਛੱਡਣਾ ਪਿਆ ਸੀ।

---

**ਅਮਰੀਕੀ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਵਲੋਂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦਿੱਤੀ ਗਈ ਥੈਂਕਸ ਗਿਵਿੰਗ ਦਾਅਵਤ ਮੌਕੇ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਭਾਰਤੀ ਭਾਈਚਾਰੇ ਦੇ ਬਹੁਤ ਸਾਰੇ ਲੋਕ ਸ਼ਾਮਲ ਹੋਏ। ਸ਼ਿਕਾਗੋ ਤੋਂ ਇਕ ਉਘੇ ਪੰਜਾਬੀ ਪਤਵੰਤੇ ਸ੍ਰੀ ਬਲਵਿੰਦਰ ਸਿੰਘ (ਏ-ਵੰਨ ਕਾਰਪੈਟਸ) ਵੀ ਸੱਦੇ ਗਏ ਮੁਅੱਜ਼ਜ਼ ਮਹਿਮਾਨਾਂ ਵਿਚ ਸ਼ਾਮਲ ਸੀ। ਰਾਸ਼ਟਰਪਤੀ ਵਲੋਂ ਰਾਸ਼ਟਰਪਤੀ ਭਵਨ ਵਿਚ ਦਿੱਤੇ ਗਏ ਵਿਸ਼ੇਸ਼ ਡਿਨਰ ਮੌਕੇ ਸ਼ਾਮਲ ਹੋਣ ਵਾਲੇ ਮਿਡਵੈਸਟ ਦੇ ਭਾਰਤੀ ਆਗੂਆਂ ਵਿਚ ਸ਼ਾਇਦ ਇਕੱਲੇ ਹੀ ਸ਼ਾਮਲ ਸਨ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਬਲਵਿੰਦਰ ਸਿੰਘ ਸ੍ਰੀ ਓਬਾਮਾ ਦੇ ਉਦੋਂ ਤੋਂ ਹੀ ਹਮਾਇਤੀ ਹਨ ਜਦੋਂ ਉਹ ਇਲੀਨਾਏ ਸਟੇਟ ਸੈਨੇਟਰ ਦੀ ਚੋਣ ਲੜੇ ਸਨ ਅਤੇ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਸ਼ਿਕਾਗੋ ਦਾ ਇਹ ਆਗੂ ਕਿਸੇ ਦਿਨ ਵਾਈਟ ਹਾਊਸ ਵਿਚ ਹੋਵੇਗਾ। ਸ੍ਰੀ ਬਲਵਿੰਦਰ ਸਿੰਘ ਸ਼ਿਕਾਗੋ ਦੇ ਉਨ੍ਹਾਂ ਕੁਝ ਇਕ ਆਗੂਆਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਸ੍ਰੀ ਓਬਾਮਾ ਨਿਜੀ ਤੌਰ 'ਤੇ ਜਾਣਦੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਅਤੇ ਡੈਮੋਕਰੈਟ ਆਗੂ ਸ੍ਰੀ ਸੰਨੀ ਧੂੜ, ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਸੁਰਿੰਦਰ ਸਿੰਘ ਮਲਹੋਤਰਾ, ਸ਼ਿਕਾਗੋ ਤੋਂ ਡਾ. ਹਰਜਿੰਦਰ ਸਿੰਘ ਖਹਿਰਾ ਅਤੇ ਬਲਵਿੰਦਰ ਸਿੰਘ ਦੇ ਭਰਾ ਸ੍ਰੀ ਮਹਿੰਦਰ ਸਿੰਘ ਵੀ ਹਾਜ਼ਰ ਸਨ।**

**ਹੇਠਾਂ ਵਾਈਟ ਹਾਊਸ ਵਿਚ ਵੱਖ ਵੱਖ ਅਮਰੀਕੀ ਆਗੂਆਂ ਨਾਲ ਖਿੱਚੀਆਂ ਗਈਆਂ ਤਸਵੀਰਾਂ ਹਨ। ਇਨ੍ਹਾਂ ਵਿਚ ਉਪ ਰਾਸ਼ਟਰਪਤੀ ਜੋ ਬਿਡਨ, ਓਬਾਮਾ ਦੀ ਮੁੱਖ ਸਲਾਹਕਾਰ ਵੈਲਰੀ ਜੈਰਿਡ, ਸਪੀਕਰ ਨੈਂਸੀ ਪਾਲੋਸੀ, ਕਾਂਗਰਸ ਵੂਮਨ ਜੇਨ ਸ਼ਿਕਾਸਕੀ, ਸੈਨੇਟਰ ਜੋਨ ਕੈਰੀ, ਜਨਰਲ ਕੋਲਿਨ ਪਾਵੇਲ ਅਤੇ ਡਾ. ਸੰਜੇ ਗੁਪਤਾ ਸ਼ਾਮਲ ਹਨ।**








ਸੁਰਿੰਦਰ ਸਿੰਘ ਮਲਹੋਤਰਾ, ਨੈਂਸੀ ਪਾਲੋਸੀ ਅਤੇ ਬਲਵਿੰਦਰ ਸਿੰਘ



ਸ਼ਿਕਾਗੋ ਤੋਂ ਕਾਂਗਰਸ ਵੂਮਨ ਜੇਨ ਸ਼ਿਕਾਸਕੀ ਨਾਲ



ਬਲਵਿੰਦਰ ਸਿੰਘ ਭੰਗੜਾ ਟੀਮ ਨਾਲ




ੴ ਸਤਿਗੁਰ ਪ੍ਰਸਾਦਿ॥

ਜੇ ਜੀਵੈ ਪਤਿ ਲਥੀ ਜਾਇ, ਸਭ ਹਰਾਮ ਜੇਤਾ ਕਿਛੁ ਖਾਇ॥

# ਸਿੱਖ ਕਲਚਰਲ ਸੁਸਾਇਟੀ ਵਲੋਂ ਪੰਥਕ ਇਕੱਠ ਵਿਚ ਪਹੁੰਚਣ ਦੀ ਅਪੀਲ

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।।

ਟਰਾਈ ਸਟੇਟ ਵਿਚ ਵਸਦੇ ਸਮੂਹ ਨਾਨਕ ਨਾਮ ਲੇਵਾ ਗੁਰਸਿੱਖ ਮਾਈ ਭਾਈ, ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਸਨਿਮਰ ਬੇਨਤੀ ਹੈ ਕਿ 5 ਦਸੰਬਰ ਨੂੰ ਪੰਜਾਬ ਵਿਚ ਵਾਪਰੀਆਂ ਘਟਨਾਵਾਂ, ਜਿਸ ਵਿਚ ਸੁਖਬੀਰ ਬਾਦਲ ਦੀ ਸ਼ਹਿ 'ਤੇ ਲੁਧਿਆਣਾ ਕਾਂਡ, ਜਿਸ ਵਿਚ 1978 ਦੇ ਨਿਰੰਕਾਰੀ ਕਾਂਡ ਵਾਂਗ, ਬਿਹਾਰੀ ਭਈਏ, ਆਸ਼ੂਤੋਸ਼ ਦੇ ਸਮਾਗਮ ਨੂੰ ਰੋਕਣ ਲਈ ਵਾਹਿਗੁਰੂ ਦਾ ਜਾਪ ਕਰਦੇ ਜਾ ਰਹੇ ਨਿਹੱਥੇ ਸਿੱਖਾਂ 'ਤੇ ਬਿਨਾ ਚੇਤਾਵਨੀ ਦਿੱਤਿਆਂ ਅਤੇ ਬਿਨਾ ਅੱਥਰੂ ਗੈਸ ਛੱਡਿਆਂ ਪੰਜਾਬ ਪੁਲਿਸ ਵਲੋਂ ਗੋਲੀਆਂ ਚਲਾ ਕੇ ਭਾਈ ਦਰਸ਼ਨ ਸਿੰਘ ਲੁਹਾਰਾ ਨੂੰ ਸ਼ਹੀਦ ਕੀਤਾ ਗਿਆ ਅਤੇ 14 ਹੋਰ ਸਿੰਘਾਂ ਨੂੰ ਗੋਲੀਆਂ ਮਾਰ ਕੇ ਲਹੂ ਲੁਹਾਨ ਕੀਤਾ ਗਿਆ, ਦੇ ਰੋਸ ਵਜੋਂ ਅਤੇ 5 ਦਸੰਬਰ ਨੂੰ ਹੀ ਪ੍ਰੋ. ਦਰਸ਼ਨ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਹੋਏ ਪੱਖਪਾਤੀ ਫੈਸਲੇ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ।

ਇਨ੍ਹਾਂ ਵਰਤਾਰਿਆਂ ਵਿਚੋਂ ਪੰਥ ਦੇ ਭਵਿੱਖ ਨੂੰ ਚੜ੍ਹਦੀ ਕਲਾ ਵੱਲ ਲਿਜਾਣ ਲਈ ਸ਼ਨਿਚਰਵਾਰ 12 ਦਸੰਬਰ ਨੂੰ 1 ਵਜੇ, ਸਿੱਖ ਕਲਚਰ ਸੁਸਾਇਟੀ ਗੁਰਦੁਆਰਾ ਰਿਚਮੰਡ ਹਿੱਲ ਵਿਖੇ ਪੰਥਕ ਇਕੱਠ ਸੱਦਿਆ ਜਾ ਰਿਹਾ ਹੈ। ਆਪ ਸਭ ਨੂੰ ਇਸ ਸਮਾਗਮ/ਇਕੱਠ ਵਿਚ ਸ਼ਮੂਲੀਅਤ ਕਰਨ ਅਤੇ ਆਪਣੀਆਂ ਵਿਚਾਰਾਂ ਦੇਣ ਲਈ ਸਨਿਮਰ ਅਪੀਲ ਹੈ ਜੀ

**ਆਪ ਜੀ ਦੀ ਉਡੀਕ ਵਿਚ**

| ਮੁੱਖ ਸੇਵਾਦਾਰ | ਜਨਰਲ ਸਕੱਤਰ | ਸਹਾਇਕ ਸਕੱਤਰ | ਪਬਲਿਕ ਰਿਲੇਸ਼ਨ ਚੇਅਰਮੈਨ |
|---|---|---|---|
| ਭਾਈ ਟਹਿਲ ਸਿੰਘ | ਭਾਈ ਬਲਦੇਵ ਸਿੰਘ ਬੋਪਾਰਾਏ | ਭਾਈ ਰਜਿੰਦਰ ਸਿੰਘ | ਭਾਈ ਗੁਰਤੇਜ ਸਿੰਘ ਵੜੈਚ |
| 347-341-0198 | 646-824-9043 | 917-892-2401 | 347-739-5202 |

**ਜਾਰੀ ਕਰਤਾ**

## ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿਲ, ਨਿਊਯਾਰਕ

## ਫੋਨ : 718. 846.3333

# ਭ੍ਰਿਸ਼ਟਾਚਾਰ ਤੇ ਸ਼ਿਸ਼ਟਾਚਾਰ

## ਦੁਖਦੀ ਰਗ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਉਪਰੋਕਤ ਸਿਰਲੇਖ ਅਜੀਬ ਵੀ ਲੱਗਦਾ ਹੈ ਅਤੇ ਆਪਾ-ਵਿਰੋਧੀ ਵੀ ਕਿਉਂਕਿ ਭ੍ਰਿਸ਼ਟਾਚਾਰ ਅਤੇ ਸ਼ਿਸ਼ਟਾਚਾਰ ਦੋ ਪੂਰੀ ਤਰ੍ਹਾਂ ਇਕ ਦੂਜੇ ਦੇ ਵਿਰੋਧੀ ਸਮਾਜਕ ਵਰਤਾਰੇ ਹਨ। ਸ਼ਿਸ਼ਟਾਚਾਰ ਉਹ ਨੈਤਿਕ ਨੇਮ ਜਾਂ ਅਸੂਲ ਹੁੰਦੇ ਹਨ ਜਿਨ੍ਹਾਂ ਦੀ ਪਾਲਣਾ ਕਰਦਿਆਂ ਵਿਅਕਤੀ ਜਾਂ ਅਦਾਰੇ ਨਿਰਸਵਾਰਥ ਭਾਵਨਾ ਨਾਲ ਸਾਡੇ ਸਮਾਜ ਲਈ ਹਾਂ-ਪੱਖੀ ਅਤੇ ਭਲੇ ਕਾਰਜ ਕਰਦੇ ਹਨ। ਇਸਦੇ ਉਲਟ ਭ੍ਰਿਸ਼ਟਾਚਾਰ ਸਾਡੇ ਸਮਾਜ ਦਾ ਉਹ ਨਖਿੱਧ ਵਰਤਾਰਾ ਹੈ ਜੋ ਬਾਕੀ ਦੀਆਂ ਸਾਰੀਆਂ ਸਮਾਜਕ ਅਲਾਮਤਾਂ, ਜਿਵੇਂ ਗਰੀਬੀ, ਬਿਮਾਰੀ, ਅਨਪੜਤਾ, ਲੁੱਟ ਖੋਹ, ਹਿੰਸਾ ਆਦਿ ਦੀ ਜੜ੍ਹ ਹੈ। ਪਰ ਅਸੀਂ ਇਸ ਤੱਥ ਤੋਂ ਇਨਕਾਰ ਵੀ ਨਹੀਂ ਕਰ ਸਕਦੇ ਕਿ ਜੋ ਕੋਈ ਚੰਗਾ ਜਾਂ ਮਾੜਾ ਰੁਝਾਨ ਕਿਸੇ ਸਮਾਜ ਦਾ ਮੁੱਖ ਵਰਤਾਰਾ ਬਣ ਜਾਂਦਾ ਹੈ ਤਾਂ ਲਾਜ਼ਮੀ ਹੈ ਕਿ ਉਸਦੇ ਕਾਰਿੰਦੇ ਬਾਕਾਇਦਾ ਜਥੇਬੰਦ ਹੋਣਗੇ ਅਤੇ ਆਪਣੇ ਅਕੀਦੇ ਅਨੁਸਾਰ ਕੁਝ ਚੰਗੇ ਜਾਂ ਬੁਰੇ ਅਸੂਲਾਂ 'ਤੇ ਸਖਤੀ ਨਾਲ ਪਹਿਰਾ ਦਿੰਦੇ ਹੋਣਗੇ। ਇਨ੍ਹਾਂ ਅਸੂਲਾਂ ਜਾਂ ਨੇਮਾਂ ਨੂੰ ਹੀ ਉਸ ਵਰਤਾਰੇ ਜਾਂ ਰੁਝਾਨ ਦਾ ਸ਼ਿਸ਼ਟਾਚਾਰ ਕਿਹਾ ਜਾਂਦਾ ਹੈ। ਸੋ ਕਹਿ ਸਕਦੇ ਹਾਂ ਕਿ ਜੇ ਸਮਾਜ 'ਚ ਉੱਤਮ ਅਤੇ ਨੈਤਿਕ ਵਰਤਾਰਿਆਂ ਦਾ ਸ਼ਿਸ਼ਟਾਚਾਰ ਹੁੰਦਾ ਹੈ ਤਾਂ ਨਖਿੱਧ ਅਤੇ ਅਨੈਤਿਕ ਵਰਤਾਰਿਆਂ ਦਾ ਵੀ ਇਕ ਆਪਣਾ ਹੀ ਸ਼ਿਸ਼ਟਾਚਾਰ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਸਮਗਲਰਾਂ ਜਾਂ ਡਾਕੂਆਂ ਦੇ ਗ੍ਰੋਹ ਆਪਣੇ ਭਾਈਚਾਰੇ ਦੇ ਨੇਮਾਂ ਦੀ ਪਾਲਣਾ ਜਿਆਦਾ ਪਕਿਆਈ ਅਤੇ ਇਮਾਨਦਾਰੀ ਨਾਲ ਕਰਦੇ ਹਨ।

ਭ੍ਰਿਸ਼ਟਾਚਾਰ ਦੇ ਕਾਰਨਾਂ ਤੇ ਪ੍ਰਭਾਵਾਂ ਦੀ ਪੜਤਾਲ 'ਚ ਲੱਗੇ ਸੰਸਾਰ ਦੇ ਸਵੈ-ਸੇਵੀ ਅਦਾਰੇ ਦਸਦੇ ਹਨ ਕਿ ਦੁਨੀਆਂ ਦਾ ਹਰ ਦੇਸ਼ ਇਸ ਬਿਮਾਰੀ ਦਾ ਸ਼ਿਕਾਰ ਹੈ ਕੋਈ ਘੱਟ ਤੇ ਕੋਈ ਵੱਧ। ਕੋਈ ਬਹੁਤ ਘੱਟ ਤੇ ਕੋਈ ਬਹੁਤ ਜਿਆਦਾ। ਦੂਜੀ ਗੱਲ ਇਹ ਕਿ ਅਜੋਕਾ ਭ੍ਰਿਸ਼ਟਾਚਾਰ ਹਮੇਸ਼ਾ ਸਿਆਸੀ-ਸ਼ਕਤੀ ਦੀ ਨਾਲੀ 'ਚੋਂ ਪੈਦਾ ਹੁੰਦਾ ਹੈ। ਭਾਰਤ ਵੀ ਇਸ ਬਿਮਾਰੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਇਹੋ ਕਾਰਨ ਹੈ ਕਿ ਸਾਇੰਸ, ਟੈਕਨਾਲੋਜੀ, ਵਪਾਰ ਆਦਿ ਦੇ ਖੇਤਰਾਂ 'ਚ ਚੰਗੀ ਤਰੱਕੀ ਦੇ ਬਾਵਜੂਦ ਇਥੇ ਗਰੀਬੀ ਅਤੇ ਅਮੀਰੀ ਵਿਚਲਾ ਪਾੜਾ ਦਿਨੋ ਦਿਨ ਵਧਦਾ ਜਾ ਰਿਹਾ ਹੈ। 70 ਪ੍ਰਤੀਸ਼ਤ ਲੋਕ ਨਰਕ ਵਰਗੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਭਾਰਤ ਦੇ ਸਿਆਸੀ ਗਲਿਆਰਿਆਂ 'ਚ ਇਸਦੀ ਸ਼ੁਰੂਆਤ ਆਜ਼ਾਦੀ ਮਿਲਣ ਤੋਂ ਵੀ ਪਹਿਲਾਂ ਦੀ ਹੋ ਚੁੱਕੀ ਸੀ। ਭਾਰਤੀਆਂ ਨੂੰ ਸਰਕਾਰ 'ਚ ਭਾਈਵਾਲ ਬਣਾਉਣ ਲਈ ਅੰਗਰੇਜ਼ ਸਰਕਾਰ ਨੇ 1935 'ਚ ਇਕ ਐਕਟ ਪਾਸ ਕੀਤਾ ਜਿਸਦੇ ਲਾਗੂ ਹੋ ਜਾਣ ਨਾਲ ਭਾਰਤ ਦੇ ਛੇ ਰਾਜਾਂ ਵਿਚ ਭਾਰਤੀ ਸਿਆਸਤਦਾਨ ਰਾਜ ਭਾਗ ਦੀਆਂ ਗੱਦੀਆਂ 'ਤੇ ਸੁਸ਼ੋਭਿਤ ਹੋ ਗਏ। ਕਿਉਂਕਿ ਕਾਂਗਰਸ ਹੀ ਇਕੋ ਇਕ ਵੱਡੀ ਸਿਆਸੀ ਪਾਰਟੀ ਸੀ ਸੋ ਕੁਦਰਤੀ ਸੀ ਕਿ ਇਹ ਸਾਰੇ ਨੇਤਾ ਕਾਂਗਰਸੀ ਹੀ ਸਨ। ਪਰ 1937 'ਚ ਹੀ ਇਨ੍ਹਾਂ ਨੇਤਾਵਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਹੋ ਗਿਆ। ਉਸ ਵੇਲੇ ਕ੍ਰੋਧ 'ਚ ਆ ਕੇ ਮਹਾਤਮਾ ਗਾਂਧੀ ਨੇ ਕਿਹਾ ਸੀ:

"ਇਸ ਅਥਾਹ ਅਤੇ ਬੇਰੋਕ ਭ੍ਰਿਸ਼ਟਾਚਾਰ ਨੂੰ ਸਹਿਣ ਕਰਨ ਨਾਲੋਂ ਤਾਂ ਮੈਂ ਸਮੁੱਚੀ ਕਾਂਗਰਸ ਨੂੰ ਹੀ ਸ਼ਾਨ ਤੇ ਸਤਿਕਾਰ ਨਾਲ ਦਫ਼ਨ ਕਰਨਾ ਬੇਹਤਰ ਸਮਝਾਂਗਾ।"

ਮਹਾਤਮਾ ਗਾਂਧੀ ਤੋਂ ਬਾਅਦ ਵੀ ਇਹ ਭ੍ਰਿਸ਼ਟਾਚਾਰ ਬੇਰੋਕ ਵਧਦਾ ਫੁਲਦਾ ਰਿਹਾ ਪਰ ਕਿਸੇ ਵੀ ਨੇਤਾ ਨੇ ਭ੍ਰਿਸ਼ਟਾਚਾਰੀ ਨੇਤਾਵਾਂ ਨੂੰ ਗਾਂਧੀ ਵਾਂਗ ਫ਼ਿਟਕਾਰ ਨਹੀਂ ਪਾਈ। ਫਿਟਕਾਰ ਤਾਂ ਕੀ ਪਾਉਣੀ ਸੀ ਸਗੋਂ ਉਨ੍ਹਾਂ ਨੂੰ ਬਚਾਉਂਦੇ ਰਹੇ ਅਤੇ ਭ੍ਰਿਸ਼ਟਾਚਾਰ ਦੇ ਸ਼ਿਸ਼ਟਾਚਾਰ ਦੀ ਪਾਲਣਾ ਕਰਦੇ ਰਹੇ। ਜੇ ਗੱਲ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਸ਼ੁਰੂ ਕਰੀਏ ਤਾਂ ਉਸਦੇ ਕਾਰਜ ਕਾਲ ਵੇਲੇ 1948 'ਚ ਭਾਰਤ ਨੇ ਅਪ੍ਰੇਸ਼ਨ ਕਸ਼ਮੀਰ ਲਈ ਇੰਗਲੈਂਡ ਤੋਂ ਜੀਪਾਂ ਖਰੀਦੀਆਂ ਜਿਸ ਦਾ ਕਰਤਾ-ਧਰਤਾ ਇੰਗਲੈਂਡ 'ਚ ਭਾਰਤ ਦਾ ਹਾਈ ਕਮਿਸ਼ਨਰ ਵੀ. ਕੇ. ਮੈਨਨ ਸੀ ਜਿਸ 'ਤੇ 30 ਕਰੋੜ ਦੇ ਘਪਲੇ ਦਾ ਦੋਸ਼ ਲੱਗਾ। ਪਰ ਨਹਿਰੂ ਨੇ ਜਾਂਚ ਜੁਡੀਸ਼ੀਅਲ ਕਮਿਸ਼ਨ ਨੂੰ ਦੇਣ ਦੀ ਬਜਾਏ ਇਕ ਜਾਂਚ ਕਮੇਟੀ ਬਣਾ ਦਿੱਤੀ, ਜਿਸ ਨੇ ਬਿਨਾ ਕੋਈ ਰਿਪੋਰਟ ਦਿੱਤੇ 1955 'ਚ ਜਾਂਚ ਦਾ ਭੋਗ ਪਾ ਦਿੱਤਾ ਤੇ 1956 'ਚ ਮੈਨਨ ਨੂੰ ਕੈਬਨਿਟ ਮਨਿਸਟਰ ਬਣਾ ਦਿੱਤਾ ਗਿਆ। ਇਸੇ ਤਰ੍ਹਾਂ 1963 'ਚ ਪੰਜਾਬ ਦੇ ਚੀਫ ਮਨਿਸਟਰ ਪ੍ਰਤਾਪ ਸਿੰਘ ਕੈਰੋਂ ਦੇ ਖਿਲਾਫ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਤੇ ਉਸਨੂੰ ਫੌਰਨ ਗੱਦੀਓਂ ਲਾਹੁਣ ਦੇ ਹੁਕਮ ਕਰ ਦਿੱਤੇ ਪਰ ਜਵਾਹਰ ਲਾਲ ਨਹਿਰੂ ਨੇ ਸੁਪਰੀਮ ਕੋਰਟ ਨੂੰ ਲਿਖ ਕੇ ਭੇਜ ਦਿੱਤਾ ਕਿ ਇਕ ਚੀਫ ਮਨਿਸਟਰ ਨੂੰ, ਉਸਦੇ ਬਣਾਉਣ ਵਾਲੇ ਭਾਵ ਵਿਧਾਨ ਸਭਾ ਦੀ ਬਹੁ-ਸੰਮਤੀ ਹੀ ਹਟਾ ਸਕਦੀ ਹੈ, ਸੁਪਰੀਮ ਕੋਰਟ ਨਹੀਂ। ਇਸ ਤੋਂ ਇਲਾਵਾ 1951 'ਚ ਮੁਦਗਾਲ ਕੇਸ, 1957-58 ਦਾ ਮੁਦਰਾ ਡੀਲ ਸਕੈਂਡਲ ਅਤੇ 1963 ਦਾ ਮਾਲਵੀਆ-ਸਰਾਜੂਦੀਨ ਸਕੈਂਡਲ ਨਹਿਰੂ ਦੀ ਛਤਰ ਛਾਇਆ ਹੇਠ ਹੀ ਵਾਪਰੇ। ਜਨਤਾ ਨੂੰ ਇਹ ਪ੍ਰਭਾਵ ਦੇਣ ਲਈ ਕਿ ਸਰਕਾਰ ਇਸ ਭ੍ਰਿਸ਼ਟਾਚਾਰ ਨੂੰ ਨੱਥ ਮਾਰਨ ਲਈ ਪੂਰੀ ਤਰ੍ਹਾਂ ਗੰਭੀਰ ਹੈ, ਜਵਾਹਰ ਲਾਲ ਨਹਿਰੂ ਨੇ ਆਪਣੇ ਸਮੇਂ 'ਚ ਦੋ ਤੱਥ-ਖੋਜ ਕਮੇਟੀਆਂ ਵੀ ਬਣਾਈਆਂ। 1950 'ਚ ਏ. ਡੀ. ਗੋਰੇਵਾਲਾ ਦੀ ਅਗਵਾਈ 'ਚ ਇਕ ਕਮੇਟੀ ਬਣਾਈ ਜਿਸ ਨੇ ਨਹਿਰੂ ਸਰਕਾਰ 'ਚ ਭ੍ਰਿਸ਼ਟਾਚਾਰ ਦੇ ਕਾਰਨਾਂ ਦਾ ਪਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ 'ਚ ਇਹ ਨਤੀਜੇ ਕੱਢੇ ਸਨ;

1. ਸਾਡੀ ਕੈਬਨਿਟ 'ਚ ਕਾਫੀ ਮੰਤਰੀ ਭ੍ਰਿਸ਼ਟ ਹਨ ਤੇ ਇਸਦਾ ਸਭ ਨੂੰ ਪਤਾ ਹੈ।

2. ਇਨ੍ਹਾਂ ਨੂੰ ਬਚਾਉਣ ਲਈ ਸਰਕਾਰ ਆਪਣੇ ਅਸੂਲ ਤੇ ਵੱਕਾਰ ਵੀ ਦਾਅ 'ਤੇ ਲਾ ਦਿੰਦੀ ਹੈ।

ਇਸ ਰਿਪੋਰਟ ਤੇ ਅੱਗੇ ਕੋਈ ਕਾਰਵਾਈ ਕਰਨ ਦੇ ਬਜਾਏ ਨਹਿਰੂ ਨੇ ਇਸ ਕੰਮ ਲਈ 1962 'ਚ ਇਕ ਹੋਰ ਸੰਸਥਾਨ ਕਮੇਟੀ ਬਣਾ ਦਿੱਤੀ ਜਿਸਨੇ 1964 'ਚ ਆਪਣੀ ਰਿਪੋਰਟ ਦਿੱਤੀ ਜਿਸ ਵਿਚ ਲਿਖਿਆ ਹੈ;

"ਆਪਣੇ ਸਦਾਚਾਰ ਅਤੇ ਵੱਕਾਰ ਨੂੰ ਛਿੱਕੇ ਟੰਗ ਕੇ ਰੱਖਣਾ ਸਾਡੇ ਮਨਿਸਟਰਾਂ 'ਚ ਆਮ ਵਰਤਾਰਾ ਹੈ। ਕੁਝ ਲੋਕ ਜੋ ਪਿਛਲੇ 16 ਸਾਲਾਂ ਤੋਂ (1948 ਤੋਂ) ਆਪਣੀਆਂ ਕੁਰਸੀਆਂ ਤੇ ਬਿਰਾਜਮਾਨ ਹਨ, ਉਨ੍ਹਾਂ ਨੇ ਸਾਧਨਾਂ ਤੋਂ ਕਿਤੇ ਵਧੇਰੇ ਧਨ ਇਕੱਠਾ ਕਰ ਲਿਆ ਹੈ ਅਤੇ ਆਪਣੇ ਪੁਤਰਾਂ, ਧੀਆਂ ਅਤੇ ਰਿਸ਼ਤੇਦਾਰਾਂ ਨੂੰ ਚੰਗੀਆਂ ਤੇ ਵੱਡੀਆਂ ਨੌਕਰੀਆਂ 'ਤੇ ਤਾਇਨਾਤ ਕੀਤਾ ਹੋਇਆ ਹੈ।"

ਉਪਰੋਕਤ ਦੋਵੇਂ ਰਿਪੋਰਟਾਂ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ। ਨਾ ਇਨ੍ਹਾਂ ਨੂੰ ਨਹਿਰੂ ਨੇ ਫਰੋਲਿਆ ਤੇ ਨਾ ਹੀ ਉਸ ਤੋਂ ਬਾਅਦ ਆਏ ਕਿਸੇ ਹੋਰ ਪ੍ਰਧਾਨ ਮੰਤਰੀ ਨੇ। ਮੰਤਰੀ ਅਤੇ ਸਿਆਸੀ ਨੇਤਾ ਨਿਰਵਿਘਨ ਆਪਣਾ ਕੰਮ ਕਰਦੇ ਰਹੇ ਅਤੇ ਕਰ ਰਹੇ ਹਨ।




ਨਹਿਰੂ ਤੋਂ ਬਾਅਦ ਤੇ 1999 'ਚ ਅਟੱਲ ਬਿਹਾਰੀ ਵਾਜਪਾਈ ਤੋਂ ਪਹਿਲਾਂ ਕਾਂਗਰਸ ਦੇ ਤਿੰਨ ਪ੍ਰਧਾਨ ਮੰਤਰੀ ਬਣੇ ਅਤੇ ਤਿੰਨਾਂ ਦੇ ਹੀ ਕਾਰਜਕਾਲ 'ਚ ਸਿਆਸੀ ਭ੍ਰਿਸ਼ਟਾਚਾਰ ਬੇਰੋਕ-ਟੋਕ ਹੁੰਦਾ ਰਿਹਾ ਤੇ ਤਿੰਨਾਂ ਨੇ ਹੀ ਇਸਨੂੰ ਰੋਕਣ ਲਈ ਇਕ ਵੀ ਕੋਸ਼ਿਸ਼ ਨਹੀਂ ਕੀਤੀ। ਇੰਦਰਾ ਗਾਂਧੀ ਵਲੋਂ ਸਟੇਟ ਬੈਂਕ ਆਫ ਇੰਡੀਆ ਦੇ ਕੈਸ਼ੀਅਰ ਵੀ. ਪੀ. ਮਲਹੋਤਰਾ ਨੂੰ ਕੀਤਾ ਗਿਆ ਫੋਨ ਕਿ ਇਕ ਮਿਸਟਰ ਨਾਗਰਵਾਲਾ ਨੂੰ ਫੌਰਨ 60 ਲੱਖ ਰੁਪਏ ਦਿੱਤੇ ਜਾਣ, ਅੱਜ ਤੱਕ ਬੁਝਾਰਤ ਬਣਿਆ ਹੋਇਆ ਹੈ। ਇਸ ਤੋਂ ਇਲਾਵਾ ਫੇਅਰਫੈਕਸ, ਐਚ. ਬੀ. ਜੇ. ਪਾਈਪ ਲਾਈਨ ਅਤੇ ਐਚ. ਡੀ. ਡਬਲਯੂ ਸਬਮੈਰੀਨ ਡੀਲ ਵਰਗੇ ਸਕੈਂਡਲ ਇੰਦਰਾ ਗਾਂਧੀ ਦੇ ਰਾਜ ਭਾਗ ਦੌਰਾਨ ਹੀ ਵਾਪਰੇ। ਰਾਜੀਵ ਗਾਂਧੀ ਦੇ ਸਮੇਂ ਹੋਰ ਆਮ ਭ੍ਰਿਸ਼ਟਾਚਾਰ ਦੇ ਨਾਲ ਨਾਲ ਬੋਫਰਜ਼ ਕਾਂਡ ਵਾਲਾ ਵੱਡਾ ਘਪਲਾ ਹੋਇਆ। ਨਰਸਿਮ੍ਹਾ ਰਾਓ ਨੇ ਤਾਂ ਇਸ ਭ੍ਰਿਸ਼ਟਾਚਾਰ ਦੀ ਕਹਾਣੀ ਨੂੰ ਸਿਰੇ ਹੀ ਲਾ ਦਿੱਤਾ। ਉਹ ਭਾਰਤ ਦਾ ਪਹਿਲਾਂ ਪ੍ਰਧਾਨ ਮੰਤਰੀ ਹੋਇਆ ਹੈ ਜਿਸ ਉਪਰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਮੁਕੱਦਮਾ ਚਲਾਇਆ ਗਿਆ। ਆਪਣੀ ਸਰਕਾਰ ਨੂੰ ਬਚਾਉਣ ਖਾਤਰ ਉਸਨੇ ਖੁਦ ਝਾਰਖੰਡ ਮੁਕਤੀ ਮੋਰਚੇ ਦੇ ਸ਼ਿਬੂ ਸੋਰੇਨ ਅਤੇ ਸਾਥੀਆਂ ਨੂੰ 60 ਕਰੋੜ ਦਿੱਤੇ। ਫਰਾਂਸ ਨਾਲ ਏ-320 ਏਅਰ ਬਸ ਡੀਲ 'ਚ 2500 ਕਰੋੜ ਦਾ ਘਪਲਾ ਸਾਹਮਣੇ ਆਇਆ। 1993 'ਚ ਰੇਲਵੇ ਮੰਤਰੀ ਜਾਫ਼ਰ ਸ਼ਰੀਫ ਦਾ ਨਾਂ 90 ਕਰੋੜ ਦੇ ਸਕੈਂਡਲ 'ਚ ਸ਼ਾਮਲ ਸੀ ਤੇ ਕੇਂਦਰੀ ਮੰਤਰੀ ਕਲਪਨਾਥ ਰਾਏ ਦਾ ਨਾਂ 100 ਕਰੋੜ ਦੇ ਖੰਡ ਘੁਟਾਲੇ 'ਚ ਗੂੰਜਿਆ। ਪਰ ਉਪਰੋਕਤ ਕਿਸੇ ਵੀ ਸ਼ਖਸ ਨੂੰ ਕੋਈ ਸਜ਼ਾ ਨਹੀਂ ਮਿਲੀ। ਇਸ ਦੌਰਾਨ ਮੁਰਾਰਜੀ ਦੇਸਾਈ, ਚਰਨ ਸਿੰਘ, ਵੀ.ਪੀ. ਸਿੰਘ, ਗੁਜਰਾਲ ਜਾਂ ਚੰਦਰ ਸ਼ੇਖਰ ਵਰਗੇ ਕਈ ਪਾਰਟ-ਟਾਈਮ ਪ੍ਰਧਾਨ ਮੰਤਰੀ ਵੀ ਆਏ ਜਿਹੜੇ ਆਪਣੀ ਕੁਰਸੀ ਨੂੰ ਸੰਭਾਲਣ ਦੇ ਆਹਰ ਅਤੇ ਫਿਕਰ 'ਚ ਇੰਨਾ ਲੁਪਤ ਰਹੇ ਕਿ ਉਨ੍ਹਾਂ ਨੂੰ ਦੇਸ਼ 'ਚ ਭ੍ਰਿਸ਼ਟਾਚਾਰ ਵਰਗੀ ਨਾਮੁਰਾਦ ਬਿਮਾਰੀ ਵਲ ਧਿਆਨ ਦੇਣ ਦੀ ਵਿਹਲ ਹੀ ਨਹੀਂ ਮਿਲੀ ਅਤੇ ਨਾ ਕੋਈ ਲਾਲ ਝੰਡੀ ਨਾ ਕੋਈ ਗਾਰਡ ਤੇ ਨਾ ਕੋਈ ਫਾਟਕ ਹੋਣ ਕਰਕੇ ਇਹ ਭ੍ਰਿਸ਼ਟਾਚਾਰ ਦੀ ਗੱਡੀ ਬੇਰੋਕ ਤੇਜ਼ ਗਤੀ ਫੜਦੀ ਚਲੀ ਗਈ।

ਉਸਤੋਂ ਬਾਅਦ ਭਾਜਪਾ ਦੇ ਅਟੱਲ ਬਿਹਾਰੀ ਦੋ ਵਾਰ ਕੱਚਾ ਪ੍ਰਧਾਨ ਮੰਤਰੀ ਰਹਿਣ ਤੋਂ ਬਾਅਦ ਆਖਿਰ 1999 'ਚ ਪੱਕਾ ਪ੍ਰਧਾਨ ਮੰਤਰੀ ਰਿਹਾ ਤੇ ਭਾਜਪਾ ਨੇ ਪੂਰੇ ਪੰਜ ਸਾਲ ਰਾਜ ਕੀਤਾ। ਬੜੇ ਸਾਲਾਂ ਤੋਂ ਜਨਤਾ ਨੂੰ ਜੋ ਭਰਮ ਸੀ ਕਿ ਭਾਜਪਾ ਇਕ ਅਨੁਸ਼ਾਸਨੀ ਅਤੇ ਨੈਤਿਕ ਪਾਰਟੀ ਹੈ ਅਤੇ ਰਾਜ ਭਾਗ ਵੀ ਹੋਰਾਂ ਤੋਂ ਚੰਗਾ ਚਲਾਵੇਗੀ, ਲੋਕਾਂ ਦਾ ਇਹ ਭਰਮ ਜਲਦੀ ਹੀ ਟੁੱਟ ਗਿਆ। ਪ੍ਰਸ਼ਾਸਕੀ ਤੌਰ 'ਤੇ ਇਹ ਪਾਰਟੀ ਕੋਈ ਜੌਹਰ ਨਾ ਦਿਖਾ ਸਕੀ। ਕਾਰਗਿਲ 'ਚ ਪਾਕਿਸਤਾਨੀ ਫੌਜਾਂ ਘੁਸ ਆਈਆਂ ਤੇ ਸਰਕਾਰ ਦੇ ਖੁਫੀਆ ਤੰਤਰ ਨੂੰ ਖਬਰ ਤੱਕ ਨਾ ਹੋਈ। ਵਿਦੇਸ਼ ਮੰਤਰੀ ਨੂੰ ਅਤਿਵਾਦੀ ਖੁਦ ਕੰਧਾਰ ਛੱਡ ਕੇ ਆਉਣੇ ਪਏ। ਗੁਜਰਾਤ 'ਚ ਨਰਿੰਦਰ ਮੋਦੀ ਦੀ ਸ਼ਹਿ 'ਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਤੇ ਅੱਟਲ ਬਿਹਾਰੀ ਉਦਾਸ ਹੋਣ ਤੋਂ ਸਿਵਾ ਕੁਝ ਨਾ ਕਰ ਸਕਿਆ। ਅਸਟਾਮ ਪੇਪਰਾਂ ਦੇ ਘੋਟਾਲੇ ਦੇ ਨਾਂ ਨਾਲ ਜਾਣਿਆ ਜਾਂਦਾ ਅਰਬਾਂ ਰੁਪਇਆਂ ਦਾ ਘੁਟਾਲਾ ਇਸੇ ਰਾਮ ਰਾਜ 'ਚ ਹੋਇਆ। ਤਹਿਲਕਾ ਨੇ ਪਹਿਲਾਂ ਉਸ ਵੇਲੇ ਦੇ ਭਾਜਪਾ ਪ੍ਰਧਾਨ ਬੰਗਾਰੂ ਲਕਸ਼ਮਨ ਨੂੰ ਇਕ ਲੱਖ ਰੁਪਏ ਦੀ ਰਿਸ਼ਵਤ ਗਿਣ ਗਿਣ ਕੇ ਲੈਂਦਾ ਟੀ.ਵੀ. 'ਤੇ ਦਿਖਾਇਆ ਤੇ ਫਿਰ ਰੱਖਿਆ ਮੰਤਰੀ ਜਾਰਜ ਫਰਨਾਂਡੀਜ਼ ਦੀ ਸਮਤਾ ਪਾਰਟੀ ਦੀ ਪ੍ਰਧਾਨ ਜਯਾ ਜੈਤਲੀ ਨੂੰ ਰੱਖਿਆ ਸੌਦੇ ਦੇ ਸਬੰਧ 'ਚ ਦਲਾਲੀ ਤੈਅ ਕਰਦੀ ਦਿਖਾਇਆ ਗਿਆ। ਨਹਿਰੂ ਵਾਂਗ ਵਾਜਪਾਈ ਨੇ ਵੀ ਇਸ ਸਬੰਧ 'ਚ ਜਾਰਜ ਤੋਂ ਪਹਿਲਾਂ ਤਾਂ ਅਸਤੀਫਾ ਲੈ ਲਿਆ ਪਰ ਸੱਤ ਮਹੀਨਿਆਂ ਬਾਅਦ ਹੀ ਫਿਰ ਰੱਖਿਆ ਮੰਤਰੀ ਬਣਾ ਦਿੱਤਾ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਬਾਰੇ ਕੌਮੀ ਤੇ ਕੌਮਾਂਤਰੀ ਸਿਆਸੀ ਵਿਸ਼ਲੇਸ਼ਕਾਂ ਦੀ ਆਮ ਰਾਏ ਹੈ ਕਿ ਮਨਮੋਹਨ ਸਿੰਘ, ਸੋਨੀਆ ਗਾਂਧੀ, ਪ੍ਰਣਬ ਮੁਖਰਜੀ, ਪੀ. ਚਿਦੰਬਰਮ, ਏ.ਕੇ. ਐਨਟਨੀ ਵਰਗਿਆਂ ਦੀ ਟੀਮ ਆਜ਼ਾਦੀ ਤੋਂ ਬਾਅਦ ਹੁਣ ਤੱਕ ਭਾਰਤ ਤੇ ਰਾਜ ਕਰਦੇ ਰਹੇ ਲੋਕਾਂ 'ਚੋਂ ਸਭ ਤੋਂ ਵਧ ਕਾਰਜ਼ਸ਼ੀਲ ਤੇ ਇਮਾਨਦਾਰ ਟੀਮ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਸੋਨੀਆ ਗਾਂਧੀ ਨੇ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਅਤੇ ਮਨਿਸਟਰਾਂ ਦੀਆਂ ਡੋਰਾਂ ਕਾਫੀ ਕੱਸ ਕੇ ਰੱਖੀਆਂ ਹਨ ਜਿਵੇਂ ਖਰਚੇ ਘਟਾਉਣ ਦੀ ਗੱਲ ਚੱਲੀ ਤਾਂ ਫਟਾਫਟ ਵਿਦੇਸ਼ ਮੰਤਰੀ ਕ੍ਰਿਸ਼ਨਾ ਤੇ ਸ਼ਸ਼ੀ ਥਰੂਰ ਪੰਜ ਤਾਰਾ ਹੋਟਲ ਛੱਡ ਕੇ ਆਉਂਦੇ ਦੇਖੇ ਗਏ।

ਪਿਛਲੇ ਦਿਨੀਂ ਪਾਰਲੀਮੈਂਟ 'ਚ ਸਵਾਲ ਕਰਨ ਲਈ 38 ਮੈਂਬਰਾਂ ਨੇ ਸਮਾਂ ਮੰਗਿਆ ਸੀ ਜਿਨ੍ਹਾਂ 'ਚੋਂ 31 ਗੈਰਹਾਜ਼ਰ ਪਾਏ ਗਏ, ਇਨ੍ਹਾਂ 'ਚ ਕਾਫੀ ਕਾਂਗਰਸੀ ਵੀ ਸਨ ਪਰ ਸੋਨੀਆਂ ਗਾਂਧੀ ਨੇ ਉਸੇ ਵੇਲੇ ਗੈਰਹਾਜ਼ਰ ਕਾਂਗਰਸੀ ਮੈਂਬਰਾਂ ਨੂੰ ਲਿਖਤੀ ਤੌਰ 'ਤੇ ਸਖਤ ਚੇਤਾਵਨੀ ਜਾਰੀ ਕਰ ਦਿੱਤੀ। ਇਸੇ ਤਰਾਂ ਉਸਨੇ ਸਭ ਮੰਤਰੀਆਂ ਨੂੰ 100 ਦਿਨ ਪੂਰੇ ਹੋਣ 'ਤੇ ਆਪਣੇ ਕੰਮ ਦੀ ਰਿਪੋਰਟ ਪ੍ਰਧਾਨ ਮੰਤਰੀ ਨੂੰ ਦੇਣ ਲਈ ਕਿਹਾ ਤਾਂ ਸਭ ਨੇ ਹੁਕਮਾਂ ਨੂੰ ਪੂਰਿਆਂ ਕੀਤਾ।

ਪਰ ਇਹ ਸਰਕਾਰ ਚਾਹੁੰਦਿਆਂ ਹੋਇਆਂ ਵੀ ਭ੍ਰਿਸ਼ਟਾਚਾਰ ਅਤੇ ਉਸਦੇ ਸ਼ਿਸ਼ਟਾਚਾਰ ਤੋਂ ਆਪਣੇ ਆਪ ਨੂੰ ਬਚਾ ਨਹੀਂ ਸਕੀ। ਡੀ. ਐਮ. ਕੇ. ਦੇ ਏ. ਰਾਜਾ ਤੇ ਬਾਲੂ ਮਨਮੋਹਨ ਸਿੰਘ ਦੀ ਪਹਿਲੀ ਸਰਕਾਰ 'ਚ ਮਨਿਸਟਰ ਸਨ ਜਿਨ੍ਹਾਂ ਨੇ ਰੱਜ ਕੇ ਭ੍ਰਿਸ਼ਟਾਚਾਰ ਕੀਤਾ। ਇਨ੍ਹਾਂ ਮੰਤਰੀਆਂ ਨੇ ਟੈਲਕਾਮ ਦੇ ਦੋ ਠੇਕੇ ਕੁਲ 330 ਕਰੋੜ ਰੁਪਏ 'ਚ ਇਕ ਦੇਸੀ ਫਰਮ ਨੂੰ ਦਿੱਤੇ ਜਿਸ ਨੇ ਇਨ੍ਹਾਂ ਠੇਕਿਆਂ ਦਾ 67% ਇਕ ਵਿਦੇਸ਼ੀ ਕੰਪਨੀ ਨੂੰ 630 ਕਰੋੜ ਰੁਪਏ 'ਚ ਵੇਚ ਦਿੱਤਾ ਤੇ ਜਿਹੜਾ 37 ਪ੍ਰਤੀਸ਼ਤ ਉਸ ਕੰਪਨੀ ਨੇ ਆਪ ਰੱਖਿਆ। ਉਸੇ ਦੀ ਕੀਮਤ 370 ਕਰੋੜ ਬਣਦੀ ਹੈ ਭਾਵ ਉਸਨੇ 1000 ਕਰੋੜ ਰੁਪਏ ਦੀ ਕੀਮਤ ਵਾਲਾ ਕੰਮ ਇਸ ਕੰਪਨੀ ਨੂੰ ਸਿਰਫ 330 ਕਰੋੜ ਰੁਪਏ 'ਚ ਵੇਚ ਦਿੱਤਾ। ਉਹੀ ਏ. ਰਾਜਾ ਹੁਣ ਫੇਰ ਉਸੇ ਮਹਿਕਮੇ ਦਾ ਮੰਤਰੀ ਹੈ। ਇਸੇ ਤਰ੍ਹਾਂ ਇਸੇ ਸਰਕਾਰ ਨੇ ਬੂਟਾ ਸਿੰਘ ਨੂੰ ਬਿਹਾਰ ਦਾ ਗਵਰਨਰ ਲਾਇਆ ਤੇ ਉਥੇ ਗਵਰਨਰੀ ਰਾਜ ਸਮੇਂ ਉਸ ਨੇ ਇਕ ਨਦੀ ਦੇ ਬੰਨ੍ਹ ਦਾ ਠੇਕਾ ਕਰੋੜਾਂ ਰੁਪਏ 'ਚ ਇਕ ਅਜਿਹੀ ਕੰਪਨੀ ਨੂੰ ਦਿੱਤਾ ਜਿਸ ਨੇ ਪਹਿਲਾਂ ਕਦੇ ਇਹ ਕੰਮ ਕੀਤਾ ਹੀ ਨਹੀਂ ਸੀ। ਪਹਿਲੀ ਭਾਰੀ ਬਾਰਸ਼ ਨਾਲ ਇਹ ਬੰਨ੍ਹ ਟੁੱਟ ਗਿਆ ਤੇ ਲੱਖਾਂ ਲੋਕ ਬੇਘਰ ਹੋ ਗਏ ਪਰ ਉਸ ਵੇਲੇ ਤੱਕ ਉਹ ਪਛੜੀਆਂ ਸ਼੍ਰੇਣੀਆਂ ਦੇ ਕੌਮੀ ਕਮਿਸ਼ਨ ਦਾ ਚੈਅਰਮੈਨ ਬਣ ਚੁੱਕਾ ਸੀ ਜਿਥੇ ਉਸਦਾ ਬੇਟਾ ਸਵੀਟੀ ਇਕ ਕਰੋੜ ਦੀ ਰਿਸ਼ਵਤ ਲੈਂਦਾ ਰੰਗੇ ਹੱਥੀ ਫੜਿਆ ਗਿਆ। ਉਹ ਭ੍ਰਿਸ਼ਟਾਚਾਰ ਦੇ ਸ਼ਿਸ਼ਟਾਚਾਰ ਕਾਰਨ ਹੀ ਅੱਜ ਵੀ ਉਸੇ ਗੱਦੀ ਤੇ ਬਿਰਾਜਮਾਨ ਹੈ। ਉਸ ਖਿਲਾਫ ਵਿਰੋਧੀ ਧਿਰ ਨੇ ਵੀ ਕੋਈ ਵਾ-ਵੇਲਾ ਖੜਾ ਨਹੀਂ ਕੀਤਾ। ਮਧੂਕੋਡੇ ਨੇ ਆਪਣੀ 706 ਦਿਨਾਂ ਦੀ ਚੀਫ ਮਨਿਸਟਰੀ ਦੌਰਾਨ 4000 ਕਰੋੜ ਦੀ ਕਮਾਈ ਕੀਤੀ ਤਾਂ ਉਹ ਕਾਂਗਰਸ ਦੀ ਹਮਾਇਤ ਨਾਲ ਹੀ ਚੀਫ ਮਨਿਸਟਰ ਬਣਿਆ ਸੀ। ਪਹਿਲਾਂ ਉਹ ਝਾਰਖੰਡ ਦੀ ਭਾਜਪਾ ਸਰਕਾਰ 'ਚ ਵੀ ਕੈਬਨਿਟ ਮੰਤਰੀ ਰਿਹਾ ਹੈ। ਵਿਸ਼ਲੇਸ਼ਕ ਤੇ ਕਾਂਗਰਸੀ ਨੇਤਾ ਇਹ ਕਹਿੰਦੇ ਹਨ ਕਿ ਇਹ ਸਭ ਕੁਝ ਕੁਲੀਸ਼ਨ ਦੀਆਂ ਮਜਬੂਰੀਆਂ ਕਾਰਨ ਹੋ ਰਿਹਾ ਹੈ ਪਰ ਭ੍ਰਿਸ਼ਟਾਚਾਰ ਤਾਂ ਹੋ ਰਿਹਾ ਹੈ।

ਜੇ ਅਸੀਂ ਉਪਰੋਕਤ ਭ੍ਰਿਸ਼ਟਾਚਾਰ ਦਾ ਸਿਧਾਂਤਕ ਤੌਰ 'ਤੇ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਸਰਕਾਰ ਦੇ ਢਾਂਚੇ ਨੂੰ ਸਮਝਣਾ ਬਹੁਤ ਜਰੂਰੀ ਹੈ। ਕਿਸੇ ਵੀ ਸਰਕਾਰ ਦੇ ਤਿੰਨ ਮਹੱਤਵਪੂਰਨ ਅੰਗ ਹੁੰਦੇ ਹਨ। ਪਹਿਲਾ ਵਿਧਾਨਪਾਲਿਕਾ, ਭਾਵ ਕੇਂਦਰੀ ਪਾਰਲੀਮੈਂਟ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਜਿਨ੍ਹਾਂ ਦੇ ਮੈਂਬਰਾਂ ਨੂੰ ਅਸੀਂ ਕਾਨੂੰਨਘਾੜੇ ਕਹਿ ਸਕਦੇ ਹਾਂ। ਉਪਰ ਜਿਸ ਭ੍ਰਿਸ਼ਟਾਚਾਰ ਦਾ ਅਸੀਂ ਜ਼ਿਕਰ ਕੀਤਾ ਹੈ ਉਹ ਸਰਕਾਰ ਦੇ ਇਸੇ ਅੰਗ ਦਾ ਹੈ। ਦੂਜਾ ਅੰਗ ਕਾਰਜਕਾਰਨੀ ਜਾਂ ਅਫਸਰਸ਼ਾਹੀ ਹੈ ਜਿਸ ਨੇ ਬਣੇ ਹੋਏ ਕਾਨੂੰਨਾਂ ਨੂੰ ਲਾਗੂ ਕਰਨਾ ਹੈ ਇਸ ਵਿਚ ਵੱਡੇ ਵੱਡੇ ਸੈਕਟਰੀਆਂ ਡਾਇਰੈਕਟਰਾਂ ਤੋਂ ਲੈ ਕੇ ਸਾਡੇ ਸ਼ਹਿਰਾਂ ਦੀਆਂ ਤਹਿਸੀਲਾਂ, ਠਾਣਿਆਂ ਅਤੇ ਹੋਰ ਦਫਤਰ ਦੇ ਮੁਲਾਜ਼ਮ ਆ ਜਾਂਦੇ ਹਨ। ਇਹ ਅੰਗ ਤਾਂ ਹੀ ਭ੍ਰਿਸ਼ਟ ਹੋਵੇਗਾ ਜੇ ਪਹਿਲਾਂ ਕਾਨੂੰਨਘਾੜੇ ਜਾਂ ਸਿਆਸੀ ਨੇਤਾ ਭ੍ਰਿਸ਼ਟ ਹੋਣਗੇ। ਕਿਉਂਕਿ ਸਿਆਸਤਦਾਨਾਂ ਜਾਂ ਮੰਤਰੀਆਂ ਨੇ ਜੋ ਵੀ ਚੰਗੇ ਮਾੜੇ ਕਾਰਜ ਕਰਨੇ ਹੁੰਦੇ ਹਨ ਉਹ ਇਸ ਅਫਸਰਸ਼ਾਹੀ ਰਾਹੀਂ ਹੀ ਕਰਦੇ ਹਨ। ਉਨ੍ਹਾਂ ਦੇ ਕੰਮ ਦੇ ਅਸਲ ਇੰਚਾਰਜ ਤਾਂ ਸੈਕਟਰੀ ਹੀ ਹੁੰਦੇ ਹਨ ਜਿਨ੍ਹਾਂ ਰਾਹੀਂ ਉਹ ਕਮਿਸ਼ਨ ਲੈ ਸਕਦੇ ਹਨ। ਇਸੇ ਲਈ ਮਧੂਕੋਡਾ ਕੇਸ 'ਚ ਹੁਣ ਪੰਜ ਸੈਕਟਰੀ ਅਤੇ ਅਡੀਸ਼ਨਲ ਸੈਕਟਰੀ ਪੱਧਰ ਦੇ ਅਫਸਰ ਵੀ ਜਾਂਚ ਏਜੰਸੀਆਂ ਦੀ ਲਪੇਟ 'ਚ ਆ ਗਏ ਹਨ। ਪਿਛਲੇ ਦਿਨਾਂ 'ਚ ਪੰਜਾਬ ਦੇ ਉਦਯੋਗ ਤੇ ਕਾਮਰਸ ਵਿਭਾਗ ਦੇ ਸਕੱਤਰ ਵੀ. ਕੇ. ਜੰਜੂਆ ਨੂੰ ਵਿਜੀਲੈਂਸ ਨੇ ਦੋ ਲੱਖ ਦੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਪਰ ਇਸ ਵਿਭਾਗ ਦੇ ਮੰਤਰੀ ਮਨੋਰੰਜਨ ਕਾਲੀਆ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਰੱਬ ਜਿੱਡਾ ਉਲਾਂਭਾ ਦਿੱਤਾ ਹੈ ਕਿ ਇਸ ਸਕੱਤਰ 'ਤੇ ਛਾਪਾ ਮਾਰਨ ਤੋਂ ਪਹਿਲਾਂ ਉਸਨੂੰ ਇਸਦੀ ਜਾਣਕਾਰੀ ਕਿਉਂ ਨਹੀਂ ਦਿੱਤੀ ਗਈ।

*(ਅਗਲੇ ਸਫੇ 'ਤੇ ਜਾਰੀ)*

## ਕੁੱਤੇਵੱਢ ਵਾਂਗ ਪਿੰਡ ਪਿੰਡ ਦੀ ਇਹੋ ਵਿਥਿਆ

### ਸੰਪਾਦਕ ਦੀ ਡਾਕ

ਸੰਪਾਦਕ ਜੀ, ਮੇਰੇ ਖਿਆਲ ਵਿਚ ਜੇ ਤੁਹਾਡੇ ਲੇਖਾਂ ਵਿਚ ਤੁਹਾਡੇ ਪਿੰਡ 'ਕੁੱਤੇਵੱਢ' ਦੀ ਜਗਹ ਮੇਰੇ ਪਿੰਡ ਦਾ ਨਾਂ ਰੱਖ ਦਿੱਤਾ ਜਾਵੇ ਤਾਂ ਵੇਰਵਿਆਂ ਵਿਚ ਤਾਂ ਭਾਵੇਂ ਫਰਕ ਰਹੇਗਾ ਪਰ ਸੱਚਾਈ ਵਿਚ ਨਹੀਂ। ਜਿੱਥੇ ਮੇਰੇ ਪਿੰਡ ਨੇ ਸੂਰਮੇ ਬੱਬਰ ਅਕਾਲੀ, ਗ਼ਦਰੀ ਤੇ ਹੋਰ ਅਗਾਂਹਵਧੂ ਰਾਹਨੁਮਾ ਪੈਦਾ ਕਰਕੇ ਪਿੰਡ ਦਾ ਨਾਂ ਰੌਸ਼ਨ ਕੀਤਾ ਉਥੇ ਆਏ ਸਾਲ ਹੁੰਦੀਆਂ ਕਤਲਾਂ ਦੀਆਂ ਵਾਰਦਾਤਾਂ ਸੁਣ ਕੇ ਘੋਰ ਸ਼ਰਮਸਾਰੀ ਹੁੰਦੀ ਹੈ। ਦਰਅਸਲ ਇਹ ਪੰਜਾਬ ਹਰਿਆਣਾ ਦੇ ਪਿੰਡ ਪਿੰਡ ਦੀ ਵਿਥਿਆ ਹੈ। ਇਸ ਤਰ੍ਹਾਂ ਹਰ ਪਿੰਡ ਹੀ ਬੰਦੇਵੱਢ ਹੈ, ਇਸ ਗੱਲੇ ਤੁਹਾਡੇ ਇਕੱਲੇ ਪਿੰਡ ਦੀ ਬਾਜ਼ੀ ਨਹੀਂ।

ਬੰਨੇ ਪਿਛੇ ਖੂਨ ਤਾਂ ਆਮ ਸੁਣੇ ਹਨ, ਇਸ ਤੋਂ ਅੱਗੇ ਘਰ ਦੀ ਪਤ ਦੀ ਖਾਤਰ ਵੀ ਬਥੇਰੇ ਬੰਦੇ ਵੱਢੇ ਜਾਂਦੇ ਹਨ ਪਰ ਬਹੁਤ ਤੁਛ ਕਾਰਨਾਂ ਕਰਕੇ ਵੀ ਆਮ ਹੀ ਕਤਲ ਹੁੰਦੇ ਦੇਖੇ ਸੁਣੇ ਹਨ। ਇਹ ਸਾਡੀ ਪੇਂਡੂ ਜ਼ਿੰਦਗੀ ਦਾ ਕਰੂਰ ਪੱਖ ਹੈ ਜੋ ਇਕ ਪਾਸੇ ਲੋਕ ਮਨਾਂ ਵਿਚ ਕੁੰਠਿਤ ਰੋਹ ਤੇ ਦੂਜੇ ਪਾਸੇ ਸਾਡੀਆਂ ਦਕਿਆਨੂਸ ਕਦਰਾਂ-ਕੀਮਤਾਂ ਦਾ ਸੂਚਕ ਹੈ। ਤੁਸੀਂ ਇਨ੍ਹਾਂ ਕਤਲਾਂ ਦੀ ਲੜੀ ਛੇੜ ਕੇ ਸਾਡੇ ਪਿਛੋਕੜ ਦੇ ਇਕ ਅਤਿ ਮਹੱਤਵਪੂਰਨ ਪੱਖ ਵੱਲ ਧਿਆਨ ਦੁਆ ਰਹੇ ਹੋ। ਇਸ ਪ੍ਰਸੰਗ ਵਿਚ ਤੁਸੀਂ ਆਪਣੇ ਘਰਦਿਆਂ ਵਲੋਂ ਹੀ ਕੀਤੇ ਅਜਿਹੇ ਕੁਕਰਮ ਨੂੰ ਵੀ ਲੁਕੋਇਆ ਨਹੀਂ। (ਤੁਹਾਡੇ ਤੋਂ ਡਰ ਕੇ ਰਹਿਣਾ ਪਵੇਗਾ!) ਹੈਰਾਨੀ ਹੁੰਦੀ ਹੈ ਕਿ ਕਾਤਲ ਤੇ ਮਕਤੂਲ ਨੇ ਸਾਰੀ ਘਟਨਾ ਨੂੰ ਕਿੰਨੇ ਸਹਿਜ ਨਾਲ ਲਿਆ। ਜ਼ਿੰਦਗੀ ਅਤੇ ਮੌਤ ਕਿੰਨੇ ਕਰੀਬ ਕਰੀਬ ਦਿਸੇ। ਸ਼ਾਇਦ ਇਸ ਗੱਲ ਵਿਚ ਵੀ ਲੋਕਾਂ ਵਲੋਂ ਬੰਦੇ ਵੱਢਣ ਨੂੰ ਆਮ ਗੱਲ ਲਿਆ ਜਾਣ ਦਾ ਰਾਜ਼ ਛੁਪਿਆ ਪਿਆ ਹੈ। ਤੁਹਾਡੇ ਇਨ੍ਹਾਂ ਲੇਖਾਂ ਵਿਚ ਨਿਖਾਰ ਆ ਰਿਹਾ ਹੈ ਤੇ ਵਧੇਰੇ ਤੋਂ ਵਧੇਰੇ ਸਜੀਵ ਹੋ ਰਹੇ ਹਨ। ਲਿਖਦੇ ਰਹੋ।

ਪ੍ਰੋ. ਕੁਲਵੰਤ ਰੋਮਾਣਾ ਨੇ ਤਾਂ ਇਸ ਵਾਰੀ ਮੈਨੂੰ ਚੰਡੀਗੜ੍ਹ ਦੇ ਪੁਰਾਣੇ ਦਿਨਾਂ ਦੀ ਯਾਦ ਤਾਜ਼ਾ ਕਰ ਦਿੱਤੀ। ਮੇਰੀ ਖੁਸ਼ਨਸੀਬੀ ਹੈ ਕਿ ਜਿਨ੍ਹਾਂ ਕਈ ਸਾਰੇ ਲੇਖਕਾਂ ਦਾ ਉਨ੍ਹਾਂ ਜ਼ਿਕਰ ਕੀਤਾ ਹੈ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਕਰੀਬ ਰਹਿਣ ਦਾ ਮੈਨੂੰ ਮੌਕਾ ਮਿਲਿਆ ਹੈ। ਖਾਸ ਤੌਰ 'ਤੇ ਹਲਵਾਰਵੀ, ਅਮਿਤੋਜ, ਭੂਸ਼ਨ, ਲੋਕ ਨਾਥ, ਸ਼ਿਵ, ਸੇਖੋਂ, ਮੋਹਨ ਭੰਡਾਰੀ। ਕਿੰਨੇ ਹੀਰੇ ਅਣਿਆਈ ਮੌਤੇ ਹੀ ਮਰ ਗਏ। ਮੈਨੂੰ ਯਾਦ ਹੈ ਇਕ ਵਾਰੀ ਮੈਂ ਵੀ ਭੂਸ਼ਨ ਦੀ ਸੇਖੋਂ ਤੇ ਉਸਦੇ ਭਾਣਜੇ ਤੇਜਵੰਤ ਬਾਰੇ ਲਿਖੀ ਪੈਰੋਡੀ 'ਤੇ ਪੈਰੋਡੀ ਲਿਖੀ ਸੀ। ਇਨ੍ਹਾਂ ਲੇਖਕਾਂ 'ਤੇ ਝਾਤ ਪੁਆਉਂਦੀ ਰੋਮਾਣਾ ਦੀ ਇਹ ਲਿਖਤ ਇਕ ਦਸਤਾਵੇਜ਼ ਹੋ ਨਿਬੜੀ ਹੈ।

*ਬਲਜੀਤ ਬਾਸੀ, ਮਿਸ਼ੀਗਨ*

## ਭ੍ਰਿਸ਼ਟਾਚਾਰ ਤੇ ਸ਼ਿਸ਼ਟਾਚਾਰ

ਮੰਤਰੀ ਦੀ ਤਕਲੀਫ ਦੀ ਗੱਲ ਹਰ ਇਕ ਨੂੰ ਸਮਝ ਆਉਂਦੀ ਹੈ। ਇਸ ਤਰ੍ਹਾਂ ਸਿਆਸਤਦਾਨ ਸਰਕਾਰ ਦੇ ਦੂਜੇ ਅੰਗ, ਕਾਰਜਕਾਰਨੀ, ਭਾਵ ਅਫਸਰਸ਼ਾਹੀ ਨੂੰ ਵੀ ਆਪਣੇ ਰੰਗ 'ਚ ਰੰਗ ਲੈਂਦੇ ਹਨ ਅਤੇ ਭ੍ਰਿਸ਼ਟਾਚਾਰ ਦੀ ਇਹ ਜਲਧਾਰਾ ਹੇਠਾਂ ਵੱਲ ਨੂੰ ਵਗਦੀ ਹੋਈ ਸਾਡੇ ਸ਼ਹਿਰਾਂ ਦੇ ਠਾਣਿਆਂ, ਤਹਿਸੀਲਾਂ ਤੇ ਹੋਰ ਸਰਕਾਰੀ ਤੇ ਗੈਰਸਰਕਾਰੀ ਦਫਤਰਾਂ ਤੱਕ ਪਹੁੰਚ ਜਾਂਦੀ ਹੈ। ਸਾਨੂੰ ਲੱਗਦਾ ਹੈ ਕਿ ਇਹ ਛੋਟੇ ਛੋਟੇ ਮੁਲਾਜ਼ਮ ਸ਼ਾਇਦ ਆਪ-ਮੁਹਾਰੇ ਹੀ ਭ੍ਰਿਸ਼ਟਾਚਾਰ ਕਰੀ ਜਾਂਦੇ ਹਨ ਪਰ ਐਸਾ ਨਹੀਂ ਹੁੰਦਾ। ਇਹ ਬਾਕਾਇਦਾ ਇਕ ਸ਼ਿਸ਼ਟਾਚਾਰ ਅਨੁਸਾਰ ਹੀ ਕੰਮ ਕਰ ਰਹੇ ਹੁੰਦੇ ਹਨ। ਕਈ ਵਾਰੀ ਇਸ ਜਲਧਾਰਾ ਦਾ ਅਸਰ ਕਈ ਅਜਿਹੇ ਹਿੱਸਿਆਂ 'ਚ ਪਹੁੰਚ ਜਾਂਦਾ ਹੈ ਜਿੱਥੇ ਨਹੀਂ ਜਾਣਾ ਚਾਹੀਦਾ। ਜਿਵੇਂ ਪਿਛਲੇ ਦਿਨੀਂ ਫੌਜ ਦੇ ਤਿੰਨ ਲੈਫਟੀਨੈਂਟ ਕਰਨਲਾਂ ਉਤੇ ਸਿਲੀਗੁੜੀ ਵਿਚ ਕੋਈ ਵੱਡਾ ਜ਼ਮੀਨ ਘੁਟਾਲਾ ਕਰਨ ਦਾ ਦੋਸ਼ ਹੈ। ਜਦੋਂ ਕਿਸੇ ਸਰਕਾਰ ਦੇ ਤਿੰਨਾਂ 'ਚੋਂ ਦੋ ਅੰਗ ਭ੍ਰਿਸ਼ਟਾਚਾਰ ਦੀ ਦਲਦਲ 'ਚ ਫਸ ਚੁੱਕੇ ਹੋਣ ਤਾਂ ਤੀਜੇ ਭਾਵ ਨਿਆਪਾਲਿਕਾ 'ਤੇ ਵੀ ਥੋੜਾ ਬਹੁਤਾ ਅਸਰ ਹੋਣਾ ਸੁਭਾਵਿਕ ਹੈ ਜਿਸ ਵਿਚ ਸਾਡੇ ਮਾਨਯੋਗ ਜੱਜ ਅਤੇ ਵਕੀਲ ਆ ਜਾਂਦੇ ਹਨ। ਅਸੀਂ ਦੇਖਿਆ ਹੈ ਕਿ ਕਰਨਾਟਕ ਹਾਈ ਕੋਰਟ ਦਾ ਚੀਫ ਜੱਜ ਦੀਨਾਕਰਨ ਬੜੇ ਵੱਡੇ ਵੱਡੇ ਜ਼ਮੀਨ ਘੁਟਾਲਿਆਂ ਦਾ ਦੋਸ਼ੀ ਹੈ ਪਰ ਉਹ ਜੇ ਵਕੀਲ ਤੇ ਮੀਡੀਆ ਬੂਦੁਹਾਈ ਨਾ ਕਰਦੇ ਜੱਜ ਤੋਂ ਹਾਈ ਕੋਰਟ ਦਾ ਜੱਜ ਤੇ ਹਾਈਕੋਰਟ ਦੇ ਜੱਜ ਤੋਂ ਚੀਫ ਜੱਜ ਤੇ ਹੁਣ ਉਹ ਸੁਪਰੀਮ ਕੋਰਟ ਦਾ ਜੱਜ ਬਣਨ ਲੱਗਾ ਸੀ। ਮਸ਼ਹੂਰ ਬੀ. ਐਮ. ਡਬਲਯੂ. ਕੇਸ 'ਚ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਨੰਦਾ ਨੂੰ ਅਸੀਂ ਟੀ.ਵੀ. ਉਤੇ ਲੈ-ਦੇ ਕਰਦਾ ਵੇਖਿਆ ਹੈ। ਇਸੇ ਤਰ੍ਹਾਂ ਕੁਝ ਅਰਸਾ ਪਹਿਲਾਂ ਕੋਈ ਸ਼ਖਸ 15 ਲੱਖ ਦੀ ਰਿਸ਼ਵਤ ਚੰਡੀਗੜ੍ਹ ਹਾਈਕੋਰਟ ਦੇ ਇਕ ਜੱਜ ਨਿਰਮਲ ਯਾਦਵ ਨੂੰ ਦੇਣ ਲਈ ਸਵੇਰੇ ਸਵੇਰੇ ਦਿੱਲੀ ਤੋਂ ਚੰਡੀਗੜ੍ਹ ਪਹੁੰਚਿਆਂ ਪਰ ਉਹ ਗਲਤੀ ਨਾਲ ਇਕ ਹੋਰ ਜੱਜ ਨਿਰਮਲ ਕੌਰ ਦੇ ਘਰ ਚਲਾ ਗਿਆ ਜਿਸ ਤੋਂ ਇਸ ਰਿਸ਼ਵਤ ਕਾਂਡ ਦਾ ਪਰਦਾਫਾਸ਼ ਹੋ ਗਿਆ।

ਕੌਮਾਂਤਰੀ ਪੱਧਰ 'ਤੇ ਇਕ ਅਦਾਰਾ ਹੈ ਟਰਾਂਸਪੇਰੈਂਸੀ ਇੰਟਰਨੈਸ਼ਨਲ ਜੋ ਹਰ ਸਾਲ ਸੰਸਾਰ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਲੇਖਾ-ਜੋਖਾ ਕਰਦਾ ਹੈ। ਭਾਵੇਂ ਇਸਦਾ ਮੁੱਖ ਦਫਤਰ ਬਰਲਿਨ ਵਿਚ ਹੈ ਪਰ ਹਰ ਦੇਸ਼ ਵਿਚ ਇਸਦੇ ਮੈਂਬਰ ਤੇ ਕਾਰਕੁੰਨ ਕੰਮ ਕਰਦੇ ਹਨ। ਇਸ ਅਦਾਰੇ ਦੇ ਭਾਰਤੀ ਚੈਪਟਰ ਦਾ ਮੁੱਖੀ ਸਾਬਕਾ ਥਲ ਸੈਨਾ ਮੁੱਖੀ ਕੇ.ਐਸ. ਤਾਹੀਲਿਆਨੀ ਹੈ ਅਤੇ ਅਨੁਪਮ ਝਾ ਇਸ ਦੀ ਐਗਜੈਕਟਿਵ ਡਾਇਰੈਕਟਰ ਹੈ। ਸਾਲ 2008 ਵਿਚ ਇਸ ਅਦਾਰੇ ਨੇ 193 ਦੇਸ਼ਾਂ ਵਿਚੋਂ 183 ਦੇਸ਼ਾਂ ਦਾ ਸਰਵੇ ਕੀਤਾ ਅਤੇ ਭ੍ਰਿਸ਼ਟਾਚਾਰ ਦੀ ਸੂਚੀ ਵਿਚ ਭਾਰਤ ਦਾ 84ਵਾਂ ਨੰਬਰ ਹੈ। ਭਾਵ ਦੁਨੀਆਂ ਦੇ 83 ਦੇਸ਼ ਭਾਰਤ ਨਾਲੋਂ ਘੱਟ ਭ੍ਰਿਸ਼ਟ ਹਨ ਅਤੇ ਕੁਲ ਦਸਾਂ ਵਿਚੋਂ ਭਾਰਤ ਦੇ 3.4 ਨੰਬਰ ਹਨ ਜਦੋਂ ਕਿ ਡੈਨਮਾਰਕ ਅਤੇ ਨਿਊਜ਼ੀਲੈਂਡ ਵਰਗੇ ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਦੇ ਦਸਾਂ 'ਚੋਂ 9.3 ਨੰਬਰ ਹਨ। ਅਮਰੀਕਾ 18ਵੇਂ ਸਥਾਨ 'ਤੇ ਹੈ ਤੇ ਇਸਦੇ 7.3 ਨੰਬਰ ਹਨ। 2006 ਅਤੇ 2007 'ਚ ਭਾਰਤ ਦੇ ਦਸਾਂ 'ਚ 3.5 ਨੰਬਰ ਸਨ। ਡਾਇਰੈਕਟਰ ਅਨੁਪਮ ਝਾਅ ਨੇ ਦੱਸਿਆ ਹੈ ਕਿ ਭਾਰਤ ਵਿਚਲੇ ਭ੍ਰਿਸ਼ਟਾਚਾਰ ਦਾ ਲੇਖਾ ਜੋਖਾ ਕਰਦਿਆਂ ਉਨ੍ਹਾਂ ਨੇ ਸਿਆਸਤਦਾਨਾਂ ਵਲੋਂ ਕੀਤੇ ਜਾਂਦੇ ਭ੍ਰਿਸ਼ਟਾਚਾਰ ਨੂੰ ਆਪਣੇ ਘੇਰੇ 'ਚ ਨਹੀਂ ਰੱਖਿਆ। ਅੰਦਾਜ਼ਾ ਲਾਓ ਜੇ ਕਿਧਰੇ ਅਜਿਹਾ ਕਰ ਲਿਆ ਹੁੰਦਾ ਤਾਂ ਭਾਰਤ ਦਾ 183 ਦੇਸ਼ਾਂ 'ਚੋਂ ਕਿੰਨਵਾਂ ਨੰਬਰ ਹੋਣਾ ਸੀ ਤੇ ਦਸਾਂ 'ਚੋਂ ਕਿੰਨੇ ਨੰਬਰ ਹੋਣੇ ਸਨ। ਸੂਚੀ 'ਚ ਸਭ ਤੋਂ ਵਧ ਆਖਰੀ 7-8 ਦੇਸ਼ਾਂ ਦੇ 1.3 ਤੋਂ 1.9 ਤੱਕ ਨੰਬਰ ਹਨ ਜਿਵੇਂ ਸ੍ਰੋਮਾਲੀਆ, ਹੈਤੀ, ਅਫਗਾਨਿਸਤਾਨ, ਇਰਾਕ ਆਦਿ।

ਸਰਵੇ ਗਰੁੱਪਾਂ ਜਾਂ ਮਨੁੱਖੀ ਅਧਿਕਾਰ ਸੰਗਠਨਾਂ ਨੇ ਭ੍ਰਿਸ਼ਟਾਚਾਰ ਨੂੰ ਠੱਲਣ ਲਈ ਭਾਰਤ ਸਰਕਾਰ ਨੂੰ ਜੋ ਗਾਹੇ-ਬਗਾਹੇ ਸੁਝਾਅ ਦਿੱਤੇ ਹਨ, ਉਨ੍ਹਾਂ 'ਚ ਪਹਿਲਾ ਹੈ ਕਿ ਭਾਰਤ ਦੇ ਸਭ ਤੋਂ ਵਧ ਜ਼ਿੰਮੇਵਾਰ ਲੋਕਾਂ ਲਈ ਕਾਨੂੰਨ ਆਮ ਲੋਕਾਂ ਨਾਲੋਂ ਸਖਤ ਹੋਵੇ ਤਾਂ ਕਿ ਉਹ ਕੋਈ ਕੁਤਾਹੀ ਕਰਨ ਲੱਗਿਆਂ ਸੌ ਵਾਰ ਸੋਚਣ। ਹੁਣ ਇਸਦੇ ਉਲਟ ਹੈ ਸੰਸਦ ਮੈਂਬਰਾਂ ਅਤੇ ਹੋਰ ਚੁਣੇ ਹੋਏ ਲੋਕਾਂ ਲਈ ਕਾਨੂੰਨ ਆਮ ਲੋਕਾਂ ਨਾਲੋਂ ਨਰਮ ਹੈ। ਦੂਜਾ ਜਦੋਂ ਵੀ ਕਿਸੇ ਜ਼ਿੰਮੇਵਾਰ ਵਿਅਕਤੀ 'ਤੇ ਦੋਸ਼ ਆਇਦ ਹੋ ਜਾਣ ਤਾਂ ਉਸਦੀ ਉਨਾ ਚਿਰ ਨਾ ਜ਼ਮਾਨਤ ਹੋਵੇ ਤੇ ਨਾ ਹੀ ਉਹ ਕਿਸੇ ਅਹੁਦੇ 'ਤੇ ਰਹੇ ਜਿੰਨਾ ਚਿਰ ਉਹ ਆਪਣੇ ਆਪ ਨੂੰ ਅਦਾਲਤ 'ਚ ਬੇਗੁਨਾਹ ਸਿੱਧ ਨਹੀਂ ਕਰ ਦਿੰਦਾ। ਹੁਣ ਬਿਲਕੁਲ ਇਸ ਦੇ ਉਲਟ ਹੈ। ਗੁਨਾਹਗਾਰ ਸਿੱਧ ਕਰਨ ਦੀ ਜ਼ਿੰਮੇਵਾਰੀ ਅਦਾਲਤ ਅਤੇ ਕੇਸ ਕਰਨ ਵਾਲੇ 'ਤੇ ਹੈ। ਬਾਕਾਇਦਾ ਗੁਨਾਹਗਾਰ ਸੰਸਦ ਮੈਂਬਰ ਜਾਂ ਮੰਤਰੀ ਆਪਣੇ ਅਹੁਦੇ 'ਤੇ ਟਿਕਿਆ ਰਹਿੰਦਾ ਹੈ। ਕਈ ਵਾਰ ਗੁਨਾਹਗਾਰ ਸਿੱਧ ਹੋ ਜਾਣ 'ਤੇ ਵੀ ਸਜ਼ਾ ਨੂੰ ਅੱਗੇ ਪਵਾ ਕੇ ਅਹੁਦੇ ਤੇ ਆਜ਼ਾਦੀ ਮਾਣ ਸਕਦਾ ਹੈ ਜਿਵੇਂ ਨਵਜੋਤ ਸਿੱਧੂ ਜਾਂ ਸੰਜੇ ਦੱਤ। ਇਨ੍ਹਾਂ ਗਰੁੱਪਾਂ ਅਨੁਸਾਰ ਭ੍ਰਿਸ਼ਟਾਚਾਰ ਨਾ ਰੁਕਣ ਦਾ ਕਾਰਨ ਇਹ ਵੀ ਹੈ ਕਿ ਅਦਾਲਤਾਂ ਦੇ ਫੈਸਲੇ ਕਈ ਕਈ ਸਾਲ ਨਹੀਂ ਹੁੰਦੇ ਉਦੋਂ ਤੱਕ ਸਿਆਸਤਦਾਨ ਰਿਟਾਇਰ ਵੀ ਹੋ ਜਾਂਦੇ ਹਨ ਤੇ ਕਈ ਰੱਬ ਨੂੰ ਪਿਆਰੇ ਹੋ ਜਾਂਦੇ ਹਨ। ਇਸਦਾ ਮੁੱਖ ਕਾਰਨ ਸਾਡੇ ਕੋਲ ਅਦਾਲਤਾਂ ਤੇ ਜੱਜਾਂ ਦੇ ਮੁਕਾਬਲੇ ਕੇਸਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਜਿੰਨੇ ਹੁਣ ਕੇਸ ਹਨ ਤੇ ਜੇ ਇੰਨਿਆਂ ਹੀ ਅਦਾਲਤਾਂ ਰਹੀਆਂ ਤਾਂ ਸਾਰੇ ਕੇਸ ਨਿਪਟਾਉਣ 'ਚ 466 ਸਾਲ ਲੱਗ ਸਕਦੇ ਹਨ। ਭਾਰਤ ਦੇ ਚੀਫ ਜਸਟਿਸ ਨੇ ਕਿਹਾ ਹੈ ਕਿ ਇਕੱਲੇ ਭ੍ਰਿਸ਼ਟਾਚਾਰ ਦੇ ਕੇਸਾਂ ਦੇ ਨਿਪਟਾਰੇ ਲਈ 200 ਸਪੈਸ਼ਲ ਕੋਰਟਾਂ ਦੀ ਹੋਰ ਲੋੜ ਹੈ ਅਤੇ ਨਾਲ ਹੀ ਉਸਨੇ ਸੁਝਾ ਦਿੱਤਾ ਹੈ ਕਿ ਭ੍ਰਿਸ਼ਟ ਅਧਿਕਾਰੀਆਂ ਦੀਆਂ ਫੌਰਨ ਜਾਇਦਾਦਾਂ ਜ਼ਬਤ ਕਰਨ ਲਈ ਕਾਨੂੰਨ ਦੀ ਬਹੁਤ ਲੋੜ ਹੈ।

# ਹੋਰ ਇੰਤਜ਼ਾਰ ਨਾ ਕਰੋ-ਸਸਤੀਆਂ ਵਿਆਜ ਦਰਾਂ ਦਾ ਲਾਹਾ ਲਓ

**ਸੁਨੀਤਾ ਚੋਪੜਾ**

ਉਨ੍ਹਾਂ ਲੋਕਾਂ, ਜਿਨ੍ਹਾਂ ਪਾਸ ਘਰ ਖਰੀਦਣ ਲਈ ਆਮਦਨ ਵੀ ਹੈ ਅਤੇ ਸਾਧਨ ਵੀ ਪਰ ਅਜੇ ਵੀ ਇਹ ਫੈਸਲਾ ਨਹੀਂ ਕਰ ਸਕੇ ਕਿ ਘਰ ਖਰੀਦੀਏ ਕਿ ਨਾ, ਨੂੰ ਮੇਰੀ ਰਾਇ ਹੈ ਕਿ ਹੋਰ ਇੰਤਜ਼ਾਰ ਨਾ ਕਰੋ। ਮਾਰਟਗੇਜ ਦੀਆਂ ਵਿਆਜ ਦਰਾਂ ਜਿੰਨੀਆਂ ਸਸਤੀਆਂ ਹੁਣ ਹਨ ਇੰਨੀਆਂ ਪਿਛਲੇ 38 ਸਾਲਾਂ ਵਿਚ ਕਦੇ ਨਹੀਂ ਸਨ। ਜੇ ਮਾਰਟਗੇਜ 'ਤੇ ਘਰ ਲੈਣ ਦਾ ਕੋਈ ਸਮਾਂ ਹੈ ਤਾਂ ਇਹੋ ਹੀ ਸਹੀ ਸਮਾਂ ਹੈ। ਇਸ ਵੇਲੇ ਜਦੋਂ ਕਿ ਇਹ ਸੰਕੇਤ ਮਿਲ ਰਹੇ ਹਨ ਕਿ 1930ਵਿਆਂ ਦੇ ਮਹਾਮੰਦੇ ਤੋਂ ਬਾਅਦ ਸਭ ਤੋਂ ਭਾਰੀ ਮੰਦੇ ਵਿਚੋਂ ਹਾਊਸਿੰਗ ਮਾਰਕਿਟ ਹੌਲੀ ਹੌਲੀ ਬਾਹਰ ਆ ਰਹੀ ਹੈ। ਤੀਹ ਸਾਲ ਦੇ ਮਿਆਦੀ ਕਰਜ਼ੇ ਲਈ ਵਿਆਜ ਦਰਾਂ ਇਤਿਹਾਸਕ ਤੌਰ 'ਤੇ ਹੇਠਾਂ ਆ ਚੁੱਕੀਆਂ ਹਨ। ਪਿਛਲੇ ਹਫਤੇ ਵਿਆਜ ਦਰ ਘਟ ਕੇ 4.71% 'ਤੇ ਆ ਗਈ। ਇਹ ਵਿਆਜ ਦਰ ਫਰੈਡੀ ਮੈਕ ਵਲੋਂ 1971 ਵਿਚ ਇਸ ਸਬੰਧੀ ਅੰਕੜੇ ਇਕੱਠੇ ਕੀਤੇ ਜਾਣ ਦੇ ਸਮੇਂ ਤੋਂ ਸਭ ਤੋਂ ਨੀਵੀਂ ਵਿਆਜ ਦਰ ਹੈ। 15 ਸਾਲਾ ਕਰਜ਼ੇ ਲਈ ਔਸਤਨ ਵਿਆਜ ਦਰ 4.27% ਹੈ। ਇਹ ਅੰਕੜੇ ਵਰਜੀਨੀਆ ਦੀ ਕੰਪਨੀ ਮਕਲੀਨ ਵਲੋਂ ਇਕ ਬਿਆਨ ਵਿਚ ਦਿੱਤੇ ਗਏ।



ਸੁਨੀਤਾ ਚੋਪੜਾ

ਮਾਰਟਗੇਜ ਬਰੋਕਰ ਵਜੋਂ ਆਪਣੇ ਪਿਛਲੇ 15 ਸਾਲ ਦੇ ਤਜ਼ਰਬੇ ਦੇ ਆਧਾਰ ਉਤੇ ਮੈਂ ਇਹ ਕਹਿ ਸਕਦੀ ਹਾਂ ਕਿ ਮਾਰਟਗੇਜ ਵਿਆਜ ਦਰਾਂ ਹੋਰ ਥੱਲੇ ਆਉਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ। ਘੱਟ ਵਿਆਜ ਦਰਾਂ ਅਤੇ ਪਹਿਲੀ ਦਫਾ ਘਰ ਖਰੀਦਣ ਵਾਲਿਆਂ ਲਈ ਟੈਕਸ ਕਰੈਡਿਟ ਦੀ ਵਜ੍ਹਾ ਨਾਲ ਜਾਇਦਾਦ ਦੀ ਮੰਗ ਲਗਾਤਾਰ ਵਧਦੀ ਜਾ ਰਹੀ ਹੈ। ਇਹ ਗੱਲ ਮੌਜੂਦਾ ਘਰਾਂ ਦੀ ਖਰੀਦ ਲਈ ਹੋਏ ਬਿਆਨਿਆਂ ਅਤੇ ਪਿਛਲੇ ਹਫਤੇ ਮਾਰਟਗੇਜ ਲਈ ਆਈਆਂ ਅਰਜੀਆਂ ਦੇ ਆਧਾਰ ਉਪਰ ਕਹੀ ਜਾ ਸਕਦੀ ਹੈ। ਮਕਾਨਾਂ ਦੀ ਖਰੀਦੋ ਫਰੋਖਤ ਨੂੰ ਜਿਹੜੀ ਇਕੋ ਇਕ ਗੱਲ ਅਸਰ ਅੰਦਾਜ਼ ਕਰ ਰਹੀ ਹੈ ਉਹ ਹੈ ਪਿਛਲੇ 26 ਸਾਲਾਂ ਵਿਚ ਅਮਰੀਕਾ ਦੀ ਸਭ ਤੋਂ ਵੱਧ ਬੇਰੁਜ਼ਗਾਰੀ ਦੀ ਦਰ। ਬੇਰੁਜ਼ਗਾਰਾਂ ਦੀ ਗਿਣਤੀ ਵਧਣ ਨਾਲ ਫੋਰਕਲੋਜ਼ਰ ਵਾਲੇ ਘਰਾਂ ਦੀ ਗਿਣਤੀ ਵੀ ਵਧ ਰਹੀ ਹੈ ਜਿਸ ਨਾਲ ਘਰਾਂ ਦੀਆਂ ਕੀਮਤਾਂ ਉਪਰ ਨਹੀਂ ਚੜ੍ਹ ਰਹੀਆਂ।

ਮੂਡੀ'ਜ਼ ਇਕਾਨਮੀ ਡਾਟ ਕਾਮ ਦੇ ਇਕ ਸੀਨੀਅਰ ਡਾਇਰੈਕਟਰ ਸੀਲੀਆ ਚੈਨ ਦਾ ਕਹਿਣਾ ਹੈ ਕਿ ਜਾਪਦਾ ਇਉਂ ਹੈ ਕਿ ਆਉਣ ਵਾਲੇ ਸਾਲ ਦੇ ਦੂਜੇ ਅੱਧ ਤੱਕ ਵੀ ਘਰਾਂ ਦੀਆਂ ਕੀਮਤਾਂ ਵਿਚ ਨਰਮਾਈ ਬਣੀ ਰਹੇਗੀ। ਅਗਲੇ ਸਾਲ ਵੀ ਘਰਾਂ ਦੀ ਮਾਰਕਿਟ ਮੰਦੇ ਵਿਚ ਹੀ ਰਹਿਣ ਦੀ ਸੰਭਾਵਨਾ ਹੈ। ਚੈਨ ਅਨੁਸਾਰ ਸਾਲ 2010 ਦੀ ਪਹਿਲੀ ਤਿਮਾਹੀ ਵਿਚ ਫੋਰਕਲੋਜ਼ਰ ਹੋਏ ਘਰਾਂ ਦੀ ਗਿਣਤੀ ਸਿਖਰ 'ਤੇ ਹੋਵੇਗੀ। ਚੈਨ ਨੇ ਇਹ ਵੀ ਕਿਹਾ ਹੈ ਕਿ ਬਾਜ਼ਾਰ ਵਿਚ ਵਿਕਣ ਵਾਲੇ ਘਰਾਂ ਦੀ ਗਿਣਤੀ ਲੋੜ ਨਾਲੋਂ ਵੱਧ ਹੋਣ ਕਰਕੇ ਕੀਮਤਾਂ ਮੰਦੇ ਵਿਚ ਹਨ।

ਇਥੇ ਜ਼ਿਕਰਯੋਗ ਹੈ ਕਿ ਅਕਤੂਬਰ ਮਹੀਨੇ ਵਿਚ ਅਮਰੀਕਾ ਵਿਚ ਮੌਜੂਦਾ ਘਰਾਂ ਦੀ ਖਰੀਦ ਲਈ ਹੋਏ ਬਿਆਨਿਆਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਲੋਕਾਂ ਨੇ ਟੈਕਸ ਕਰੈਡਿਟ ਦਾ ਲਾਹਾ ਲੈਣ ਵਿਚ ਕਾਹਲੀ ਕੀਤੀ ਜੋ ਕਿ ਛੇਤੀ ਖਤਮ ਹੋਣ ਵਾਲਾ ਸੀ। ਇਹ ਵੱਖਰੀ ਗੱਲ ਹੈ ਕਿ ਸਰਕਾਰ ਨੇ ਨਵਾਂ ਕਾਨੂੰਨ ਪਾਸ ਕਰਕੇ ਇਸ ਨੂੰ ਵਧਾ ਦਿੱਤਾ। ਨੈਸ਼ਨਲ ਐਸੋਸੀਏਸ਼ਨ ਆਫ ਰਿਐਲਟਰਜ਼ ਵਲੋਂ ਪਹਿਲੀ ਦਸੰਬਰ ਨੂੰ ਜਾਰੀ ਅੰਕੜਿਆਂ ਅਨੁਸਾਰ ਘਰਾਂ ਦੀ ਖਰੀਦ ਲਈ ਕੀਤੇ ਗਏ ਇਕਰਾਰਨਾਮਿਆਂ ਦਾ ਇੰਡੈਕਸ ਸਤੰਬਰ ਮਹੀਨੇ 6 ਫੀਸਦ ਚੜ੍ਹਨ ਪਿਛੋਂ ਅਕਤੂਬਰ ਮਹੀਨੇ 3.7% ਹੋਰ ਚੜ੍ਹ ਕੇ 114.1 ਹੋ ਗਿਆ।


## ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜ਼ਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

**Surajvanshi Pharmacy (R)**

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



## Matrimonials

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/ biodata to angelhavok@aol.com

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੋਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧਰਮੈਂਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਐਤਵਾਰ):91-172-2703943

Sikh Parents seeking a Jatt Skih match for their beautiful, U.S. Citizen daughter, Born and raised in India, Feb 1978, 5' 7", Licensed Vocational Nurse, California; currently working as LVN and studying for Registered Nursing Diploma. All immediate family settled in United States. Looking for qualified match within U.S. someone with Student visa, H1B visa are also welcomed. Send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

ਆਦਿ ਧਰਮੀ ਲੜਕਾ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ। ਫੋਨ:916-730-8029

Jat Sikh parents invite correspondence for their US born handsome, clean shaven, 26, 6'1" Engineer son, professionally employed in a large national corporation. The girl should be Jat Sikh, beautiful and university graduate. Please contact: sikh5family@gmail.com

## Classified Ads

### Business Directory

**India Desi Bazaar**
11304 NE Fourth Plain Rd.,
Vancouver WA 98662
Ph:(360) 882-7703

### Help Wanted

Help wanted for eyebrow threading salon in grand rapids, mi. Must know eyebrow threading. $8.00 an hour plus tips. hours as many as you wanted. Pl contact

**Fantastic Eyes**
Manjinder Grover
586-321-3824 or 586-321-2844

*Visit us on the web:*
***punjabtimesusa.com***

# ਕੂੜੇਦਾਨ 'ਚ ਵਿਲਕਦੀ ਕਵਿਤਾ

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਮੈਨੂੰ ਹੱਡ-ਹਰਾਮੀ ਬੜੀ ਖਿੱਚ ਪਾਉਂਦੇ ਹਨ, ਸ਼ਾਇਦ ਇਸ ਲਈ ਕਿ ਮੇਰੇ ਆਪਣੇ ਜੀਨਾਂ ਦਾ ਤਕੜਾ ਹਿੱਸਾ ਅਜਿਹੇ ਖਾਸੇ ਵਾਲਾ ਹੋਵੇਗਾ। ਮੈਂ ਆਪ ਹੱਡ-ਹਰਾਮੀ ਤੋਂ ਇਕ ਕਦਮ ਉਰੇ ਖੜੋਤਾ ਯਾਨਿ ਹੱਡ-ਰੱਖ ਹਾਂ। ਹੁਣ ਮੈਂ ਅਜਿਹੇ ਫਿਟਕਾਰੇ ਲੋਕਾਂ ਲਈ ਸ਼ੋਭਨੀਕ ਲਕਬ ਮਸਤ ਮੌਲਾ ਜਾਂ ਮਨਮੌਜੀ ਆਦਿ ਵਰਤਣ ਲਈ ਵਧੇਰੇ ਤਤਪਰ ਹਾਂ। ਮੈਨੂੰ ਬੀਤੀ ਜ਼ਿੰਦਗੀ ਵਿਚ ਇਸ ਲਕਬ ਦੇ ਅਧਿਕਾਰੀਆਂ ਨਾਲ ਮਿਲਣ ਦਾ ਕਾਫ਼ੀ ਸੁਭਾਗ ਪ੍ਰਾਪਤ ਹੋਇਆ ਤੇ ਰਹਿੰਦੀ ਜ਼ਿੰਦਗੀ ਵਿਚ ਅਜਿਹੇ ਹੋਰ ਰਵਿਆਂ ਦੇ ਦਰਸ਼ਨ ਦੀ ਅਭਿਲਾਸ਼ਾ ਕਰਦਾ ਹਾਂ। ਇਸ ਕੋਟੀ ਵਿਚ ਮੈਂ ਸਭ ਤੋਂ ਸਿਖਰ 'ਤੇ ਉਨ੍ਹਾਂ ਨੂੰ ਰਖਦਾ ਹਾਂ ਇਨ੍ਹਾਂ ਦਾ ਪਰੰਪਰਕ ਜੀਵਨ ਵਿਧੀ ਅਨੁਸਾਰ ਸਿੱਧਾ ਵਾਹ ਮਾਇਆ ਫੜਨ ਨਾਲ ਪੈਂਦਾ ਹੈ। ਜੇ ਸਿਧੇ ਰੁਪਈਆ ਪੈਸਾ ਚੁੱਕਣ ਵਾਲੇ ਲੋਕ ਹੀ ਹੱਡ-ਹਰਾਮੀ ਹੋਣ ਲੱਗ ਪਏ ਤਾਂ ਦੱਸੋ ਅਜਿਹੇ ਲੋਕਾਂ ਦੇ ਪੈਰਾਂ ਦੀ ਧੂੜ ਚੱਟਣ ਨੂੰ ਜੀਅ ਕਿਵੇਂ ਨਹੀਂ ਕਰੇਗਾ।

ਹੱਡ-ਹਰਾਮੀਆਂ ਤੋਂ ਇਕ ਉਲਟੇ ਲੋਕ ਹੁੰਦੇ ਹਨ ਜੋ ਹੱਡਾਂ ਨੂੰ ਆਰਾਮ ਹੀ ਨਹੀਂ ਦਿਵਾਉਂਦੇ। ਮੇਰੇ ਮਨ 'ਚ ਉਨ੍ਹਾਂ ਲਈ ਨਾ ਕੋਈ ਚੰਗੇ ਸ਼ਬਦ ਹਨ ਤੇ ਨਾ ਹੀ ਸ਼ੁਭ ਭਾਵਨਾਵਾਂ। ਬਲਕਿ ਮੇਰਾ ਇਰਾਦਾ ਉਨ੍ਹਾਂ ਨੂੰ ਹੱਡ-ਖੋਂ ਕਹਿ ਕੇ ਥੋੜਾ ਤ੍ਰਿਸਕਾਰਨ ਦਾ ਬਣਿਆ ਹੋਇਆ ਹੈ। ਇਹ ਲੋਕ ਐਵੇਂ ਹੀ ਜ਼ਿੰਦਗੀ ਦੀਆਂ ਗੁੱਡੀਆਂ ਘੁਮਾਈ ਰਖਦੇ ਹਨ। ਪਰੂੰ-ਪਰਾਰ ਦੀ ਹੀ ਗੱਲ ਹੈ; ਅਜਿਹੇ ਹੱਡ-ਖੋਂ ਛੋਕਰਿਆਂ ਨੇ ਰਾਤ-ਬਰਾਤੇ ਮੇਰੀ ਕਾਰ ਦੇ ਅਗਲੇ ਸ਼ੀਸ਼ੇ ਭੰਨ ਸੁੱਟੇ ਤੇ ਮੇਰਾ ਦਿਮਾਗੀ ਤੇ ਆਰਥਕ ਤਵਾਜ਼ਨ ਵਿਗਾੜ ਦਿੱਤਾ। ਕਾਰ ਦੇ ਕਿਸੇ ਕੰਮ ਲਈ ਮੈਂ ਮਕੈਨਿਕਾਂ ਦੀ ਸਲਾਹ ਕਦੇ ਘੱਟ ਹੀ ਲਈ ਹੈ ਕਿਉਂਕਿ ਉਨ੍ਹਾਂ ਦੀ ਦੁਕਾਨਦਾਰਾਨਾ ਫਿਤਰਤ ਪੈਸੇ ਬਟੋਰਨ ਵੱਲ ਲੱਗੀ ਰਹਿੰਦੀ ਹੈ। ਮੈਂ ਤਾਂ ਕਦੇ ਦੰਦਸਾਜ਼ ਦੀ ਵੀ ਇਕ ਨਹੀਂ ਮੰਨੀ ਜੋ ਇੱਕ ਇੱਕ ਕਰਕੇ ਤੁਹਾਡੇ ਸਾਰੇ ਦੰਦ ਬੇਕਾਰ ਸਾਬਤ ਕਰ ਦਿੰਦੇ ਹਨ। ਹਾਂ, ਮੈਂ ਜਾਣਕਾਰ ਲੋਕਾਂ ਦੀ ਅਗਵਾਈ ਜ਼ਰੂਰ ਲੈਂਦਾ ਹਾਂ ਜੋ ਸਮੱਸਿਆ ਦੇ ਬਾਹਰੋ ਬਾਹਰ ਹੱਲ ਦੱਸਣ ਦੇ ਮਾਹਰ ਹੁੰਦੇ ਹਨ। ਅਜਿਹੇ ਲੋਕਾਂ ਕੋਲ ਆਪਾਂ ਪਹੁੰਚ ਕੀਤੀ ਤੇ ਉਨ੍ਹਾਂ ਯੋਗ ਸੇਧ ਦੇ ਕੇ ਮੈਨੂੰ ਜੰਕਯਾਰਡਾਂ ਦੇ ਰਾਹ ਪਾਇਆ।

ਆਖਰ ਲਭਦਾ ਲੁਭਾਉਂਦਾ ਮੈਂ ਇਕ ਟਿਕਾਣੇ ਪਹੁੰਚ ਗਿਆ। ਗੇਟ ਦੇ ਅੰਦਰ ਵੜਦਿਆਂ ਹੀ ਦੂਰ ਤੱਕ ਭਾਤ-ਸੁਭਾਂਤੀਆਂ ਟੇਢੀਆਂ, ਉਲਟੀਆਂ ਤੇ ਲਮਲੇਟ ਪਈਆਂ ਕਾਰਾਂ ਦੇਖ ਕੇ ਮਨ ਬਾਗੋਬਾਗ ਹੋ ਗਿਆ। ਚਾਰੇ ਪਾਸੇ ਪੁਰਜ਼ਾ-ਪੁਰਜ਼ਾ ਮੇਰੀ ਕਾਰ-ਸੇਵਾ ਲਈ ਕੱਟ ਮਰਨ ਲਈ ਤਿਆਰ ਖੜਾ ਸੀ। ਬਰਫ਼ 'ਚ ਲਿਸ਼ਕਾਰੇ ਮਾਰਦੇ ਅਨੇਕਾਂ ਹੀ ਗੱਡੀਆਂ ਦੇ ਉਜਲੇ ਸ਼ੀਸ਼ੇ ਜਿਵੇਂ ਮੈਨੂੰ ਆਵਾਜ਼ਾਂ ਮਾਰ ਰਹੇ ਸਨ। ਖੱਟ ਗਏ ਕਿ, ਬਾਵਲਾ ਹੋਇਆ ਮੈਂ ਹਾਰਨ ਵਜਾਉਣ ਲੱਗ ਪਿਆ ਤੇ ਅਹੁਲ ਕੇ ਆਫਿਸ ਵੱਲ ਵਧਿਆ। ਪਰ ਅੰਦਰ ਗਿਆ, ਹਨੇਰਾ ਹੀ ਹਨੇਰਾ ਜਿਵੇਂ ਭੂਤਾਂ ਦਾ ਵਾਸਾ ਹੁੰਦਾ ਹੈ। ਸ਼ਾਇਦ ਬਰਫ਼ ਦੀ ਚਿਲਕੋਰ ਚੋਂ ਇਕ ਦਮ ਆਉਣ ਦਾ ਸਿੱਟਾ ਸੀ। ਦੋ ਚਾਰ ਵਾਰੀ ਅੱਖਾਂ ਝਮਕੀਆਂ ਤਾਂ ਕਮਰੇ ਦੇ ਝੌਲੇ-ਝੌਲੇ 'ਚ ਇਕ ਖੂੰਜੇ ਬੈਠਾ ਮਨੁੱਖੀ ਆਕਾਰ ਦਿਸਿਆ ਜਿਸ ਨੇ ਇਕ ਕਾਪੀ ਜਿਹੀ ਤੇ ਸਿਰ ਸੁੱਟਿਆ ਹੋਇਆ ਸੀ। ਉਸਦੇ ਸਿਰ ਅਤੇ ਦਾਅੜੀ ਦੇ ਵਾਲ ਖੁੱਥੜ ਹੋਏ ਪਏ ਸਨ। ਨਿਸਚੇ ਹੀ ਮੇਰੀ ਆਹਟ ਕੋਈ ਹਿੱਲ-ਜੁਲ ਪੈਦਾ ਕਰਨ ਵਿਚ ਅਸਫ਼ਲ ਰਹੀ ਸੀ।

"ਹੈਲੋ ਮਿਸਟਰ।" ਹਾਰ ਕੇ ਮੈਂ ਆਪ ਹੀ ਆਪਣੀ ਹਾਜ਼ਰੀ ਲੁਆਉਣ ਦੀ ਕੋਸ਼ਿਸ਼ ਕੀਤੀ। ਪਰ ਉਸ ਪਿਉ ਦੇ ਪੁੱਤ ਨੇ ਧੌਣ ਚੱਕ ਕੇ ਗਾਹਕ ਦਾ ਮੂੰਹ ਦੇਖਣ ਦਾ ਕਸ਼ਟ ਨਹੀਂ ਕੀਤਾ। ਕਬਾੜਖਾਨੇ ਵਿਚ ਕਿਹੜਾ ਕੋਈ ਚੰਗੇ ਮੂੰਹ ਵਾਲਾ ਆਉਂਦਾ ਹੈ ਤੇ ਮੇਰੇ ਮੂੰਹ ਨੂੰ ਕੀ ਫੁੱਲ ਲੱਗੇ ਹੋਏ ਸਨ। ਸੋਚਿਆ ਏਨੀ ਬਰਫ਼ ਤੇ ਹੱਡਾਰੋੜੀ ਜਿਹੇ ਮਾਹੌਲ ਵਿਚ ਵਿਚਰਦੇ ਇਸ ਸ਼ਖਸ ਦੇ ਹੱਡਾਂ ਵਿਚ ਕਬਾੜ ਦੀ ਚੁਭਣ ਤੇ ਅਜ਼ਲੀ ਸੁੰਨ ਘਰ ਕਰ ਗਈ ਹੈ। ਫਿਰ ਵੀ ਸੱਨਾਟੇ ਦੀ ਇਕ ਲੰਮੀ ਡੈਸ਼ ਪਿੱਛੋਂ, ਕੁਝ ਬੇਪਰਵਾਹ ਸ਼ਬਦ ਉਸਦੇ ਮੂੰਹ ਵਿਚੋਂ ਕਿਰ ਗਏ, "ਕੀ ਚਾਹੀਦਾ ਹੈ?"

ਇਹ ਜਾਣਦਿਆਂ ਵੀ ਕਿ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ, ਮੈਂ ਉਸਦੇ ਸੰਖੇਪ ਹੁੰਗਾਰੇ ਨੂੰ ਹੀ ਕਿਰਪਾ-ਦ੍ਰਿਸ਼ਟੀ ਸਮਝ ਲਿਆ ਤੇ ਆਪਣੇ ਆਉਣ ਦਾ ਸਰਸਰੀ ਮੰਤਵ ਬਿਆਨ ਦਿੱਤਾ, "ਟਿਓਟਾ ਕਾਰ ਦਾ ਅਗਲਾ ਸ਼ੀਸ਼ਾ ਚਾਹੀਦਾ ਹੈ।" ਪਰ ਕਿਰਪਾ-ਦ੍ਰਿਸ਼ਟੀ ਨੇ ਕਾਰ ਦੇ ਕੋਈ ਵੀ ਵੇਰਵੇ ਜਾਨਣ ਦੀ ਜ਼ਰੂਰਤ ਨਾ ਸਮਝੀ ਤੇ ਦੋਵੇਂ ਹੱਥਾਂ ਤੇ ਇੱਕੋ ਇੱਕ ਮੂੰਹ ਨੂੰ 'ਹੈ ਨਹੀਂ' ਦੇ ਅਰਥਾਂ ਵਿਚ ਹਿਲਾ ਦਿੱਤਾ। ਕਹਿੰਦੇ ਹਨ ਕਿ ਅਮਰੀਕੀ ਡਾਲਰ ਬਣਾਉਣ 'ਤੇ ਹੀ ਲੱਗੇ ਰਹਿੰਦੇ ਹਨ ਪਰ ਹੁਣ ਜਦ ਚਿਲਕੋਰਾਂ ਮਾਰਦੇ ਸ਼ੀਸ਼ੇ ਲਾਹ ਲਓ ਲਾਹ ਲਓ ਕਰਦੇ ਸਨ ਤੇ ਡਾਲਰ ਬਣਾਉਣ ਦਾ ਸੁਨਹਿਰੀ ਮੌਕਾ ਸੀ, ਆਹ ਸਾਹਮਣੇ ਸਿਰ ਤੋਂ ਪੈਰਾਂ ਤੱਕ ਸਾਖਿਆਤ ਅਮਰੀਕੀ ਸੀ ਜੋ ਡਾਲਰਾਂ ਵੱਲ ਥੁੱਕਦਾ ਵੀ ਨਹੀਂ ਸੀ। ਲਮਕਦੀ ਜਾਂਦੀ ਚੁਪ ਤੋਂ ਸਪੱਸ਼ਟ ਸੀ ਕਿ ਉਸ ਵਲੋਂ ਸਾਰਾ ਕੁਝ ਕਹਿ ਸੁਣ ਹੋ ਗਿਆ ਸੀ ਤੇ ਮੁਖ ਮੋੜੀ ਬੈਠਾ ਉਸਦਾ ਸਾਰਾ ਵਜੂਦ ਮੈਨੂੰ ਇਹ ਸੰਕੇਤ ਦੇ ਰਿਹਾ ਸੀ, 'ਤੂੰ ਦਹਿਲੀਜ਼ 'ਤੇ ਦੀਵਾ ਬਣੀ ਕਿਉਂ ਖੜਾ ਹੈਂ, ਤੈਨੂੰ ਜਵਾਬ ਮਿਲ ਗਿਆ ਹੈ, ਹੁਣ ਭਾਈ ਤੂੰ ਜਾਹ।'

ਸੱਚੀ ਗੱਲ ਤਾਂ ਇਹ ਹੈ ਕਿ ਸਥੂਲ ਜ਼ਿੰਦਗੀ ਅਤੇ ਅਸਥੂਲ ਗਲਪ ਵਿਚ ਅਜਿਹੇ ਪਾਤਰ ਮੇਰੀ ਵਾਹ ਵਾਹ ਦੇ ਪਾਤਰ ਬਣਦੇ ਹਨ। ਮੈਨੂੰ ਆਪਣੀ ਕਾਰ ਲਈ ਸ਼ੀਸ਼ੇ ਦੀ ਲੋੜ ਭੁਲ ਚੁੱਕੀ ਸੀ ਤੇ ਡਾਲਰਾਂ ਨੂੰ ਲੱਤਾਂ ਮਾਰਦੇ ਇਸ ਸ਼ਖਸ ਪ੍ਰਤੀ ਮੇਰੀ ਸ਼ਰਧਾ ਛਲਕਣ ਲੱਗ ਪਈ। ਮੈਨੂੰ ਸ਼ਰਾਰਤ ਭਰੀ ਤਰਕੀਬ ਸੁਝੀ। ਮੈਂ ਪੋਲੇ ਜਿਹੇ ਪਿਛਲੇ ਪਾਸੇ ਦੀ ਉਸ ਦੇ ਕੋਲ ਚਲੇ ਗਿਆ ਤੇ ਝੁਕ ਕੇ ਥੋੜੀ ਦੂਰੋਂ ਉਸਦੀ ਕਾਪੀ ਪੜ੍ਹਨ ਦੀ ਕੋਸ਼ਿਸ਼ ਕਰਨ ਲੱਗਾ। ਕੁਝ ਵੀ ਪੜ੍ਹਿਆ ਨਹੀਂ ਸੀ ਜਾ ਰਿਹਾ ਪਰ ਲਿਖਣ ਦੇ ਸਟਾਈਲ ਤੋਂ ਝਰੀਟਿਆ ਹੋਇਆ ਸਫਾ ਇਕ ਕਵਿਤਾ ਦਾ ਚਿੱਤਰ ਜਾਪਦਾ ਸੀ। ਚਿੱਕੜ ਵਿਚ ਕਮਲ ਉਗਿਆ ਦੇਖ ਕੇ ਮੈਂ ਵਿਸਮਾਦ ਵਿਸਮਾਦ ਹੋ ਗਿਆ, "ਕਵਿਤਾ ਲਿਖਦਾ ਏਂ?" ਮੈਂ ਜਿਵੇਂ ਠਾਹ ਕਰਕੇ ਉਸਨੂੰ ਡਰਾਇਆ।

ਉਹ ਇੱਕ ਦਮ ਤ੍ਰਭਕ ਉਠਿਆ ਤੇ ਕਾਪੀ ਬੰਦ ਕਰਦਾ ਬੋਲਿਆ, "ਤੁਸੀਂ ਏਥੇ? ਕਿਰਪਾ ਕਰਕੇ ਜਾਓ।" ਮੇਰੀ ਏਨੀ ਬਦਤਮੀਜ਼ੀ ਦੇ ਬਾਵਜੂਦ, ਮੈਂ ਦੇਖਿਆ ਉਸਦਾ ਲਹਿਜਾ ਕੁਰੱਖਤ ਨਹੀਂ ਸੀ ਹਾਲਾਂ ਕਿ ਮੈਂ ਚੋਰੀ ਛਿਪੀਂ ਉਸ ਦੀ ਪਰਾਈਵੇਸੀ 'ਤੇ ਹੱਲਾ ਬੋਲਿਆ ਸੀ। ਹੱਡ-ਹਰਾਮੀ/ਮਸਤ ਮੌਲੇ ਵਿਸ਼ਾਲ ਚਿੱਤ ਹੁੰਦੇ ਹਨ, ਇਹ ਮੇਰਾ ਪੱਕਾ ਵਿਸ਼ਵਾਸ ਸੀ ਜੋ ਪ੍ਰਮਾਣਤ ਹੋ ਰਿਹਾ ਸੀ। "ਪਲੀਜ਼, ਆਪਣੀ ਕਵਿਤਾ ਸੁਣਾਓ।" ਮੈਂ ਖਹਿੜੇ ਪੈ ਗਿਆ। "ਤੁਹਾਡੀ ਕਵਿਤਾ ਵਿਚ ਰੁਚੀ ਹੈ?" ਉਸਨੇ ਛੇਤੀ ਹੀ ਮੋੜਾ ਪਾ ਲਿਆ। "ਬਿਲਕੁਲ।" ਮੈਂ ਕਿਹਾ।

"ਚੰਗਾ ਫਿਰ ਲਓ ਸੁਣੋ।" ਮੈਨੂੰ ਉਮੀਦ ਨਹੀਂ ਸੀ ਏਨੀ ਜਲਦੀ ਉਹ ਮੇਰੇ ਗੇੜ 'ਚ ਆ ਜਾਵੇਗਾ। ਤੇ ਉਹ ਮੈਨੂੰ ਕਵਿਤਾ ਸੁਣਾਉਣ ਲੱਗ ਪਿਆ। ਉਸਦੀ ਕਵਿਤਾ ਦੇ ਭਾਵ ਵਰਡਜ਼ਵਰਥ ਦੀ ਉਸ ਕਵਿਤਾ ਨਾਲ ਕੁਝ ਕੁਝ ਮਿਲਦੇ ਸਨ ਜਿਸ ਵਿਚ ਉਸਨੇ ਕਿਹਾ ਸੀ:

ਫ਼ਿਕਰਾਂ ਨਾਲ ਭਰੀ,
ਇਹ ਕਾਹਦੀ ਜ਼ਿੰਦਗੀ ਹੈ
ਜ਼ਰਾ ਰੁਕ ਕੇ ਤੱਕਣ ਦੀ,
ਕੋਈ ਫੁਰਸਤ ਨਹੀਂ ਹੈ

ਉਸਦੀ ਕਵਿਤਾ ਤੋਂ ਉਸਦਾ ਫੱਕਰ ਜੀਵਨ-ਦਰਸ਼ਨ ਡੁਲ੍ਹ ਡੁਲ੍ਹ ਪੈਂਦਾ ਸੀ ਤੇ ਕਾਰ ਦੇ ਸ਼ੀਸ਼ੇ ਜਿਹੀ ਦੁਨਿਆਵੀ ਚੀਜ਼ ਦੀ ਮੰਗ ਪੇਸ਼ ਕਰਕੇ ਮੈਂ ਉਸਦੀ ਸਾਧਨਾ ਵਿਚ ਭੰਗ ਪਾਉਣਾ ਉਚਿਤ ਨਹੀਂ ਸਮਝਿਆ। ਮਹਾਤਮਾ ਨੂੰ ਸਲੂਟ ਮਾਰਿਆ ਤੇ ਸ਼ੀਸ਼ੇ ਦੀ ਭਾਲ ਵਿਚ ਹੋਰ ਰਾਹਾਂ 'ਤੇ ਤੁਰ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਮਸਤ ਮੌਲਿਆਂ ਨੇ ਜ਼ਿੰਦਗੀ ਦੇ ਅੰਤਮ ਭੇਤ ਪਾ ਲਏ ਹੁੰਦੇ ਹਨ। ਇਹ ਮਾਇਆ ਤੋਂ ਦੂਰ ਨਹੀਂ ਭੱਜਦੇ, ਇਸਦੇ ਕੋਲ ਕੋਲ ਰਹਿੰਦੇ ਹਨ, ਜੈਸੇ ਜਲ ਕਮਲੇਹੁ। ਅਸਲ ਵਿਚ ਇਨ੍ਹਾਂ ਮਸਤ ਮੌਲਿਆ ਨੇ ਜ਼ਿੰਦਗੀ ਦੇ ਆਰਥਕ ਕਾਰੋਬਾਰਾਂ ਦੇ ਸਮਾਨਅੰਤਰ ਕੁਝ ਸ਼ੁਗਲ ਜਾਂ ਸ਼ੌਕ ਰੱਖੇ ਹੁੰਦੇ ਹਨ ਜੋ ਇਨ੍ਹਾਂ ਨੂੰ ਆਪਣੀ ਤਰ੍ਹਾਂ ਦੇ ਧੰਨਵਾਨ ਬਣਾਉਂਦੇ ਹਨ ਤੇ ਇਨ੍ਹਾਂ ਨੂੰ ਸੰਸਾਰੀ ਲੋਕ ਤੁਛ ਜਾਣਦੇ ਹਨ।

ਸਾਡੇ ਪਿੰਡ ਦੀ ਲੰਮੀ ਗਲੀ ਦਾ ਦੁਕਾਨਦਾਰ ਮੇਰੀ ਜ਼ਿੰਦਗੀ ਵਿਚ ਆਇਆ ਪਹਿਲਾ ਅਜਿਹਾ ਮਸਤ ਮੌਲਾ ਸੀ। ਘਰ ਦੇ ਨੇੜੇ ਹੋਣ ਕਾਰਨ ਸਭ ਤੋਂ ਪਹਿਲਾਂ ਸੌਦਾ ਲੈਣ ਉਸੇ ਕੋਲ ਜਾਈਦਾ ਸੀ ਪਰ ਉਹ ਰੱਬ ਦਾ ਬੰਦਾ ਗਾਹਕ ਦੇਖ ਕੇ ਤਿਊੜੀਆਂ ਹੀ ਪਾ ਲੈਂਦਾ ਸੀ ਤੇ ਬੜਾ ਬੇਲਿਹਾਜ਼ਾ ਹੋ ਕੇ ਹੱਥ ਮਾਰਦਾ ਹੋਇਆ 'ਅਜੇ ਵਿਹਲ ਨਹੀਂ" ਆਖਦਾ ਤੇ ਆਕਾਸ਼ਾਂ ਵੱਲ ਮੂੰਹ ਫੇਰ ਲੈਂਦਾ ਸੀ। ਉਸ ਨੇ ਆਪਣੀ ਦੁਕਾਨ ਦੇ ਸਾਹਮਣੇ ਇਕ ਖਾਲੀ ਕੋਠਾ ਮੱਲਿਆ ਹੋਇਆ ਸੀ ਜਿਸ ਦੀ ਛੱਤ 'ਤੇ ਉਸ ਨੇ ਚਿੱਟੇ ਕਬੂਤਰ ਪਾਲੇ ਹੋਏ ਸਨ। ਉਹ ਵਿਹਾਰਕ ਦਿਨ ਦਾ ਚੋਖਾ ਹਿੱਸਾ ਇਸ ਛੱਤ ਤੇ ਖੁੱਡਾ ਬੁਹਾਰਦਿਆਂ, ਕਬੂਤਰਾਂ ਨੂੰ ਚੋਗਾ ਪਾਉਂਦਿਆਂ ਤੇ ਫਿਰ ਉਨ੍ਹਾਂ ਨੂੰ ਅਸਮਾਨ ਵੱਲ ਉਡਾਉਂਦਿਆਂ ਗੁਜ਼ਾਰ ਦਿੰਦਾ। ਅਸਮਾਨ 'ਤੇ ਲਿਸ਼ਕਵੀਆਂ ਅੱਖਾਂ ਗੱਡੀ ਉਹ ਚਿੱਟੇ, ਕਾਲਸਿਰੇ, ਚੀਨੇ, ਸਬਜ਼ੇ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਕਲਿਆਣਾਂ ਵਾਲੇ ਕਬੂਤਰਾਂ ਦੀਆਂ ਲੋਟਣੀਆਂ ਦੇਖਦਾ, ਕਲੋਲਾਂ ਤਕਦਾ ਤੇ ਦੂਰ ਤੱਕ ਉਡਾਣ ਭਰਦਿਆਂ ਨੂੰ ਓਨਾ ਚਿਰ ਨਿਹਾਰਦਾ ਰਹਿੰਦਾ ਜਦ ਤਕ ਉਹ ਤਾਰੇ ਨਾ ਬਣ ਜਾਂਦੇ। ਸ਼ਾਮ ਨੂੰ ਕਬੂਤਰ ਉਸ ਦੇ ਮੋਢਿਆਂ 'ਤੇ ਬੈਠ ਜਾਂਦੇ ਤੇ ਉਹ ਕੱਲੇ-ਕੱਲੇ ਨੂੰ ਪਿਆਰਦਾ ਖੀਵਾ ਹੁੰਦਾ ਰਹਿੰਦਾ। ਜੇ ਕਿਸੇ ਮੇਰੇ ਵਰਗੇ ਮੂਕ ਪ੍ਰਸ਼ੰਸਕ ਨੇ ਝੋਲੀ ਵਿਚ ਦਾਣੇ ਪਾਈ ਸੌਦਾ ਲੈਣ ਆ ਜਾਣਾ ਤਾਂ ਕਦੇ ਕਦੇ ਉਸ ਦੇ ਮਨ ਸੁਮੱਤਿਆ ਪੈ ਜਾਂਦੀ ਸੀ। ਉਸ ਨੇ ਭੈੜਾ ਮੂੰਹ ਬਣਾਏ ਹੋਏ ਨੇ ਥੱਲੇ ਉਤਰਨਾ ਤੇ ਖੜੇ ਖੜੇ ਮਾੜਾ ਮੋਟਾ ਸੌਦਾ ਦੇ ਕੇ ਉਹੀ ਦਾਣੇ ਕਬੂਤਰਾਂ ਦੇ ਚੋਗੇ ਲਈ ਉਪਰ ਲੈ ਜਾਣੇ। ਟੱਬਰ ਨੂੰ ਰਿਜ਼ਕ ਤਾਂ ਪਰਵਰਦਗਾਰ ਦੇਈ ਹੀ ਜਾਂਦਾ ਹੈ। ਉਸਨੂੰ ਆਪਣੇ ਚਿੱਟੇ ਕਬੂਤਰਾਂ ਦੇ ਕੂਲੇ ਕੂਲੇ ਖੰਭ ਚਿੱਟੇ ਨੋਟਾਂ ਨਾਲੋਂ ਵਧੇਰੇ ਖਰੇ ਤੇ ਮੁੱਲਵਾਨ ਲਗਦੇ ਸਨ। ਉਹ ਅਜਿਹਾ ਮੂਲੇ ਦਾ ਬੱਚਾ ਸੀ ਜੋ ਮੂਲੋਂ ਹੱਟੀ ਨਹੀਂ ਸੀ ਬਹਿੰਦਾ। ਇਹ ਸ਼ਖਸ ਦੁਨੀਆਂ 'ਤੇ ਆ ਕੇ ਚਲਾ ਗਿਆ ਹੈ, ਧੰਨ ਹੈ ਇਸਦੀ ਕਮਾਈ, ਇਸ ਨੇ ਮਾਇਆ ਦੀ ਖਾਤਿਰ ਦੇਸ਼ ਦੇਸ਼ਾਂਤਰ ਤਾਂ ਕੀ ਰਟਣੇ ਸਨ, ਆਪਣੀ ਹੱਟੀ ਵਿਚ ਵੀ ਪੈਰ ਪਾਉਣੇ ਗਵਾਰਾ ਨਹੀਂ ਸੀ ਸਮਝੇ।

ਜਲੰਧਰ ਡੀ. ਏ. ਵੀ. ਕਾਲਜ ਪੜ੍ਹਨ ਲੱਗਾ ਤਾਂ ਅਜਿਹੇ ਹੀ ਇਕ ਹੋਰ ਮਸਤ ਮੌਲੇ ਨਾਲ ਦਿਲ ਲਾ ਲਿਆ। ਹੋਸਟਲ ਵਿਚ ਰਹਿੰਦਿਆਂ ਵੀ ਕਈ ਵਾਰੀ ਬਾਹਰਲੀਆਂ ਦੁਕਾਨਾਂ ਤੋਂ ਚਾਹ ਪੀਣ ਨੂੰ ਦਿਲ ਕਰਦਾ ਸੀ। ਹੋਸਟਲ ਦੀ ਚਾਹ ਕੋਈ ਕੜਕ ਚਾਹ ਥੋੜੀ ਹੁੰਦੀ ਹੈ, ਨਿਰੀਆਂ ਉਬਾਲੀਆਂ ਹੋਈਆਂ ਛਿਟੀਆਂ। ਨੇੜੇ ਹੀ ਇਕ ਨਿੱਕੀ ਜਿਹੀ ਮਾਰਕਿਟ ਵਿਚ ਜੋ ਪਹਿਲੀ ਦੁਕਾਨ ਸੀ ਉਹ ਆਪਣੀ ਮਨਭਾਉਂਦੀ ਠਾਹਰ ਸੀ। ਪੜ੍ਹਾਕੂ ਤਾਂ ਕੈਲਕੂਲੱਸ ਦੇ ਸਵਾਲ ਕਢਦੇ ਕਢਦੇ ਹੋਰ ਔਖੇ ਸਵਾਲ ਕਢਣ ਲਈ ਚਾਹ ਪੀਣ ਆਉਂਦੇ ਸਨ ਤੇ ਜਿਥੋਂ ਮਿਲਦੀ ਫਟਾਫਟ ਅੰਦਰ ਸੁੱਟਕੇ ਦੌੜ ਜਾਂਦੇ ਸਨ, ਆਪਾਂ ਆਉਂਦੇ ਹੀ ਸਵਾਲਾਂ ਤੋਂ ਟਿਭਣ ਲਈ ਸਾਂ। ਪਰ ਸ਼ੇਰ ਦਾ ਬੱਗਾ ਇਸ ਚਾਹ ਦੀ ਦੁਕਾਨ ਦਾ ਮਾਲਕ ਕਦੇ ਭੱਠੀ 'ਤੇ ਨਹੀਂ ਸੀ ਬੈਠਾ ਦਿਸਦਾ। ਇਕ ਖੂੰਜੇ ਕੁਰਸੀ ਡਾਹ ਕੇ ਹਮੇਸ਼ਾ 'ਹਿੰਦ ਸਮਾਚਾਰ' ਦੇ ਕਾਲਮ ਪੜ੍ਹਦਾ ਰਹਿੰਦਾ। ਇਹ ਤਾਂ ਗਿਆਨਵਾਨ ਲੋਕ ਹੀ ਜਾਣਦੇ ਹਨ ਕਿ ਜਿਸਨੂੰ ਲਾਲਾ ਜਗਤ ਨਾਰਾਇਣ ਦੇ ਚਾਲੀ ਚਾਲੀ ਕਿਸ਼ਤਾਂ ਵਾਲੇ ਹੱਥ ਹੱਥ ਲੰਮੇ ਸੰਪਾਦਕੀ ਪੜ੍ਹਨ ਦਾ ਚਸਕਾ ਪੈ ਜਾਏ ਉਸ ਲਈ ਚਾਹ ਦੇ ਇਕ ਕੱਪ ਦੀ ਤਲਬ ਵਾਲਾ ਤਾਂ ਕੀ ਨਾਲ ਬਦਾਨਾ ਸੇਵੀਆਂ ਮੰਗਣ ਵਾਲਾ ਗਾਹਕ ਮੋੜਨਾ ਖੱਬੇ ਹੱਥ ਦਾ ਕੰਮ ਸੀ। ਭੂੰ-ਭੂੰ ਕਰਦੀ ਬੁਰਛਾਗਰਦ ਸਿੱਖ ਕੌਮ ਵਿਚ ਘਿਰੀ ਪੰਜਾਬ ਦੀ ਹਿੰਦੂ ਜਾਤੀ ਦੀ ਹੋਣੀ ਨਾਲ ਘੋਰ-ਚਿੰਤਿਤ ਇਹ ਮਹਾਸ਼ਾ ਮੇਰੇ ਵਰਗੇ ਵਿਹਲੜ ਗਾਹਕ ਨੂੰ ਦੇਖ ਕੇ ਸਤਿਆ ਹੋਇਆ ਖੱਬਾ ਹੱਥ ਮਾਰਦਾ ਆਖ ਦਿਆ ਕਰਦਾ ਸੀ, "ਓ ਬਾਬੂ, ਹੋਸਟਲ ਜਾ ਕੇ ਰੋਟੀ ਖਾਹ, ਇਹ ਕੋਈ ਚਾਹ ਪੀਣ ਦਾ ਵੇਲਾ ਹੈ?"

ਲਾਲਾ ਜਗਤ ਨਾਰਾਇਣ ਦੇ ਧੂਆਂਧਾਰ ਸੰਪਾਦਕੀਆਂ ਨਾਲ ਭਾਵੇਂ ਮੇਰਾ ਚਹੇਤਾ ਦੁਕਾਨਦਾਰ ਫਿਰਕੂ ਰੰਗਣ ਵਿਚ ਰੰਗਿਆ ਗਿਆ ਹੋਵੇਗਾ ਪਰ ਉਹ ਇਸ ਆਧਾਰ ਤੇ ਕਿਸੇ ਨਾਲ ਵਿਤਕਰਾ ਨਹੀਂ ਸੀ ਕਰਦਾ। ਹਿੰਦੂ ਹੋਵੇ ਜਾ ਸਿੱਖ, ਮਜਾਲ ਹੈ ਕੋਈ ਉਸਦੀ ਹੱਟੀ ਤੋਂ ਚਾਹ ਦਾ ਘੁੱਟ ਪੀ ਲਵੇ। ਉਹ ਠੇਠ ਪੰਜਾਬੀ ਬੋਲਦਾ ਸੀ, ਉਰਦੂ ਦੀ ਅਖਬਾਰ ਪੜ੍ਹਦਾ ਸੀ ਤੇ ਹਿੰਦੀ ਨੂੰ ਆਪਣੀ ਮਾਤ-ਭਾਸ਼ਾ ਸਮਝਦਾ ਸੀ। ਉਹ ਮਾਨਸਿਕ ਤੌਰ 'ਤੇ ਤਅਸਬੀ ਹੋਵੇਗਾ, ਵਿਵਿਹਾਰਕ ਤੌਰ 'ਤੇ ਅਜਿਹਾ ਨਹੀਂ ਸੀ।

ਸਮੇਂ ਦੇ ਗੇੜ ਨਾਲ ਅਸੀਂ ਚੰਡੀਗੜ੍ਹ ਵਸਣ ਲੱਗ ਪਏ। ਇਕ ਵੇਲੇ ਚੰਡੀਗੜ੍ਹ ਪ੍ਰਸ਼ਾਸਨ ਨੇ ਸਰਵੇਖਣ ਕਰਕੇ ਪਤਾ ਲਾ ਲਿਆ ਕਿ ਹੱਡ-ਰੱਖਪੁਣਾ ਚੰਡੀਗੜ੍ਹੀਆਂ ਦੇ ਸੁਭਾਅ ਦਾ ਹਾਵੀ ਪਹਿਲੂ ਬਣ ਚੁੱਕਾ ਹੈ। ਸੋ ਉਨ੍ਹਾਂ ਦੇ ਹੱਡਾਂ ਦੇ ਆਰਾਮ ਲਈ ਲੋਕਾਂ ਦੇ ਘਰਾਂ ਦੇ ਮੁਢ ਹਰ ਸੈਕਟਰ ਵਿਚ ਚਾਰ ਚਾਰ ਮਿੰਨੀ ਮਾਰਕਿਟਾਂ ਬਣਾ ਦਿੱਤੀਆ। ਜਿਹੋ ਜਿਹੀਆਂ ਸਥਾਨਕ ਲੋਕਾਂ ਦੀਆਂ ਆਰਥਕ ਹਾਲਤਾਂ, ਉਹੋ ਜਿਹੀਆਂ ਲੋੜਾਂ ਤੇ ਉਹੋ ਜਿਹੀਆਂ ਹੀ ਮਿੰਨੀ ਮਾਰਕਿਟਾਂ ਵਿਚ ਦੁਕਾਨਾਂ ਖੁਲ੍ਹਣ ਲੱਗ ਪਈਆਂ। ਮਿਸਾਲ ਵਜੋਂ ਥੁੜੇ-ਟੁੱਟੇ ਵਸਨੀਕਾਂ ਕੋਲ ਸਾਈਕਲ ਰਿਕਸ਼ਿਆਂ ਨੂੰ ਪੰਚਰ ਲਾਉਣ ਵਾਲੇ, ਤੰਦੂਰਾਂ ਵਾਲੇ, ਹੋਮੋਪੈਥੀ ਦੇ ਡਾਕਟਰ, ਜੁੱਤੀਆਂ ਗੰਢਣ ਵਾਲੇ ਤੇ ਇਸ ਤਰ੍ਹਾਂ ਦੇ ਹੋਰ ਸੌਦਾਗਰਾਂ ਨੇ ਬੂਥ ਲੈ ਲਏ। ਅਮੀਰ ਸੈਕਟਰਾਂ ਵਿਚ ਵਧੀਆ ਢਾਬੇ, ਸਪੈਸ਼ਲਿਸਟ ਡਾਕਟਰ, ਕੋਕਾ ਕੋਲਾ, ਕੇਕ ਪੇਸਟਰੀ ਤੇ ਚਾਕਲੇਟ ਵੇਚਣ ਵਾਲਿਆਂ ਦੀਆਂ ਦੁਕਾਨਾਂ ਖੁਲ੍ਹ ਗਈਆਂ। ਸਾਡੇ ਹਿੱਸੇ ਆਈ ਮਿੰਨੀ ਮਾਰਕੀਟ ਵਿਚ ਇਕ ਮਨਮੌਜੀ ਨੇ ਆਂਡੇ, ਬਰੈਡ, ਸਿਗਰਟਾਂ ਤੇ ਤੀਲਾਂ ਦੀਆਂ ਡੱਬੀਆ ਦਾ ਚੌਖਟਾ ਫਿੱਟ ਕਰ ਦਿੱਤਾ ਤੇ ਉਪਰ ਮੋਟਾ ਕਰਕੇ ਲਿਖਵਾ ਦਿੱਤਾ, "ਪੀ.ਕੇ. ਬਰੈਡ ਐਂਡ ਐਗ ਸਟੋਰ"। ਦੁਕਾਨ ਖੋਲ੍ਹਦਿਆਂ ਹੀ ਸਭ ਤੋਂ ਪਹਿਲਾ ਤੇ ਸ਼ਾਇਦ ਦਿਨ ਦਾ ਇਕੋ ਇਕ ਕੰਮ ਉਹ ਇਹੀ ਕਰਦਾ ਸੀ ਕਿ ਇਕ ਰੱਸੀ ਨੂੰ ਧੂਫ ਦੀ ਤਰ੍ਹਾਂ ਧੁਖਾ ਕੇ ਇਕ ਪਾਸੇ ਲਟਕਾ ਦਿੰਦਾ ਸੀ। ਸਾਰਾ ਦਿਨ ਸਿਗਰਟ ਸੁਲਗਾਉਣ ਵਾਲਿਆਂ ਲਈ ਇਹ ਚੋਖੀ ਸਹੂਲਤ ਸੀ। ਇਹ ਮਨਮੌਜੀ ਮਧਰਾ ਜਿਹਾ ਗੰਜਾ ਨੌਜਵਾਨ ਸੀ ਜਿਸ ਨੂੰ ਅਸੀਂ ਲਿਖੇ ਹੋਏ ਬੋਰਡ ਅਨੁਸਾਰ ਪੀਕੇ ਕਹਿਣਾ ਸ਼ੁਰੂ ਕਰ ਦਿਤਾ। ਉਹ ਸੁਲਗਦੀ ਰੱਸੀ ਤੋਂ ਇਕ ਸਿਗਰਟ ਬਾਲ ਕੇ ਨਿੱਕਾ ਜਿਹਾ ਬਲੈਕ ਐਂਡ ਵਾਈਟ ਟੀ.ਵੀ. ਔਨ ਕਰ ਦਿੰਦਾ ਤੇ ਆਪ ਸਾਹਮਣੇ ਨਿੱਕੇ ਬੈਂਚ 'ਤੇ ਬੈਠ ਜਾਂਦਾ। ਬੱਸ ਫਿਰ ਉਸਨੂੰ ਉਥੋਂ ਗਾਹਕ ਤਾਂ ਕੀ ਦੁਨੀਆਂ ਦੀ ਕੋਈ ਤਾਕਤ ਨਹੀਂ ਸੀ ਉਤਾਰ ਸਕਦੀ। ਉਹ ਸਾਰਾ ਸਾਰਾ ਦਿਨ ਕ੍ਰਿਕਟ ਦੀ ਕੁਮੈਂਟਰੀ ਸੁਣਦਾ ਰਹਿੰਦਾ। ਉਸ ਭਲੇਮਾਣਸ ਨੇ ਕਦੇ ਆਂਡਾ ਚੁੱਕ ਕੇ ਗਾਹਕ ਨੂੰ ਨਹੀਂ ਸੀ ਦਿੱਤਾ। ਕਦੇ ਕਦਾਈਂ ਆਪ ਹੀ ਗਾਹਕ ਆਂਡੇ ਜਾਂ ਬਰੈਡ ਵਗੈਰਾ ਚੁਕ ਕੇ ਬਣਦੇ ਪੈਸੇ ਫੜਾ ਦਿੰਦੇ ਪਰ ਉਸਦੀਆਂ ਅੱਖਾਂ ਟੀ.ਵੀ. ਤੋਂ ਪਰ੍ਹੇ ਨਾ ਹੁੰਦੀਆਂ।

ਮੇਰੇ ਘਰਵਾਲੀ ਕਈ ਵਾਰੀ ਮੈਨੂੰ ਆਪਣੇ ਲਾਡਲੇ ਤੋਂ ਵਧੇਰੇ ਜ਼ਿੰਮੇਵਾਰ ਤੇ ਵਧੇਰੇ ਬਚਗਾਨਾ ਸਮਝ ਕੇ ਸਵੇਰੇ ਸਵੇਰੇ ਝੋਲਾ ਦੇ ਕੇ ਆਂਡੇ ਬਰੈਡ ਲੈਣ ਤੋਰ ਦਿੰਦੀ। ਇਕ ਦਿਨ ਮੈਨੂੰ ਅਜਿਹੇ ਹੀ ਮਿਸ਼ਨ 'ਤੇ ਭੇਜਿਆ ਤਾਂ ਮੈਂ ਜਾਂਦਾ ਹੀ ਕੁਮੈਂਟਰੀ ਸੁਣ ਰਹੇ ਪੀਕੇ ਦੀ ਚਾਲ ਵਿਚ ਆ ਗਿਆ। ਮੇਰੇ ਖੋਖੇ ਤੇ ਪਹੁੰਚਦਿਆਂ ਹੀ ਗਾਵਸਕਰ ਨੇ ਛੱਕਾ ਮਾਰ ਦਿੱਤਾ। ਬੱਸ ਫਿਰ ਕੀ ਸੀ, ਪੀਕੇ ਦੀ ਉਸ ਦਿਨ ਦੀ ਕਮਾਈ ਸ਼ੁਰੂ ਹੋ ਗਈ। ਉਸਨੇ ਮੈਨੂੰ ਆਉਂਦਿਆ ਨੂੰ ਹੀ ਬੋਚ ਲਿਆ ਤੇ ਬੈਂਚ 'ਤੇ ਬਿਠਾ ਲਿਆ ਜਿਵੇਂ ਮੈਂ ਕੁਝ ਲੈਣ ਹੀ ਨਹੀਂ ਆਇਆ ਹੁੰਦਾ। ਆਪਾਂ ਤਾ ਅੱਗੇ ਹੀ ਵਰਗਲਾਏ ਜਾਣ ਲਈ ਤਿਆਰ ਰਹਿੰਦੇ ਸਾਂ। ਬੱਸ ਫਿਰ ਵਕਤ ਤਾਂ ਸੁਲਗ ਰਹੀ ਰੱਸੀ 'ਤੇ ਹੀ ਬੀਤ ਰਿਹਾ ਸੀ। ਸੁਰਤ ਵਿਚ ਗਾਵਸਕਰ, ਕਿਰਮਾਨੀ, ਵੈਸਟ ਇੰਡੀਜ਼, ਵਿਕਟਾਂ, ਦੌੜਾਂ, ਕਲੀਨ ਬਊਲ, ਗੁਗਲੀ ਤੇ ਹੋਰ ਅਜਿਹਾ ਕੁਝ ਹੀ ਸੀ। ਪਤਾ ਨਹੀਂ ਘੰਟਾ ਬੀਤਿਆ ਜਾਂ ਦੋ; ਤਦੋਂ ਹੀ ਹੋਸ਼ ਆਈ ਜਦ ਮਾਂ ਦਾ ਲਾਡਲਾ ਮੇਰੀ ਬਾਂਹ ਹਲੂਣ ਰਿਹਾ ਸੀ। "ਕੀ ਹੈ?" ਮੈਂ ਖਿਝੇ ਹੋਏ ਨੇ ਕਿਹਾ। "ਪਾਪਾ ਮੰਮੀ ਕਹਿੰਦੀ ਹੈ ਬਰੈਡ ਆਂਡੇ ਰਹਿਣ ਦਿਓ, ਉਸਨੇ ਪਰੌਂਠੇ ਬਣਾ ਲਏ ਹਨ।" ਮੈਂ ਜਲੀ ਹੋਈ ਰੱਸੀ ਦੀ ਰਾਖ ਵੱਲ ਦੇਖਿਆ, ਉਸ ਦੇ ਵੱਟ ਕਾਇਮ ਸਨ ਤੇ ਮੈਂ ਘਰ ਵੱਲ ਛਾਲਾਂ ਚੁੱਕ ਲਈਆਂ। ਪੀਕੇ ਦਾ ਲਮਕਿਆ ਮੂੰਹ ਮੇਰੇ ਵੱਲ ਬਿਟ ਬਿਟ ਝਾਕ ਰਿਹਾ ਸੀ।




ਏਧਰ ਜਦ ਦਾ ਆਇਆ ਹਾਂ ਬੱਸ ਟੁੱਟੇ ਜਿਹੇ ਮਸਲਿਆਂ ਚ ਹੀ ਘਿਰਿਆ ਰਹਿੰਦਾ ਹੈ। ਪਰੂੰ ਪਰਾਰ ਕਾਰ ਦੇ ਸ਼ੀਸ਼ਿਆਂ ਨੇ ਸਾਹ ਨਹੀਂ ਲੈਣ ਦਿੱਤਾ। ਹੁਣ ਕੀ ਹੋਇਆ ਕਿ ਇਸਦਾ ਖਸਤਾ ਮਫ਼ਲਰ ਇਕ ਸਾਲ ਤੇ ਪੌਣੇ ਸੱਤ ਮਹੀਨਿਆਂ ਵਿਚ ਚੌਥੀ ਵਾਰ ਭਰੜਾਉਣ ਲੱਗ ਪਿਆ। ਤਿੰਨ ਵਾਰੀ ਮੱਲ੍ਹਮ-ਪੱਟੀਆਂ ਕੀਤੀਆਂ ਜਿਸ ਕਰਮ ਨੂੰ ਮਕੈਨਿਕਾਂ ਨੇ ਆਪਣੀ ਭਾਸ਼ਾ 'ਚ ਪੈਚ ਲਾਉਣਾ ਕਿਹਾ। ਇੱਕ ਅਲਪ-ਜਾਣਕਾਰ ਨੇ ਕਾਰ ਸੁੱਟ ਦੇਣ ਯਾਨਿ ਡੋਨੇਟ ਕਰ ਦੇਣ ਦੀ ਸਲਾਹ ਦਿੱਤੀ ਪਰ ਸੁੱਟਣ ਵਾਲੀ ਗੱਲ ਤਾਂ ਆਪਾਂ ਸੁੱਟ ਹੀ ਦੇਈਦੀ ਹੈ। ਹਾਂ, ਜਿਸਨੇ ਜੰਕਯਾਰਡ ਤੋਂ ਨਵਿਆਂ ਵਰਗਾ ਵਰਤਿਆ ਹੋਇਆ ਮਫ਼ਲਰ ਲਿਆਉਣ ਦੀ ਗੱਲ ਕਹੀ ਉਹ ਕੰਨਾਂ ਨੂੰ ਕਾਫ਼ੀ ਮਿੱਠੀ ਤੇ ਦਿਮਾਗ ਨੂੰ ਚੋਖੀ ਪੁਖ਼ਤਾ ਲੱਗੀ। ਇਕ ਹੰਢੇ-ਵਰਤੇ ਹੱਡ-ਹਰਾਮੀ ਜੰਕਯਾਰਡ ਵਾਲੇ ਨਾਲ ਆਪਣਾ ਪਹਿਲਾ ਖ਼ੁਸ਼ਗਵਾਰ ਮੇਲ ਮੈਂ ਬਿਆਨ ਕਰ ਚੁਕਾ ਹਾਂ। ਇਹ ਮਸਤ ਮੌਲਾ ਮੈਨੂੰ ਫਿਰ ਅਗੰਮੀ ਧੂਹ ਪਾਉਣ ਲੱਗ ਪਿਆ। ਕੋਈ ਰਾਜ਼ ਦੀ ਗੱਲ ਸੀ ਕਿ ਜਾਣਦਿਆਂ ਹੋਇਆਂ ਕਿ ਇਹ ਸ਼ਖਸ ਹੱਡ-ਹਰਾਮੀ ਹੈ, ਮੇਰੇ ਆਪਣੇ ਹੱਡ-ਰੱਖ ਮਨ ਨੇ ਇਸਦੀ ਸਿਫਾਰਿਸ਼ ਕਰ ਦਿੱਤੀ।

ਭਰੜ ਭਰੜ ਕਰਦੀ ਕਾਰ ਮੈਂ ਪਲਿਮਥ ਦੀਆਂ ਸੜਕਾਂ 'ਤੇ ਦਬੱਲ ਦਿੱਤੀ। ਚਾਰ-ਚੁਫੇਰੇ ਬਰਫ਼ ਨੇ ਹਰ ਚੀਜ਼ ਨੂੰ ਬਰਫ਼ ਵਿਚ ਲਾਇਆ ਹੋਇਆ ਸੀ। 'ਉਹ ਬੈਠਾ ਹੋਵੇਗਾ ਪਹਿਲਾਂ ਵਾਂਗ, ਕੁੰਗੜਿਆ ਹੋਇਆ, ਸਭ ਕਾਸੇ ਤੋਂ ਬੇਖਬਰ। ਚਲੋ ਹੋਰ ਨਹੀਂ ਤਾਂ ਉਸਦੀ ਕਵਿਤਾ ਸੁਣਾਂਗੇ, ਦੇਖਾਂਗੇ ਉਸਦੀ ਕਲਾ ਨੇ ਕੁਝ ਵਿਕਾਸ ਕੀਤਾ ਹੈ।' ਤੇ ਮੈਂ ਉਸਦੇ ਆਫਿਸ ਵਿਚ ਸਾਂ। ਸਾਹਮਣੇ ਕਾਊਂਟਰ 'ਤੇ ਖੜਾ ਅਤੇ ਕੰਪਿਊਟਰ 'ਤੇ ਟਿਕ ਟਿਕ ਕਰਦਾ ਇਕ ਚੁਸਤ-ਫੁਰਤ ਅਧਖੜ ਆਯੂ ਦਾ ਵਿਅਕਤੀ ਨਜ਼ਰ ਆਇਆ। 'ਕੀ ਇਹ ਓਹੀ ਕਵੀ ਹੈ? ਉਸਦੇ ਤਾਂ ਦਾਹੜੀ ਕੇਸ ਉਲਝੇ ਹੋਏ ਸਨ, ਇਸਨੇ ਤਾਂ ਖਤ ਕਢੇ ਹੋਏ ਹਨ।' ਮੈਂ ਇਸ ਸੋਚ ਵਿਚਾਰ ਵਿਚ ਹੀ ਸੀ ਕਿ ਖਤ ਕਢੇ ਵਿਅਕਤੀ ਨੇ ਪੁਛਿਆਂ,"ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ?" ਮੈਂ ਚੌਂਕ ਪਿਆ, ਇਹ ਤਾਂ ਓਹੀ ਆਵਾਜ਼ ਸੀ। ਪਰ ਇਹ ਹੋਰ ਦਾ ਹੋਰ ਦਿਸ ਰਿਹਾ ਹੈ? ਇਕ ਅਲਬੇਲਾ ਕਵੀ ਸਿੱਕੇਬੰਦ ਕਾਰੋਬਾਰੀ ਪੁਰਸ਼ ਬਣਿਆ ਪਿਆ ਸੀ। ਇਕ ਛਿਣ ਮੇਰੇ ਮਨ ਵਿਚ ਆਇਆ, ਜਿਵੇਂ ਮੈਂ ਕੋਈ ਮਹਿਰਮ ਦੋਸਤ ਗੁਆ ਲਿਆ ਹੋਵੇ। ਅੱਖਾਂ ਨੂੰ ਯਕੀਨ ਨਹੀਂ ਸੀ ਆ ਰਿਹਾ। ਮੈਨੂੰ ਮਫ਼ਲਰ ਭੁਲ ਗਿਆ, ਬੱਸ ਉਸ ਬੰਦੇ ਦੀ ਕਾਇਆਕਲਪ ਨੇ ਦਿਮਾਗ ਖੜਕਾ ਦਿੱਤਾ, "ਪਹਿਲਾਂ ਦੱਸ ਤੂੰ ਓਹੀ ਏਂ ਜੋ ਕਵਿਤਾ ਲਿਖਦਾ ਹੁੰਦਾ ਸੀ?"

"ਬਿਲਕੁਲ, ਸੌ ਫੀ ਸਦੀ, ਮੈਨੂੰ ਯਾਦ ਆ ਰਿਹਾ ਹੈ, ਤੁਸੀਂ ਇਕ ਵਾਰੀ ਜ਼ਬਰਦਸਤੀ ਮੇਰੀ ਕਵਿਤਾ ਸੁਣੀ ਸੀ।" ਤੇ ਉਹ ਹੱਸਣ ਲੱਗ ਪਿਆ। "ਕੀ ਹੁਣ ਵੀ ਕਵਿਤਾ ਸੁਣਾਏਂਗਾ?" ਮੈਂ ਜਾਨਣਾ ਚਾਹਿਆ।"

"ਤੁਸੀਂ ਮੇਰੀ ਕਵਿਤਾ ਸੁਣਨੀ ਚਾਹੁੰਦੇ ਹੋ? ਤੁਹਾਨੂੰ ਨਿਰਾਸ਼ਾ ਹੋਵੇਗੀ।" ਤੇ ਉਸਨੇ ਕੂੜੇਦਾਨ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਔਹ ਗਈ ਕਵਿਤਾ।" ਮੈਂ ਬੌਂਦਲ ਗਿਆ, "ਇਹ ਚਮਤਕਾਰ ਕਿਵੇਂ ਹੋ ਗਿਆ?" "ਬੱਸ ਹੋ ਗਿਆ, ਘਰ ਵਿਚ ਕੁਝ ਖਾਣ ਨੂੰ ਨਹੀਂ, ਉਪਰੋਂ ਇਹ ਔਖੇ ਦਿਨ, ਮੇਰੀ ਕੰਮ ਕਰਦੀ ਪਤਨੀ ਬੱਚੇ ਛੱਡ ਕੇ ਕਿਸੇ ਹੋਰ ਨਾਲ ਦੌੜ ਗਈ। ਕੋਈ ਚਾਰਾ ਨਹੀਂ ਸੀ। ਤੇ ਮੈਂ ਸੋਚ ਕੇ ਕਵਿਤਾਵਾਂ ਨੂੰ ਅੱਗ ਲਾ ਦਿੱਤੀ, ਖੈਰ ਛੱਡੋ ਤੁਹਾਨੂੰ ਕੀ ਚਾਹੀਦਾ?" ਅੱਗੋਂ ਉਸ ਨਾਲ ਕਾਰੋਬਾਰੀ ਗੱਲਬਾਤ 'ਚ ਪੈਣ ਲਈ ਮੈਂ ਤਿਆਰ ਨਹੀਂ ਸਾਂ। ਮੇਰੀ ਕੂੜੇਦਾਨ 'ਚ ਵਿਲਕਦੀ ਕਵਿਤਾ ਵਿਚ ਸੁਤਾ ਸੀ ਤੇ ਉਸਦੀ ਕਬਾੜ ਵੇਚਣ ਵਿਚ।

#

# ਏਨਾ ਪਿਆਰ ਨਾ ਮੈਨੂੰ ਕਰ ਅੜੀਏ ਫਿਰ ਔਖੀ ਹੋਵੇਂਗੀ

**ਗੱਲੀਂ-ਬਾਤੀਂ**



ਐਸ. ਅਸ਼ੋਕ ਭੌਰਾ

ਫੋਨ: 925-752-8025

*ਜਿਹੜੇ ਤੁਰ ਕੇ ਸਫਰ ਤੈਅ ਕਰਨ ਨਾਲੋਂ ਛਾਲ ਮਾਰ ਕੇ ਛੇਤੀ ਮੁਕਾ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਸੱਟ ਫੇਟ ਵੱਜਣੀ ਹੀ ਹੁੰਦੀ ਹੈ। ਪਿਆਰ ਦੇ ਕਈ ਮਾਮਲਿਆਂ 'ਚ ਕਾਹਲ ਨੇ ਨੁਕਸਾਨ ਬਹੁਤ ਕੀਤੇ ਹਨ। ਰਾਂਝੇ ਨੂੰ ਪਿਆਰ ਨਾਲੋਂ ਭਾਬੀਆਂ ਦਾ ਤਾਅਨਾ ਪੂਰਾ ਕਰਨ ਦੀ ਕਾਹਲ ਨੇ ਖੱਜਲ ਕੀਤਾ। ਹੀਰ ਬਹੁਤਾ ਪਿਆਰ ਜਤਾਉਣ ਦੀ ਖਾਤਰ ਰੋਟੀ ਦੀ ਥਾਂ ਚੂਰੀ ਦਾ ਛੰਨਾ ਭਰ ਕੇ ਲੈ ਕੇ ਜਾਣ ਲੱਗ ਪਈ। ਪ੍ਰੇਮੀਆਂ ਦੇ ਇਸ ਰੋਗ ਦਾ ਇਲਾਜ ਹਾਲੇ ਤੀਕਰ ਕਿਸੇ ਵੀ ਵੈਦ ਤੋਂ ਨਹੀਂ ਹੋਇਆ। ਇਹ ਰੋਗ ਵਧਦਾ ਹੀ ਗਿਆ ਹੈ, ਘਟਿਆ ਨਹੀ, ਕਿਉਂਕਿ ਜਦੋਂ ਉਹ ਮਿਲਦੇ ਹਨ ਤਾਂ ਸੌਂਦੇ ਨਹੀਂ ਤੇ ਜਦੋਂ ਪਰੇ ਹੋ ਜਾਣ ਤਾਂ ਨੀਂਦ ਨ੍ਹੀਂ ਆਉਂਦੀ। ਜੀਭ ਦੇ ਹਰ ਵੇਲੇ ਤਿਲਕਨ ਦਾ ਡਰ ਇਸ ਕਰਕੇ ਬਣਿਆ ਰਹਿੰਦਾ ਹੈ ਕਿਉਂਕਿ ਇਹ ਗਿੱਲੀ ਰਹਿੰਦੀ ਹੈ। ਪ੍ਰੇਮੀ ਮਿਲਣ ਲੱਗਿਆਂ ਵੀ ਵਿਛੋੜੇ ਦੇ ਦਰਦ ਦਾ ਸੇਕ ਵਧ ਮਾਣ ਰਹੇ ਹੁੰਦੇ ਹਨ। ਬਹੁਤ ਸਾਰੇ ਪ੍ਰੇਮੀ ਪਤੀ ਤਾਂ ਬਣ ਗਏ ਪਰ ਉਹ ਪ੍ਰੇਮਿਕਾ ਤੋਂ ਪਤਨੀ ਬਣੀ ਔਰਤ ਦੇ ਸੁਪਨਿਆਂ 'ਚ ਗੁਆਚ ਨਾ ਸਕੇ। ਜਦੋਂ ਕਿ ਵਿਆਹ ਤੋਂ ਪਹਿਲਾਂ ਦੋਹਾਂ ਦੀ ਸੋਚ ਇਹ ਹੁੰਦੀ ਹੈ ਕਿ ਇਕ ਦੂਜੇ ਦੀ ਹਾਜ਼ਰੀ ਬਿਨ ਲੰਘਣ ਵਾਲਾ ਸਮਾਂ ਬੇਅਰਥ ਜਾ ਰਿਹਾ ਹੈ। ਇਹ ਘਟਨਾਵਾਂ ਜੁਆਨੀ 'ਚ ਹੀ ਵਾਪਰਦੀਆਂ ਹਨ ਕਿ ਮਨੁੱਖ ਜਿਸਨੂੰ ਚਾਹੁੰਦਾ ਹੈ ਜੇ ਉਹ ਮੁਸਕਰਾ ਕੇ ਅੱਖਾਂ ਮੀਚ ਲਵੇ ਜਾਂ ਚੁੰਨੀ ਦਾ ਲੜ ਦੰਦਾਂ ਹੇਠ ਦੇ ਕੇ ਸ਼ਰਮਾ ਜਾਵੇ ਤਾਂ ਪ੍ਰੇਮੀ ਸਮਝ ਰਿਹਾ ਹੁੰਦੈ ਕਿ ਮੈਂ ਦੁਨੀਆਂ 'ਚ ਆਮ ਤੋਂ ਖਾਸ ਮਨੁੱਖ ਬਣ ਗਿਆ ਹਾਂ। ਜਿਹੜੇ ਇਹ ਕਹਿੰਦੇ ਨੇ ਕਿ ਅਸੀਂ ਹੀਰ ਦੀ ਕਬਰ 'ਤੇ ਫੁੱਲ ਚੜ੍ਹਾ ਕੇ ਆਏ ਹਾਂ, ਸੋਹਣੀ ਦੇ ਝਨਾਂ ਦਾ ਘੁੱਟ ਭਰ ਕੇ ਆਏ ਹਾਂ, ਅਸਲ ਵਿਚ ਉਹ ਝੂਰ ਹੀ ਰਹੇ ਹੁੰਦੇ ਨੇ, ਪਿਆਰ ਸਾਥੋਂ ਕਿਉਂ ਨਾ ਕੀਤਾ ਗਿਆ? ਮਨੁੱਖ ਦੀ ਜੇਬ੍ਹ ਵਿਚ ਬਟੂਆ ਰਿਮੋਟ ਹੀ ਹੁੰਦਾ ਹੈ ਕਿ ਸਾਧਾਰਨ ਦੁਕਾਨ ਤੇ ਚਲਣੈ ਕਿ ਵੱਡੇ ਸ਼ੋਅ ਰੂਮ 'ਤੇ। ਇਵੇਂ ਪ੍ਰੇਮੀਆਂ ਲਈ ਅੱਖਾਂ ਨਹੀਂ ਇਸ਼ਾਰੇ ਕੰਟਰੋਲ ਰੂਮ ਹੁੰਦੇ ਨੇ। ਉਦਾਸੀ ਤੇ ਪਿਆਰ ਦਾ ਰਿਸ਼ਤਾ ਬਹੁਤ ਗੂੜ੍ਹਾ ਹੈ ਇਸੇ ਲਈ ਉਦਾਸ ਹੋਇਆ ਪ੍ਰੇਮੀ ਸੋਚਦਾ ਹੈ ਸ਼ਾਇਦ ਮੱਸਿਆ ਦੀ ਰਾਤ ਨੂੰ ਵੀ ਚੰਨ ਚੜ ਆਵੇ। ਸਰੀਰਕ ਸਮੱਸਿਆਵਾਂ, ਸਮਾਜਿਕ ਦਬਾਓ ਕਾਰਨ ਔਰਤ ਚਿੜਚਿੜੀ ਹੋ ਜਾਵੇ ਤਾਂ ਵੱਖਰੀ ਗੱਲ ਹੈ, ਉਂਜ ਪਿਆਰ ਦੀ ਰਣਭੂਮੀ ਤੇ ਕਬਜ਼ਾ ਉਸੇ ਦਾ ਹੀ ਹੈ ਪਰ ਫਿਰ ਵੀ...।*

ਜ਼ਿੰਦਗੀ ਵਿਚ ਵੱਡੇ ਘਾਟੇ ਉਦੋਂ ਪੈਣ ਦੇ ਆਸਾਰ ਹੁੰਦੇ ਨੇ ਜਦੋਂ ਤਜ਼ਰਬਿਆਂ ਤੋਂ ਵੀ ਸਬਕ ਨਾ ਸਿੱਖੀਏ। ਪੰਜਾਹ ਸਾਲਾਂ ਦੀ ਉਮਰ ਵਿਚ ਬੰਦੇ ਨੇ ਜੋ ਬਣਨਾ ਹੁੰਦਾ ਹੈ, ਬਣ ਗਿਆ ਹੁੰਦਾ ਹੈ, ਜੋ ਸਿੱਖਣਾ ਹੁੰਦਾ ਹੈ ਸਿੱਖ ਲਿਆ ਹੁੰਦਾ ਹੈ ਤੇ ਜੇ ਇਸ ਉਮਰ ਵਿਚ ਵੀ ਕੋਈ ਅਜਿਹੀ ਗਲਤੀ ਕਰੇ ਕਿ ਜੁੱਤੀਆਂ ਖਾਣ ਨੂੰ ਥਾਂ ਹੋ ਜਾਵੇ ਤਾਂ ਸਮਝੋ ਤੁਹਾਡੀਆਂ ਗਿਆਨ ਇੰਦਰੀਆਂ ਨੂੰ ਲਕਵਾ ਹੋ ਗਿਆ ਹੈ। ਜਵਾਨੀ ਦੀਆਂ ਗਲਤੀਆਂ ਨੂੰ ਸਮਾਜ ਇਸ ਕਰਕੇ ਮੁਆਫ ਕਰ ਦੇਂਦਾ ਹੈ ਕਿ ਇਹ ਜੋਸ਼ ਤੇ ਨਿਆਣਪੁਣੇ ਕਾਰਨ ਹੋ ਜਾਂਦੀਆਂ ਹਨ ਤੇ ਜਿਹੜਾ ਬੁੱਢੇਵਾਰੇ ਨਾ ਹਟੇ ਤਾਂ ਉਹ ਜਵਾਨ ਸਮਝਣ ਦੇ ਭਰਮ ਵਿਚ ਕੁਰਾਹੇ ਪਿਆ ਹੋਇਆ ਹੈ। ਬੁਢਾਪੇ 'ਚ ਕੋਈ ਗਲਤੀ ਜਾਂ ਠੇਡਾ ਖਾ ਕੇ ਡਿਗੇ ਤਾਂ ਕੋਈ ਨ੍ਹੀਂ ਚੁੱਕਦਾ, ਸਗੋਂ ਕੋਲੋਂ ਲੰਘਣ ਵਾਲੇ ਕਹਿ ਜਾਂਦੇ ਨੇ ਪਿਆ ਰਹਿਣ ਦੇ ਆਪੇ ਉੱਠੂ, ਸ਼ਰਮ ਨ੍ਹੀਂ ਆਉਂਦੀ ਧੌਲਾ ਝਾਟਾ। ਅਸਲ ਵਿਚ ਜ਼ਿੰਦਗੀ ਪ੍ਰਤੀ ਸੋਚ, ਸਲੀਕਾ ਤੇ ਦ੍ਰਿਸ਼ਟੀਕੋਣ ਵਧਦੀ ਉਮਰ ਦੇ ਲਿਹਾਜ਼ ਨਾਲ ਬਦਲ ਜਾਣੀ ਚਾਹੀਦੀ ਹੈ। ਪਰ ਕਈ ਲੋਕ ਉਪਦੇਸ਼ ਤਾਂ ਇਹੋ ਦਿੰਦੇ ਰਹਿੰਦੇ ਨੇ ਬੇਈਮਾਨੀ ਪਾਪ ਹੈ, ਪਰ ਸ਼ਰੀਫਾਂ ਦੀਆਂ ਜੇਬਾਂ 'ਚ ਹੱਥ ਪਾਉਣੋਂ ਨ੍ਹੀਂ ਹਟਦੇ। ਕਈ ਢੰਡੋਰਾ ਤਾਂ ਮਾਂ-ਬਾਪ ਤੋਂ ਮਿਲੇ ਚੰਗੇ ਸੰਸਕਾਰਾਂ ਦਾ ਪਿੱਟਦੇ ਨੇ ਪਰ ਕਰਤੂਤਾਂ ਮਾਂ ਦੀ ਕੁੱਖ ਤੇ ਪਿਓ ਦੀ ਪੱਗ ਨੂੰ ਦਾਗ ਲਾਉਣ ਵਾਲੀਆਂ ਕਰਦੇ ਹਨ। ਕਹਿ ਸਕਦੇ ਹਾਂ;

ਵੇਖੋ ਕੈਸੀ ਜ਼ਮਾਨੇ ਦੀ ਹਵਾ ਬਦਲੀ,<br>
ਭੋਰਾ ਸ਼ਰਮ ਹਯਾ ਨਾ ਸੰਗ ਮੀਆਂ।<br>
ਬਾਤ ਗੈਰਾਂ ਦੀ ਹੋਵੇ ਤਾਂ ਰੋਸ ਕਰੀਏ,<br>
ਇਥੇ ਆਪਣੇ ਮਾਰਦੇ ਡੰਗ ਮੀਆਂ।<br>
ਬਾਪੂ ਗੋਡਿਆਂ 'ਚ ਦੇ ਕੇ ਮੂੰਹ ਰੋਵੇ<br>
ਪੁੱਤ ਦੇਖ ਕੇ ਬੈਲੀ ਮਲੰਗ ਮੀਆਂ।<br>
ਕੰਤ ਜਿਉਂਦਿਆਂ ਓਪਰੀ ਸੇਜ ਮਾਣੇ<br>
ਬੁੱਢੇਵਾਰੇ ਕੀ ਚੜ੍ਹ ਗਿਆ ਰੰਗ ਮੀਆਂ।<br>
ਕਦੀ ਬੁੱਢਿਆਂ ਨੂੰ ਇਸ਼ਕ ਦਾ ਰੋਗ ਲੱਗਾ<br>
ਹੋਇਆ ਕਾਫੀਆ ਬੰਦੇ ਦਾ ਤੰਗ ਮੀਆਂ।

ਆਪਣੇ-ਆਪ ਨੂੰ ਮਰਦ ਕਹਾਉਣ ਦਾ ਭਰਮ ਪਾਲਣ ਵਾਲਾ ਮਨੁੱਖ ਅਸਲ ਵਿਚ ਇਸ ਮਰਦਾਨਗੀ ਹੇਠ ਗਲਤੀਆਂ ਤੇ ਕਮਜ਼ੋਰੀਆਂ ਦਾ ਢੇਰ ਲਗਾਈ ਬੈਠਾ ਹੁੰਦਾ ਹੈ। ਵਿਆਖਿਆ ਸੁਣਨੀ ਹੈ ਤਾਂ ਇਹੋ ਹੈ ਕਿ ਜਦੋਂ ਔਰਤ ਮੁਹੱਬਤ ਦਾ ਪਾਠ ਪੜ੍ਹਾਉਂਦੀ ਹੈ ਤਾਂ 'ਕੱਲਾ ਰਹਿਣ ਜੋਗਾ ਨ੍ਹੀਂ ਛੱਡਦੀ। ਔਰਤ ਦਾ ਪਿੱਛਾ ਪਹਿਲਾਂ ਮਰਦ ਕਰਦੇ ਹਨ ਪਰ ਬਾਅਦ ਵਿਚ ਫਤ ਕੇ ਔਰਤਾਂ ਰਖਦੀਆਂ ਹਨ। ਮੈਂ ਨਾ ਮਾਨੂੰ ਕਹਿਣ ਵਾਲਾ ਬੰਦਾ ਬਹੁਤੀ ਥਾਈਂ ਔਰਤ ਦਾ ਜਮੂਰਾ ਹੁੰਦਾ ਹੈ। ਕਿਉਂਕਿ ਉਹ ਜਾਣਦੀ ਹੈ ਕਿ ਜੇ ਇਹ ਤੋਂ ਗੱਲ ਮਨਾਉਣੀ ਹੈ ਤਾਂ ਇਹਦੀ ਗੱਲ ਧਿਆਨ ਨਾਲ ਸੁਣੋ। ਪਿਆਰ ਸਿਰਫ ਔਰਤ ਦਾ ਖੇਤਰ ਹੈ, ਮਰਦ ਇਸ ਅਖਾੜੇ ਵਿਚ ਸਿਰਫ ਦਰਸ਼ਕ ਹੁੰਦਾ ਹੈ।

ਪਿਆਰ ਜੇ ਔਰਤ ਵਲੋਂ ਸ਼ੁਰੂ ਕੀਤਾ ਜਾਵੇ ਤਾਂ ਇਹ ਭਰਮਾਉਣ ਦੀ ਕਲਾ ਨਾਲ ਸ਼ੁਰੂ ਹੁੰਦਾ ਹੈ, ਕਿਉਂਕਿ ਇਹੋ ਉਹਦੇ ਕੋਲ ਸਭ ਤੋਂ ਵੱਡਾ ਬ੍ਰਹਮ-ਅਸਤਰ ਹੈ। ਪਿਆਰ ਵਿਚ ਔਰਤ ਹੱਸੇ, ਮਰਦ ਰੋਵੇ, ਗੱਲ ਬਣਦੀ ਨਹੀਂ ਕਿਉਂਕਿ ਰੋਂਦਾ ਮਰਦ ਤੇ ਹੱਸਦੀ ਔਰਤ ਅਕਸਰ ਵਫਾਦਾਰ ਨਹੀਂ ਹੁੰਦੇ। ਰੋਣਾ ਔਰਤ ਦਾ ਖੇਤਰ ਹੈ ਤੇ ਹੱਸਣਾ ਮਰਦ ਦਾ। ਪਿਆਰ ਕਹਿੰਦੇ ਨੇ ਕੀਤਾ ਨਹੀਂ ਹੋ ਜਾਂਦਾ ਹੈ, ਤੇ ਪਿਆਰ ਹੁੰਦਾ ਆਇਆ ਹੈ ਤੇ ਹੁੰਦਾ ਵੀ ਰਹੇਗਾ। ਪਿਆਰ ਵਾਲੇ ਕਿੱਸੇ-ਕਹਾਣੀਆਂ ਬੜੇ ਸੁਣੇ ਨੇ। ਹੀਰ-ਰਾਂਝਾ, ਸੱਸੀ-ਪੁੰਨੂ, ਸ਼ੀਰੀ-ਫਰਿਆਦ, ਲੈਲਾ-ਮਜਨੂੰ, ਸੋਹਣੀ-ਮਹੀਂਵਾਲ ਤੱਕ ਪਿਆਰ ਇਸ਼ਕ-ਹਕੀਕੀ ਮੰਨਿਆ ਜਾਂਦਾ ਹੈ। ਤੇ ਮਿਰਜ਼ੇ ਦਾ ਨਾਂ ਜਦੋਂ ਔਰਤ ਤੋਂ ਪਹਿਲਾਂ ਆ ਗਿਆ ਤਾਂ ਇਸਨੂੰ ਮਜਾਜੀ ਕਿਹਾ ਜਾਣ ਲੱਗ ਪਿਆ। ਪਿਆਰ ਕਰਨ ਵਾਲੇ ਇਨ੍ਹਾਂ ਪਾਤਰਾਂ 'ਤੇ ਬੜੀਆਂ ਫਿਲਮਾਂ ਬਣੀਆਂ ਹਨ, ਬਣ ਰਹੀਆਂ ਹਨ, ਬੜੇ ਸੀਰੀਅਲ ਚੱਲੇ ਹਨ ਪਰ ਜਦੋਂ ਸਰਸਰੀ ਵਿਚਾਰ ਕੇ ਵੇਖਿਆ ਕਿ ਇਨ੍ਹਾਂ ਨੇ ਸਮਾਜ ਨੂੰ ਕੁਝ ਦਿੱਤਾ ਵੀ ਹੈ? ਹਾਂ ਏਨਾ ਜ਼ਰੂਰ ਹੋਇਆ ਹੈ ਕਿ ਵਾਰਿਸ ਸ਼ਾਹ ਹੀਰ ਲਿਖ ਕੇ ਅਮਰ ਹੋ ਗਿਆ ਹੈ। ਦਮੋਦਰ ਨੇ ਹੀਰ ਦੇ ਹਰ ਬੈਂਤ ਤੇ ਕਥਿਤ ਛੰਦ ਦੀ ਗੱਲ 'ਆਖ ਦਮੋਦਰ ਅੱਖੀ ਡਿੱਠਾ' ਨਾਲ ਕਹਿ ਕੇ ਮੁਕਾਈ ਹੈ। ਕਹਿਣ ਵਾਲੇ ਕਹਿੰਦੇ ਨੇ ਕਿ ਉਹ ਉਸ ਵੇਲੇ ਸਿਆਲਾਂ ਦਾ ਪਟਵਾਰੀ ਸੀ। ਕਮਾਲ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਪਿਆਰ ਦੀ ਭਿਣਕ ਹੀਰ ਦੇ ਬਾਪ ਚੂਚਕ ਨੂੰ ਨਹੀਂ ਸੀ, ਦਮੋਦਰ ਕਿਹੜੇ ਸੈਟੇਲਾਈਟ ਰਾਹੀਂ ਵੇਖਦਾ ਰਿਹਾ? ਅਸਲ ਵਿਚ ਹੋਰ ਗਹਿਰ-ਗੰਭੀਰਤਾ ਨਾਲ ਵੇਖੋ ਤਾਂ ਹੀਰ ਤੇ ਸਾਹਿਬਾਂ ਭੂਆ-ਭਤੀਜੀ ਸਨ। ਸਹਿਤੀ ਹੀਰ ਦੀ ਨਨਾਣ ਸੀ। ਮਿਰਜ਼ਾ ਸਾਹਿਬਾਂ ਦੇ ਮਾਮੇ ਦਾ ਪੁੱਤ ਤੇ ਪਿਆਰ ਨੇ ਮੱਤ ਇਸੇ ਕੁਣਬੇ ਦੀ ਮਾਰੀ ਰੱਖੀ। ਬੀਬੋ ਮਾਸੀ ਮਿਰਜ਼ੇ ਦਾ ਖਤ ਸਾਹਿਬਾਂ ਨੂੰ ਦੇਂਦੀ ਰਹੀ, ਜੇ ਭੂਆ ਦੀ ਧੀ ਮਾਮੇ ਦੇ ਪੁੱਤ ਨਾਲ ਘਰਦਿਆਂ ਤੋਂ ਬਾਗੀ ਹੋ ਕੇ ਨਿਕਲ ਜਾਵੇ ਤੇ ਉਹ ਵੀ ਨਿਕਾਹ ਤੋਂ ਪਹਿਲੀ ਰਾਤ ਨੂੰ, ਧਰਤੀ ਤੇ ਭੂਚਾਲ ਆਊ ਕਿ ਨਾ? ਸੋਚਣ ਵਾਲੀ ਗੱਲ ਇਹ ਹੈ ਕਿ ਸਾਹਿਬਾਂ ਦੇ ਵੀਰ ਸ਼ਮੀਰ ਹੋਰੀਂ ਜੰਡ ਹੇਠ ਮਿਰਜ਼ੇ ਨੂੰ ਵੱਢਦੇ ਨਾ ਤਾਂ ਹੋਰ ਕੀ ਕਰਦੇ? ਦੁੱਖ ਭੈਣ ਦਾ ਸੀ ਤੇ ਚੰਗੀ ਗੱਲ ਹੈ ਕਿ ਉਨ੍ਹਾਂ ਨੇ ਸਿਰਫ ਮਿਰਜ਼ਾ ਢਾਹਿਆ, ਅੱਜ ਦੇ ਜ਼ਮਾਨੇ 'ਚ ਤਾਂ ਵਿਚਾਰੇ ਮਿਰਜ਼ੇ ਦੀ ਮਾਂ ਤੇ ਬਾਪ ਵੀ ਥਾਣਿਆਂ 'ਚ ਰੁਲਦੇ ਨੇ। ਭੈਣਾਂ ਬੇਪੱਤ ਹੁੰਦੀਆਂ ਨੇ ਤੇ ਸਾਰਾ ਟੱਬਰ ਪੁਲਿਸ ਤੋਂ ਛਿੱਤਰ ਖਾਣ ਲਈ ਮਜਬੂਰ ਹੁੰਦੈ।

ਕਹਿੰਦੇ ਨੇ ਸ਼ਰੀਕ ਉਦੋਂ ਮਸਤ ਹੁੰਦੇ ਜਦੋਂ ਸ਼ਰੀਕ ਦੀ ਧੀ ਨਿਕਲੇ। ਜਿਸ ਕੈਦੋਂ ਨੇ ਸੱਥ 'ਚ ਬੈਠੇ ਚੂਚਕ ਦੇ ਪੈਰਾਂ 'ਚ ਪੱਗ ਇਸ ਕਰਕੇ ਲਾਹ ਕੇ ਮਾਰੀ ਸੀ ਕਿ ਤੇਰੀ ਧੀ ਆਪਣੇ ਪਸ਼ੂ ਚਾਰਨ ਵਾਲੇ ਮਲੰਗ ਰਾਂਝੇ ਨਾਲ ਤੁਰ ਜਾਣੀ ਆ, ਆਪਾਂ ਲੁੱਟੇ ਜਾਵਾਂਗੇ। ਅਸਲ ਵਿਚ ਹੀਰ ਨੂੰ ਮਰਾਉਣ ਤੱਕ ਉਹਦਾ ਸਾਰਾ ਜ਼ੋਰ ਭਰਾ ਨਾਲ ਸ਼ਰੀਕੇਬਾਜ਼ੀ ਕਰਦਿਆਂ ਲੰਘ ਗਿਆ ਸੀ। ਇਸ ਕਰਕੇ ਕਿ ਚੂਚਕ ਵੰਡਈ ਬਾਅਦ ਕੇ ਲਗਦੇ ਕੈਦੋਂ ਦੀ ਜ਼ਮੀਨ ਵੀ ਹੜੱਪੀ ਬੈਠਾ ਸੀ, ਭੈਣ ਦੀ ਗੱਲ ਉਹ ਘੱਟ ਕਰਦਾ ਸੀ। ਹਾਲਾਂਕਿ ਹੀਰ ਤੇ ਸਾਹਿਬਾਂ ਇਸ਼ਕ ਉਮਰ ਵਿਚ ਹਾਣੀ ਸਨ। ਵਾਰਿਸ ਸ਼ਾਹ ਤੇ ਦਮੋਦਰ ਤੋਂ ਬਾਅਦ ਮਿਰਜ਼ਾ ਲਿਖ ਕੇ ਪੀਲੂ, ਤੇ ਸੱਸੀ ਲਿਖ ਕੇ ਹਾਸ਼ਮ ਨੇ ਲੋਹੜੇ ਦਾ ਨਾਂ ਕਮਾਇਆ।

ਪਿਆਰ ਤਾਂ ਅਸਲ ਵਿਚ ਪਿਆਰ ਹੀ ਹੈ ਪਰ ਉਸਨੂੰ ਕਵੀਆਂ ਨੇ ਖੂਬਸੂਰਤ ਅਲੰਕਾਰਾਂ ਨਾਲ ਏਨਾ ਸ਼ਿੰਗਾਰ ਦਿੱਤਾ ਹੈ ਕਿ ਕਈ ਮੱਲੋ-ਮੱਲੀ ਇਸ ਮੌਜ ਮੇਲੇ ਵਿਚ ਮੇਲੀ ਬਣ ਜਾਣਾ ਚਾਹੁੰਦੇ ਹਨ। ਪ੍ਰੇਮੀ ਨੂੰ ਪ੍ਰੇਮਿਕਾ ਦੀ ਧੌਣ ਸੁਰਾਹੀ ਵਰਗੀ ਲੱਗ ਰਹੀ ਹੁੰਦੀ ਹੈ, ਤੋਰ ਹਿਰਨ ਵਰਗੀ, ਗੱਲ੍ਹਾਂ ਮਿੱਠੇ ਮਾਲਟੇ, ਬੁੱਲ੍ਹ ਸੰਗਤਰੇ ਦੀਆਂ ਫਾੜੀਆਂ, ਨੈਣ ਇੱਲੂ ਦੇ ਅਲੂਣੇ 'ਚ ਪਏ ਆਂਡੇ ਵਰਗੇ ਤੇ ਪ੍ਰੇਮਿਕਾ ਸੋਚਦੀ ਹੈ ਕਿ ਪ੍ਰੇਮੀ ਤੋਂ ਬਿਨਾ ਚੰਨ ਕੋਈ ਹੁੰਦਾ ਹੀ ਨਹੀਂ ਤੇ ਜਦੋਂ ਇਹ ਚੰਦਰਮਾ ਕਿਤੇ ਗੋਡੀ ਮਾਰਦਾ ਹੈ ਤਾਂ 'ਜਾਹ ਵੇ ਤੇਰਾ ਕੱਖ ਨਾ ਰਹੇ' ਵਰਗੀਆਂ ਬਦ-ਦੁਆਵਾਂ ਨਾਲ ਪ੍ਰੇਮੀ ਟਟਿਹਣੇ ਤੋਂ ਵੀ ਛੋਟਾ ਪ੍ਰਤੀਤ ਹੋ ਰਿਹਾ ਹੁੰਦਾ ਹੈ।

ਵਰਤਮਾਨ ਯੁੱਗ ਵਿਚ ਪਿਆਰ ਦੀਆਂ ਸੰਭਾਵਨਾਵਾਂ ਘਟੀਆਂ ਨਹੀਂ, ਵਧੀਆਂ ਹਨ ਵੱਖਰੀ ਗੱਲ ਹੈ ਕਿ ਹਾਲਾਤ ਤੇ ਸੰਦਰਭ ਬਦਲ ਗਏ ਹਨ। ਨਾ ਵੀ ਨਿਭਣ, ਤਾਲਾਕ ਵਧ ਵੀ ਹੋਣ ਤਾਂ ਵੀ ਪ੍ਰੇਮ ਵਿਆਹ ਆਮ ਜਿਹੀ ਗੱਲ ਹੋ ਗਈ ਹੈ। ਪ੍ਰੇਮ-ਪੱਤਰ ਇਸਤਰੀਆਂ ਵਲੋਂ ਵੱਧ ਲਿਖੇ ਗਏ ਹਨ ਤੇ ਉਂਜ ਵੀ ਲੰਮੇ ਲੰਮੇ, ਕਿਉਂਕਿ ਗਿਲ੍ਹੇ-ਸ਼ਿਕਵੇ, ਨਿਹੋਰੇ ਤੇ ਲੰਬੀ ਗੱਲਬਾਤ ਕਰਕੇ ਇਸਤਰੀ ਪਿਆਰ ਦੀ ਪਰਿਭਾਸ਼ਾ ਸਮਝਾਉਣ ਦਾ ਵਧ ਯਤਨ ਕਰਦੀ ਹੈ। ਰਾਂਝੇ ਨੇ ਮੁੰਦਰਾਂ ਤਾਂ ਜੋਗੀ ਬਣਨ ਲਈ ਪਾਈਆਂ। ਬੋਦੀ ਤੇ ਭਭੂਤੀ ਤਾਂ ਮਲੀ ਸੀ ਕਿ ਸਾਧ ਬਣ ਕੇ ਹੀਰ ਦੇ ਦਰਸ਼ਨ ਕਰ ਆਵਾਂ, ਪਰ ਅੱਜ ਦੇ ਰਾਂਝਿਆਂ ਨੂੰ ਝਨਾਂ ਲੰਘਣ ਲਈ ਬੇੜੀਆਂ ਦੀ ਲੋੜ ਨਹੀਂ, ਉਨ੍ਹਾਂ ਕੋਲ ਵਧੀਆ ਮੋਟਰ ਸਾਈਕਲ ਤੇ ਕਾਰਾਂ ਹਨ। ਗੀਤਾਂ ਵਲ ਵੇਖੀਏ ਤਾਂ ਕਾਲਜ, ਯੂਨੀਵਰਸਿਟੀਆਂ ਤਾਂ ਕੀ ਸਕੂਲ ਵੀ ਆਸ਼ਕੀ ਦੇ ਮਰਾਂ ਨਗਰ ਲਗਦੇ ਹਨ। ਕੰਨੀਂ ਮੁੰਦਰਾਂ ਪਾਉਣੀਆਂ, ਵਿੰਗੇ-ਟੇਡੇ ਪਟੇ ਰੱਖਣੇ, ਪਿਓ ਭਾਵੇਂ ਕਰਜ਼ੇ ਕਰਕੇ ਆਤਮ-ਹੱਤਿਆ ਕਰਕੇ ਹਟਿਆ ਹੋਵੇ, ਪਰ ਨਸ਼ੇ 'ਚ ਬੰਬੂਕਾਟਾਂ 'ਤੇ ਕੁੜੀਆਂ ਛੇੜਨੀਆਂ ਅੱਜ ਦੇ ਬੀਬੇ ਕਾਕਿਆਂ ਦੇ ਆਪਣੇ ਮੁਲਕ ਵਿਚ ਅੱਸੀ ਫੀਸਦੀ ਪ੍ਰਮੁੱਖ ਸ਼ੌਕ ਹਨ।

ਇਕ ਦਿਲੋਂ ਪਿਆਰ ਕਰਨ ਵਾਲੀ ਪ੍ਰੇਮਿਕਾ ਨੇ ਆਪਣੇ ਪ੍ਰੇਮੀ ਨੂੰ ਲੰਮਾ ਖਤ ਲਿਖਿਆ ਕਿ ਮੇਰੇ ਸਾਹਾਂ ਦਿਆਂ ਮਹਿਰਮਾ ਹੁਣ ਬੱਸ ਮੈਂ ਤੇਰੀ ਹੋ ਗਈ ਹਾਂ ਤੇ ਜਦੋਂ ਸ਼ੀਸ਼ੇ ਵਿਚ ਵੇਖਦੀ ਹਾਂ ਤਾਂ ਲਗਦੈ ਕਿ ਮੈਂ ਭਰ ਜਵਾਨ ਹੋ ਗਈ ਹਾਂ, ਘਰੇ ਚੁੰਨੀ ਨਾਲ ਪਤਾਸੇ ਆਉਣ ਵਾਲੇ ਨੇ, ਕਿਤੇ ਲੈ ਚੱਲ ਹਾਣ ਦਿਆਂ ਵਿਚੋਲੇ ਬੜੇ ਮਾਰਦੇ ਗੇੜੇ।' ਤੇ ਉਸ ਭੱਦਰਪੁਰਸ਼ ਪ੍ਰੇਮੀ ਦਾ ਪਤਾ ਕੀ ਜਵਾਬ ਸੀ?

ਅਖੇ-<br>
ਨਾ ਮੈਂ ਚੌਧਰੀ ਦਾ ਪੁੱਤ<br>
ਨਾ ਪਿੰਡ ਤਖਤ ਹਜ਼ਾਰਾ<br>
ਨਾ ਮੇਹਣੇ ਭਾਬੀਆਂ ਨੇ ਮਾਰੇ<br>
ਨਾ ਕੋਈ ਭੋਇੰ ਬਟਵਾਰਾ<br>
ਨਹੀਂ ਭਾਈਆਂ ਮੇਰੇ ਮਾਰਿਆਂ ਕੋਈ ਤਾਅਨਾ<br>
ਹੀਰੇ ਨੀ ਰਾਂਝਾ ਹੋਰ ਲੱਭ ਲੈ<br>
ਝੂਠਾ ਪਿਆਰ ਵਾਲਾ ਕਰੀਂ ਨਾ ਡਰਾਮਾ...

ਤੇ ਸੱਟ ਖਾ ਕੇ ਹਟੀ ਪ੍ਰੇਮਿਕਾ ਦੇ ਦੂਜੇ ਤਰਲੇ ਵਾਲੇ ਪੱਤਰ ਦੇ ਜਵਾਬ 'ਚ ਤਾਂ ਮਾਡਰਨ ਮਜਨੂੰ ਨੇ ਗੱਲ ਸਿਰੇ ਹੀ ਲਾਤੀ;

ਤੂੰ ਵੀ ਕੱਚੇ 'ਤੇ ਤਾਰੀ ਨ੍ਹੀਂ ਲਾ ਸਕਦੀ<br>
ਨਾ ਮੈਂ ਪੱਟ ਦਾ ਮਾਸ ਖੁਆ ਸਕਦਾ।<br>
ਨਾ ਹੀ ਖਰਲਾਂ ਦੇ ਵੰਸ਼ਲ ਦਾ ਪੁੱਤ ਹਾਂ ਮੈਂ<br>
ਸਾਹਿਬਾਂ ਕੱਢ ਕੇ ਨਹੀਂ ਲਿਜਾ ਸਕਦਾ।<br>
ਕਿਥੇ ਦੱਸ ਦੇ ਫੜਾ ਫਰਿਆਦ ਹਾਂ ਮੈਂ<br>
ਚੀਰ ਪਹਾੜ ਨ੍ਹੀਂ ਕਹਿਰ ਲਿਆ ਸਕਦਾ।<br>
ਅੱਜ ਤੂੰ ਤੇ ਕੱਲ੍ਹ ਕੋਈ ਹੋਰ ਮਿਲ ਜੂ<br>
ਨਹੀਂ ਪੱਥਰ 'ਤੇ ਲੀਕ ਮੈਂ ਵਾਹ ਸਕਦਾ।<br>
ਗੋਰੇ ਰੰਗ ਦੀਏ ਲੈਲਾ ਰਾਣੀਏ ਨੀ<br>
ਮਜਨੂੰ ਜੁੱਤੀਆਂ ਨਾ ਲੋਕਾਂ ਤੋਂ ਖਾ ਸਕਦਾ।

ਕਈ ਪਾਸਿਆਂ ਤੋਂ ਭੰਨੇ ਹੋਏ ਪੰਜਾਬ ਵਿਚ ਛੇਵਾਂ ਦਰਿਆ ਨਸ਼ਿਆਂ ਦਾ ਵਹਿ ਰਿਹੈ ਤੇ ਸੱਤਵਾਂ ਕੰਜਰਖਾਨੇ ਦਾ ਵਹਿਣ ਨੂੰ ਫਿਰਦੈ। ਹੁਣ ਉਥੇ ਵੀ ਭੈਣ ਕੋਲੋਂ ਪ੍ਰੇਮੀ ਦਾ ਨਾਂ ਸੁਣ ਕੇ ਵੀਰ ਨੂੰ ਗੁੱਸਾ ਨਹੀਂ ਆਉਂਦਾ ਸਗੋਂ ਉਹ ਹੁੱਬ ਕੇ ਦੱਸਦੈ ਮੇਰੀ ਵੀ ਤੇਰੀ ਸਹੇਲੀ ਨਾਲ ਅੱਖ ਲੜ ਗਈ ਹੈ।

ਕਾਦਰਯਾਰ ਨੇ ਪੂਰਨ ਲਿਖਿਆ ਪਿਆਰ ਨੂੰ ਪਿਆਰ ਦੀ ਭਾਸ਼ਾ 'ਚ ਪਰ ਸ਼ਿਵ ਨੇ 'ਲੂਣਾ' ਲਿਖ ਕੇ ਸਮਾਜ ਦੇ ਡਾਂਗ ਵਰ੍ਹਾਈ ਐ। ਵਜ਼ੀਰੀਆਂ ਜਾਂ ਬਾਦਸ਼ਾਹੀਆਂ ਦੇ ਚੱਕਰ ਵਿਚ ਜੁਆਨ ਧੀਆਂ ਬੁੱਢਿਆਂ ਨਾਲ ਵਿਆਹੋਗੇ ਤਾਂ ਔਰਤ ਅੰਦਰ ਹਾਣ ਭਾਲਣ ਦੀ ਬਗਾਵਤ ਪੂਰਨਾਂ ਨੂੰ ਕਤਲ ਕਰਾਉਣ ਦਾ ਕਾਰਨ ਬਣੇਗੀ। ਉਹਨੇ ਲਿਖਿਆ;

ਪਿਤਾ ਜੇ ਧੀ ਦਾ ਰੂਪ ਹੰਢਾਵੇ<br>
ਤਾਂ ਲੋਕਾਂ ਨੂੰ ਲਾਜ ਨਾ ਆਵੇ<br>
ਚਰਿੱਤਰਹੀਣ ਕਿਉਂ ਕਹੇ ਜੀਭ ਜਹਾਨ ਦੀ<br>
ਮੈਂ ਪੂਰਨ ਦੀ ਮਾਂ ਪੂਰਨ ਦੇ ਹਾਣ ਦੀ

ਸਈਓ ਨੀ ਮੈਂ ਧੀ ਵਰਗੀ ਸਲਵਾਨ ਦੀ...

ਪਰ ਹੁਣ ਕਿਹੜਾ ਸ਼ਿਵ ਉਠੇ ਜਿਹੜਾ ਉਨ੍ਹਾਂ ਵਿਦੇਸ਼ੀ ਲਾੜਿਆਂ ਬਾਰੇ ਲਿਖੇ ਜਿਨ੍ਹਾਂ ਦੇ ਮੂੰਹ 'ਚ ਨਕਲੀ ਦੰਦ ਐ ਤੇ ਸਿਰ 'ਚ ਗੰਜ, ਤੇ ਕਾਲਜੋਂ ਪੜ੍ਹਦੀਆਂ ਕੁੜੀਆਂ ਲਈ ਆਉਂਦੇ ਨੇ। ਖੈਰ! ਇਸ ਵਿਸ਼ੇ 'ਤੇ ਗੱਲ ਕਦੇ ਫੇਰ ਕਰਾਂਗੇ। ਪਰ ਪਰੰਪਰਾਵਾਂ ਟੁੱਟਦੀਆਂ ਨਹੀਂ ਇਨ੍ਹਾਂ ਦੇ ਨੈਣ-ਨਕਸ਼ ਬਦਲ ਜਾਂਦੇ ਨੇ। ਸੁਣਦੇ ਤਾਂ ਸੀ ਕਿ 'ਕੌਣ ਕਹਿਤਾ ਹੈ ਬੁਢੇ ਇਸ਼ਕ ਨਹੀਂ ਕਰਤੇ, ਕਰਤੇ ਤੋ ਹੈਂ ਮਗਰ ਲੋਕ ਇਨ ਪਰ ਸ਼ੱਕ ਨਹੀਂ ਕਰਦੇ'। ਪਰ ਦੁਆਬੇ ਦੇ ਉਸ ਇਕ ਪਿੰਡ ਦੇ ਬੁੱਢੇ ਦੀ ਵਾਰਤਾ ਸੁਣਾਉਂਦਾ ਹਾਂ, ਜਿਥੋਂ ਦਾ ਇਹ ਗੀਤਕਾਰ ਮੁੰਡਾ ਬੜਾ ਮਸ਼ਹੂਰ ਹੋਇਆ ਸੀ, ਸਿਰਨਾਵਾਂ ਆਪੇ ਲੱਭ ਲਿਓ।

ਬਚਨ ਸਿੰਘ ਬੜੇ ਸਾਲ ਪਹਿਲਾਂ ਕੈਨੇਡਾ ਚਲੇ ਗਿਆ, ਜੁਆਨੀ ਵੇਲੇ ਵੀ ਬਿਗੜਿਆ ਪਿਆ ਸੀ। ਪੁੱਤ ਜੁਆਨ ਹੋਏ, ਚੰਗਾ ਕਾਰੋਬਾਰ ਚਲ ਪਿਆ। ਪੁੱਤਾਂ ਨੇ ਬਾਹਰਲੇ ਖੂਹ ਤੇ ਤਿੰਨ ਮੰਜਲੀ ਜਹਾਜ ਵਾਲੀ ਕੋਠੀ ਪਾ ਲਈ। ਚਾਰ ਕੁ ਸਾਲ ਪਹਿਲਾਂ ਬਚਨ ਸਿੰਘ ਆਪਣੇ ਮੁਲਕ ਚਲੇ ਗਿਆ। ਅਖੇ ਸਾਲ ਕੁ ਰਹਿ ਕੇ ਆਉਨੈ ਸਿਹਤ ਠੀਕ ਨ੍ਹੀਂ ਰਹਿੰਦੀ। ਪਿੰਡ ਦੀ ਇਕ ਵਿਧਵਾ ਔਰਤ ਤੇ ਇਕ ਉਹਦੀ ਜਵਾਨ ਧੀ ਘਰੇ ਰੋਟੀ ਟੁੱਕ ਲਈ ਰੱਖ ਲਈਆਂ। ਠਰਕੀ ਬੁੜੇ ਨੂੰ ਜਵਾਨੀ ਚੇਤੇ ਆ ਗਈ। ਬੁੱਢੀ ਘੋੜੀ ਇਕ ਤੇ ਲਗਾਮਾਂ ਦੋ ਵਾਲੀ ਸਥਿਤੀ ਬਣ ਗਈ। ਮਾਂ-ਧੀ ਇਕ ਦੂਜੀ ਤੋਂ ਚੋਰੀ ਬੁੜੇ ਨੂੰ ਚਰੂੰਡਣ ਲੱਗ ਪਈਆਂ। ਛੇਆਂ ਕੁ ਮਹੀਨਿਆਂ 'ਚ ਸਥਿਤੀ ਇਹ ਬਣ ਗਈ ਕਿ ਪੀ.ਸੀ.ਓ. 'ਤੇ ਕੰਮ ਕਰਦੀ ਕੁੜੀ ਦੇ ਨਾਂ ਬੁੜ੍ਹੇ ਨੇ ਨਿਆਈਂ ਵਾਲੀ ਚਾਰ ਕਨਾਲਾਂ ਜ਼ਮੀਨ ਲੁਆ 'ਤੀ। ਮਾਂ ਕਹੇ 'ਕੁਝ ਮੇਰਾ ਵੀ ਕਰ।' ਇਸ਼ਕ 'ਚ ਭੁਤਨਾ ਹੋਇਆ ਬੁੜ੍ਹਾ ਕਮਲਾ ਹੋ ਕੇ ਲੱਗਾ ਉਹਦੇ ਨਾਂ ਵੀ ਦੋ ਕਿੱਲੇ ਲੁਆਉਣ। ਕਿਸੇ ਨੇ ਮੁੰਡਿਆਂ ਨੂੰ ਕੈਨੇਡਾ 'ਚ ਦੱਸ ਪਾ'ਤੀ ਕਿ ਥੋਡਾ ਪਿਓ ਲੱਗਾ ਵਿਰਸਾ ਭੰਗ ਦੇ ਭਾੜੇ ਉਡਾਉਣ। ਮੁੰਡਿਆਂ ਨੇ ਟਿਕਟ ਕਟਾਈ ਤੇ ਸਿੱਧੇ ਆ ਪਹੁੰਚੇ। ਬੁੜ੍ਹਾ ਘਰੇ ਨਾ। ਪਤਾ ਲੱਗਾ ਕਚਹਿਰੀ ਗਿਆ ਹੋਇਐ। ਰਜਿਸਟਰੀ ਲਿਖ ਹੋ ਗਈ ਸੀ। ਸਿਰਫ ਫੋਟੋਆਂ ਖਿਚਵਾਉਣ ਤੋਂ ਰਹਿੰਦੀਆਂ ਸਨ ਬਚਨ ਸਿਹੁੰ ਤੇ ਰਾਮ ਪਿਆਰੀ ਦੀਆਂ। ਅਰਜ਼ੀਨਵੀਸਾਂ ਕੋਲ ਬੈਠਾ ਬੁੜ੍ਹਾ ਪੁੱਤਾਂ ਨੇ ਆਉਂਦਿਆਂ ਢਾਅ ਲਿਆ। ਚੁੱਕ ਕੇ ਗੱਡੀ 'ਚ ਸੁੱਟ ਕੇ ਪਿੰਡ ਲੈ ਗਏ। ਕੋਠੀ 'ਚ ਪਹੁੰਚੇ ਤਾਂ ਰਾਮ ਪਿਆਰੀ ਕਹੇ 'ਵੜੋ ਤਾਂ ਅੰਦਰ, ਮੇਰੇ ਨਾਲ ਵਿਆਹ ਕਰਵਾਇਆ ਹੋਇਆ ਇਹਨੇ। ਸੱਤਵੇਂ ਕੁ ਦਿਨ ਪੁੱਤ ਬੁੜ੍ਹੇ ਨੂੰ ਵਾਪਿਸ ਕੈਨੇਡਾ ਲਿਜਾਣ ਲਈ ਦਿੱਲੀ ਜਾ ਪਹੁੰਚੇ। ਉਧਰ ਇਤਫਾਕਨ ਬਚਨ ਸਿਹੁੰ ਦੀ ਪਤਨੀ ਰੋਕਿਆਂ ਵੀ ਨਾ ਰੁਕੀ ਤੇ ਉਸ ਦਿਨ ਦੋ ਕੁ ਘੰਟੇ ਪਹਿਲਾਂ ਦਿੱਲੀ ਹਵਾਈ ਅੱਡੇ 'ਤੇ ਉਹ ਉਤਰ ਆਈ। ਪਿਓ-ਪੁੱਤਰ ਏਅਰ ਲਾਈਨ ਵਾਲੇ ਕਾਊਂਟਰ 'ਤੇ। ਬੁੜੀ ਕਹਿੰਦੀ 'ਮੈਂ ਤਾਂ ਵੀਲ੍ਹ ਚੇਅਰ ਤੇ ਹਾਂ ਆ ਜੋ ਬਾਪੂ ਨੂੰ ਲੈ ਕੇ ਬਾਹਰ'। ਤੇ ਜਦੋਂ ਬੁੜ੍ਹੀ ਨੇ ਬਿਗੜਿਆ ਬੁੜ੍ਹਾ ਪਾਰਕਿੰਗ ਲਾਟ 'ਚ ਵੇਖਿਆ ਮਾਰੀ ਖੂੰਡੀ ਵਗਾਹ ਕੇ ਸਿਰ 'ਚ ਖੋਲ੍ਹਤਾ ਤੋਤਰੂ, ਪਵੇ ਬਿੱਲੀ ਦੀ ਪੂਛ ਵਰਗੀ ਖੂਨ ਦੀ ਤਤੀਰੀ। ਪੁੱਤ ਕਹਿਣ 'ਬੇਬੇ ਇਹ ਕੀ ਕੀਤਾ? 'ਤੇ ਲੋਹੀ ਲਾਖੀ ਬੇਬੇ ਆਖੇ, 'ਨਿਕਲ ਲੈਣ ਦਿਓ ਗੰਦਾ ਖੂਨ। ਕਾਮ ਚੜ੍ਹਿਆ ਪਿਆ ਡਮਾਕ ਨੂੰ ਇਹਦੇ।' ਤੇ ਚਾਰ ਸਾਲ ਤੋਂ ਗਏ ਬਚਨ ਸਿਹੁੰ ਤਾਂ ਕੀ ਉਹਦੇ ਹੱਡ ਵੀ ਕੀਰਤਪੁਰ ਸਾਹਿਬ ਨ੍ਹੀ ਪੁੱਜਣੇ। ਪਰ ਰਾਮ ਪਿਆਰੀ ਪੰਜਾਹ ਲੱਖ ਦੀ ਕੋਠੀ ਤੇ ਚਾਰ ਕਨਾਲਾਂ ਜ਼ਮੀਨ ਦੀ ਮਾਲਕ ਹੈ। ਬਾਅਦ 'ਚ ਭੇਦ ਨਿਕਲਿਆ ਬਚਨ ਸਿਹੁੰ ਪੰਜ ਲੱਖ ਵੀ ਉਹਦੇ ਨਾਂ ਕਰਵਾ ਗਿਆ ਸੀ।

ਅਸਲ ਵਿਚ ਸਿਆਣੇ ਤਾਂ ਇਹ ਕਹਿੰਦੇ ਹਨ ਕਿ ਇਸ਼ਕ ਤੇ ਪਿਆਰ ਕੀਤੇ ਜਾਣ ਦੀ ਇੱਛਾ ਇਸ ਗੱਲ 'ਚੋਂ ਉਪਜਦੀ ਹੈ ਕਿ ਤੁਹਾਡੀ ਸਿਹਤ ਠੀਕ ਹੈ ਵੱਖਰੀ ਗੱਲ ਹੈ ਕਿ ਕਈਆਂ ਦੀ ਸਿਹਤ ਠੀਕ ਨਾ ਵੀ ਹੋਵੇ ਉਹ ਜੁੱਤੀਆਂ ਖਾ ਕੇ ਸਿਹਤਮੰਦ ਹੋਣਾ ਵਧੇਰੇ ਪਸੰਦ ਕਰਦੇ ਹਨ।

ਪਿਆਰ ਦੀਆਂ ਗਲਤੀਆਂ 'ਚ ਜਵਾਨੀ ਵੇਲੇ ਤਾਂ ਰਿਆਇਤ ਮਿਲ ਜਾਂਦੀ ਹੈ ਪਰ ਬੁਢਾਪੇ 'ਚ ਪਿਆਰ ਕਰਕੇ ਔਖਾ ਬਹੁਤ ਹੋਣਾ ਪੈਂਦਾ ਹੈ।

ਮੰਨ ਹੀ ਲੈਣਾ ਪਵੇਗਾ ਕਿ ਜਦੋਂ ਫਟੇ ਕਪੜਿਆਂ ਨੂੰ ਨਵੇਂ ਬਟਨ ਲਾਉਣ ਦੀ ਗੁਸਤਾਖੀ ਕਰੋਗੇ ਤਾਂ ਸਮਾਜ ਤੁਹਾਡੀ ਮੂਰਖਤਾ ਤੇ ਬੇਸੁਰੀਆਂ ਹੇਕਾਂ ਲਾਵੇਗਾ।

#

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਅਖ਼ਬਾਰ ਚਲਾਉਣੀ ਸਿੱਖ ਮਿੱਤਰਾ....

ਇਕ ਲਾ ਫੀਤੀ ਸੰਪਾਦਕ ਦੀ<br>
ਤੁਰ ਚੌੜੀ ਕਰਕੇ ਹਿੱਕ ਮਿੱਤਰਾ।<br>
ਹੋਰਾਂ ਦਾ ਜੱਭ ਨਬੇੜ ਪਰੇ<br>
ਹੁਣ ਆਪਣੀ ਬਣਾ ਲੈ ਇਕ ਮਿੱਤਰਾ।<br>
ਨਹੀਂ ਲਿਖਣਾ ਆਉਂਦਾ ਗੱਲ ਕਿਹੜੀ<br>
ਚੋਰੀ ਦਾ ਮਾਲ ਬਥੇਰਾ ਏ,<br>
ਉੱਤੋਂ ਹੇਜ ਕਰੀਂ ਮਾਂ ਬੋਲੀ ਦਾ<br>
ਤੇ ਹੇਠ ਛੁਪਾ ਲਈਂ ਹਿੱਤ ਮਿੱਤਰਾ।<br>
ਇਹ ਵਿਹਲੜ-ਛਿਹਲੜ ਲੀਡਰ ਜਿਹੇ<br>
ਬੜੇ ਆਉਂਦੇ ਤੁਰੇ ਵਿਦੇਸ਼ਾਂ ਨੂੰ,<br>
ਇਕ ਡਿਨਰ 'ਤੇ ਘਰੇ ਬੁਲਾ ਕੇ ਤੂੰ<br>
ਸਭ ਭੇਦ ਛੁਪਾ ਲਈਂ ਵਿਚ ਮਿੱਤਰਾ।<br>
ਜੇ ਵੱਸ ਨਾ ਚੱਲਿਆ ਹੋਰ ਕਰੀਂ<br>
ਬਾਬਿਆਂ ਦੇ ਚਰਨੀਂ ਢਹਿ ਜਾਵੀਂ।<br>
ਇਹ ਭੂਤ ਚੁੜੇਲਾਂ ਵਾਲਿਆਂ ਨੇ<br>
ਬੜੇ ਲੋਕੀਂ ਲੈਣੇ ਖਿੱਚ ਮਿੱਤਰਾ।<br>
ਇਕ ਗਿੰਦਤਸਿੰਗੀ ਰੱਖ ਲਈਂ ਤੂੰ<br>
ਚਾਰ ਪੈਸੇ ਵਾਲੇ ਭੋਰਨ ਲਈ।<br>
ਤੂੰ ਬੜੇ ਬੜੇ ਸਨਮਾਨਾਂ ਨਾ<br>
ਬੱਸ ਰਾਜ਼ੀ ਕਰ ਦਈਂ ਚਿੱਤ ਮਿੱਤਰਾ।<br>
ਇਕ ਕੈਮਰਾ ਗਲ ਵਿਚ ਪਾ ਕੇ ਤੂੰ<br>
ਜਾ ਪਹੁੰਚੀਂ ਹਰ ਸਮਾਗਮ 'ਤੇ।<br>
ਤੂੰ ਛਾਪੀਂ ਭਾਵੇਂ ਨਾ ਛਾਪੀਂ<br>
ਕੁਝ ਫੋਟੋ ਆਵੀਂ ਖਿੱਚ ਮਿੱਤਰਾ।<br>
ਕੋਈ ਲੋੜ ਨ੍ਹੀਂ ਤਰੋ-ਤਜ਼ਰਬੇ ਦੀ,<br>
ਇਕ ਬੰਦਾ ਰੱਖ ਲਈਂ ਇੰਡੀਆ ਵਿਚ।<br>
ਮਿਲੂ ਸਣੇ ਸੰਪਾਦਕੀ ਖ਼ਬਰਾਂ ਦੇ<br>
ਕੋਈ ਰਹਿਣੀ ਨੀ ਘਿਚ ਘਿਚ ਮਿੱਤਰਾ।<br>
ਇਕ ਸੱਚੇ ਰੱਬ ਦੇ ਘਰ ਵੇਖੀਂ<br>
ਝੂਠਿਆਂ ਦੀ ਤੋਹਮਤ ਬਾਕੀ ਨੂੰ,<br>
ਜੇ ਬਹੁਤੀ ਭੱਲ ਬਣਾਉਣੀ ਏ<br>
ਇਕ ਧੜੇ ਦੇ ਵੜ ਜਾਈਂ ਵਿਚ ਮਿੱਤਰਾ।<br>
ਕੀ ਹੋਇਆ ਜੇ ਟੱਬਰ ਨੂੰ<br>
ਉੜਾ ਵੀ ਵਾਹੁਣਾ ਆਉਂਦਾ ਨ੍ਹੀਂ।<br>
ਦੇ ਅਹੁਦਾ ਸਹਿ ਸੰਪਾਦਕ ਦਾ<br>
ਤੇ ਮਾਮਲਾ ਰੱਖ ਘੜਿੱਚ ਮਿੱਤਰਾ।<br>
ਚੁੱਕ ਚੁੱਕ ਕੇ ਖ਼ਬਰਾਂ ਚੇਪੀ ਜਾਹ<br>
ਇਹ ਬਹੁਤਾ ਕਾਰਜ ਔਖਾ ਨ੍ਹੀਂ,<br>
ਛੱਡ ਹੋਰ ਝਮੇਲੇ ਦੁਨੀਆਂ ਦੇ<br>
ਅਖ਼ਬਾਰ ਚਲਾਉਣੀ ਸਿੱਖ ਮਿੱਤਰਾ।

**ਖਾਲਸਾ ਪੰਥ**

# ਬੁੱਲ੍ਹੇ ਸ਼ਾਹ ਤੇ ਬਾਬਾ ਬੰਦਾ ਬਹਾਦਰ ਦੀ ਅਣ-ਇਤਿਹਾਸਕ ਗੱਲਬਾਤ

**ਹਰਭਜਨ ਸਿੰਘ**

ਬੀਤੇ ਦਿਨੀਂ ਇਕ ਅਖ਼ਬਾਰ ਵਿਚ ਰਿਪੋਰਟ 'ਬੁੱਲ੍ਹਾ ਤੇ ਸਰਫ਼ਰਾਜ਼ ਨੇ ਰੰਗ ਬੰਨ੍ਹਿਆ' ਪੜ੍ਹੀ ਤਾਂ ਖ਼ਬਰ 'ਚ ਉਤਸੁਕਤਾ ਵਧੀ। ਮੈਂ ਸਮਝਿਆ ਕਿ ਕੋਈ ਨਵਾਂ 'ਬੁੱਲ੍ਹਾ' ਪੈਦਾ ਹੋ ਗਿਐ ਜਿਸ ਨਾਲ ਰਲ ਕੇ ਸਰਫ਼ਰਾਜ਼ ਨੇ ਸਿੱਖਾਂ ਨੂੰ ਬਾਗ਼ੋ-ਬਾਗ਼ ਕਰ ਦਿਤਾ ਹੈ। ਜਦੋਂ ਸਾਰੀ ਰਿਪੋਰਟ ਪੜ੍ਹੀ ਤਾਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ। ਇਹ ਤਾਂ ਉਹੀ ਲਾਹੌਰ ਵਾਲਾ ਅਜੋਕਾ ਥੀਏਟਰ ਦਾ ਨਾਟਕ ਸੀ ਜੋ ਪਿੱਛੇ ਵੀ ਬੇਸਮਝਾਂ ਨੂੰ ਖ਼ੁਸ਼ ਕਰ ਗਿਆ ਸੀ। ਰਿਪੋਰਟ ਪੜ੍ਹ ਕੇ ਮੈਨੂੰ ਇੰਜ ਲੱਗਾ ਜਿਵੇਂ ਬੰਦਾ ਸਿੰਘ ਬਹਾਦਰ ਨੂੰ ਨੂੜ ਕੇ ਸਾਹਮਣੇ ਖੜ੍ਹਾ ਕੀਤਾ ਹੋਵੇ ਤੇ ਬੁੱਲ੍ਹਾ ਤੇ ਸਰਫ਼ਰਾਜ਼ ਵਾਰੋ-ਵਾਰੀ ਉਸਦੇ ਗਿੱਟਿਆਂ 'ਤੇ ਡੰਡੇ ਮਾਰਦੇ ਹੋਣ। ਮੈਨੂੰ ਤਾਂ ਪਹਿਲਾਂ ਹੀ ਯਕੀਨ ਸੀ ਕਿ ਜਿਹੜਾ ਨਾਟਕ ਪਾਕਿਸਤਾਨ 'ਚ ਲਿਖਿਆ, ਖੇਡਿਆ ਗਿਆ ਹੋਵੇ, ਉਸ 'ਚ ਸੱਚ ਲਿਖ ਕੇ ਬੰਦੇ ਨਾਲ ਨਿਆਂ ਕੀਤਾ ਗਿਆ ਹੋਵੇ, ਮੰਨਣ ਵਾਲੀ ਗੱਲ ਹੀ ਨਹੀਂ। ਇਹ ਪਾਕਿਸਤਾਨ 'ਚ ਇਸੇ ਕਰਕੇ ਮਕਬੂਲ ਹੋਇਆ ਕਿਉਂਕਿ ਇਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਦਨਾਮ ਕੀਤਾ ਗਿਆ ਹੈ। ਪਾਕਿਸਤਾਨੀ ਇਹ ਸਮਝਦੇ ਹਨ ਕਿ ਮੁਗ਼ਲ ਰਾਜ ਦੀਆਂ ਜੜ੍ਹਾਂ ਬੰਦਾ ਸਿੰਘ ਬਹਾਦਰ ਨੇ ਹਿਲਾਈਆਂ, ਇਸ ਕਰਕੇ ਬੰਦਾ ਸਿੰਘ ਪਾਕਿਸਤਾਨੀਆਂ ਲਈ ਨਫ਼ਰਤ ਦਾ ਬਾਇਸ ਹੈ। ਪੰਜਾਬ ਦੇ ਸਿੱਖਾਂ ਸਾਹਮਣੇ ਇਹ ਨਾਟਕ ਪਤਾ ਨਹੀਂ ਕਿਹੜਾ ਅਦਭੁਤ ਸੱਚ, ਖ਼ਿਆਲ ਪੇਸ਼ ਕਰਦਾ ਹੈ ਜਿਸ ਲਈ ਇਹ ਲੋਕ ਤਾੜੀਆਂ ਮਾਰਦੇ ਹਨ। ਇਸ ਨਾਟਕ ਨੂੰ ਵੇਖਣ ਲਈ ਡੀ.ਸੀ., ਐਸ.ਐਸ.ਪੀ., ਐਸ.ਪੀ. ਤੇ ਹੋਰ ਨਾਮ-ਨਿਹਾਦ ਫ਼ਜ਼ੂਲ ਬਣੀਆਂ ਅੰਤਰ-ਰਾਸ਼ਟਰੀ ਸਾਈਂ ਮੀਆਂ ਮੀਰ ਸੰਸਥਾਵਾਂ ਦੇ ਚੇਅਰਮੈਨ ਸ਼ਾਮਲ ਸਨ। ਰਿਪੋਰਟ ਲਿਖਣ ਵਾਲਾ ਸਿੱਖ ਹੈ ਜੋ ਬੰਦਾ ਸਿੰਘ ਨੂੰ ਬੰਦਾ ਬੈਰਾਗੀ ਲਿਖਦਾ ਹੈ। ਕੁਲ ਮਿਲਾ ਕੇ ਬੁੱਲ੍ਹੇ ਸ਼ਾਹ ਨੂੰ ਬੰਦਾ ਸਿੰਘ ਦੀ ਸ਼ਖ਼ਸੀਅਤ ਉਤੇ ਭਾਰੂ ਦਸਿਆ ਗਿਆ ਹੈ।





ਰਿਪੋਰਟ ਦਾ ਕੁਝ ਹਿੱਸਾ ਮੈਂ ਪੇਸ਼ ਕਰਦਾ ਹਾਂ ਜਿਸ ਨਾਲ ਸਾਰੀ ਤਸਵੀਰ ਸਾਹਮਣੇ ਆ ਜਾਏਗੀ। ਰਿਪੋਰਟ ਇਸ ਤਰ੍ਹਾਂ ਹੈ- ''ਬੁੱਲ੍ਹਾ ਕਹਿੰਦਾ ਹੈ ਕਿ ਉਹ ਸੱਚ ਦੀ, ਰੱਬ ਦੀ ਤੇ ਆਪਣੀ ਖੋਜ 'ਚ ਮਸਤ ਹੈ। ਇਹ ਉਹ ਸਮਾਂ ਸੀ ਜਦੋਂ ਬਾਬਾ ਬੰਦਾ ਸਿੰਘ ਬੈਰਾਗੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪੁੱਤਰਾਂ ਦੀ ਮੌਤ ਦਾ ਬਦਲਾ ਲੈਣ ਲਈ ਮੁਗਲਾਂ ਦੇ ਰਾਜ ਵਾਲੇ ਪਿੰਡਾਂ ਨੂੰ ਤਬਾਹ ਕਰ ਰਿਹਾ ਸੀ। ਇਸੇ ਦੌਰਾਨ ਬੰਦਾ ਬੁੱਲ੍ਹੇ ਨੂੰ ਮਿਲਦਾ ਹੈ ਤੇ ਉਹ ਦਸਦਾ ਹੈ ਕਿ ਉਹ ਮੁਗ਼ਲਾਂ ਦੀ ਸਲਤਨਤ ਨੂੰ ਤਬਾਹ ਕਰਨ 'ਚ ਜੁਟਿਆ ਹੋਇਆ ਹੈ। ਉਸਦੇ ਅੰਦਰ ਦੀ ਅੱਗ ਉਦੋਂ ਤਕ ਨਹੀਂ ਬੁਝੇਗੀ ਜਦੋਂ ਤਕ ਉਹ ਪਿੰਡਾਂ ਦੇ ਪਿੰਡ ਤੇ ਪੂਰੀ ਮੁਗ਼ਲ ਸਲਤਨਤ ਨੂੰ ਤਬਾਹ ਨਹੀਂ ਕਰ ਦੇਂਦਾ। ਬੁੱਲ੍ਹਾ ਉਸਨੂੰ ਕਹਿੰਦਾ ਹੈ ਕਿ ਨਫ਼ਰਤ ਦਾ ਜਵਾਬ ਨਫ਼ਰਤ ਨਹੀਂ ਹੁੰਦਾ। ਜ਼ੁਲਮ ਦਾ ਜਵਾਬ ਜ਼ੁਲਮ ਨਹੀਂ ਹੁੰਦਾ। ਪਰ ਬੰਦਾ ਕਹਿੰਦਾ ਹੈ ਕਿ ਮੇਰੀ ਅੰਦਰਲੀ ਅੱਗ ਤਾਂ ਹੀ ਬੁਝੇਗੀ ਜਦ ਮੈਂ ਬਦਲਾ ਲੈ ਲਵਾਂਗਾ।''

ਬੰਦਾ ਸਿੰਘ ਨੂੰ ਬੈਰਾਗੀ ਲਿਖਣਾ ਗੁਰੂ ਗੋਬਿੰਦ ਸਿੰਘ ਜੀ ਦੀ ਤੌਹੀਨ ਕਰਨਾ ਹੈ। ਮਾਧੋ ਰਾਉ ਬੈਰਾਗੀ ਗੁਰੂ ਸਾਹਿਬ ਤੋਂ ਅੰਮ੍ਰਿਤ ਛਕ ਕੇ ਬੰਦਾ ਸਿੰਘ ਬਣਿਆ ਸੀ। ਅੰਮ੍ਰਿਤ ਛਕਣ ਤੋਂ ਪਹਿਲਾਂ ਉਹ ਮਾਧੋ ਰਾਓ ਸੀ, ਬੰਦਾ ਨਹੀਂ ਸੀ। ਬੁੱਲ੍ਹਾ ਤੇ ਬੰਦਾ ਸਿੰਘ ਦਾ ਮੇਲ ਕਰਨਾ, ਇਤਿਹਾਸ ਪੱਖੋਂ, ਆਮ ਸੋਚ ਅਨੁਸਾਰ ਠੀਕ ਨਹੀਂ। ਬੰਦਾ ਸਿੰਘ ਇਤਿਹਾਸਕ ਵਿਅਕਤੀ ਹੈ ਜਿਹੜਾ ਸੰਨ 1716 'ਚ ਸ਼ਹੀਦ ਹੋ ਗਿਆ ਸੀ। ਬੁੱਲ੍ਹਾ ਇਸ ਧਰਤੀ 'ਤੇ, ਬੰਦਾ ਸਿੰਘ ਤੋਂ 70-80 ਸਾਲ ਬਾਅਦ, ਮਿਸਲਾਂ ਦੇ ਰਾਜ ਸਮੇਂ ਪ੍ਰਗਟ ਹੋਇਆ ਤਾਂ ਉਹ ਬੰਦਾ ਸਿੰਘ ਨੂੰ ਕਿਵੇਂ ਤੇ ਕਿਥੇ ਮਿਲਿਆ? ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਬੁੱਲ੍ਹਾ ਜੀਵਤ ਸੀ। ਬੁੱਲ੍ਹੇ ਦੀ ਸੋਚ ਫ਼ਿਰਕੂ ਸੀ। ਉਹ ਮੁਗ਼ਲ ਰਾਜ ਦੇ ਤਬਾਹ ਹੋਣ 'ਤੇ ਝੂਰਦਾ ਹੈ ਤੇ ਮਾਯੂਸੀ ਦੇ ਆਲਮ 'ਚ ਪੁਕਾਰ ਉਠਦਾ ਹੈ,

''ਭੂਰਿਆਂ ਵਾਲੇ ਰਾਜੇ ਕੀਤੇ,  
ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।''

ਸਿੱਖ ਇਸ ਦਾ ਮਕਸਦ ਸਮਝੇ ਬਿਨਾ ਹੀ ਇਸ 'ਤੇ ਬਗਲਾਂ ਵਜਾਈ ਜਾਂਦੇ ਹਨ। ਬੁੱਲ੍ਹੇ ਸ਼ਾਹ ਨੂੰ ਮੁਗ਼ਲਾਂ ਦੀ ਲੁੱਟ-ਖਸੁਟ, ਖ਼ਾਸ ਕਰ ਕੇ ਗੈਰਮੁਸਲਮਾਨਾਂ ਨਾਲ ਕੀਤਾ ਦੁਰਵਿਵਹਾਰ ਅਨੰਦ ਦੇਂਦਾ ਹੈ, ਮੁਸਲਮਾਨਾਂ ਦੀ ਸ਼ਾਨ 'ਚ ਚਾਰ ਚੰਨ ਲਾਉਂਦਾ ਹੈ। ਪਰ ਉਸਨੂੰ ਭੂਰਿਆਂ ਵਾਲੇ (ਸਿੱਖ ਮਿਸਲ ਰਾਜ) ਚੰਗੇ ਨਹੀਂ ਲਗਦੇ, ਭਾਵੇਂ ਇਨ੍ਹਾਂ ਦੀ ਸਰਦਾਰੀ ਜ਼ਾਲਮਾਨਾ, ਅਨਿਆਂ ਭਰਪੂਰ ਨਹੀਂ ਸੀ।

ਬੰਦਾ ਸਿੰਘ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ 'ਉਨ੍ਹਾਂ ਦੇ ਪੁੱਤਰਾਂ ਦੀ ਮੌਤ ਦਾ ਬਦਲਾ' ਲੈਣ ਨਹੀਂ ਆਇਆ ਸੀ। ਸਾਹਿਬਜ਼ਾਦਿਆਂ ਦੀ ਮੌਤ ਨਹੀਂ ਹੋਈ ਸੀ, ਸ਼ਹਾਦਤ ਹੋਈ ਸੀ। ਮੌਤ ਅਤੇ ਸ਼ਹਾਦਤ 'ਚ ਬੜਾ ਫ਼ਰਕ ਹੈ। ਬੰਦਾ ਸਿੰਘ ਮੁਗ਼ਲਾਂ ਨੂੰ ਸਬਕ ਸਿਖਾਉਣ ਆਇਆ ਸੀ, ਬਦਲਾ ਲੈਣ ਨਹੀਂ। ਸਿੱਖੀ ਸਿਧਾਂਤਾਂ ਅਨੁਸਾਰ ਬਦਲਾ ਨਹੀਂ ਲਿਆ ਜਾਂਦਾ। ਜਿਹੜੇ ਸਿੱਖ ਬਦਲੇ ਦੀ ਗੱਲ ਕਰਦੇ ਹਨ, ਉਹ ਸਿੱਖ ਨਹੀਂ। ਮੁਗਲ ਰਾਜ 200 ਸਾਲ ਤੋਂ ਚੰਮ ਦੀਆਂ ਚਲਾ ਰਿਹਾ ਸੀ, ਕੋਈ ਨਿਆਂ ਨਹੀਂ ਸੀ। ਮੁਸਲਮਾਨਾਂ ਤੇ ਗ਼ੈਰ ਮੁਸਲਮਾਨਾਂ ਲਈ ਕਾਨੂੰਨ ਵੱਖੋ ਵਖਰਾ ਸੀ। ਇਸ ਦਾ ਅੰਤ ਵੀ ਤਾਂ ਕਦੇ ਨਾ ਕਦੇ ਹੋਣਾ ਹੀ ਸੀ।

ਹੈਰਾਨੀ ਦੀ ਗੱਲ ਹੈ ਕਿ ਬੁੱਲ੍ਹਾ ਬੰਦਾ ਸਿੰਘ ਨੂੰ ਮਿਲਦਾ ਹੈ ਪਰ ਸੂਬਾ ਸਰਹਿੰਦ, ਜਿਸ ਨੇ ਘੋਰ ਪਾਪ ਕੀਤਾ, ਉਸ ਨੂੰ ਨਹੀਂ ਮਿਲਦਾ। ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਨੂੰ ਨਹੀਂ ਮਿਲਦਾ, ਜਿਨ੍ਹਾਂ ਨੇ ਲੋਕਾਂ ਦੀ ਲੁੱਟ-ਖਸੁਟ ਤੇ ਜ਼ੁਲਮ ਕਰਨ 'ਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਫ਼ੌਜਾਂ ਲੁੱਟ-ਖਸੁਟ ਕਰਦੀਆਂ ਆਈਆਂ ਹਨ ਪਰ ਅਬਦਾਲੀ ਤਾਂ ਹਿੰਦ 'ਚੋਂ ਨੌਜੁਆਨ ਮੁਟਿਆਰਾਂ ਕੈਦ ਕਰ ਕੇ ਵੇਚਣ ਲਈ ਲਿਜਾਂਦਾ ਰਿਹਾ। ਉਸ ਸਮੇਂ ਬੁੱਲ੍ਹਾ ਕਿਥੇ ਭੰਗ ਪੀ ਕੇ ਸੁੱਤਾ ਰਿਹਾ ਜਾਂ ਬੁੱਲ੍ਹਾ ਇਸਨੂੰ ਮਾਮੂਲੀ ਗੱਲ ਸਮਝਦਾ ਸੀ? ਇਨ੍ਹਾਂ ਅਬਲਾਵਾਂ ਨੂੰ ਖ਼ਾਲਸੇ ਨੇ ਅਬਦਾਲੀ ਦੀ ਕੈਦ 'ਚੋਂ ਛੁਡਵਾਇਆ ਜਿਨ੍ਹਾਂ ਨੂੰ ਬੁੱਲ੍ਹਾ ਨਫ਼ਰਤ ਨਾਲ ਭੂਰਿਆਂ ਵਾਲੇ ਦਸਦਾ ਹੈ।

ਬੰਦਾ ਸਿੰਘ ਨੇ ਕੋਈ ਪਿੰਡਾਂ ਦੇ ਪਿੰਡ ਨਹੀਂ ਲੁੱਟੇ, ਸਿਰਫ਼ ਪਿੰਡਾਂ ਦੇ ਜਗੀਰਦਾਰ ਤੇ ਰਜਵਾੜੇ ਹੀ ਲੁੱਟੇ। ਪਿੰਡਾਂ ਦੇ ਆਮ ਘਰਾਂ ਵਿਚ ਲੁੱਟਣ ਨੂੰ ਹੈ ਹੀ ਕੀ ਸੀ? ਬੰਦਾ ਸਿੰਘ ਕੋਲ ਪੈਸੇ ਦਾ ਕੋਈ ਸਾਧਨ ਨਹੀਂ ਸੀ, ਇਸ ਕਰ ਕੇ ਉਸ ਵਲੋਂ ਜਗੀਰਦਾਰਾਂ ਤੇ ਸਰਕਾਰੀ ਖ਼ਜ਼ਾਨੇ ਨੂੰ ਲੁਟਣਾ ਜਾਇਜ਼ ਸੀ। ਬੰਦਾ ਸਿੰਘ ਨੇ ਕੋਈ ਪਿੰਡਾਂ ਦੇ ਪਿੰਡ (ਮੁਸਲਿਮ) ਤਬਾਹ ਨਹੀਂ ਕੀਤੇ। ਸਿਰਫ਼ ਕੁਝ ਪੀਰਾਂ-ਫ਼ਕੀਰਾਂ ਦੀਆਂ ਕਬਰਾਂ ਹੀ ਢਾਹੀਆਂ। ਇਹ ਸਭ ਖ਼ਾਲਸੇ ਦਾ ਭੈ ਪੈਦਾ ਕਰਨ ਲਈ ਕੀਤਾ ਜੋ ਕਿ ਉਸ ਸਮੇਂ ਕਰਨਾ ਬਹੁਤ ਜ਼ਰੂਰੀ ਸੀ, ਨਹੀਂ ਤਾਂ ਕਬਰਾਂ 'ਚ ਕੀ ਸੀ, ਜੋ ਪ੍ਰਾਪਤ ਕਰਨਾ ਸੀ? ਸਿਰਫ਼ ਪੀਰ ਬੁੱਧੂ ਸ਼ਾਹ ਦਾ ਪਿੰਡ ਸਢੌਰਾ ਉਜਾੜਿਆ ਕਿਉਂਕਿ ਮੁਗ਼ਲਾਂ ਨੇ ਪੀਰ ਜੀ ਦਾ ਪਰਿਵਾਰ, ਗੁਰੂ ਸਾਹਿਬ ਦੀ ਪੀਰ ਵਲੋਂ ਕੀਤੀ ਮਦਦ ਕਰ ਕੇ ਤਬਾਹ ਕੀਤਾ। ਸਿੱਖਾਂ ਨੇ ਜੇਕਰ ਮੁਸਲਮਾਨਾਂ ਨਾਲ ਇਹ ਵਿਵਹਾਰ ਕੀਤਾ ਹੁੰਦਾ ਤਾਂ ਕਿ ਮੁਸਲਮਾਨ ਸਿੱਖਾਂ ਨੂੰ ਸਿਰ 'ਤੇ ਚੁਕਦੇ? ਬਿਲਕੁਲ ਨਹੀਂ। ਜੋ ਕੁਝ ਮੁਗ਼ਲ ਹਕੂਮਤ ਵਲੋਂ ਸਿੱਖਾਂ ਨਾਲ ਕੀਤਾ ਗਿਆ, ਸਿੱਖਾਂ ਨੇ ਤਾਂ ਉਸਦੀ 10 ਫ਼ੀ ਸਦੀ ਭਾਜੀ ਵੀ ਨਹੀਂ ਮੋੜੀ।

ਸੁਣਨ 'ਚ ਆਇਐ ਕਿ ਕਿਸੇ ਨੇ ਬੰਦਾ ਸਿੰਘ ਨੂੰ ਸਵਾਲ ਕੀਤਾ ਕਿ ਤੁਸੀਂ ਕਬਰਾਂ ਕਿਉਂ ਢਾਹ ਰਹੇ ਹੋ? ਬੰਦਾ ਸਿੰਘ ਨੇ ਜਵਾਬ ਦਿੱਤਾ, ''ਸਾਰੀਆਂ ਕਬਰਾਂ ਨਹੀਂ ਢਾਹੀਆਂ ਜਾ ਰਹੀਆਂ। ਸਿਰਫ਼ ਜਿਨ੍ਹਾਂ ਨੇ ਗੁਰੂ ਘਰ, ਸਿੱਖਾਂ ਉਪਰ ਜ਼ੁਲਮ ਕੀਤਾ, ਉਨ੍ਹਾਂ ਦੀਆਂ ਕਬਰਾਂ ਢਾਹ ਕੇ, ਉਨ੍ਹਾਂ ਨੂੰ ਸਜ਼ਾ ਦਿਤੀ ਜਾ ਰਹੀ ਹੈ।''

ਫਿਰ ਸਵਾਲ ਕੀਤਾ ਗਿਆ, ''ਬੰਦੇ ਤਾਂ ਮਰ ਗਏ, ਦਬ ਦਿਤੇ, ਇਨ੍ਹਾਂ ਕਬਰਾਂ ਦਾ ਕੀ ਕਸੂਰ ਹੈ?''

ਬੰਦਾ ਸਿੰਘ ਨੇ ਜਵਾਬ ਦਿਤਾ, ''ਕਬਰਾਂ ਦਾ ਕਸੂਰ ਕੋਈ ਨਹੀਂ, ਸਿਰਫ ਖ਼ਾਲਸੇ ਦਾ ਭੈਅ ਪੈਦਾ ਕਰਨਾ ਹੈ।''

ਮੰਨ ਲਿਆ ਕਬਰਾਂ ਦਾ ਕਸੂਰ ਕੋਈ ਨਹੀਂ, ਪਰ ਉਨ੍ਹਾਂ ਮਾਸੂਮ ਬੱਚਿਆਂ ਦਾ ਕੀ ਕਸੂਰ ਸੀ, ਜਿਨ੍ਹਾਂ ਨੂੰ ਨੇਜ਼ਿਆਂ 'ਤੇ ਟੰਗਿਆ ਗਿਆ, ਉਨ੍ਹਾਂ ਦੀਆਂ ਆਂਦਰਾਂ ਦੇ ਹਾਰ ਮਾਵਾਂ ਦੇ ਗਲਿਆਂ ਵਿਚ ਪਾਏ ਗਏ? ਬੁੱਲ੍ਹੇ ਨੂੰ ਇਹ ਯਾਦ ਨਹੀਂ ਆਇਆ। ਜ਼ੁਲਮ, ਅਨਿਆਂ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਜ਼ਾਲਮ ਨੂੰ ਕਿਸੇ ਤਰ੍ਹਾਂ ਵੀ ਸਜ਼ਾ ਦੇਣਾ ਜਾਇਜ਼ ਹੈ। ਬੁੱਲ੍ਹਾ ਜ਼ੁਲਮ ਨੂੰ ਜ਼ੁਲਮ ਨਾਲ ਧੋਣਾ ਜਾਇਜ਼ ਦਸਦਾ ਹੈ ਜੋ ਕਿ ਠੀਕ ਹੈ ਪਰ ਜ਼ਾਲਮ ਦੀ ਗੱਲ ਨਹੀਂ ਕਰਦਾ।

ਅੱਜ ਤਕ ਤੋਲਾ ਭਰ ਇਨਸਾਨੀਅਤ ਦਾ ਖ਼ਿਆਲ ਰੱਖਣ ਵਾਲੀ ਕਿਸੇ ਹਕੂਮਤ ਨੇ ਆਪਣੇ ਜੰਗੀ ਕੈਦੀਆਂ ਦਾ ਏਨੀ ਬੇਰਹਿਮੀ ਨਾਲ ਕਤਲ ਨਹੀਂ ਕੀਤਾ ਜਿਵੇਂ ਮੁਗਲ ਹਕੂਮਤ ਨੇ ਬੰਦਾ ਸਿੰਘ ਅਤੇ ਉਸਦੇ ਸਾਥੀਆਂ ਦਾ ਕੀਤਾ। ਕਤਲ ਕਰਨ ਤੋਂ ਪਹਿਲਾਂ ਅਣਮਨੁੱਖੀ ਤਸੀਹੇ ਇਨ੍ਹਾਂ ਨੂੰ ਦਿਤੇ ਗਏ, ਦੁਰਵਿਵਹਾਰ ਕੀਤਾ ਗਿਆ। ਬੰਦਾ ਸਿੰਘ ਫੜਿਆ ਗਿਆ। ਉਸਨੂੰ ਮਾਰ ਦਿਉ। ਕਿਸੇ ਨੇ ਇਸਨੂੰ ਗ਼ਲਤ ਨਹੀਂ ਸੀ ਕਹਿਣਾ। ਉਸਦੇ ਮਾਸੂਮ ਬੱਚੇ ਅਤੇ ਬਾਕੀ ਨਿਹੱਥੇ ਸਿੱਖ ਫ਼ੌਜੀਆਂ ਨੂੰ ਬੇਰਹਿਮੀ ਨਾਲ ਕਤਲ ਕਰਨ 'ਚ ਕਿਹੜੀ ਸ਼ਾਨ ਹੈ? ਰੱਬ ਦੇ ਖੋਜੀ ਬੁੱਲ੍ਹੇ ਨੂੰ ਇਹ ਨਜ਼ਰ ਨਹੀਂ ਆਇਆ? ਸਾਡੇ ਬੁੱਲ੍ਹੇ ਦੇ ਸਿੱਖ ਪ੍ਰਸ਼ੰਸਕਾਂ ਨੂੰ ਬੁੱਲ੍ਹੇ ਦੀ ਇਹ ਸੋਚ ਨਜ਼ਰ ਨਹੀਂ ਆਈ?

ਸਾਰੇ ਦਰਸ਼ਕ ਸ਼ਾਹਿਦ ਨਸੀਮ ਦੇ ਡਾਇਲਾਗ ਸੁਣ ਕੇ ਬੰਦਾ ਸਿੰਘ ਦੇ ਕਿਰਦਾਰ 'ਤੇ ਮਖੌਲੀਆ ਤਾੜੀਆਂ ਮਾਰ ਕੇ, ਸਿੱਖ ਕੌਮ ਦੇ ਦਿਮਾਗ, ਅਕਲ ਦਾ ਜਲੂਸ ਕਢਦੇ ਰਹੇ। ਜਾਂ ਤਾਂ ਸਿੱਖ ਨਾਟ-ਦਰਸ਼ਕਾਂ ਨੂੰ ਬੰਦਾ ਸਿੰਘ ਨਾਲ ਕੀਤੇ ਅਨਿਆਂ, ਦੁਰਵਿਵਹਾਰ ਦਾ ਗਿਆਨ ਨਹੀਂ, ਜੋ ਮੁਗਲ ਹਕੂਮਤ ਸਿੱਖਾਂ ਨਾਲ ਕਰ ਰਹੀ ਸੀ ਜਾਂ ਫਿਰ ਇਨ੍ਹਾਂ ਨੂੰ ਸਿੱਖ ਸ਼ਹੀਦਾਂ ਦਾ ਰੋਲ ਘਟੀਆ ਜਾਪਦਾ ਹੈ। ਬੁੱਲ੍ਹੇ ਵਲੋਂ ਬੰਦਾ ਸਿੰਘ ਦੀ ਕੀਤੀ ਝਾੜ-ਝੰਬ ਇਨ੍ਹਾਂ ਨੂੰ ਅਨੰਦ ਦੇਂਦੀ ਹੈ ਤੇ ਇਨ੍ਹਾਂ ਦਾ ਮਾਰਗਦਰਸ਼ਨ ਕਰਦੀ ਹੈ। ਅਜਿਹੀ ਹਾਲਤ 'ਚ ਸਿੱਖੀ ਕੋਈ ਮਾਰਕਾ ਮਾਰ ਜਾਏ, ਇਸਦਾ ਤਸੱਵਰ ਕਰਨਾ ਹੀ ਬੇਵਕੂਫੀ ਹੈ।

ਬੁੱਲ੍ਹੇ ਬਾਰੇ ਜੋ ਲਿਖਿਆ ਪ੍ਰਚਾਰਿਆ ਗਿਆ ਹੈ, ਉਹ ਗ਼ਲਤ ਹੈ। ਬੁੱਲ੍ਹਾ ਬੇਕਸੂਰ ਹੈ। ਇਸ ਨਾਟਕ 'ਚ ਬੰਦਾ ਸਿੰਘ (ਸਿੱਖਾਂ) ਦੇ ਮੋਢੇ ਪੁਰ ਰੱਖ ਕੇ, ਸਿੱਖਾਂ ਨੂੰ ਘਟੀਆ ਸਾਬਤ ਕਰਨ ਲਈ ਬੰਦੂਕ ਚਲਾਈ ਗਈ ਹੈ। ਬੁੱਲ੍ਹਾ ਇਕ ਅਜ਼ੀਮ ਫ਼ਨਕਾਰ, ਸੂਫ਼ੀ ਸ਼ਾਇਰ ਹੈ ਜੋ ਮੁਸਲਮਾਨੀ ਸ਼ਰ੍ਹਾ ਨੂੰ ਅੱਖਾਂ ਵਿਖਾਉਂਦਾ ਹੈ। ਉਸਦੀ ਸਰਕਾਰ ਨਾਲ ਕੋਈ ਲੜਾਈ ਨਹੀਂ ਸੀ। ਲੜਾਈ ਸੀ ਤਾਂ ਮੌਲਾਣਿਆਂ ਨਾਲ-

''ਫੂਕ ਮੁਸੱਲਾ ਭੰਨ ਸੁਟ ਲੋਟਾ  
ਨਾ ਫੜ ਤਸਬੀ ਕਾਸਾ ਸੋਟਾ।  
ਭੱਠ ਨਮਾਜ਼ਾਂ ਤੇ ਚਿੱਕੜ ਰੋਜ਼ੇ,  
ਕਲਮੇ ਤੇ ਫਿਰ ਗਈ ਸਿਆਹੀ।  
ਬੁੱਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ,  
ਭੁੱਲੀ ਫਿਰੇ ਲੁਕਾਈ।''

ਅਜਿਹੇ ਵਿਚਾਰਾਂ ਕਰ ਕੇ ਉਹ ਮੌਲਾਣਿਆਂ ਨੂੰ ਮਨਜ਼ੂਰ ਨਹੀਂ ਸੀ। ਮੌਲਾਣੇ ਉਸਨੂੰ ਇਸਲਾਮ ਵਿਰੋਧੀ ਸਮਝ ਕੇ, ਉਸ ਨੂੰ ਮੁਸਲਮਾਨ ਹੀ ਨਹੀਂ ਸਨ ਸਮਝਦੇ। ਇਸ ਕਰਕੇ ਮੌਲਾਣਿਆਂ ਨੇ ਉਸ ਦਾ ਫ਼ਾਤਿਹਾ (ਆਖ਼ਰੀ ਸਮੇਂ ਦਫ਼ਨਾਉਣ ਦੀ ਰਸਮ) ਨਾ ਪੜ੍ਹਿਆ। ਸਿੱਖਾਂ ਨੂੰ ਸ਼ਾਹਿਦ ਨਸੀਮ ਤੇ ਏਧਰ ਭਾਰਤ 'ਚ ਅਜਿਹੇ ਨਾਟਕ ਕਰਵਾਉਣ ਵਾਲੇ ਅਖੌਤੀ ਕਾਮਰੇਡਾਂ ਜਾਂ ਸਿੱਖ ਦੁਸ਼ਮਣ ਅਨਸਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਇਹ ਲੋਕ ਆਪਣੇ ਆਪ ਨੂੰ ਜਨੂੰਨੀ ਨਹੀਂ ਦਸਦੇ ਪਰ ਇਹ ਆਪਣੇ ਕਿਰਦਾਰ 'ਚ ਪੱਕੇ ਜਨੂੰਨੀ ਹਨ। ਇਹ ਲੋਕ ਹਰ ਸਿੱਖ ਵਿਰੋਧੀ ਕਰਮ ਕਰ ਕੇ ਆਪਣੇ ਆਪ ਨੂੰ ਸੈਕੂਲਰ ਬਣਾਉਂਦੇ ਹਨ। ਭਲੇਮਾਣਸਾਂ ਨੂੰ ਪਤਾ ਵੀ ਹੈ ਕਿ ਝੂਠ ਪ੍ਰਚਾਰਨ ਤੇ ਖੁਣਸੀ ਪਾਕੀਆਂ ਦੀ ਚਮਚਾਗਿਰੀ ਕਰਨ ਨਾਲ ਹੀ ਇਹ ਲੋਕ ਸੈਕੂਲਰ ਨਹੀਂ ਬਣ ਜਾਣੇ।

ਇਤਿਹਾਸ ਨੂੰ ਗ਼ਲਤ ਗੇੜਾ ਦੇਣਾ ਠੀਕ ਨਹੀਂ। ਇਹ ਕੰਮ ਸਿੱਖ ਵਿਦਵਾਨਾਂ ਦਾ ਹੈ ਕਿ ਉਹ ਅਜਿਹੀਆਂ ਕਾਰਵਾਈਆਂ ਦਾ ਨੋਟਿਸ ਲੈ ਕੇ ਇਸਦਾ ਢੁਕਵਾਂ ਜਵਾਬ ਦੇਣ। ਪਰ ਸਿੱਖ ਵਿਦਵਾਨਾਂ ਨੇ ਲਗਦਾ ਹੈ ਕਿ ਮੂੰਹ 'ਤੇ ਚੇਪੀ ਲਾਈ ਹੋਈ ਹੈ। ਉਹ ਅਖ਼ਬਾਰਾਂ, ਰਸਾਲੇ, ਕਿਤਾਬਾਂ ਫ਼ਿਲਮਾਂ ਆਦਿ ਜਿਨ੍ਹਾਂ 'ਚ ਸਿੱਖ ਵਿਰੋਧੀ ਮਸਾਲਾ ਹੁੰਦਾ ਹੈ, ਨੂੰ ਦਰਕਿਨਾਰ ਕਰਦੇ ਹਨ। ਉਨ੍ਹਾਂ ਦੀ ਤਾਂ ਸਿਰਫ਼ ਇਕੋ ਖਾਹਿਸ਼ ਹੈ ਕਿ ਵਿਦੇਸ਼ਾਂ 'ਚੋਂ ਉਨ੍ਹਾਂ ਨੂੰ ਸਮਾਗਮਾਂ 'ਚ ਸ਼ਾਮਲ ਹੋਣ ਲਈ ਸੱਦੇ ਆਉਣ। ਵਿਦੇਸ਼ਾਂ ਦੀਆਂ ਸੈਰਾਂ ਕਰ ਕੇ, ਪੌਂਡਾਂ-ਡਾਲਰਾਂ 'ਚ ਖੇਡ ਕੇ ਅਨੰਦ ਆ ਜਾਏ ਤੇ ਇਸ ਦੁਨੀਆਂ 'ਚ ਆਉਣਾ ਸਫਲਾ ਹੋ ਜਾਏ।

ਅਜਿਹੇ ਹਾਲਤ 'ਚ ਨਕਲੀ 'ਬੁੱਲ੍ਹੇਸ਼ਾਹ' ਨੂੰ ਸ਼ਾਹਿਦ ਨਸੀਮ ਵਰਗੇ ਪੈਦਾ ਕਰਦੇ ਰਹਿਣਗੇ ਜੋ ਸਿੱਖਾਂ ਦੀ ਧਰਤੀ ਉਤੇ, ਸਿੱਖਾਂ ਦੇ ਨਾਇਕ ਬੰਦਾ ਸਿੰਘ ਨੂੰ ਦਬਕੇ ਮਾਰਦੇ ਰਹਿਣਗੇ। ਵਾਹ-ਵਾਹ, ਕਿੰਨੀ ਖੁਸ਼ੀ ਦੀ ਗੱਲ ਹੈ ਕਿ ਬੁੱਲ੍ਹੇ ਦੇ ਬੰਦਾ ਸਿੰਘ ਨੂੰ ਮਾਰੇ ਦਬਕਿਆਂ 'ਤੇ ਸਿੱਖ ਹੱਸਣਗੇ, ਤਾੜੀਆਂ ਮਾਰ ਕੇ ਵੀ ਬੁੱਲ੍ਹੇ ਨੂੰ ਹੀ ਦਾਦ ਦੇਣਗੇ ਜਿਸਨੇ ਬੰਦਾ ਸਿੰਘ ਨੂੰ ਸਹੀ ਰਾਹ ਵਿਖਾਇਆ। ਸਿੱਖਾਂ ਬਾਰੇ ਵਾਹਿਗੁਰੂ ਕਹਿਣ ਤੋਂ ਬਿਨਾ ਮੇਰੇ ਕੋਲ ਹੋਰ ਕੁਝ ਨਹੀਂ। ਸਿੱਖੀ ਦਾ ਰਾਖਾ ਆਪ ਅਕਾਲ ਪੁਰਖ ਤੇ ਬਾਬਾ ਨਾਨਕ ਹੈ।

ਅਸਲੀ ਬੁੱਲ੍ਹੇ ਸ਼ਾਹ, ਜਨੂੰਨੀ ਤੇ ਇਕ ਪਾਸੜ ਸੋਚ ਦਾ ਧਾਰਨੀ ਨਹੀਂ ਸੀ। ਸੂਫ਼ੀ, ਫ਼ਕੀਰ ਹੋਣ ਕਰਕੇ ਉਹ ਜਨੂੰਨੀ ਨਹੀਂ ਹੋ ਸਕਦਾ। ਬੁੱਲ੍ਹਾ ਜੇਕਰ ਬੰਦਾ ਸਿੰਘ ਨੂੰ ਮਿਲਦਾ ਤਾਂ ਉਸ ਦੀਆਂ ਗਲਤੀਆਂ ਦੇ ਨਾਲ-ਨਾਲ ਮੁਗ਼ਲਾਂ ਦੀਆਂ ਗ਼ਲਤੀਆਂ ਵੀ ਜ਼ਰੂਰ ਕਬੂਲ ਕਰਦਾ।

ਸ਼ਾਹਿਦ ਨਸੀਮ ਵਰਗੇ ਲੇਖਕਾਂ ਨੂੰ ਸਲਾਹ ਹੈ ਕਿ ਉਹ ਗ਼ਲਤ ਅਤੇ ਇਕ ਪਾਸੜ ਇਤਿਹਾਸ ਪੇਸ਼ ਨਾ ਕਰਨ। ਪਿਛਲਾ ਸਭ ਕੁਝ ਭੁਲਾ ਕੇ, ਅਮਨ ਚੈਨ ਨਾਲ ਰਹਿਣ ਤੇ ਪੰਜਾਬੀਅਤ ਕਾਇਮ ਕਰਨ ਵਲ ਕਦਮ ਵਧਾਉਣ। ਇਕੱਲਾ ਬੁੱਲ੍ਹਾ ਹੀ ਨਹੀਂ, ਸਾਰਾ ਸਿੱਖ ਇਤਿਹਾਸ ਤੇ ਬੰਦਾ ਸਿੰਘ ਪੰਜਾਬੀਅਤ ਦਾ ਅਲੰਬਰਦਾਰ ਹੈ। ਬੁੱਲ੍ਹੇ ਨੂੰ ਮੇਰਾ ਸਲਾਮ ਜੋ ਆਪਣੀ ਜ਼ਿੰਦਗੀ 'ਚ ਕਦੀ ਬੰਦਾ ਸਿੰਘ ਨੂੰ ਨਹੀਂ ਮਿਲਿਆ ਤੇ ਜਿਸ ਨੂੰ ਸ਼ਾਹਿਦ ਨਸੀਮ ਨੇ ਇਕ ਖ਼ਾਸ ਸੋਚ ਪ੍ਰਚਾਰਨ ਲਈ ਧੱਕੇ ਨਾਲ ਬੰਦਾ ਸਿੰਘ ਨਾਲ ਮਿਲਦਿਆਂ ਵਿਖਾ ਦਿੱਤਾ। ਪਰ ਵੱਡਾ ਅਫਸੋਸ ਇਹ ਹੈ ਕਿ ਸਿੱਖ ਵੀ ਇਸ ਅਣਇਤਿਹਾਸਕ ਵਾਰਤਾਲਾਪ ਦਾ ਆਨੰਦ ਲੈਣ ਲੱਗੇ ਹਨ। ਇਸ ਉਤੇ ਕਿੰਤੂ ਕਰਨ ਦੀ ਬਜਾਏ ਇਸ 'ਤੇ ਮੋਹਰ ਲਾ ਰਹੇ ਹਨ।

## ਸਿੱਖ ਕੌਮ ਦੀਆਂ ਨੀਹਾਂ



ਹਾਕਮ ਸੂਬੇ ਨੇ ਜਿਉਂਦੇ ਬੱਚੇ, ਚਿਣ ਦਿੱਤੇ ਵਿਚ ਨੀਹਾਂ।  
ਨਿੱਕੀਆਂ ਜਿੰਦਾਂ ਨੇ ਖੁਦ ਰੱਖੀਆਂ, ਸਿੱਖ ਕੌਮ ਦੀਆਂ ਨੀਹਾਂ।

ਬੱਚਿਆਂ 'ਤੇ ਢਾਹ ਜ਼ੁਲਮ ਕਹਿਰ ਦਾ, ਖਾਨ ਵਜ਼ੀਰਾ ਵਿੱਸਰ ਗਿਆ।  
ਉਹ ਕੀ ਜਾਣੇ ਇਨ੍ਹਾਂ ਨੀਹਾਂ 'ਤੇ, ਮਹਿਲ ਸਿੱਖੀ ਦਾ ਉਸਰ ਗਿਆ।  
ਇਹ ਕੁਰਬਾਨੀ ਮੇਟ ਨਹੀਂ ਸਕਣੀ, ਲੱਖਾਂ ਤੂਫਾਨਾਂ ਮੀਹਾਂ।  
ਨਿੱਕੀਆਂ ਜ਼ਿੰਦਾਂ ਨੇ ਖੁਦ ਰੱਖੀਆਂ, ਸਿੱਖ ਕੌਮ ਦੀਆਂ ਨੀਹਾਂ।

ਤੱਕ ਕੇ ਸਾਹਵੇਂ ਮੌਤ ਖਲੋਤੀ, ਤਾਂ ਵੀ ਗੱਲਾਂ ਕਰਦੇ ਖੜ੍ਹ ਕੇ।  
ਜਿਸ ਉਮਰੇ ਮਾਵਾਂ ਆਪਣੇ ਪੁੱਤਰ, ਸਵਾਉਂਦੀਆਂ ਨੇ ਥਾਪੜ ਕੇ।  
ਭੁੱਖੇ ਮਰਨਾ ਚੰਗਾ ਪਰ, ਕਦੇ ਘਾਹ ਨਹੀਂ ਖਾਧਾ ਸ਼ੀਂਹਾਂ।  
ਨਿੱਕੀਆਂ ਜਿੰਦਾਂ ਨੇ ਖੁਦ ਰੱਖੀਆਂ, ਸਿੱਖ ਕੌਮ ਦੀਆਂ ਨੀਹਾਂ।

ਗੰਗੂ ਵਰਗੇ ਨਮਕਹਰਾਮੀ, ਲਾਹਨਤਾਂ ਜੱਗ ਦੀਆਂ ਖੱਟਦੇ ਨੇ।  
ਇਥੇ ਉਥੇ ਮਿਲੇ ਨਾ ਢੋਈ, ਜੜ੍ਹਾਂ ਆਪ ਦੀਆਂ ਪੱਟਦੇ ਨੇ।  
ਸ਼ਾਲਾ! ਐਸੇ ਅਕ੍ਰਿਤਘਣ ਨਾ ਜੰਮਣ ਫੇਰ ਕਦੀਹਾਂ।  
ਇਹ ਕੁਰਬਾਨੀ ਤੱਕ ਕੇ ਉਹ ਵੀ, ਥਰ-ਥਰ ਕਰਕੇ ਕੰਬਣਗੇ।  
ਨਿੱਕੀਆਂ ਜਿੰਦਾਂ ਨੇ ਖੁਦ ਰੱਖੀਆਂ, ਸਿੱਖ ਕੌਮ ਦੀਆਂ ਨੀਹਾਂ।

ਬਿੱਟੂ ਖੰਨੇ ਵਾਲਿਆ, ਦੁਨੀਆਂ ਸਦਕੇ ਇਸ ਕੁਰਬਾਨੀ ਦੇ।  
ਧਰਮ ਦੀ ਖ਼ਾਤਰ ਮਾਂ-ਪਿਉ ਤੇ, ਚਹੁੰ ਪੁੱਤਰਾਂ ਦੇ ਦਾਨੀ ਦੇ।  
ਬੰਦਾ ਸਿੰਘ ਬਹਾਦਰ ਆ ਕੇ, ਨਵੀਆਂ ਪਾ ਗਿਆ ਲੀਹਾਂ।  
ਨਿੱਕੀਆਂ ਜਿੰਦਾਂ ਨੇ ਖੁਦ ਰੱਖੀਆਂ, ਸਿੱਖ ਕੌਮ ਦੀਆਂ ਨੀਹਾਂ।

**ਬਲਜਿੰਦਰ ਸਿੰਘ ਬਿੱਟੂ ਖੰਨੇਵਾਲਾ**

# ਸਥਾਪਤੀ ਖਿਲਾਫ ਤਲਖੀਆਂ 'ਚੋਂ ਉਪਜੀ ਬਾਗੀਆਨਾ ਸ਼ਾਇਰੀ

**ਪ੍ਰੀਤਮ ਸਿੰਘ**

29 ਸਤੰਬਰ 1981 ਨੂੰ ਇੰਡੀਅਨ ਏਅਰ ਲਾਈਨਜ਼ ਦਾ ਇਕ ਹਵਾਈ ਜਹਾਜ਼ ਦਿੱਲੀ ਤੋਂ ਲਾਹੌਰ ਦੀ ਉਡਾਨ 'ਤੇ ਸੀ ਕਿ ਉਸਨੂੰ ਅਗਵਾ ਕਰ ਲਿਆ ਗਿਆ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੀ ਦੁਨੀਆਂ ਵਿਚ ਫੈਲ ਗਈ। ਆਲ ਇੰਡੀਆ ਰੇਡੀਓ ਅਤੇ ਦੂਰ ਦਰਸ਼ਨ ਦੇ ਸਾਰੇ ਸਟੇਸ਼ਨਾਂ ਤੋਂ ਇਹ ਖਬਰ ਦੇਰ ਰਾਤ ਤੱਕ ਪ੍ਰਸਾਰਤ ਹੁੰਦੀ ਰਹੀ ਅਤੇ 30 ਸਤੰਬਰ, 1981 ਦੀਆਂ ਸਾਰੀਆਂ ਅਖ਼ਬਾਰਾਂ ਦੀ ਇਹ ਮੁੱਖ ਖ਼ਬਰ ਸੀ। ਮਿਸਾਲ ਦੇ ਤੌਰ 'ਤੇ ਰੋਜ਼ਾਨਾ ਅਕਾਲੀ ਪੱਤ੍ਰਿਕਾ ਜਲੰਧਰ ਨੇ ਇਸ ਘਟਨਾ ਨੂੰ ਇੰਝ ਪ੍ਰਸਤੁਤ ਕੀਤਾ;

''ਖ਼ਾਲਿਸਤਾਨ ਦੇ ਹਾਮੀ ਭਾਰਤੀ ਹਵਾਈ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲੈ ਗਏ। 111 ਮੁਸਾਫ਼ਰ ਦੇ 6 ਅਮਲੇ ਦੇ ਮੈਂਬਰ ਸਵਾਰ...ਦਿੱਲੀ ਤੋਂ ਸ੍ਰੀਨਗਰ ਜਾਂਦਿਆਂ ਅੰਮ੍ਰਿਤਸਰ ਦੇ ਨੇੜੇ ਕ੍ਰਿਪਾਨਾਂ ਦਿਖਾ ਕੇ ਜਹਾਜ਼ ਨੂੰ ਪਾਕਿਸਤਾਨ ਵਲ ਮੋੜਿਆ ਗਿਆ। ਸੰਤ ਭਿੰਡਰਾਂਵਾਲਿਆਂ ਤੇ ਖ਼ਾਲਿਸਤਾਨ ਦੇ ਹਾਮੀਆਂ ਦੀ ਰਿਹਾਈ ਦੀ ਮੰਗ, ਅੱਜ ਸਵੇਰੇ 10.30 ਵਜੇ ਤੱਕ ਦਾ ਅਲਟੀਮੇਟ। ਜਹਾਜ਼ 12 ਵੱਜ ਕੇ 44 ਮਿੰਟ 'ਤੇ ਦਿੱਲੀਓਂ ਚੱਲਿਆ ਅਤੇ 1.20 'ਤੇ ਲਾਹੌਰ ਪੁੱਜ ਗਿਆ...ਦਲ ਖ਼ਾਲਸਾ ਦਾ ਗਜਿੰਦਰ ਸਿੰਘ ਵੀ ਅਗਵਾਕਾਰਾਂ ਵਿਚ ਸ਼ਾਮਲ...ਖਾਲਿਸਤਾਨ ਦੇ ਹੱਕ ਵਿਚ ਨਾਅਰੇ ਲਾਏ ਗਏ...ਮਹਿਤਾ ਗੋਲੀ ਕਾਂਡ ਵਿਰੁਧ ਰੋਸ ਦਾ ਪ੍ਰਗਟਾਵਾ।''

ਹਰਸਿਮਰਨ ਸਿੰਘ ਨੇ 29 ਸਤੰਬਰ, 1981 ਨੂੰ ਅੰਮ੍ਰਿਤਸਰ ਦੇ ਗੁਰੂ ਨਾਨਕ ਨਿਵਾਸ ਵਿਚ ਇਕ ਪ੍ਰੈਸ ਕਾਨਫਰੰਸ ਕਰਕੇ ਇਸ ਹਾਈ ਜੈਕਿੰਗ ਦੇ ਕਾਰਨਾਂ ਅਤੇ ਆਪਣੀਆਂ ਮੰਗਾਂ ਦਾ ਪੱਤਰਕਾਰਾਂ ਨੂੰ ਵਿਸਥਾਰਤ ਵੇਰਵਾ ਦਿੱਤਾ। ਹਾਈਜੈਕਰਾਂ ਦਾ ਆਗੂ ਗਜਿੰਦਰ ਸਿੰਘ ਅਤੇ ਪ੍ਰੈਸ ਕਾਨਫਰੰਸ ਕਰਨ ਵਾਲਾ ਹਰਸਿਮਰਨ ਸਿੰਘ ਦੋਵੇਂ ਮੇਰੇ ਵਾਕਿਫ ਸਨ। ਗਜਿੰਦਰ ਸਿੰਘ ਪੰਜਾਬ ਸਿਵਲ ਸਕੱਤਰੇਤ ਵਿਖੇ ਸਿੱਖਿਆ ਸ਼ਾਖਾ ਵਿਚ ਕਲਰਕ ਸੀ ਅਤੇ ਹਰਸਿਮਰਨ ਸਿੰਘ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਡਾ. ਵਿਸ਼ਵਾ ਨਾਥ ਤਿਵਾੜੀ ਦਾ ਸਟੈਨੋਗ੍ਰਾਫਰ ਸੀ। ਮੈਂ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਰਹਿੰਦਾ ਸੀ ਅਤੇ ਇਸ ਲਈ ਹਰਿਸਿਮਰਨ ਸਿੰਘ ਨਾਲ ਅਕਸਰ ਮੁਲਾਕਾਤ ਹੋ ਜਾਂਦੀ ਸੀ। ਡਾ. ਵਿਸ਼ਵਾਨਾਥ ਤਿਵਾੜੀ ਮੇਰਾ ਗੁਆਂਢੀ ਸੀ ਅਤੇ ਹਰਸਿਮਰਨ ਸਿੰਘ ਵੀ 15 ਸੈਕਟਰ ਵਿਚ ਹੀ ਰਹਿੰਦਾ ਸੀ।

ਗਜਿੰਦਰ ਸਿੰਘ, ਪੰਜਾਬੀ ਸਾਹਿਤ ਅਤੇ ਭਾਸ਼ਾ ਵਿਚ ਮੇਰੀ ਦਿਲਚਸਪੀ ਤੋਂ ਚੰਗੀ ਤਰ੍ਹਾਂ ਜਾਣੂ ਸੀ। ਇਸ ਲਈ ਅਕਸਰ ਮੈਨੂੰ ਮਿਲਦਾ ਰਹਿੰਦਾ ਸੀ। 13 ਅਪ੍ਰੈਲ, 1975 ਨੂੰ ਉਸਦਾ ਪਹਿਲਾ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋਇਆ ਅਤੇ 15-16 ਅਪ੍ਰੈਲ ਨੂੰ ਉਹ ਬੜੇ ਚਾਅ ਨਾਲ ਆਪਣਾ ਪਹਿਲਾ ਕਾਵਿ ਸੰਗ੍ਰਹਿ ਮੈਨੂੰ ਭੇਟ ਕਰਨ ਆਇਆ ਅਤੇ ਕਾਫ਼ੀ ਸਮਾਂ ਸਾਹਿਤ ਅਤੇ ਸਿਆਸਤ ਸੰਬੰਧੀ ਵਿਚਾਰ ਵਟਾਂਦਰਾ ਕਰਦਾ ਰਿਹਾ। ਮੈਂ ਬੜਾ ਠਿਟ ਕੇ ''ਪੰਜ ਤੀਰ ਹੋਰ'' ਦਾ ਅਧਿਐਨ ਕੀਤਾ। ਇਨ੍ਹਾਂ ਕਵਿਤਾਵਾਂ ਦੀ ਸੁਰ ਬਹੁਤ ਤਿੱਖੀ ਸੀ ਅਤੇ ਸਾਰੀਆਂ ਹੀ ਕਵਿਤਾਵਾਂ ਬਾਗੀਆਨਾ ਵਿਚਾਰਾਂ ਨਾਲ ਓਤ ਪੋਤ ਸਨ। ਇਨ੍ਹਾਂ ਕਵਿਤਾਵਾਂ ਸਦਕਾ ਹੀ ਉਸਦੀ ਜੀਵਨ ਨੌਕਾ ਨੇ ਕਈ ਮੋੜ ਕੱਟੇ ਹਨ। ਮਿਸਾਲ ਦੇ ਤੌਰ 'ਤੇ ''ਪੰਜ ਤੀਰ ਹੋਰ'' ਕਵਿਤਾ ਦੇਖੋ;

ਪੰਜ ਤੀਰ ਹੋਰ
ਜਦੋਂ ਬੰਦੇ ਨੂੰ ਆਪਣੀ ਤਰਕਸ਼ 'ਚੋਂ
ਪੰਜ ਤੀਰ ਤੂੰ ਦਿੱਤੇ
ਤਾਂ ਸੁਣਿਐ ਜ਼ਾਲਮਾਂ ਤੋਂ ਯੁਧ
ਬੰਦੇ ਨੇ ਬਹੁਤ ਜਿੱਤੇ।
ਤੇਰੇ ਤਰਕਸ਼ ਦੇ ਪੰਜ ਤੀਰਾਂ ਨੇ
ਉਤਲੀ ਹੇਠ ਕੀਤੀ ਸੀ
ਤੇਰੇ ਹਰ ਤੀਰ ਨੇ ਤੋਪਾਂ ਦੀ
ਸੁਣਿਐ ਗਰਜ ਸੀਤੀ ਸੀ।
ਅਸੀਂ ਪੰਜ ਤੀਰ ਤਰਕਸ਼ 'ਚੋਂ ਤੇਰੀ
ਮੁੜ ਮੰਗਣ ਆਏ ਹਾਂ
ਤੇਰੇ ਸਿੱਖ ਹਾਂ, ਹਾਂ ਤੇਰਾ ਰੂਪ
ਬਿਨ ਸੰਗਣ ਹੀ ਆਏ ਹਾਂ।
ਤੇਰੀ ਅੱਜ ਕੌਮ ਦੇ ਸਿਰ 'ਤੇ ਨਹੀਂ
ਪੈਰਾਂ 'ਚ ਆਰੀ ਹੈ
ਇਸੇ ਲਈ ਕੌਮ ਤੇਰੀ 'ਤੇ ਬਣੀ
ਅੱਜ ਭੀੜ ਭਾਰੀ ਹੈ
ਬਾਪੂ ਅੱਜ ਲੜਨ ਦਾ ਨਿਸ਼ਚਾ
ਤੇਰੇ ਬੰਦਿਆਂ ਨੇ ਮੁੜ ਕੀਤੈ
ਤੇਰੇ ਤੀਰਾਂ ਨੂੰ ਤੈਥੋਂ ਮੰਗਣ ਦਾ
ਤਾਂ ਹੀ ਹੌਸਲਾ ਕੀਤੈ।
ਤੇਰੇ ਤਰਕਸ਼ ਦੇ ਤੀਰਾਂ ਨਾਲ
ਨਿਸ਼ਾਨੇ ਵਿੰਨ ਵਿੰਨ ਮਾਰਾਂਗੇ
ਤੇ ਗਿਣ ਗਿਣ ਕੇ ਸਿਰਾਂ ਨੂੰ
ਸਿਰਾਂ ਦੇ ਅਸੀਂ ਮੁੱਲ ਉਤਾਰਾਂਗੇ।
ਤੇਰੇ ਤੀਰਾਂ ਨਾਲ ਚਲਦੀ ਹਵਾ ਦਾ
ਅਸੀਂ ਰੁੱਖ ਮੋੜਾਂਗੇ
ਜਿਨ੍ਹਾਂ ਸੰਗਲਾਂ 'ਚ ਜਕੜਿਆ ਕੌਮ ਨੂੰ
ਉਹ ਸੰਗਲ ਤੋੜਾਂਗੇ।
ਤੇਰੇ ਝੰਡੇ ਦੀ ਥਾਵੇਂ
ਝੂਲਦੇ ਪਏ ਝੰਡੇ ਅੱਜ ਜਿਹੜੇ
ਇਨ੍ਹਾਂ ਝੰਡਿਆਂ ਨੂੰ ਲਾਹਵਾਂਗੇ
ਸਮੁੰਦਰਾਂ ਵਿਚ ਰੋੜ੍ਹਾਂਗੇ।
ਤੇਰੇ ਹੁਕਮਾਂ ਦਾ ਇੱਥੇ ਫਿਰ
ਵੇਖੀ ਰਾਜ ਹੋਵੇਗਾ
ਤੇ ਤੇਰੀ ਲਹੂ 'ਚ ਲਿਬੜੀ
ਕੌਮ ਦੇ ਸਿਰ ਤਾਜ ਹੋਵੇਗਾ।



''ਪੰਜ ਤੀਰ ਹੋਰ'' ਦੇ ਪ੍ਰਕਾਸ਼ਨ ਤੋਂ ਬਾਅਦ ਗਜਿੰਦਰ ਸਿੰਘ ਕਾਫ਼ੀ ਦੇਰ ਗਾਇਬ ਰਿਹਾ। ਮੇਰੀ ਉਸ ਨਾਲ ਕੋਈ ਮੁਲਾਕਾਤ ਨਾ ਹੋਈ। ਉਸਦਾ ਦੂਜਾ ਕਾਵਿ ਸੰਗ੍ਰਹਿ ''ਗੰਗੂ ਦੀ ਰੂਹ'' 1978 ਵਿਚ ਪ੍ਰਕਾਸ਼ਤ ਹੋਇਆ ਤਾਂ ਇਕ ਦਿਨ ਉਹ ਮੈਨੂੰ ਫੇਰ ਸਕੱਤਰੇਤ ਵਿਚ ਮਿਲਣ ਆਇਆ ਅਤੇ ਬੜੇ ਚਾਅ ਨਾਲ ਉਸਨੇ ਆਪਣੀ ਨਵ ਪ੍ਰਕਾਸ਼ਤ ਪੁਸਤਕ ਭੇਟ ਕੀਤੀ। ਮੈਂ ਪੁੱਛਿਆ, ''ਗਜਿੰਦਰ ਸਿੰਘ ਤੂੰ ਏਨੀ ਦੇਰ ਕਿੱਥੇ ਗਾਇਬ ਰਿਹਾ? ਕਿਤੇ ਨਜ਼ਰ ਨਹੀਂ ਆਇਆ।'' ਉਸਨੇ ਉੱਤਰ ਦਿੱਤਾ, ''ਜੀ ਕੀ ਦੱਸਾਂ! ਮੈਂ ਆਪਣੀ ਪੁਸਤਕ ''ਪੰਜ ਤੀਰ ਹੋਰ'' ਪਾਕਿਸਤਾਨ ਆਪਣੇ ਦੋਸਤ ਨੂੰ ਭੇਜੀ ਸੀ। ਇਹ ਰਸਤੇ ਵਿਚ ਪੁਲਸ ਦੇ ਅੜਿੱਕੇ ਚੜ੍ਹ ਗਈ। ਉਨ੍ਹਾਂ ਨੇ ਮੇਰੇ ਖ਼ਿਲਾਫ਼ ਸਰਕਾਰ ਨੂੰ ਰਿਪੋਰਟ ਕਰ ਦਿੱਤੀ ਅਤੇ ਮੈਨੂੰ ਨੌਕਰੀ ਤੋਂ ਜਵਾਬ ਮਿਲ ਗਿਆ। ਮੈਂ ਬੇਕਾਰ ਹੋ ਗਿਆ। ਸਰਕਾਰੀ ਨੌਕਰੀ ਤਾਂ ਮੈਨੂੰ ਮਿਲ ਨਹੀਂ ਸਕਦੀ ਸੀ। ਇਸ ਲਈ ਗਿਆਨੀ ਜ਼ੈਲ ਸਿੰਘ ਜੀ ਨੇ ਮੇਰੇ ਉੱਤੇ ਤਰਸ ਖਾ ਕੇ ਮੈਨੂੰ ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰੀ ਲਗਵਾ ਦਿੱਤੀ। ਪਰ ਪੁਲਸ ਉੱਥੇ ਵੀ ਮੇਰੇ ਮਗਰ ਲੱਗੀ ਰਹੀ ਅਤੇ ਉਨ੍ਹਾਂ ਦੀ ਸਾਜ਼ਿਸ਼ ਸਦਕਾ ਮੈਨੂੰ ਉੱਥੋਂ ਵੀ ਜਵਾਬ ਮਿਲ ਗਿਆ ਅਤੇ ਮੈਂ ਬਿਲਕੁਲ ਵਿਹਲਾ ਹਾਂ। ਜਦੋਂ ਕਾਂਗਰਸ ਦਾ ਮਟੌਰ ਸੈਸ਼ਨ ਹੋਇਆ ਤਾਂ ਮੈਂ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਲਸੇ ਵਿਚ ਅਗਲੀ ਕਤਾਰ ਵਿਚ ਆਪਣੇ ਸਾਥੀਆਂ ਸਮੇਤ ਜਾ ਬੈਠਾ। ਜਦੋਂ ਇੰਦਰਾ ਗਾਂਧੀ ਨੇ ਆਪਣਾ ਭਾਸ਼ਣ ਦੇਣਾ ਸ਼ੁਰੂ ਕੀਤਾ ਤਾਂ ਮੈਂ ਆਪਣੇ ਸਾਥੀਆਂ ਨੂੰ ਖੜ੍ਹਾ ਕਰਕੇ ਨਾਅਰੇ ਮਾਰਨ ਲੱਗ ਪਿਆ, ''ਰੰਡੀ ਕਾ ਰਾਜ ਨਹੀਂ ਚਲੇਗਾ। ਰੰਡੀ ਕਾ ਰਾਜ ਨਹੀਂ ਚਲੇਗਾ।'' ਪੁਲਸ ਯਕਦਮ ਹਰਕਤ ਵਿਚ ਆਈ ਅਤੇ ਸਾਨੂੰ ਸਾਰਿਆਂ ਨੂੰ ਪਕੜ ਕੇ ਐਸਾ ਕੁਟਾਪਾ ਚਾੜ੍ਹਿਆ ਤਾਂ ਕਿ ਜ਼ਿੰਦਗੀ ਭਰ ਯਾਦ ਰਹੇਗਾ।'' ਫੇਰ ਉਸਨੇ ਮੈਨੂੰ ਦੱਸਿਆ, ''ਮੇਰਾ ਪਹਿਲਾ ਕਾਵਿ ਸੰਗ੍ਰਹਿ, ''ਪੰਜ ਤੀਰ ਹੋਰ'' ਪੰਜਾਬ ਸਰਕਾਰ ਨੇ ਆਪਣੇ ਇਕ ਨੋਟੀਫਿਕੇਸ਼ਨ ਮਿਤੀ 23 ਦਸੰਬਰ 1975 ਰਾਹੀਂ ਜ਼ਬਤ ਕਰ ਲਿਆ ਹੈ। ਪਰ ਮੈਂ ਆਪਣੇ ਵਿਚਾਰ ''ਗੰਗੂ ਦੀ ਰੂਹ'' ਵਿਚ ਹੋਰ ਵੀ ਸ਼ਕਤੀਸ਼ਾਲੀ ਢੰਗ ਨਾਲ ਪ੍ਰਸਤੁਤ ਕੀਤੇ ਹਨ। ਫੇਰ ਉਸਨੇ ਬੜਾ ਹੁੱਬ ਕੇ ਦੱਸਿਆ ਕਿ ਖਾਲਿਸਤਾਨ ਦੀ ਮੰਗ ਕਰਨ ਵਾਲੀਆਂ ਸਾਰੀਆਂ ਹੀ ਪਾਰਟੀਆਂ ਹੁਣ ਇੱਕ ਮੁੱਠ ਹੋ ਗਈਆਂ ਹਨ ਅਤੇ ਅਸੀਂ ਹੁਣ ਆਪਣੇ ਨਿਸ਼ਾਨੇ ਵੱਲ ਹੋਰ ਵੀ ਤੇਜ਼ੀ ਨਾਲ ਵਧਣ ਦੇ ਕਾਬਲ ਹੋ ਜਾਵਾਂਗੇ।'' ਮੈਂ ਕਿਹਾ, ''ਪਰ ਕੁਲਦੀਪ ਨਈਅਰ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਵੱਖ-ਵੱਖ ਧੜਿਆਂ ਦੀ ਜੋ ਮੀਟਿੰਗ ਆਰੋਮਾ ਹੋਟਲ ਵਿਚ ਹੋਈ ਸੀ ਅਤੇ ਜਿਸ ਦੇ ਅੰਤ 'ਤੇ ਸਾਰੇ ਧੜਿਆਂ ਵਿਚ ਏਕਤਾ ਦੇ ਫ਼ੈਸਲੇ ਤੋਂ ਬਾਅਦ ''ਦਲ ਖ਼ਾਲਸਾ'' ਹੋਂਦ ਵਿਚ ਆਇਆ ਹੈ ਇਸਦਾ ਸਾਰਾ ਖ਼ਰਚਾ ਗਿਆਨੀ ਜ਼ੈਲ ਸਿੰਘ ਨੇ ਦਿੱਤਾ ਹੈ।'' ਗਜਿੰਦਰ ਸਿੰਘ ਨੇ ਜਵਾਬ ਦਿੱਤਾ, ''ਚਲੋ ਮੰਨ ਲਵੋ ਕਿ ਕੁਲਦੀਪ ਨਈਅਰ ਦੀ ਗੱਲ ਠੀਕ ਹੈ ਤਾਂ ਇਸ ਵਿਚ ਬੁਰਾਈ ਕੀ ਹੈ? ਜੇ ਗਿਆਨੀ ਜ਼ੈਲ ਸਿੰਘ ਵਰਗਾ ਵਿਅਕਤੀ ਵੀ ਸਾਡੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਸਾਡੀ ਸਹਾਇਤਾ ਕਰਦਾ ਹੈ ਤਾਂ ਇਸ ਵਿਚ ਮਾੜਾ ਕੀ ਹੈ?'' ਇਸ ਤੋਂ ਬਾਅਦ ਚਰਚਾ ਦਾ ਅੰਤ ਹੋ ਗਿਆ ਅਤੇ ਗਜਿੰਦਰ ਸਿੰਘ ਚਲਾ ਗਿਆ।

ਗਜਿੰਦਰ ਸਿੰਘ ਮੁੜ ਕੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਉਦੋਂ ਬਣਿਆ ਜਦੋਂ 29 ਸਤੰਬਰ 1981 ਨੂੰ ਉਸਨੇ ਹਵਾਈ ਜਹਾਜ਼ ਹਾਈਜੈਕ ਕਰ ਲਿਆ। ਗਜਿੰਦਰ ਸਿੰਘ ਨੇ ਆਪਣੇ ਇੱਕ ਲੇਖ ''ਕਲਮ ਤੋਂ ਤਲਵਾਰ ਤੱਕ'' ਵਿਚ ਹਾਈ ਜੈਕਿੰਗ ਦੀ ਸਾਰੀ ਕਹਾਣੀ ਬੜੀ ਤਫ਼ਸੀਲ ਨਾਲ ਬਿਆਨ ਕੀਤੀ ਹੈ। ਗਜਿੰਦਰ ਸਿੰਘ ਅਨੁਸਾਰ, ''ਗੁਰਮੁਖੀ ਦੇ ਪੰਜ ਅੱਖਰਾਂ ਦੇ ਲਫਜ਼ 'ਹਾਈਜੈਕਿੰਗ'' ਨੂੰ ਦਲ ਖ਼ਾਲਸਾ ਦੇ ਪੰਜ ਪਿਆਰਿਆਂ ਨੇ ਜ਼ਿੰਦਗੀ ਦਾ ਹੋਰ ਮੋਹ ਤੋੜ ਕੇ ਹਕੀਕਤ ਦਾ ਰੂਪ ਦਿੱਤਾ ਅਤੇ ਕੌਮੀ ਆਜ਼ਾਦੀ ਦੀ ਲਹਿਰ ਵਿਚ ਇਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ।'' ਪਰ ਇਸ ਹਾਈਜੈਕਿੰਗ ਨਾਲ ਕਈ ਕਹਾਣੀਆਂ ਜੁੜ ਗਈਆਂ, ਜਿਨ੍ਹਾਂ ਦਾ ਜ਼ਿਕਰ ਗਜਿੰਦਰ ਸਿੰਘ ਨੇ ਆਪਣੇ ਇਸ ਲੇਖ ''ਕਲਮ ਤੋਂ ਤਲਵਾਰ ਤੱਕ'' ਵਿਚ ਨਹੀਂ ਕੀਤਾ। ਇਕ ਸਨਸਨੀਖੇਜ਼ ਕਹਾਣੀ ਇਹ ਹੈ ਕਿ ਹਾਈਜੈਕਿੰਗ ਤੋਂ ਇਕ ਦਿਨ ਪਹਿਲਾਂ ਗਜਿੰਦਰ ਸਿੰਘ ਨੇ ਇਮਪੀਰੀਅਲ ਹੋਟਲ ਦਿੱਲੀ ਵਿਚ ਗਿਆਨੀ ਜ਼ੈਲ ਸਿੰਘ ਨਾਲ ਮੁਲਾਕਾਤ ਕੀਤੀ ਸੀ। ਇਸਦਾ ਜ਼ਿਕਰ ਸ਼ੇਖਰ ਗੁਪਤਾ ਨੇ ਆਪਣੇ ਇਕ ਲੇਖ ਵਿਚ ਕੀਤਾ ਸੀ ਜੋ ਉਦੋਂ ਇੰਡੀਆ ਟੂਡੇ ਵਿਚ ਪ੍ਰਕਾਸ਼ਿਤ ਹੋਇਆ ਸੀ। ਇਸੇ ਤਰ੍ਹਾਂ ਹਰਸਿਮਰਤ ਸਿੰਘ ਹਾਈਜੈਕਿੰਗ ਤੋਂ ਇਕ ਹਫ਼ਤੇ ਬਾਅਦ ਮੁਹਾਲੀ ਤੋਂ ਪੰਜਾਬ ਦੇ ਇਕ ਵਜ਼ੀਰ ਦੇ ਡਰਾਈਵਰ ਦੇ ਘਰੋਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਜਿੱਥੇ ਕਿ ਉਸਨੇ ਹਾਈ ਜੈਕਿੰਗ ਸੰਬੰਧੀ ਪ੍ਰੈੱਸ ਕਾਨਫਰੰਸ ਤੋਂ ਬਾਅਦ ਪਨਾਹ ਲੈ ਰੱਖੀ ਸੀ।

ਦਲ ਖ਼ਾਲਸਾ ਦੇ ਮੌਜੂਦਾ ਆਗੂਆਂ ਕੰਵਰਪਾਲ ਸਿੰਘ ਅਤੇ ਸਰਬਜੀਤ ਸਿੰਘ ਘੁਮਾਣ ਨੇ ਆਪਣੇ ਇੱਕ ਲੇਖ, ''ਕੀ ਗਜਿੰਦਰ ਸਿੰਘ ਦੀ ਜਲਾਵਤਨੀ ਖ਼ਤਮ ਹੋਵੇਗੀ?'' ਵਿਚ ਲਿਖਿਆ ਹੈ, ''ਗਜਿੰਦਰ ਸਿੰਘ ਦਾ ਮੁਲੰਕਣ ਕਰਦੇ ਵਕਤ ਸਿੱਖਾਂ ਦੇ ਮਨ ਅੰਦਰ ਕਈ ਤਰ੍ਹਾਂ ਦੇ ਵਿਚਾਰ ਚਲਦੇ ਹਨ। ਬਹੁਤ ਸਾਰੇ ਜੋ ਉਸਦੀ ਵਚਨਬੱਧਤਾ ਦੇ ਕਾਇਲ ਹਨ, ਦਾ ਉਹ ਮਹਿਬੂਬ ਆਗੂ ਹੈ। ਖ਼ਾਲਿਸਤਾਨੀ ਸੰਘਰਸ਼ ਨੂੰ ਖੜ੍ਹਾ ਕਰਨ ਵਿਚ ਪਾਏ ਉਸਦੇ ਯੋਗਦਾਨ ਨੂੰ ਛੁਟਿਆਉਣ ਲਈ ਕਈ ਤਰ੍ਹਾਂ ਦੇ ਵਿਅੰਗ ਕੱਸੇ ਗਏ ਹਨ। ਅਜਿਹੇ ਵੀ ਹਨ ਜੋ ਉਸਨੂੰ ਕਾਂਗਰਸ ਦੀ ਪੈਦਾਵਾਰ ਆਖਦੇ ਹਨ ਜੋ ਕਿ ਅਸਲੀਅਤ ਤੋਂ ਕੋਹਾਂ ਦੂਰ ਦੀ ਗੱਲ ਹੈ। ਗਜਿੰਦਰ ਸਿੰਘ ਦੀ ਸਮੱਸਿਆ ਸੀ ਕਿ ਉਹ ਇੱਕੋ ਵੇਲੇ ਦੋ ਦੁਸ਼ਮਣਾਂ, ਬਰਾਹਮਣੀ ਹਕੂਮਤ ਤੇ ਰਵਾਇਤੀ ਅਕਾਲੀਆਂ ਨਾਲ ਨਹੀਂ ਸੀ ਲੜ ਸਕਦਾ। ਉਸਨੂੰ ਵਿਚਾਰਧਾਰਕ ਵਿਰੋਧੀਆਂ (ਅਕਾਲੀਆਂ) ਨਾਲੋਂ ਬ੍ਰਾਹਮਣੀ ਹਕੂਮਤ ਖ਼ਿਲਾਫ਼ ਲੜਨਾ ਪ੍ਰਮੁੱਖ ਤੇ ਮਹੱਤਵਪੂਰਨ ਕਾਰਜ ਜਾਪਿਆ। ਏਥੇ, ਗਜਿੰਦਰ ਸਿੰਘ ਨੇ ਆਪਣੇ ਵਿਚਾਰਧਾਰਕ ਵਿਰੋਧੀਆਂ ਸੰਬੰਧੀ ਕਵਿਤਾ ਦੇ ਮਾਧਿਅਮ ਰਾਹੀਂ ਜੋ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਨੂੰ ਵਾਚਣਾ ਕੁਥਾਂ ਨਹੀਂ ਹੋਵੇਗਾ;

### ਪੰਜਾਬ ਦੀ ਰਾਜਨੀਤੀ 'ਤੇ ਕਾਬਜ਼ ਕੁਝ ਆਗੂਆਂ ਦੇ ਨਾਂ

ਜੀ ਕਰਦੈ
ਇਹਨਾਂ ਲੋਕਾਂ ਨੂੰ ਪੁੱਠੇ ਕਰਕੇ ਲਟਕਾ ਦੇਵਾਂ
ਥੱਲੇ ਲੱਕੜਾਂ ਦਾ ਢੇਰ ਰੱਖਾਂ
ਫਿਰ ਉਸਨੂੰ ਤੀਲ੍ਹੀ ਲਾ ਦੇਵਾਂ
ਇਨ੍ਹਾਂ ਦੀ ਗੰਦੀ ਦੇਹੀ ਦਾ
ਮੈਂ ਭੋਗ ਸਦਾ ਲਈ ਪਾ ਦੇਵਾਂ
ਗੱਲਾਂ ਕੁਝ ਐਸੀਆਂ ਸੁਣੀਆਂ ਅੱਜ
ਦਿਲ ਭਾਂਬੜ ਮੱਚੀ ਜਾਂਦੇ ਨੇ
ਇਹ ਬਦਚਲਨ ਤੇ ਰਿਸ਼ਵਤਖੋਰ
ਕੌਮ ਖੂਹ ਵਿਚ ਧੱਕੀ ਜਾਂਦੇ ਨੇ
ਜੀ ਕਰਦੈ
ਇਹਨਾਂ ਲੋਕਾਂ ਨੂੰ ਪੁੱਠੇ ਕਰਕੇ ਲਟਕਾ ਦੇਵਾਂ
ਥੱਲੇ ਲੱਕੜਾਂ ਦਾ ਢੇਰ ਰੱਖਾਂ
ਫਿਰ ਉਸਨੂੰ ਤੀਲ੍ਹੀ ਲਾ ਦੇਵਾਂ।

ਗਜਿੰਦਰ ਸਿੰਘ ਨੇ ''ਬ੍ਰਾਹਮਣੀ ਹਕੂਮਤ'' ਨਾਲ ਟੱਕਰ ਲੈਣ ਲਈ ਜੋ ਰਾਹ ਅਪਣਾਇਆ, ਉਸਦੀ ਕਹਾਣੀ ਗਜਿੰਦਰ ਸਿੰਘ ਦੀ ਜ਼ੁਬਾਨੀ ਸੁਣਨੀ ਵਧੇਰੇ ਦਿਲਚਸਪ ਹੋਵੇਗੀ ਜੋ ਕਿ ਉਸਨੇ ਆਪਣੇ ਲੇਖ ''ਕਲਮ ਤੋਂ ਤਲਵਾਰ ਤੱਕ'' ਵਿਚ ਬਿਆਨ ਕੀਤੀ ਹੈ-''ਹਵਾਈ ਜਹਾਜ਼ ਨੂੰ ਉਡਾਨ ਭਰਿਆਂ ਤਕਰੀਬਨ ਪੰਦਰਾਂ ਕੁ ਮਿੰਟ ਹੋਏ ਸਨ ਕਿ ਮੈਂ ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਆਪਣੀ ਸੀਟ ਤੋਂ ਉੱਠ ਕੇ ਕਾਕਪਿਟ ਦੀ ਪਿਛਲੀ ਟਾਇਲਟ ਵਿਚ ਚਲਾ ਗਿਆ। ਮੇਰੇ ਤੋਂ ਇੱਕ ਦੋ ਮਿੰਟ ਬਾਅਦ ਹੀ, ਜਸਬੀਰ ਸਿੰਘ ਵੀ ਆਪਣੀ ਸੀਟ ਤੋਂ ਉੱਠ ਕੇ ਟਾਇਲਟ ਤੋਂ ਬਾਹਰ ਆ ਖੜ੍ਹੇ ਹੋਏ। ਉਨ੍ਹਾਂ ਦੇ ਇੱਥੇ ਆ ਕੇ ਖੜ੍ਹੇ ਹੋਣ ਦਾ ਅਸਲ ਮਕਸਦ ਮੇਰੀ ਸਹਾਇਤਾ ਲਈ ਕਿਸੇ ਗ਼ੈਰ ਬੰਦੇ ਨੂੰ ਕਾਕਪਿਟ ਵਿਚ ਵੜਨੋਂ ਰੋਕਣਾ ਸੀ। ਅਗਲੇ ਪਲ ਹੀ ਮੈਂ ਸੱਜੇ ਹੱਥ ਵਿਚ ਨੰਗੀ ਕਿਰਪਾਨ ਫੜੀ ਟਾਇਲਟ ਤੋਂ ਬਾਹਰ ਨਿਕਲਿਆ, ਤੇ ਖੱਬੇ ਹੱਥ ਨਾਲ ਕਾਕਪਿਟ ਦਾ ਹੈਂਡਲ ਘੁਮਾ ਕੇ, ਦਰਵਾਜ਼ਾ ਖੋਲ੍ਹ ਕੇ ਅੰਦਰ ਵੜ੍ਹ ਗਿਆ। ਇਹ ਸੱਭ ਕੁਝ ਇੰਨੀ ਤੇਜ਼ੀ ਨਾਲ ਹੋਇਆ ਕਿ ਕਿਸੇ ਨੂੰ ਕੁਝ ਪਤਾ ਹੀ ਨਾ ਲੱਗਾ, ਕੇਵਲ ਸਾਹਮਣੇ ਖੜ੍ਹੀ ਇਕ ਏਅਰ ਹੋਸਟੈਸ ਨੇ ਮੈਨੂੰ ਨੋਟ ਕੀਤਾ ਅਤੇ ਮੇਰੇ ਵਲ ਵਧਣ ਦੀ ਕੋਸ਼ਿਸ਼ ਕੀਤੀ, ਪਰ ਜਸਬੀਰ ਸਿੰਘ ਨੇ ਕਿਰਪਾਨ ਹੱਥ ਨਾਲ ਅੱਗੇ ਵਧਾ ਕੇ ਉਸਨੂੰ ਉੱਥੇ ਹੀ ਰੋਕ ਦਿੱਤਾ। ਮੇਰੇ ਪਿੱਛੋਂ ਜਸਬੀਰ ਸਿੰਘ ਵੀ ਫੌਰੀ ਤੌਰ 'ਤੇ ਕਾਕਪਿਟ ਦੇ ਅੰਦਰ ਆ ਗਏ। ਹੁਣ ਮੈਂ ਕਾਕਪਿਟ ਵਿਚ ਸੱਜੇ ਪਾਸੇ ਵਾਲੇ ਪਾਇਲਟ ਦੇ ਪਿੱਛੇ ਖੜ੍ਹਾ ਸਾਂ ਤੇ ਜਸਬੀਰ

## ਸਫਰ ਜ਼ਿੰਦਗੀ ਦਾ

ਸਿੰਘ ਖੱਬੇ ਪਾਸੇ ਵਾਲੇ ਪਾਇਲਟ ਦੇ ਪਿੱਛੇ। ਸਾਡੇ ਦੋਹਾਂ ਦੇ ਹੱਥਾਂ ਵਿਚ ਨੰਗੀਆਂ ਕਿਰਪਾਨਾਂ ਸਨ। ਮੈਂ ਪਾਇਲਟ ਦੀ ਧੌਣ ਉੱਤੇ ਕਿਰਪਾਨ ਰੱਖਦੇ ਹੋਏ ਕਿਹਾ, ''ਅਸੀਂ ਇਹ ਜਹਾਜ਼ ਹਾਈਜੈਕ ਕਰਕੇ ਲਾਹੌਰ ਲੈ ਜਾਣਾ ਚਾਹੁੰਦੇ ਹਾਂ ਅਤੇ ਅਸੀਂ ਇਹ ਕਾਰਵਾਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫ਼ਤਾਰੀ ਦੇ ਚੌਕ ਮਹਿਤਾ ਵਿਚ ਹੋਏ ਸਿੰਘਾਂ ਦੇ ਕਤਲੇਆਮ ਵਿਰੁਧ ਰੋਸ ਵਜੋਂ ਕਰ ਰਹੇ ਹਾਂ। ਸਾਡੇ ਅਨੇਕਾਂ ਭਰਾ ਸ਼ਹੀਦ ਹੋ ਚੁੱਕੇ ਹਨ ਤੇ ਸਾਨੂੰ ਵੀ ਆਪਣੀ ਜ਼ਿੰਦਗੀ ਦੀ ਕੋਈ ਪ੍ਰਵਾਹ ਨਹੀਂ ਹੈ। ਜਹਾਜ਼ ਉਤਰੇਗਾ ਤਾਂ ਸਿਰਫ਼ ਲਾਹੌਰ ਨਹੀਂ ਤਾਂ ਕਿਧਰੇ ਨਹੀਂ ਉੱਤਰੇਗਾ।'' ਮੇਰੇ ਇਹ ਲਫਜ਼ ਆਪਣਾ ਪ੍ਰਭਾਵ ਛੱਡਣ ਵਿਚ ਕਾਮਯਾਬ ਹੋ ਗਏ। ਪਾਇਲਟ ਅਤੇ ਸਾਥੀ ਪਾਇਲਟ ਨੇ ਇੱਕ ਘੜੀ ਬੇਵੱਸ ਨਜ਼ਰਾਂ ਨਾਲ ਇਕ-ਦੂਜੇ ਵਲ ਦੇਖਿਆ ਅਤੇ ਸਹਿਮਤੀ ਪ੍ਰਗਟ ਕਰਦਿਆਂ ਮੇਰੇ ਤੋਂ ਲਾਹੌਰ ਏਅਰਪੋਰਟ ਦੇ ਕੰਟਰੋਲ ਟਾਵਰ ਨਾਲ ਗੱਲ ਕਰਨ ਦੀ ਇਜਾਜ਼ਤ ਮੰਗੀ। ਜਦੋਂ ਜਹਾਜ਼ ਲਾਹੌਰ ਦੇ ਰਾਹ ਪੈ ਗਿਆ ਤਾਂ ਮੈਂ ਇਸਦੀ ਜਾਣਕਾਰੀ ਆਪਣੇ ਮੁਸਾਫ਼ਰਾਂ ਨੂੰ ਦੇਣ ਲਈ ਕਾਰਪਿਟ ਤੋਂ ਬਾਹਰ ਆਇਆ। ਬਾਹਰ ਸਤਨਾਮ ਸਿੰਘ, ਤੇਜਿੰਦਰ ਪਾਲ ਸਿੰਘ ਤੇ ਕਰਨ ਸਿੰਘ ਹੱਥਾਂ ਵਿਚ ਕਿਰਪਾਨਾਂ ਫੜੀ 'ਖਾਲਿਸਤਾਨ ਜ਼ਿੰਦਾਬਾਦ, ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਦੇ ਨਾਅਰੇ ਮਾਰ ਰਹੇ ਸਨ। ਇਹ ਤਿੰਨੇ ਸਾਡੇ ਕਾਕਪਿਟ ਵਿਚ ਦਾਖ਼ਲ ਹੋਣ ਤੋਂ ਫੌਰਨ ਬਾਅਦ ਆਪਣੀਆਂ ਸੀਟਾਂ ਤੋਂ ਉੱਠ ਖੜ੍ਹੇ ਹੋਏ ਸਨ ਅਤੇ ਨਾਅਰੇ ਮਾਰਦਿਆਂ ਨੇ ਕੈਬਿਨ ਵਿਚ ਆਪਣੀਆਂ ਪੁਜ਼ੀਸ਼ਨਾਂ ਸੰਭਾਲ ਲਈਆਂ ਸਨ। ਮੈਂ ਸਤਨਾਮ ਸਿੰਘ ਨੂੰ ਥੋੜ੍ਹੇ ਲਫ਼ਜ਼ਾਂ ਵਿਚ ਗੱਲ ਦੱਸ ਕੇ ਕਾਕਪਿਟ ਵਿਚ ਆਪਣੀ ਥਾਂ 'ਤੇ ਭੇਜਿਆ ਅਤੇ ਸਵਾਰੀਆਂ ਨੂੰ ਸੰਬੋਧਨ ਹੋ ਕੇ ਹਵਾਈ ਜਹਾਜ਼ ਹਾਈਜੈਕ ਹੋ ਜਾਣ ਬਾਰੇ ਅਤੇ ਅਗਲੇ ਕੁਝ ਮਿੰਟਾਂ ਵਿਚ ਲਾਹੌਰ ਉਤਰਨ ਬਾਰੇ ਦੱਸਿਆ।....ਜਹਾਜ਼ ਦੇ ਲਾਹੌਰ ਪਹੁੰਚਣ ਤੋਂ ਬਾਅਦ ਮੈਂ ਪਾਇਲਟ ਨੂੰ ਕੰਟਰੋਲ ਟਾਵਰ ਨਾਲ ਮੇਰੀ ਸਿੱਧੀ ਗੱਲ ਕਰਵਾਉਣ ਲਈ ਕਿਹਾ, ਜੋ ਉਸਨੇ ਫੌਰਨ ਕਰਵਾ ਦਿੱਤੀ। ਮੈਂ ਕੰਟਰੋਲ ਟਾਵਰ 'ਤੇ ਗੱਲ ਕਰ ਰਹੇ ਅਧਿਕਾਰੀ ਨੂੰ ਆਪਣੀ ਪਹਿਚਾਣ ਦੱਸੀ ਅਤੇ ਹਾਈਜੈਕਿੰਗ ਦੇ ਮਕਸਦ ਬਾਰੇ ਦੱਸਿਆ ਅਤੇ ਪਾਕਿਸਤਾਨ ਹਕੂਮਤ ਦੇ ਕਿਸੇ ਉੱਚ ਅਧਿਕਾਰੀ ਨਾਲ ਗੱਲ ਕਰਨ ਦੀ ਇੱਛਾ ਪ੍ਰਗਟ ਕੀਤੀ। ਇਸ ਗੱਲਬਾਤ ਤੋਂ ਬਾਅਦ ਕੰਟਰੋਲ ਟਾਵਰ ਨੇ ਦੁਬਾਰਾ ਮੇਰੇ ਨਾਲ ਰਾਬਤਾ ਕਾਇਮ ਕੀਤਾ ਅਤੇ ਦੱਸਿਆ ਕਿ ਇਕ ਲਾਲ ਰੰਗ ਦੀ ਕਾਰ ਵਿਚ ਦੋ ਅਧਿਕਾਰੀ ਮੇਰੇ ਨਾਲ ਗੱਲ ਕਰਨ ਲਈ ਆ ਰਹੇ ਹਨ।......ਹਵਾਈ ਅੱਡੇ ਦੀ ਜਿਸ ਇਮਾਰਤ ਵਿਚ ਗੱਲ ਹੋਣੀ ਸੀ, ਕਾਰ ਉਸਤੋਂ ਕੁਝ ਕਦਮਾਂ ਦੇ ਫ਼ਾਸਲੇ ਨਾਲ ਰੁਕੀ।...ਮੈਨੂੰ ਇਕ ਹਾਲ ਨੁਮਾ ਕਮਰੇ ਵਿਚ ਲੈ ਗਏ, ਜਿਸ ਦੇ ਇਕ ਕੋਨੇ ਵਿਚ ਕੁਝ ਸੋਫ਼ੇ ਲੱਗੇ ਹੋਏ ਸਨ। ਇਨ੍ਹਾਂ ਸੋਫ਼ਿਆਂ ਉੱਤੇ ਹੀ ਪਾਕਿਸਤਾਨ ਵਿਚ ਭਾਰਤੀ ਰਾਜਦੂਤ ਨਟਵਰ ਸਿੰਘ ਤੇ ਉਸਦੇ ਸਾਥੀ ਬੈਠੇ ਸਨ।...ਇੰਨੀ ਦੇਰ ਵਿਚ ਪੱਤਰਕਾਰਾਂ ਦਾ ਇੱਕ ਭਾਰੀ ਹਜੂਮ ਕਮਰੇ ਵਿਚ ਦਾਖ਼ਲ ਹੋ ਗਿਆ ਤੇ ਮੈਨੂੰ ਸਾਰੇ ਪਾਸਿਓਂ ਘੇਰ ਕੇ ਸਵਾਲ ਕਰਨ ਲੱਗਾ। ਮੈਂ ਹਾਲੇ ਇਕ ਦੋ ਸਵਾਲਾਂ ਦੇ ਜਵਾਬ ਹੀ ਦਿੱਤੇ ਸਨ, ਕਿ ਨਟਵਰ ਸਿੰਘ ਨੇ ਪਾਕਿਸਤਾਨੀ ਅਧਿਕਾਰੀਆਂ ਕੋਲੋਂ ਇਸ ''ਪ੍ਰੈੱਸ ਮਿਲਣੀ'' ਦੇ ਖ਼ਿਲਾਫ਼ ਪ੍ਰੋਟੈਸਟ ਕਰਨਾ ਸ਼ੁਰੂ ਕਰ ਦਿੱਤਾ। ਇਸ ਪ੍ਰੋਟੈਸਟ ਤੋਂ ਬਾਅਦ ਪਾਕਿਸਤਾਨੀ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਕਮਰੇ ਵਿਚੋਂ ਚਲੇ ਜਾਣ ਲਈ ਕਹਿ ਦਿੱਤਾ। ਨਟਵਰ ਸਿੰਘ ਨਾਲ ਮੇਰੀ ਗੱਲਬਾਤ ਸਿਰਫ਼ ਤਿੰਨ ਚਾਰ ਮਿੰਟ ਦੀ ਸੀ...ਤੇ ਮੈਂ ਫਿਰ ਅਫ਼ਰੀਦੀ ਸਾਹਿਬ ਤੇ ਉਨ੍ਹਾਂ ਦੇ ਸਾਥੀ ਨਾਲ ਕਾਰ ਵਿਚ ਸਵਾਰ ਹੋ ਕੇ ਵਾਪਿਸ ਆਪਣੇ ਸਾਥੀਆਂ ਕੋਲ ਜਹਾਜ਼ ਵਿਚ ਪਹੁੰਚ ਗਿਆ....ਅਚਾਨਕ ਉਹ ਕਾਰਵਾਈ ਹੋਈ, ਜਿਸਨੂੰ ''ਕਮਾਂਡੋ ਐਕਸ਼ਨ'' ਕਿਹਾ ਗਿਆ।...ਅਗਲੇ ਪਲ ਅਸੀਂ ਤਿੰਨੋਂ ਇਕੱਠੇ ਸਟੇਨ ਗੰਨਾਂ ਵਾਲੇ ਕਮਾਂਡੋਜ਼ ਵਿਚ ਘਿਰੇ ਹੋਏ ਸਾਂ, ਸਤਿਨਾਮ ਸਿੰਘ ਤੇ ਜਸਬੀਰ ਸਿੰਘ ਦੇ ਕੁਝ ਸੱਟਾਂ ਵੀ ਲੱਗੀਆਂ ਸਨ। ਹੁਣ ਅਸੀਂ ਬਿਲਕੁਲ ਇਕ ਨਵੀਂ ਸਥਿਤੀ ਵਿਚ ਸਾਂ।''

ਇਸਤੋਂ ਬਾਅਦ ਹਵਾਈ ਜਹਾਜ਼ ਹਾਈਜ਼ੈਕ ਕਰਨ ਦੇ ਜ਼ੁਰਮ ਸੰਬੰਧੀ ਗਜਿੰਦਰ ਸਿੰਘ ਅਤੇ ਉਸਦੇ ਸਾਥੀਆਂ 'ਤੇ ਪਾਕਿਸਤਾਨ ਵਿਚ ਮੁਕੱਦਮਾ ਚੱਲਿਆ ਅਤੇ 10 ਜਨਵਰੀ 1986 ਨੂੰ ਲਾਹੌਰ ਦੀ ਅਦਾਲਤ ਨੇ ਗਜਿੰਦਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ। 4 ਨਵੰਬਰ, 1994 ਨੂੰ 13 ਸਾਲ ਚਾਰ ਮਹੀਨੇ ਦੀ ਕੈਦ ਕੱਟਣ ਤੋਂ ਬਾਅਦ ਉਸਦੀ ਰਿਹਾਈ ਹੋਈ ਅਤੇ ਹੁਣ ਉਹ ਅਜੇ ਤੱਕ ਪਾਕਿਸਤਾਨ ਵਿਚ ਹੀ ਹੈ। ਦਲ ਖ਼ਾਲਸਾ ਵਲੋਂ ਉਸਦੀ ਵਤਨ ਵਾਪਸੀ ਦੀ ਵਾਰ ਵਾਰ ਮੰਗ ਕੀਤੀ ਜਾ ਰਹੀ ਹੈ, ਪਰ ਗਜਿੰਦਰ ਸਿੰਘ ਭਾਰਤ ਸਰਕਾਰ ਦੀ ''ਮੋਸਟ ਵਾਂਟਡ'' ਲਿਸਟ ਵਿਚ ਅਜੇ ਵੀ ਕਾਇਮ ਹੈ।

ਗਜਿੰਦਰ ਸਿੰਘ ਨੇ ਹੁਣ ਤੱਕ ਪੰਜ ਕਾਵਿ ਸੰਗ੍ਰਹਿ ਪ੍ਰਕਾਸ਼ਤ ਕਰਵਾਏ ਹਨ। ਇਹ ਹਨ 1-ਪੰਜ ਤੀਰ ਹੋਰ, 2-ਗੰਗੂ ਦੀ ਰੂਹ, 3-ਵਸੀਅਤ ਨਾਮਾ, 4-ਸੂਰਜ ਅਤੇ ਖ਼ਾਲਿਸਤਾਨ ਅਤੇ 5-ਸੱਜਣੀ, ਸੰਘਰਸ਼ ਅਤੇ ਸਲਾਖਾਂ। ਇਸਤੋਂ ਇਲਾਵਾ ਉਸਦੇ ਲੇਖਾਂ ਦਾ ਇਕ ਸੰਗ੍ਰਹਿ ''ਲਕੀਰ'' ਵੀ ਪ੍ਰਕਾਸ਼ਿਤ ਹੋਇਆ ਹੈ। ਗਜਿੰਦਰ ਸਿੰਘ ਦਾ ਅਕੀਦਾ ਹੈ ਕਿ ਸਿੱਖ ਕੌਮ ਦੀ ਪਹਿਚਾਣ ਪ੍ਰਭੁਸੱਤਾ ਸੰਪਨ ਸਿੱਖ ਰਾਜ ਅੰਦਰ ਹੀ ਸਦਾ ਸੁਰੱਖਿਅਤ ਰਹਿ ਸਕਦੀ ਹੈ ਅਤੇ ਉਸਦੀਆਂ ਸਾਰੀਆਂ ਕਵਿਤਾਵਾਂ ਇਸੇ ਵਿਚਾਰਧਾਰਾ ਨੂੰ ਪਰਨਾਈਆਂ ਹੋਈਆਂ ਹਨ।

ਗੁਰੂ ਦੀ ਧਰਤੀ 'ਤੇ
ਮੈਂ ਕੇਸਰੀ ਲਹਿਰਾਉਣਾ ਚਾਹੁੰਦਾ ਹਾਂ
ਤੇ ਹਰ ਉਹ ਚਿਹਰਾ
ਜਿਸ 'ਚੋਂ ਗੰਗੂ ਦਾ ਮੈਨੂੰ ਅਕਸ ਦਿਸਦਾ ਹੈ
ਮੈਂ ਹਰ ਉਸ ਚਿਹਰੇ ਨੂੰ
ਅੱਜ ਖਾਕ ਵਿਚ ਮਿਲਾਉਣਾ ਚਾਹੁੰਦਾ ਹਾਂ
ਤੇ ਹਰ ਉਹ ਖੰਜਰ
ਜਿਸਦਾ ਰੁਖ ਹੈ ਮੇਰੇ ਗੁਰੂ ਦੇ ਵੱਲ
ਮੈਂ ਹਰ ਉਸ ਖੰਜਰ ਨਾਲ
ਅੱਜ ਖੰਜਰ ਨੂੰ ਟਕਰਾਉਣਾ ਚਾਹੁੰਦਾ ਹਾਂ।

.......

ਅੱਜ ਲੀਡਰ ਮੇਰੀ ਕੌਮ ਦੇ
ਹੋਏ ਦਿੱਲੀ ਦੇ ਦਲਾਲ
ਕਿਸ ਅੱਗੇ ਜਾ ਕੇ ਰੋਈਏ
ਅਸੀਂ ਕੌਮ ਦਾ ਮੰਦਾ ਹਾਲ
ਪੁੱਤਾਂ ਤੇਰਿਆਂ ਦੇ ਲਹੂ ਦਾ
ਕਈ ਵੇਰਾਂ ਮੁੱਲ ਪਿਆ
ਅਜੇ ਕੱਲ੍ਹ ਤਾਂ ਪੁੰਡਰੀ ਵਿਚ ਇਹ
ਨੋਟਾਂ ਨਾਲ ਤੁਲ ਗਿਆ
ਤੂੰ ਤੇਗ ਜੋ ਦਿੱਤੀ ਕੌਮ ਨੂੰ
ਅੱਜ ਗਈ ਜੰਗਾਲੀ ਉਹ
ਆਨੰਦਪੁਰ ਪਈ ਬੰਦੂਕ ਵੀ
ਗਈ ਲੰਮੀ ਨੀਂਦੇ ਸਉਂ
ਸੁਣ ਐ ਤਖ਼ਤਾਂ ਵਾਲਿਆ
ਅਸੀਂ ਸਹਿ ਨਾ ਸਕੀਏ ਹੋਰ
ਬਾਰ ਪਰਾਏ ਮਾਲਕਾ
ਅਸੀਂ ਬਹਿ ਨਾ ਸਕੀਏ ਹੋਰ
''ਕੋਊ ਕਿਸੀ ਕੋ ਰਾਜ ਨਾ ਦੇ ਹੈ
ਜੋ ਲੇ ਹੈ ਨਿਜ ਬਲ ਸੇ ਲੇ ਹੈ''
ਬਲ ਬੰਦੂਕ ਅਨੰਦਪੁਰੀ
ਤੂੰ ਝੋਲੀ ਸਾਡੀ ਵਿਚ ਪਾ
ਅਸੀਂ ਟੁੱਟੀ ਹੋਈ ਕੌਮ ਦੀ
ਅੱਜ ਦੇਈਏ ਫੇਰ ਗੰਢਾ।

........

ਜੰਗ ਹਿੰਦ ਪੰਜਾਬ ਦਾ ਮੁੜ ਹੋਸੀ
ਸਾਥੋਂ ਖੁੱਸੀਆਂ ਭਾਵੇਂ ਸਰਦਾਰੀਆਂ ਨੇ
ਉਦੋਂ ਤਕ ਨੀ ਜੰਗ ਇਹ ਖਤਮ ਹੋਣੀ
ਜਦ ਤੱਕ ਜਿੱਤਦੀਆਂ ਨਹੀਂ ਜੋ ਹਾਰੀਆਂ ਨੇ।

ਗਜਿੰਦਰ ਸਿੰਘ ਨੇ ਅੱਜਕਲ੍ਹ ਪਾਕਿਸਤਾਨ ਵਿਚ ਪਨਾਹ ਲੈ ਰੱਖੀ ਹੈ, ਪਰ ਉਹ ਭਾਰਤ ਵਿਚ ਵਾਪਸ ਆਉਣਾ ਚਾਹੁੰਦਾ ਹੈ। ਦਲ ਖ਼ਾਲਸਾ ਵੀ ਵਾਰ ਵਾਰ ਮੰਗ ਕਰ ਰਿਹਾ ਹੈ ਕਿ ਭਾਰਤ ਸਰਕਾਰ ਗਜਿੰਦਰ ਸਿੰਘ ਨੂੰ ਭਾਰਤ ਪਰਤਣ ਦੀ ਇਜਾਜ਼ਤ ਦੇਵੇ, ਪਰ ਅਜਿਹਾ ਨਹੀਂ ਹੋ ਰਿਹਾ। ਭਾਰਤ ਨੇ ਪਾਕਿਸਤਾਨ ਨੂੰ ਜਿਹੜੇ ਦਹਿਸ਼ਤਗਰਦਾਂ ਦੀ ਸੂਚੀ ਸੌਂਪੀ ਹੋਈ ਹੈ, ਉਸ ਵਿਚ ਗਜਿੰਦਰ ਸਿੰਘ ਦਾ ਨਾਂ ਵੀ ਸ਼ਾਮਲ ਹੈ। ਭਾਰਤ ਸਰਕਾਰ ਹਾਈਜੈਕਿੰਗ ਦੇ ਜੁਰਮ ਸੰਬੰਧੀ ਉਸ 'ਤੇ ਮੁਕੱਦਮਾ ਚਲਾਉਣਾ ਚਾਹੁੰਦੀ ਹੈ। ਜਦੋਂਕਿ ਦਲ ਖ਼ਾਲਸਾ ਦਾ ਤਰਕ ਇਹ ਹੈ ਕਿ ਇਸ ਜੁਰਮ ਦੀ ਸਜ਼ਾ ਉਹ ਪਹਿਲਾਂ ਹੀ ਭੁਗਤ ਚੁੱਕਾ ਹੈ। ਇਸ ਲਈ ਕਾਇਦੇ ਅਨੁਸਾਰ ਇਕ ਜੁਰਮ ਦੀ ਦੋ ਵਾਰ ਸਜ਼ਾ ਨਹੀਂ ਦਿੱਤੀ ਜਾ ਸਕਦੀ, ਪਰ ਭਾਰਤ ਸਰਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ। ਗਜਿੰਦਰ ਸਿੰਘ ਦਾ ਇੱਕ ਸਾਥੀ ਸਤਿਨਾਮ ਸਿੰਘ ਪਾਉਂਟਾ ਸਾਹਿਬ ਭਾਰਤ ਪਰਤ ਚੁੱਕਾ ਹੈ ਪਰ ਉਸ 'ਤੇ ਭਾਰਤ ਸਰਕਾਰ ਦੁਬਾਰਾ ਮੁਕੱਦਮਾ ਚਲਾ ਰਹੀ ਹੈ। ਇਸੇ ਲਈ ਨੇੜ ਭਵਿੱਖ ਵਿਚ ਗਜਿੰਦਰ ਸਿੰਘ ਦੇ ਭਾਰਤ ਪਰਤਣ ਦੀ ਕੋਈ ਉਮੀਦ ਨਹੀਂ। ਪਾਕਿਸਤਾਨ ਵਿਚ ਪਨਾਹ ਲੈਣ ਕਰਕੇ ਉਸਦੇ ਵਿਚਾਰਾਂ ਵਿਚ ਕਾਫੀ ਤਬਦੀਲੀ ਆ ਗਈ ਜਾਪਦੀ ਹੈ। ਆਪਣੇ ਇੱਕ ਲੇਖ, ''ਆਪਣਿਆਂ ਨਾਲ ਕੁਝ ਗੱਲਾਂ'' ਵਿਚ ਉਹ ਖਾੜਕੂਆਂ ਅਤੇ ਜਮਹੂਰੀ ਧਿਰਦੇ ਆਗੂਆਂ ਸੰਗ ਸੰਵਾਦ ਰਚਾਉਂਦਿਆਂ ਲਿਖਦਾ ਹੈ, ''ਪਹਿਲਾਂ ਖਾੜਕੂ ਧਿਰ ਦੇ ਸਮੇਂ ਦੇ ਆਗੂਆਂ ਨੇ ਆਪਣੀ ਤਾਕਤ ਬਾਰੇ ਗ਼ਲਤ ਅੰਦਾਜ਼ੇ ਲਗਾ ਕੇ ਗ਼ਲਤੀਆਂ ਕੀਤੀਆਂ, ਜਿਸ ਕਾਰਨ ਅੱਜ ਦਾ ਦੁਖਾਂਤ ਵਾਪਰਿਆ। ਮੈਂ ਨਹੀਂ ਚਾਹੁੰਦਾ ਕਿ ਅੱਜ ਜਮਹੂਰੀ ਧਿਰ ਦੇ ਆਗੂ ਆਪਣੇ ਬਾਰੇ ਗਲਤ ਅੰਦਾਜ਼ੇ ਲਗਾ ਕੇ ਨਵੀਆਂ ਗਲਤੀਆਂ ਕਰਨ ਅਤੇ ਆਉਣ ਵਾਲੇ ਵਕਤ ਵਿਚ ਇਕ ਹੋਰ ਦੁਖਾਂਤ ਕੌਮ ਦਾ ਮੁਕੱਦਰ ਬਣੇ।'' ਇਸ ਲੇਖ ਦੇ ਅੰਤ 'ਤੇ ਗਜਿੰਦਰ ਸਿੰਘ ਨੇ ਆਪਣੀ ਇੱਕ ਕਵਿਤਾ ਵੀ ਪ੍ਰਸਤੁਤ ਕੀਤੀ ਹੈ ਜਿਸਦਾ ਸਿਰਲੇਖ ਹੈ, ''ਮਿੱਤਰਾਂ ਨਾਲ ਕੁਝ ਗੱਲਾਂ'' ਇਸ ਕਵਿਤਾ ਵਿਚ ਉਹ ਖਾੜਕੂਆਂ ਨੂੰ ਮੁਖ਼ਾਤਿਬ ਹੋ ਕੇ ਕਹਿੰਦਾ ਹੈ;

ਇਹ ਵੀ ਸੁਣ ਲਓ, ਕਿ ਅਸੀਂ
ਉਸ ਦਿਨ ਦੇ ਇੰਤਜਾਰ ਵਿਚ ਚੁਪ ਨਹੀਂ ਰਹਿਣਾ
ਤੁਹਾਡੇ ਠੀਕ ਨੂੰ ਠੀਕ ਤਾਂ ਕਹਾਂਗੇ ਹੀ
ਤੁਹਾਡੇ ਗ਼ਲਤ ਨੂੰ, ਗ਼ਲਤ ਵੀ ਹੈ ਕਹਿਣਾ
ਜੰਗ ਸਿਰਫ਼ 'ਕਲਾਸ਼ਨਕੋਵਾਂ' ਨਾਲ ਹੀ ਨਹੀਂ ਲੜੀ ਜਾਂਦੀ
ਕਲਾਸ਼ਨਕੋਵਾਂ ਦਾ ਕੰਮ ਤਾਂ
ਦੱਬੇ ਹੋਏ ਜਜ਼ਬਾਤਾਂ ਨੂੰ ਆਵਾਜ਼ ਦੇਣਾ ਹੈ
ਜਾਂ ਫਿਰ ਜ਼ਬਰ ਦਾ ਮੂੰਹ ਸੀਣਾ ਹੈ
ਜਿਹੜੀਆਂ ਕਲਾਸ਼ਨਕੋਵਾਂ
ਔਰਤਾਂ, ਬੱਚਿਆਂ ਦਾ ਲਹੂ ਪੀਣ ਲੱਗ ਜਾਣ
ਵਿਚਾਰਾਂ ਦੇ ਫ਼ਰਕ ਨੂੰ ਗੱਦਾਰੀ ਦਾ ਨਾਂ ਦੇ ਕੇ
ਅਸਹਿਮਤ ਜ਼ਬਾਨਾਂ ਸੀਣ ਲੱਗ ਜਾਣ
ਉਨ੍ਹਾਂ ਨਾਲ ਧਰਮ ਨਹੀਂ ਰਹਿੰਦਾ
ਉਹ ਅਧਰਮ ਦੀ ਨਿਸ਼ਾਨੀ ਬਣ ਜਾਂਦੀਆਂ ਨੇ
ਉਹ ਫਿਰ ਹੱਕਾਂ ਦੀਆਂ ਰਖਵਾਲੀਆਂ ਨਹੀਂ
ਵਹਿਸ਼ੀਪੁਣੇ ਦਾ ਹਥਿਆਰ ਅਖਵਾਉਂਦੀਆਂ ਨੇ
ਤੁਸੀਂ ਵੀਰ ਹੋ, ਮਿੱਤਰ ਹੋ
ਆਪਣੇ ਹੀ ਹੋ
ਇਸੇ ਲਈ ਕਹਿੰਦਾ ਹਾਂ
ਵਿਚਾਰਾਂ ਦਾ ਪੱਲਾ ਨਾ ਛੱਡੋ
ਜੋ ਮਿਠਾਸ ਗੁਰੂ ਨੇ ਘੋਲ ਕੇ
ਅੰਮ੍ਰਿਤ ਦੇ ਬਾਟੇ 'ਚ ਦਿੱਤੀ ਸੀ।
ਹਿਰਦੇ ਦੇ ਬਾਟੇ 'ਚੋਂ
ਉਹ ਮਿਠਾਸ ਨਾ ਕੱਢੋ।

ਗਜਿੰਦਰ ਸਿੰਘ ਕੋਲ ਹੁਣ ਉਸਦੀ ਪਤਨੀ ਵੀ ਉੱਥੇ ਪਹੁੰਚ ਚੁੱਕੀ ਹੈ। ਇਸ ਤਰ੍ਹਾਂ ਦੋਵੇਂ ਜਲਾਵਤਨੀ ਭੋਗ ਰਹੇ ਹਨ। ਜਿਸ ਦੇਸ਼ ਨੇ ਇਸ ਜੋੜੇ ਨੂੰ ਪਨਾਹ ਦੇ ਰੱਖੀ ਹੈ ਉਸ ਪ੍ਰਤਿ ਉਸਦੇ ਦਿਲ ਵਿਚ ਇਕ ਨਰਮ ਗੋਸ਼ਾ ਵਿਕਸਤ ਹੋ ਜਾਣਾ ਇਕ ਕੁਦਰਤੀ ਅਮਲ ਹੈ;

ਮੇਰੇ ਕੋਲ ਦਰਦ ਬਿਨਾਂ
ਅੱਜ ਕੁਝ ਨਹੀਂ ਯਾਰੋ ਸੁਣਾਵਣ ਨੂੰ
ਬੇ ਘਰਿਆਂ ਦਾ ਜੱਗ ਅੰਦਰ
ਕੋਈ ਅੱਜ ਮਿੱਤਰ ਨਾ ਹੋਇਆ
ਆਪਣੇ ਆਪ ਤੇ ਯਾਰੋ
ਮੈਂ ਬਦਕਿਸਮਤ ਰੱਜ ਰੋਇਆ
ਦਿੱਲੀ ਵਾਲੇ ਹੋਏ ਬੈਠੇ
ਯਾਰੋ ਸਾਡੇ ਲਹੂ ਦੇ ਪਿਆਸੇ
ਆਪਣੇ ਜਾਣ ਕੇ ਆ ਪਹੁੰਚਾ ਹਾਂ
ਅੱਲਾ ਵਾਲੇ ਲੋਕਾਂ ਪਾਸੇ
ਇਸ ਧਰਤੀ 'ਤੇ ਫਰੀਦ ਜੀ ਦੇ
ਬੋਲ ਵੀ ਕੰਨੀ ਪੈਂਦੇ ਨੇ
ਇਸ ਧਰਤੀ 'ਤੇ ਮੀਆਂ ਮੀਰ
ਸਾਈਂ ਦੇ ਪੁੱਤਰ ਰਹਿੰਦੇ ਨੇ
ਇਸ ਧਰਤੀ 'ਤੇ ਬਾਬੇ ਦਾ
ਪੰਜਾ ਵੀ ਲੱਗਿਆ ਹੋਇਆ ਹੈ ਯਾਰੋ
ਤੇ ਵਲੀ ਕੰਧਾਰੀ ਦੀ ਸਿੱਲ ਥੱਲੋਂ
ਚਸ਼ਮਾ ਵਗਿਆ ਹੈ ਯਾਰੋ
ਬੁੱਤ ਪ੍ਰਸਤਾਂ ਨੂੰ ਛੱਡ ਕੇ
ਅਸੀਂ ਰੱਬ ਦੇ ਬੰਦਿਆਂ ਵਲ ਆਏ
ਗ਼ੁਲਾਮੀ ਦੇ ਸੰਗਲ ਕੱਟਣ ਲਈ
ਧਰ ਸੀਸ ਤਲੀ 'ਤੇ ਚੱਲ ਆਏ
ਉਏ ਅੱਲਾ ਵਾਲੇ ਬੰਦਿਓ ਸੁਣ ਲਓ
ਅਸੀਂ ਬਾਬੇ ਦੇ ਜਾਏ ਹਾਂ
ਸੂਲਾਂ ਦੀ ਅਸੀਂ ਸੇਜ ਪਏ
ਸ਼ਮਸ਼ੀਰਾਂ ਸੰਗ ਟਕਰਾਏ ਹਾਂ।

ਇਕ ਹੋਰ ਕਵਿਤਾ ਚ ਉਸਦੇ ਵਿਚਾਰ ਹੋਰ ਤਿੱਖੇ ਹਨ;

**ਗੰਗੂ ਤੋਂ ਗਾਂਧੀ ਤੱਕ**

ਸਰਹੱਦ ਤੇ ਲੜ ਰਹੇ
ਦਸ਼ਮੇਸ਼ ਦੇ ਵਾਰਸੋ
ਬੁੱਧੂ ਸ਼ਾਹ ਦੇ ਵਾਰਸਾਂ 'ਤੇ
ਗੋਲੀ ਚਲਾ ਰਹੇ ਹੋ
ਗੰਗੂ ਦੇ ਵਾਰਸਾਂ ਦਾ
ਹੁਕਮ ਬਜਾ ਰਹੇ ਹੋ
ਉਸ ਪਾਸੇ ਡੁਲਦਾ ਖ਼ੂਨ
ਕੀ ਗ਼ੈਰਾਂ ਦਾ ਖ਼ੂਨ ਹੈ?
ਅੰਦਰ ਤੁਹਾਡੇ ਫਿਰਦਾ
ਇਹ ਕੇਹਾ ਜਨੂਨ ਹੈ?
ਜਹਾਂਗੀਰ ਵੇਲੇ
ਮੀਆਂ ਮੀਰ ਹੈਸੀ
ਔਰੰਗਜ਼ੇਬ ਵੇਲੇ
ਬੁੱਧੂ ਸ਼ਾਹ ਫ਼ਕੀਰ ਹੈਸੀ
ਸਾਹਿਬਜ਼ਾਦਿਆਂ ਲਈ
ਸੀ ਕਿਸ ਧਾਹ ਮਾਰੀ?
ਨਬੀ ਖਾਂ ਗਨੀ ਖਾਂ ਨੂੰ
ਕੀ ਸੀ ਲਾਚਾਰੀ?
ਕਿੰਜ ਭੁੱਲੇ ਹੋ ਅਹਿਸਾਨ
ਮੀਆਂ ਮੀਰ ਦੇ
ਬੁੱਧੂ ਸ਼ਾਹ ਦੇ ਪੁੱਤਰਾਂ ਦੀ
ਸ਼ਮਸ਼ੀਰ ਦੇ?
ਇਹ ਰਾਜੇ ਪਹਾੜੀ
ਗ਼ੁਲਾਮੀ ਦੇ ਬੰਧੇਲ।
ਗੰਗੂ ਬ੍ਰਾਹਮਣ ਨਾਲ
ਸਾਡਾ ਹੈ ਕੀ ਮੇਲ?
ਡੋਗਰਿਆਂ ਦੀ ਕੀ
ਭੁੱਲ ਗਈ ਗੱਦਾਰੀ
ਗੱਦਾਰਾਂ ਨਾਲ
ਦੱਸੋ ਸਾਡੀ ਕੀ ਯਾਰੀ?
ਇਹ ਗਾਂਧੀ, ਇਹ ਨਹਿਰੂ
ਜਾਂ ਨਹਿਰੂ ਦੀ ਧੀ ਏ
ਗੰਗੂ ਹੀ ਗੰਗੂ ਨੇ ਹੋਰ ਏਥੇ ਕੀ ਏ?

ਇਨ੍ਹਾਂ ਵਿਚਾਰਾਂ ਦੇ ਸਨਮੁਖ ਗਜਿੰਦਰ ਸਿੰਘ ਦੀ ਵਤਨ ਵਾਪਸੀ ਮੁਸ਼ਕਿਲ ਜਾਪਦੀ ਹੈ।

# ਚੱਪੜਚਿੜੀ ਦੀ ਲੜਾਈ ਤੇ ਬੰਦਾ ਬਹਾਦਰ

**ਡਾ. ਕੋਰਪਾਲ ਸਿੰਘ**

ਚੱਪੜਚਿੜੀ ਦੀ ਲੜਾਈ ਇਕ ਵਿਸ਼ੇਸ਼ਤਾ ਵਾਲੀ ਲੜਾਈ ਹੈ। ਇਹ ਪਹਿਲੀ ਲੜਾਈ ਹੈ ਜਿਹੜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਮੁਗਲ ਸੈਨਾ ਤੇ ਖਾਲਸੇ ਦੇ ਵਿਚਕਾਰ ਲੜੀ ਗਈ। ਇਹ ਬਾਬਾ ਬੰਦਾ ਸਿੰਘ ਬਹਾਦਰ ਦੀ ਮੁਗਲਾਂ ਨਾਲ ਪਹਿਲੀ ਵੱਡੀ ਲੜਾਈ ਸੀ।

ਬੰਦਾ ਸਿੰਘ ਬਹਾਦਰ ਦੇ ਮੁਢਲੇ ਜੀਵਨ ਬਾਰੇ ਜ਼ਿਆਦਾ ਪਤਾ ਨਹੀਂ ਲੱਗਦਾ। ਪਰ ਨਿਮਨ ਲਿਖਤ ਗੱਲਾਂ ਪ੍ਰਚੱਲਤ ਹਨ।

ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਂ ਲਛਮਣ ਦਾਸ ਸੀ। ਇਨ੍ਹਾਂ ਦਾ ਜਨਮ 1670 ਈਸਵੀ ਵਿਚ ਜੰਮੂ-ਕਸ਼ਮੀਰ ਦੇ ਇਲਾਕੇ ਵਿਚ ਰਾਜੌਰੀ ਵਿਖੇ ਹੋਇਆ। ਇਕ ਵਾਰੀ ਇਹ ਸ਼ਿਕਾਰ ਖੇਡ ਰਹੇ ਸਨ। ਇਨ੍ਹਾਂ ਨੇ ਹਿਰਨੀ ਦਾ ਸ਼ਿਕਾਰ ਕੀਤਾ। ਉਸਦੇ ਪੇਟ ਵਿਚੋਂ ਦੋ ਬਚੇ ਨਿਕਲੇ ਤੇ ਇਨ੍ਹਾਂ ਦੇ ਸਾਹਮਣੇ ਹੀ ਮਰ ਗਏ। ਇਨ੍ਹਾਂ ਦੇ ਦਿਲ 'ਤੇ ਬਹੁਤ ਚੋਟ ਲੱਗੀ ਤੇ ਇਹ ਬੈਰਾਗੀ ਹੋ ਗਏ। ਬੈਰਾਗੀ ਬਣ ਕੇ ਇਨ੍ਹਾਂ ਨੇ ਆਪਣਾ ਨਾਂ ਮਾਧੋ ਦਾਸ ਰੱਖ ਲਿਆ ਅਤੇ ਵੱਖ-ਵੱਖ ਥਾਵਾਂ 'ਤੇ ਭ੍ਰਮਣ ਕਰਨ ਲੱਗੇ। ਹੋਰ ਬੈਰਾਗੀਆਂ ਨਾਲ ਫਿਰਦੇ-ਫਿਰਦੇ ਅਖੀਰ ਵਿਚ ਇਨ੍ਹਾਂ ਨੇ ਆਪਣਾ ਡੇਰਾ ਨਾਂਦੇੜ ਵਿਖੇ ਬਣਾ ਲਿਆ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਗਏ ਤਾਂ ਉਥੇ ਇਹ ਕਰਾਮਾਤਾਂ ਕਰਕੇ ਪ੍ਰਸਿੱਧ ਸਨ। ਗੁਰੂ ਗੋਬਿੰਦ ਜੀ ਇਨ੍ਹਾਂ ਦੇ ਡੇਰੇ ਗਏ ਅਤੇ ਪਹਿਲੀ ਮਿਲਣੀ ਵਿਚ ਹੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਚਰਨੀਂ ਡਿੱਗ ਕੇ ਸ਼ਿਸ਼ ਬਣ ਗਏ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਮੈਂ ਤੁਹਾਡਾ ਬੰਦਾ ਹਾਂ, ਜਿਸ ਦਾ ਭਾਵ ਹੈ ਗੁਲਾਮ, ਸੇਵਾਦਾਰ। ਗੁਰੂ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਨਾਂ ਮਾਧੋ ਦਾਸ ਤੋਂ ਬਦਲ ਕੇ ਬੰਦਾ ਸਿੰਘ ਰੱਖ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਤੀਰ ਦਿੱਤੇ ਅਤੇ ਕੁਝ ਸਿੱਖ ਨਾਲ ਭੇਜੇ। ਸਿੱਖਾਂ ਵਲ ਲਿਖੇ ਹੁਕਮਨਾਮੇ ਦਿੱਤੇ ਅਤੇ ਜ਼ਾਲਮਾਂ ਨੂੰ ਦੰਡ ਦੇਣ ਲਈ ਪੰਜਾਬ ਭੇਜਿਆ। ਬੰਦਾ ਸਿੰਘ ਹਾਲੇ ਰਾਹ ਵਿਚ ਹੀ ਸੀ ਕਿ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਮਿਲ ਗਈ।

ਬਾਬਾ ਬੰਦਾ ਸਿੰਘ ਬਹਾਦਰ ਨੇ ਦਿੱਲੀ ਲੰਘ ਕੇ ਹੁਕਮਨਾਮੇ ਮਾਝੇ, ਦੁਆਬੇ ਅਤੇ ਮਾਲਵੇ ਦੇ ਸਿੱਖਾਂ ਨੂੰ ਭੇਜ ਦਿੱਤੇ ਕਿ ਆਨੰਦਪੁਰ ਸਾਹਿਬ ਜਾਂ ਰੋਪੜ ਇੱਕਠੇ ਹੋਣ। ਬੰਦਾ ਸਿੰਘ ਨੇ ਕੈਥਲ ਅਤੇ ਸਮਾਣਾ ਜਿੱਤ ਕੇ ਸਰਹੰਦ 'ਤੇ ਹਮਲਾ ਨਹੀਂ ਕੀਤਾ। ਉਸ ਕੋਲ ਵਜੀਰ ਖਾਂ ਦੇ ਮੁਕਾਬਲੇ ਬਹੁਤ ਥੋੜ੍ਹੀ ਫੌਜ ਸੀ। ਉਹ ਮਾਝੇ ਦੇ ਮਾਲਵੇ ਅਤੇ ਦੁਆਬੇ ਦੇ ਖਾਲਸੇ ਦੀ ਉਡੀਕ ਕਰ ਰਿਹਾ ਸੀ। ਸਮਾਣਾ ਸਰਹੰਦ ਦੇ ਬਹੁਤ ਨੇੜੇ ਹੈ ਪਰ ਉਸਨੇ ਸਮਾਣੇ ਤੋਂ ਸਰਹੰਦ ਜਾਣ ਦੀ ਬਜਾਇ ਪਹਾੜ ਦੀ ਕੰਢੀ-ਕੰਢੀ ਰੋਪੜ ਜਾਣ ਦਾ ਫੈਸਲਾ ਕੀਤਾ। ਇਸ ਲਈ ਉਸਨੇ ਉਡੀਕਣ ਵਾਲਾ ਰਾਹ ਆਪਣਾ ਲਿਆ ਤੇ ਸ਼ਾਹਬਾਦ ਵਾਲੇ ਪਾਸੇ ਰੁੱਖ ਕੀਤਾ। ਸ਼ਾਹਬਾਦ, ਸਡੌਰਾ ਅਤੇ ਕਪੂਰੀ ਜਿੱਤ ਕੇ ਪਹਾੜ ਦੀ ਕੰਢੀ ਦੇ ਨਾਲ ਹੁੰਦਾ ਹੋਇਆ ਬਨੂੜ ਪਹੁੰਚ ਗਿਆ।

ਰੋਪੜ ਦੀ ਲੜਾਈ: ਹੁਕਮਨਾਮੇ ਮੁਤਾਬਕ ਮਾਝੇ, ਦੁਆਬੇ ਅਤੇ ਮਾਲਵੇ ਦੇ ਖਾਲਸੇ ਨੇ ਰੋਪੜ ਵਲ ਚਾਲੇ ਪਾ ਦਿੱਤੇ, ਪਰ ਵਜੀਰ ਖਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਕਿ ਇਹ ਖਾਲਸੇ ਸਰਹੰਦ ਤੇ ਹਮਲਾ ਕਰਨ ਲਈ ਰੋਪੜ ਇਕੱਠੇ ਹੋ ਰਹੇ ਹਨ। ਇਸ ਲਈ ਉਸਨੇ ਸਭ ਤੋਂ ਪਹਿਲਾਂ ਰੋਪੜ ਦੇ ਕੋਲ ਸਤਲੁਜ ਦੇ ਪੱਤਣ ਤੇ ਮਾਲੇਰਕੋਟਲਾ ਦੀਆਂ ਫੌਜਾ ਭੇਜ ਦਿੱਤੀਆਂ ਤਾਂ ਕਿ ਸਿੱਖ ਰੋਪੜ ਇਕੱਠੇ ਨਾ ਹੋ ਸਕਣ। ਸੋ ਪਹਿਲੀ ਝੜਪ ਖਾਲਸੇ ਨਾਲ ਸਤਲੁਜ ਦੇ ਕੰਢੇ ਹੋਈ। ਇਥੇ ਮਲੇਰਕੋਟਲੀਏ ਪਠਾਣਾਂ ਦੀ ਡਿਊਟੀ ਲੱਗੀ ਕਿ ਉਹ ਖਾਲਸੇ ਨੂੰ ਰੋਕਣ, ਪਰ ਖਾਲਸੇ ਜੋਸ਼ ਵਿਚ ਸਨ ਅਤੇ ਲੜਾਈ ਜਿੱਤ ਗਏ ਅਤੇ ਮਲੇਰਕੋਟਲੇ ਦੇ ਨਵਾਬ ਸ਼ੇਰ ਖਾਂ ਦੇ ਦੋਵੇਂ ਭਰਾ ਮਾਰੇ ਗਏ। ਸਿੱਖ ਦਰਿਆ ਪਾਰ ਕਰਕੇ ਰੋਪੜ ਪਹੁੰਚ ਗਏ।



ਉਨ੍ਹਾਂ ਨੂੰ ਪਤਾ ਲੱਗਾ ਕਿ ਵਜੀਰ ਖਾਂ ਦੀਆਂ ਫੌਜਾਂ ਖਾਲਸੇ ਨੂੰ ਰੋਕਣ ਲਈ ਸਰਹੰਦ ਤੋਂ ਨਿਕਲੀਆਂ ਹੋਈਆਂ ਹਨ, ਇਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਕਿ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨੂੰ ਛੇਤੀ ਤੋਂ ਛੇਤੀ ਮਿਲਿਆ ਜਾਵੇ। ਇਸ ਲਈ ਉਹ ਬਨੂੜ ਵੱਲ ਤੁਰ ਪਏ। ਦੋਹਾਂ ਫੌਜਾਂ ਦਾ ਮੇਲ ਚੱਪੜਚਿੜੀ ਕੋਲ ਹੋ ਗਿਆ। ਇਸ ਲਈ ਚੱਪੜਚਿੜੀ ਦੇ ਮੈਦਾਨ ਵਿਚ ਲੜਾਈ ਹੋਈ।

ਚੱਪੜਚਿੜੀ ਇਕ ਦਰੱਖਤਾਂ ਦਾ ਝੁੰਡ ਸੀ, ਜਿਸਨੂੰ ਪੰਜਾਬੀ ਵਿਚ ਝਿੜੀ ਕਹਿੰਦੇ ਹਨ ਤੇ ਨਾਲ ਹੀ ਛੱਪੜ ਸੀ, ਇਥੇ ਹੀ ਲੜਾਈ ਹੋਈ। ਵਜੀਰ ਖਾਂ ਤੇ ਸੁੱਚਾ ਨੰਦ ਨੇ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨੂੰ ਧੋਖਾ ਦੇਣ ਲਈ 1000 ਆਦਮੀ ਬੰਦਾ ਸਿੰਘ ਬਹਾਦਰ ਕੋਲ ਭੇਜੇ ਤੇ ਕਿਹਾ ਕਿ ''ਅਸੀਂ ਵਜੀਰ ਖਾਂ ਦੇ ਵਤੀਰੇ ਤੋਂ ਤੰਗ ਆ ਕੇ ਤੁਹਾਡੇ ਵਲੋਂ ਵਜੀਰ ਖਾਂ ਦੇ ਨਾਲ ਲੜਨ ਲਈ ਆ ਗਏ ਹਾਂ।''

ਬੰਦਾ ਸਿੰਘ ਬਹਾਦਰ ਨਿਰਛਲ ਸੀ। ਉਸਨੇ ਇਹ ਗੱਲ ਮੰਨ ਲਈ, ਪਰ ਅਸਲ ਵਿਚ ਇਹ ਧੋਖਾ ਸੀ। ਇਨ੍ਹਾਂ ਬੰਦਿਆਂ ਨੇ ਮੌਕੇ 'ਤੇ ਬੰਦਾ ਬਹਾਦਰ ਨੂੰ ਛੱਡ ਕੇ ਮੁਗਲ ਸੈਨਾ ਨਾਲ ਮਿਲ ਜਾਣਾ ਸੀ। ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਕੁਝ ਸਹਾਰਨਪੁਰ ਦੇ ਨਾਨਕ ਪੰਥੀ ਅਤੇ ਕੁਝ ਲੁਟੇਰੇ ਵੀ ਸਨ, ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਸ਼ਾਮਲ ਹੋ ਗਏ ਤਾਂ ਜੋ ਉਹ ਸਰਹੰਦ ਦੀ ਲੁੱਟ ਵਿਚ ਹਿੱਸਾ ਲੈ ਸਕਣ ਕਿਉਂਕਿ ਸਰਹੰਦ ਬਹੁਤ ਵੱਡਾ ਤੇ ਧਨਾਢ ਸ਼ਹਿਰ ਮੰਨਿਆ ਜਾਂਦਾ ਸੀ।

ਚੱਪੜਚਿੜੀ ਦੀ ਲੜਾਈ: ਕਈ ਲੋਕ ਚਪੜਚਿੜੀ ਤੇ ਸਰਹੰਦ ਦੀ ਲੜਾਈ ਨੂੰ ਇਕੋ ਹੀ ਸਮਝਦੇ ਹਨ। ਚੱਪੜਚਿੜੀ ਸਰਹੰਦ ਤੋਂ ਪੂਰਬ ਵਾਲੇ ਪਾਸੇ ਤਕਰੀਬਨ 20 ਕਿਲੋਮੀਟਰ ਖਰੜ-ਬਨੂੜ ਰੋਡ 'ਤੇ ਸਥਿਤ ਹੈ। ਸਰਹੰਦ ਦਾ ਗਵਰਨਰ ਵਜੀਰ ਖਾਂ ਸਿੱਖਾਂ ਨਾਲ ਲੜਾਈ ਸਰਹੰਦ ਤੋਂ ਬਾਹਰ ਕਰਨਾ ਚਾਹੁੰਦਾ ਸੀ। ਇਸ ਲਈ ਉਹ ਬਹੁਤ ਸਾਰੀ ਫੌਜ ਇਕੱਠੀ ਕਰਕੇ ਖਾਲਸੇ ਦਾ ਮੁਕਾਬਲਾ ਕਰਨ ਲਈ ਆਪ ਬਨੂੜ ਖਰੜ ਵਾਲੇ ਪਾਸੇ ਤੁਰ ਪਿਆ। ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਬਨੂੜ ਜਿੱਤ ਕੇ ਰੋਪੜ ਵਾਲੇ ਪਾਸੇ ਚੱਲ ਪਈਆਂ। ਬੰਦਾ ਸਿੰਘ ਤੇ ਖਾਲਸੇ ਦੀਆਂ ਫੌਜਾਂ ਦਾ ਮੇਲ ਚੱਪੜਚਿੜੀ ਦੇ ਨੇੜੇ ਹੋਇਆ। ਬੰਦਾ ਬਹਾਦਰ ਦੀ ਫੌਜ ਵਿਚ ਤਿੰਨ ਕਿਸਮ ਦੀਆਂ ਫੌਜਾਂ ਸਨ। ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਦੀ ਧੁੰਮ ਪੈਣ ਕਰਕੇ ਬਹੁਤ ਸਾਰੇ ਲੁਟੇਰੇ ਵਿਚ ਆ ਮਿਲੇ ਸਨ। ਦੂਜੇ ਉਹ ਲੋਕ ਸਨ ਜਿਹੜੇ ਉੱਤੋਂ ਉੱਤੋਂ ਬੰਦੇ ਨਾਲ ਸਨ। ਤੀਜੇ ਖਾਲਸੇ ਦੀ ਫੌਜ ਸੀ, ਜਿਹੜੀ ਗੁਰੂ ਤੋਂ ਆਪਾ ਵਾਰਨ ਲਈ ਤਿਆਰ ਸੀ। ਚੱਪੜਚਿੜੀ ਦੀ ਲੜਾਈ ਸਾਵੀਂ ਲੜਾਈ ਨਹੀਂ ਸੀ। ਖਾਫੀ ਖਾਂ, ਸਮਕਾਲੀ ਇਤਿਹਾਸਕਾਰ ਅਨੁਸਾਰ ਵਜੀਰ ਖਾਂ ਦੀ ਫੌਜ 20 ਹਜ਼ਾਰ ਤੋਂ ਵਧ ਸੀ ਜੋ ਸਿੱਖਿਅਤ ਸੀ। ਇਨ੍ਹਾਂ ਕੋਲ ਵੱਡੀਆਂ ਤੋਪਾਂ ਅਤੇ ਹਾਥੀ ਸਨ। ਖਾਲਸੇ ਦੀ ਫੌਜ ਕੋਲ ਸਿਰਫ ਕਿਰਪਾਨਾਂ, ਬਰਛੇ ਜਾਂ ਛੋਟੀਆਂ ਬੰਦੂਕਾਂ ਅਤੇ ਘੋੜੇ ਸਨ ਅਤੇ ਜਿਆਦਾ ਪੈਦਲ ਹੀ ਸਨ।

13 ਮਈ 1710 ਈਸਵੀ ਨੂੰ ਖਾਲਸੇ ਦੀਆਂ ਫੌਜਾਂ ਤੇ ਮੁਗਲ ਸੈਨਾ ਆਹਮੋ ਸਾਹਮਣੇ ਹੋ ਗਈਆਂ। ਪਹਿਲੀ ਝੜਪ ਵਿਚ ਮੁਗਲ ਸੈਨਾ ਦਾ ਹੱਥ ਉਤੇ ਰਿਹਾ। ਬਾਜ ਸਿੰਘ ਨੇ ਜੰਗ ਦੀ ਨਾਜ਼ੁਕ ਹਾਲਤ ਬੰਦਾ ਸਿੰਘ ਬਹਾਦਰ ਨੂੰ ਦੱਸੀ ਕਿ ਬਹੁਤ ਸਾਰੇ ਸਿੱਖ ਮਾਰੇ ਗਏ ਹਨ। ਬੰਦਾਂ ਸਿੰਘ ਬਹਾਦਰ ਜੋ ਪਿੱਛੇ ਸੀ, ਉਹ ਆਪ ਅੱਗੇ ਆ ਗਿਆ। ਉਸ ਦੇ ਅੱਗੇ ਆਉਣ ਨਾਲ ਖਾਲਸਾ ਫੌਜਾਂ ਵਿਚ ਜੋਸ਼ ਵਧਿਆ। ਬਾਜ ਸਿੰਘ, ਫਤਹਿ ਸਿੰਘ ਤੇ ਹੋਰ ਸਿੰਘਾਂ ਨੇ ਮੁਗਲ ਫੌਜ 'ਤੇ ਹਮਲਾ ਕਰਨ ਦੀ ਵਿਉਂਤ ਬਣਾਈ। ਵਜ਼ੀਰ ਖਾਂ ਵੀ ਆਪਣੀ ਫੌਜ ਨੂੰ ਉਤਸ਼ਾਹ ਦੇਣ ਲਈ ਅੱਗੇ ਆ ਗਿਆ। ਫਤਹਿ ਸਿੰਘ, ਬਾਜ ਸਿੰਘ ਨੇ ਨਿਸ਼ਚਾ ਕਰ ਲਿਆ ਕਿ ਪਹਿਲੀ ਝੜਪ ਵਜ਼ੀਰ ਖਾਂ ਨਾਲ ਲਈ ਜਾਵੇ। ਸੋ ਬਾਜ ਸਿੰਘ ਅਤੇ ਸਾਰੇ ਸਿੰਘ ਰਲ ਕੇ ਵਜ਼ੀਰ ਖਾਂ ਦੇ ਦੁਆਲੇ ਹੋ ਗਏ। ਰੱਬ ਦੀ ਕੁਦਰਤ ਐਸੀ ਹੋਈ ਕਿ ਵਜ਼ੀਰ ਖਾਂ ਮਾਰਿਆ ਗਿਆ। ਆਪਣੇ ਲੀਡਰ ਨੂੰ ਮਰਿਆ ਵੇਖ ਕੇ ਮੁਗਲ ਸੈਨਾ ਦੇ ਪੈਰ ਉੱਖੜ ਗਏ। ਉਨ੍ਹਾਂ ਨੱਸਣਾ ਸ਼ੁਰੂ ਕਰ ਦਿੱਤਾ। ਖਾਲਸਾ ਫੌਜਾਂ ਮੁਗਲ ਸੈਨਾ ਦੇ ਮਗਰ ਦੌੜੀਆਂ। ਬਹੁਤ ਸਾਰੇ ਮੁਗਲ ਸਿਪਾਹੀਆਂ ਦੇ ਹਥਿਆਰ ਖਾਲਸਾ ਫੌਜਾਂ ਨੇ ਸੰਭਾਲ ਲਏ ਅਤੇ ਇਸ ਤਰ੍ਹਾਂ ਹਥਿਆਰਾਂ ਦੀ ਕਮੀ ਪੂਰੀ ਕਰ ਲਈ। ਇਸੇ ਤਰੀਕੇ ਨਾਲ ਸਿੰਘਾਂ ਨੇ ਇਕੱਠੇ ਹੋ ਕੇ ਸਰਹੰਦ ਦੇ ਕਿਲ੍ਹੇ 'ਤੇ ਹਮਲਾ ਕਰ ਕੇ ਸਰਹੰਦ ਜਿੱਤ ਲਿਆ।

ਸਿੱਖਾਂ ਲਈ ਸਰਹੰਦ ਗੁਰੂ ਮਾਰੀ ਸਰਹੰਦ ਸੀ, ਜਦੋਂ ਸਿੱਖ ਕਹਿੰਦੇ ਸਨ, ਸਰਹੰਦ ਵਸਣ ਨਹੀਂ ਦੇਣੀ ਤਾਂ ਕਈ ਲੋਕ ਹੱਸਦੇ ਸਨ। ਸਰਹੰਦ ਇੰਨਾ ਵੱਡਾ ਸ਼ਹਿਰ ਅਣਗਿਣਤ ਮੁਗਲ ਫੌਜਾਂ ਇਹ ਚੰਦ ਸਿੱਖ ਸਰਹੰਦ ਦਾ ਕੀ ਵਿਗਾੜ ਸਕਦੇ ਹਨ। ਪਰ ਸਿੰਘਾਂ ਦਾ ਕੁਰਬਾਨੀ ਦਾ ਜਜ਼ਬਾ ਅਤੇ ਗੁਰੂ ਵਾਸਤੇ ਮਰ ਮਿੱਟਣ ਦੀ ਲਾਲਸਾ ਨਾਲ ਸਿੰਘਾਂ ਨੂੰ ਜਿੱਤ ਪ੍ਰਾਪਤ ਹੋਈ। ਉਨ੍ਹਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ ਕਿਉਂਕਿ ਇਥੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਦਾ ਪਵਿੱਤਰ ਖ਼ੂਨ ਡੁਲ੍ਹਿਆ ਸੀ। ਇਹ ਸੀ ਚੱਪੜਚਿੜੀ ਦੀ ਲੜਾਈ।

ਮੁਗਲ ਸੈਨਾ ਨੂੰ ਜਿੱਤ ਕੇ ਬੰਦਾ ਸਿੰਘ ਬਹਾਦਰ ਨੇ ਸਿੱਖ ਰਾਜ ਦੀ ਨੀਂਹ ਰੱਖੀ। ਗ੍ਰਿਫਨ ਨੇ ਠੀਕ ਲਿਖਿਆ ਹੈ ਕਿ ''ਸਿੱਖਾਂ ਨੇ ਧਾਰਮਿਕ ਜਜ਼ਬੇ ਵਿਚੋਂ ਰਾਜ ਪ੍ਰਾਪਤ ਕੀਤਾ।''

ਸਾਡੇ ਬਜ਼ੁਰਗਾਂ ਨੇ ਇਤਿਹਾਸ ਨੂੰ ਸੁਰੱਖਿਅਤ ਰੱਖਣ ਲਈ ਅਰਦਾਸ ਵਿਚ ਸ਼ਾਮਲ ਕੀਤਾ ਹੈ। ਸਿੱਖ ਦੋ ਵੇਲੇ ਹਰ ਗੁਰਦੁਆਰੇ ਵਿਚ ਪੜ੍ਹਦੇ ਸਨ, ''ਜਿਨ੍ਹਾਂ ਤੇਰਾ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ ਬੋਲੇ ਜੀ ਵਾਹਿਗੁਰੂ।''

ਸਿੱਖ ਇਤਿਹਾਸ ਇਕ ਉਤਸ਼ਾਹ ਦਾ ਸੋਮਾ ਹੈ। ਇਸ ਦੀ ਸੇਵਾ ਸੰਭਾਲ ਸਾਡੇ ਸਾਰਿਆਂ ਦਾ ਫਰਜ਼ ਹੈ। ਚੱਪੜਚਿੜੀ ਦੇ ਅਸਥਾਨ 'ਤੇ ਸ਼ਹੀਦਾਂ ਦੀ ਯਾਦਗਾਰ ਬਣਾਉਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਪਤਾ ਲੱਗੇ ਕਿ ਸਾਡੇ ਬਜ਼ੁਰਗਾਂ ਨੇ ਕਿੰਨੀਆਂ ਕੁਰਬਾਨੀਆਂ ਕਰ ਕੇ ਸਿੱਖ ਧਰਮ ਨੂੰ ਬਚਾਇਆ ਹੈ ਤੇ ਮੁਲਕ ਆਜ਼ਾਦ ਕਰਵਾਇਆ ਹੈ।

# ਮਾੜਾ ਬੰਦਾ

**ਜਿੰਦਰ**

ਸਰਬਜੀਤ ਵਾਰ-ਵਾਰ ਆ ਰਹੀ ਹੈ। ਕੁਝ ਪਲ ਖੜਦੀ ਹੈ। ਫੇਰ ਕਿਸੇ ਨਾ ਕਿਸੇ ਕੰਮ ਜਾ ਲੱਗਦੀ ਹੈ। ਮੇਰੇ ਵਲ ਦੇਖ ਕੇ ਉਸਨੂੰ ਅੱਚੋਤਾਈ ਲੱਗੀ ਹੈ। ਉਹ ਪ੍ਰੇਸ਼ਾਨ ਹੋ ਜਾਂਦੀ ਹੈ। ਮੈਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਉਸ ਦੀ ਇਸ ਪ੍ਰੇਸ਼ਾਨੀ ਦਾ ਕਾਰਨ ਮੈਂ ਹਾਂ। ਮੈਂ ਪਿਛਲੇ ਤਿੰਨ ਘੰਟਿਆਂ ਤੋਂ ਕੰਪਿਊਟਰ ਅੱਗੇ ਬੈਠਾ ਹਾਂ। ਹਰਕਤਹੀਣ। ਫੇਰ ਉਸ ਦੇ ਸਬਰ ਦਾ ਪਿਆਲਾ ਭਰ ਜਾਂਦਾ ਹੈ। ਉਹ ਪੁੱਛਦੀ ਹੈ, ''ਤੁਸੀਂ ਕਿਸੇ ਟੈਨਸ਼ਨ 'ਚ ਲੱਗਦੇ ਓ। ਅੱਪਸੈਟ ਹੋ। ਹੈ ਨਾ?'' ਮੈਂ ਨਾਂਹ ਦੀ ਮੁਦਰਾ 'ਚ ਸਿਰ ਹਿਲਾ ਦਿੰਦਾ ਹਾਂ। ਉਹ ਮੇਰੇ ਮੱਥੇ 'ਤੇ ਹੱਥ ਰੱਖਦੀ ਕਹਿੰਦੀ ਹੈ, ''ਕਿਉਂ ਝੂਠ ਬੋਲਦੇ ਹੋ। ਕੀ ਗੱਲ ਆ?''

ਮੈਂ ਕੰਪਿਊਟਰ 'ਤੇ ਹੀ ਨਜ਼ਰਾਂ ਟਿਕਾਈ ਦੱਸਦਾ ਹਾਂ, ''ਕੋਈ ਖਾਸ ਨੀਂ। ਮੈਂ ਇਕ ਮਾੜੇ ਬੰਦਾ ਦੀ ਪਛਾਣ ਕਰ ਰਿਹਾਂ। ਇਹ ਮਾੜਾ ਬੰਦਾ ਮੇਰੇ ਗੇੜ 'ਚ ਨੀਂ ਆ ਰਿਹਾ।'' ਉਹ ਫਿਰ ਪੁੱਛਦੀ ਹੈ, ''ਮਾੜਾ ਬੰਦਾ ਹੈ ਕੌਣ?'' ਹੁਣ ਮੈਂ ਇਹਨੂੰ ਕੀ ਦੱਸਾਂ। ਇਹੀ ਕਿ ਮੈਂ ਟੈਨਸ਼ਨ 'ਚ ਹਾਂ। ਮੇਰੀ ਟੈਨਸ਼ਨ ਦੇ ਕਈ ਕਾਰਨ ਹਨ। ਵੱਡਾ ਕਾਰਨ 'ਮਾੜਾ ਬੰਦਾ' ਹੈ। ਇਹ ਮਾੜਾ ਬੰਦਾ ਕੌਣ ਹੈ? ਦਲਜੀਤ ਸਿੰਘ? ਮੋਹਨ ਲਾਲ? ਮੈਂ ਖੁਦ? ਜਾਂ ਕੋਈ ਹੋਰ? ਮੈਥੋਂ ਇਸ ਗੱਲ ਦਾ ਨਬੇੜਾ ਨਹੀਂ ਹੋ ਰਿਹਾ।

ਮੈਂ ਕੰਪਿਊਟਰ ਅੱਗੇ ਜਿਉਂ ਦਾ ਤਿਉਂ ਬੈਠਾ ਹਾਂ। ਮੁਨੀਟਰ 'ਤੇ ਬਾਈ ਪੁਆਇੰਟ 'ਚ 'ਮਾੜਾ ਬੰਦਾ' ਲਿਖਿਆ ਹੋਇਆ ਹੈ। ਕੁਝ ਚਿਰ ਬਾਅਦ 'ਮਾੜਾ ਬੰਦਾ' ਅੱਖਰ ਅਲੋਪ ਹੋ ਜਾਂਦੇ ਹਨ। ਸਕਰੀਨ ਸੇਵਰ ਆ ਜਾਂਦਾ ਹੈ। ਮੈਂ ਮੁੜ ਤੋਂ ਮਾਊਸ ਨੂੰ ਹਿਲਾਉਂਦਾ ਹਾਂ। ਦਰਅਸਲ ਮੈਂ ਅਜਿਹੀ ਤਕਨੀਕ ਦੀ ਭਾਲ 'ਚ ਹਾਂ ਕਿ ਮੈਂ ਚੌਹਾਂ ਦੀ ਕਥਾ ਲਿਖ ਦਿਆਂ। ਪਰ ਅਜੇ ਤਾਈਂ ਮੈਨੂੰ ਅਜਿਹਾ ਕੋਈ ਨੁਕਤਾ ਨਹੀਂ ਲੱਭਿਆ।

ਮੈਂ ਸਰਬਜੀਤ ਨੂੰ ਬੁੱਲ੍ਹਾਂ 'ਤੇ ਉਂਗਲ ਰੱਖ ਕੇ ਚੁੱਪ ਚਾਪ ਬੈਠਣ ਦਾ ਇਸ਼ਾਰਾ ਕਰਦਾ ਹਾਂ।

'ਮਾੜਾ ਬੰਦਾ' ਅੱਖਰਾਂ 'ਚੋਂ ਦੋ ਅੱਖਾਂ ਪ੍ਰਗਟ ਹੁੰਦੀਆਂ ਹਨ। ਮੈਨੂੰ ਘੂਰਦੀਆਂ ਹਨ। ਮੈਂ ਵੀ ਉਨ੍ਹਾਂ ਵਲ ਸਿੱਧਾ ਹੀ ਦੇਖਦਾ ਹਾਂ। ਫੇਰ ਦੋ ਬੁੱਲ੍ਹ ਦਿੱਸਦੇ ਹਨ। ਇਕ ਆਵਾਜ਼ ਆਉਂਦੀ ਹੈ, ''ਵੱਡਿਆ ਹਰੀਸ਼ ਚੰਦਰਾ ਸੱਚ ਬੋਲ ਕੇ ਦਿਖਾ ਤਾਂ।'' ਮੈਂ ਸੱਚ ਬੋਲਣ ਲਈ ਆਪਣੇ ਆਪ ਨੂੰ ਪਹਿਲਾਂ ਤੋਂ ਹੀ ਤਿਆਰ ਕੀਤਾ ਹੋਇਆ ਹੈ। ਗੱਲ ਆਪਣੇ ਆਪ ਜਾਂ ਮੋਹਨ ਲਾਲ ਤੋਂ ਸ਼ੁਰੂ ਕਰਨਾ ਚਾਹੁੰਦਾ ਹਾਂ। ਮੇਰੀਆਂ ਉਂਗਲਾਂ ਕੀ-ਬੋਰਡ 'ਤੇ ਹਰਕਤ ਕਰਨ ਲੱਗਦੀਆਂ ਹਨ ਕਿ ਦਲਜੀਤ ਸਿੰਘ ਮੇਰਾ ਹੱਥ ਫੜ ਲੈਂਦਾ ਹੈ। ਉਹ ਕਹਿਣਾ ਸ਼ੁਰੂ ਕਰਦਾ ਹੈ, ''ਮੈਂ ਇਸ ਕਥਾ ਦਾ ਮੁੱਖ ਪਾਤਰ ਹਾਂ। ਪਹਿਲਾਂ ਮੇਰੇ ਬਾਰੇ ਦੱਸ।'' ਮਗਰੇ ਹੀ ਮੋਹਨ ਲਾਲ ਦਾ ਚਿਹਰਾ ਪ੍ਰਗਟ ਹੋ ਜਾਂਦਾ ਹੈ। ਉਹ ਕਹਿੰਦਾ ਹੈ, ''ਦਲਜੀਤ ਸਿੰਘ ਕਿਉਂ? ਪਹਿਲਾਂ ਮੈਂ ਹਾਂ। ਮੈਨੂੰ ਪਤਾ ਕਿ ਤੁਸੀਂ ਮੇਰੀ ਗੱਲ ਬਾਅਦ 'ਚ ਹੀ ਕਰਨੀ ਆ। ਤੁਸੀਂ ਪੁੱਛੋ-ਮੈਂ ਇਹ ਕਿਵੇਂ ਜਾਣ ਲਿਆ। ਮੈਨੂੰ ਪਤਾ ਆ ਕਿ ਸਦੀਆਂ ਬੀਤ ਚੱਲੀਆਂ ਨੇ। ਕਥਾਵਾਂ ਵੱਡਿਆਂ ਬੰਦਿਆਂ ਤੋਂ ਸ਼ੁਰੂ ਹੁੰਦੀਆਂ ਨੇ। ਵੱਡਿਆਂ 'ਤੇ ਹੀ ਖਤਮ ਹੋ ਜਾਂਦੀਆਂ ਨੇ।''

ਮੈਂ ਦੋਹਾਂ ਨੂੰ ਹੀ ਛੱਡ ਕੇ ਆਪਣੇ ਆਪ ਬਾਰੇ ਪਹਿਲਾਂ ਦੱਸਣਾ ਚਾਹੁੰਦਾ ਹਾਂ। ਮੇਰੇ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਰਹੇਗਾ। ਪਰ ਇਹ ਦੋਵੇਂ ਜਣੇ ਮੇਰੀ ਕੋਈ ਪੇਸ਼ ਨਹੀਂ ਜਾਣ ਦਿੰਦੇ। ਮੈਂ ਇਨ੍ਹਾਂ ਨੂੰ ਸਮਝਾਉਂਦਾ ਹਾਂ, ''ਤੁਹਾਨੂੰ ਆਪੋ ਆਪਣੇ ਡਰ ਕਿਉਂ ਮਾਰੀ ਜਾ ਰਹੇ ਨੇ? ਹੋ ਸਕਦਾ ਹੈ ਕਿ ਇਸ ਕਥਾ ਦਾ ਮਾੜਾ ਬੰਦਾ ਕੋਈ ਹੋਰ ਜਣਾ ਹੀ ਹੋਵੇ। ਅਜੇ ਤਾਂ ਮੈਂ ਸਾਰਿਆਂ ਦੀਆਂ ਅੰਦਰਲੀਆਂ ਪਰਤਾਂ ਫਰੋਲਣੀਆਂ ਨੇ।'' ਇਹ ਦੋਵੇਂ ਮੇਰੀ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਹਨ। ਮੈਂ ਕੰਨਾਂ 'ਚ ਉਂਗਲਾਂ ਲੈ ਲੈਂਦਾ ਹਾਂ। ਕੁਝ ਚਿਰ ਬਾਅਦ ਉਂਗਲਾਂ ਹਟਾਉਂਦਾ ਹਾਂ। ਹੁਣ ਕੁਝ ਕੁ ਸ਼ਾਂਤੀ ਹੈ। ਮੈਂ ਪਰ੍ਹਾਂ ਪਿਆ ਕਾਗਜ਼ ਚੁੱਕਦਾ ਹਾਂ। ਚਾਰ ਪਰਚੀਆਂ ਬਣਾਉਂਦਾ ਹਾਂ। ਪਹਿਲੀ ਪਰਚੀ 'ਤੇ ਲਿਖਦਾ ਹਾਂ-ਮੈਂ ਉਰਫ਼ ਬਲਕਾਰ ਸਿੰਘ ਸੁਪਰਡੈਂਟ। ਦੂਜੀ 'ਤੇ-ਕੋਈ ਹੋਰ ਜਣਾ। ਤੀਜੀ 'ਤੇ ਮੈਥੋਂ ਲਿਖਿਆ ਜਾਂਦਾ ਹੈ-ਦਲਜੀਤ ਸਿੰਘ। ਚੌਥੀ 'ਤੇ-ਮੋਹਨ ਲਾਲ, ਸੇਵਾਦਾਰ। ਮੈਂ ਅੱਖਾਂ ਮੀਚ ਕੇ ਚਾਰੇ ਪਰਚੀਆਂ ਨੂੰ ਆਪਸ ਵਿਚ ਮਿਲਾ ਦਿੰਦਾ ਹਾਂ। ਸਰਬਜੀਤ ਨੂੰ ਇਨ੍ਹਾਂ 'ਚੋਂ ਕਿਸੇ ਇਕ ਪਰਚੀ ਨੂੰ ਚੁੱਕਣ ਲਈ ਇਸ਼ਾਰਾ ਕਰਦਾ ਹਾਂ। ਉਹ ਇਕ ਪਰਚੀ ਚੁੱਕਦੀ ਹੈ ਤੇ ਖੋਲ੍ਹਦੀ ਹੈ।

ਦਲਜੀਤ ਸਿੰਘ ਦਾ ਨਾਂ ਨਿਕਲਦਾ ਹੈ।

ਮੇਰੀਆਂ ਉਂਗਲਾਂ ਤੇਜ਼ੀ ਨਾਲ ਕੀ-ਬੋਰਡ 'ਤੇ ਚੱਲਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਦਲਜੀਤ ਸਿੰਘ ਦੇ ਕਮਰੇ ਬਾਹਰ ਨੇਮ ਪਲੇਟ 'ਤੇ ਕਾਲਿਆਂ ਅੱਖਰਾਂ 'ਚ ਲਿਖਿਆ ਹੈ-ਦਲਜੀਤ ਸਿੰਘ, ਸਹਾਇਕ ਕੰਟਰੋਲਰ (ਵਿੱਤ ਤੇ ਲੇਖਾ)। ਕਮਰੇ ਵਿਚ ਇਕ ਵੱਡਾ ਸਾਰਾ ਮੇਜ਼ ਪਿਆ ਹੈ। ਰਿਵਾਲਵਿੰਗ ਚੇਅਰ ਹੈ। ਖੱਬੇ ਹੱਥ ਚਾਰ ਕੁਰਸੀਆਂ ਪਈਆਂ ਹਨ। ਸਾਹਮਣੇ ਛੇ ਕੁਰਸੀਆਂ ਹਨ। ਸੱਜੇ ਹੱਥ ਵਾਲਾ ਪਾਸਾ ਖਾਲੀ ਹੈ। ਚਾਰ ਕੁ ਫੁੱਟ 'ਤੇ ਸਟੀਲ ਦੀ ਅਲਮਾਰੀ ਹੈ। ਇਸ ਅਲਮਾਰੀ ਨੂੰ ਉਸ ਕਦੇ ਖੋਲ੍ਹ ਕੇ ਨਹੀਂ ਦੇਖਿਆ। ਉਸਨੂੰ ਇਹ ਵੀ ਨਹੀਂ ਪਤਾ ਕਿ ਉਸਦਾ ਕਿਹੜਾ ਡਾਕੂਮੈਂਟ ਕਿਸ ਖਾਨੇ 'ਚ ਪਿਆ ਹੈ। ਕੰਮ ਕਰਦਿਆਂ ਉਹ ਬਹੁਤ ਕੁਝ ਭੁੱਲ ਜਾਂਦਾ ਹੈ। ਉਹ ਇਹ ਵੀ ਭੁੱਲ ਜਾਂਦਾ ਹੈ ਕਿ ਉਸਨੇ ਟੈਲੀਫੋਨ ਕਰਕੇ ਗੈਸ ਬੁੱਕ ਕਰਵਾਉਣਾ ਸੀ। ਹਸਪਤਾਲ 'ਚ ਦਾਖਲ ਆਪਣੇ ਸਾਂਢੂ ਦੇ ਅਪ੍ਰੇਸ਼ਨ ਦੀ ਤਾਜ਼ਾ ਸਥਿਤੀ ਬਾਰੇ ਜਾਣਨਾ ਸੀ। ਭਤੀਜੀ ਦੇ ਆਈਲੈਟਸ ਦੇ ਰਿਜ਼ਲਟ ਬਾਰੇ ਪੁੱਛਣਾ ਸੀ। ਅਚਨਚੇਤ ਉਸਨੂੰ ਯਾਦ ਆਉਂਦਾ ਹੈ ਕਿ ਅੱਜ ਛੱਬੀ ਤਰੀਕ ਹੋ ਗਈ ਹੈ। ਉਸ ਤਾਂ ਅਜੇ ਇਨਕਮ ਟੈਕਸ ਦੀ ਰਿਟਰਨ ਨਹੀਂ ਭਰੀ। ਸਿਰਫ਼ ਪੰਜ ਦਿਨ ਰਹਿ ਗਏ ਸਨ। ਉਹ ਸੱਜੇ ਹੱਥ ਲੱਗੀ ਘੰਟੀ ਵਾਲਾ ਬਟਨ ਦਬਾਉਂਦਾ ਹੈ। ਸੇਵਾਦਾਰ ਆ ਹਾਜ਼ਰ ਹੁੰਦਾ ਹੈ। ਉਹ ਕਹਿੰਦਾ ਹੈ, ''ਮਰ ਜਾਣਾ ਸੀ। ਚੰਗੇ ਵੇਲੇ ਯਾਦ ਆ ਗਿਆ। ਤੂੰ ਵੀ ਮੈਨੂੰ ਯਾਦ ਨੀਂ ਕਰਾਇਆ। ਮੈਂ ਦਫ਼ਤਰ ਦੇ ਕੰਮ 'ਚ ਹੀ ਲੱਗਾ ਰਹਿੰਦਾ ਹਾਂ। ਆਪਣੇ ਕੰਮ ਭੁੱਲ ਜਾਂਦਾ ਹਾਂ। ਮੇਰੀ ਪਰਸਨਲ ਫਾਇਲ ਕੱਢੀਂ। ਇਨਕਮ ਟੈਕਸ ਰਿਟਰਨ ਭਰਨੀ ਆ।''

ਸੇਵਾਦਾਰ ਉਹਨੂੰ ਫਾਇਲ ਫੜਾਉਂਦਾ ਹੈ। ਉਹ ਫਾਰਮਾਂ ਦੇ ਵੱਖ-ਵੱਖ ਕਾਲਮਾਂ ਨੂੰ ਦੇਖਦਾ ਹੈ। ਭਰਦਾ ਹੈ। ਫੇਰ ਘੰਟੀ ਮਾਰਦਾ ਹੈ। ਸੇਵਾਦਾਰ ਨੂੰ ਕਹਿੰਦਾ ਹੈ, ''ਰਮੇਸ਼ ਨੂੰ ਬੁਲਾ। ਅੱਜ ਹੀ ਫਾਰਮ ਜਮ੍ਹਾਂ ਕਰਵਾ ਆਵੇ। ਕੱਲ੍ਹ ਤੇ ਪਰਸੋਂ ਸਨਿਚਰ ਐਤਵਾਰ ਆ। ਸੋਮਵਾਰ ਬਹੁਤ ਰਸ਼ ਹੋ ਜਾਣਾ। ਮੈਂ ਹੁਣ ਆਪਣੇ ਕੰਮਾਂ ਦੀ ਲਿਸਟ ਬਣਾ ਕੇ ਸ਼ੀਸ਼ੇ ਥੱਲੇ ਰੱਖਿਆ ਕਰਾਂਗਾ।....ਤੂੰ ਪਹਿਲਾਂ ਜਿੱਥੋਂ ਫਾਇਲ ਚੁੱਕੀ ਉਥੇ ਹੀ ਰੱਖ ਦੇ।'' ਸੇਵਾਦਾਰ ਉਸਦੇ ਕਹੇ ਨੂੰ ਸਿਰ ਮੱਥੇ ਮੰਨਦਾ ਹੈ। ਫਾਇਲ ਫੇਰ ਅਲਮਾਰੀ 'ਚ ਕੈਦ ਹੋ ਜਾਂਦੀ ਹੈ। ਉਹ ਸੇਵਾਦਾਰ ਨੂੰ ਕਹਿੰਦਾ ਹੈ, ''ਛੱਡ ਯਾਰ, ਰਮੇਸ਼ ਨੂੰ ਰਹਿਣ ਦੇ। ਉਸਦੇ ਕੰਮ ਦਾ ਲੌਸ ਹੋਵੇਗਾ। ਮੈਂ ਆਪਣੇ ਬੇਟੇ ਨੂੰ ਕਹਾਂਗਾ। ਉਹ ਆਪੇ ਜਮ੍ਹਾਂ ਕਰਵਾ ਆਊਗਾ...।''

ਉਸਨੂੰ ਇਸ ਦਫ਼ਤਰ 'ਚ ਆਇਆਂ ਛੇ ਸਾਲ ਹੋ ਗਏ ਹਨ। ਬ੍ਰਾਂਚ ਦੇ ਬਾਬੂ ਹਰ ਸਾਲ ਮਾਰਚ-ਅਪ੍ਰੈਲ 'ਚ ਕਿਆਸ ਲਾਉਣੇ ਸ਼ੁਰੂ ਕਰ ਦਿੰਦੇ ਹਨ ਕਿ ਉਹ ਇਸ ਸਾਲ ਬਦਲ ਜਾਵੇਗਾ। ਇਸ ਸਮੇਂ ਉਨ੍ਹਾਂ ਨੂੰ ਕੁਲਦੀਪ ਸਿੰਘ ਬਨਵੈਤ ਬਹੁਤ ਯਾਦ ਆਉਂਦਾ ਹੈ। ਸਾਰੇ ਇਕੋ ਸੁਰ 'ਚ ਕਹਿੰਦੇ ਹਨ, ''ਉਨ੍ਹਾਂ ਵਰਗਾ ਕੋਈ ਅਫ਼ਸਰ ਮੁੜ ਕੇ ਨੀਂ ਆਉਣਾ। ਕੋਈ ਦੋ ਘੰਟਿਆਂ ਦੀ ਛੁੱਟੀ ਮੰਗਦਾ ਤਾਂ ਉਹ ਚਾਰ ਘੰਟਿਆਂ ਦੀ ਛੁੱਟੀ ਦਿੰਦੇ। ਅੱਧੇ ਦਿਨ ਦੀ ਛੁੱਟੀ ਲਾਉਂਦੇ ਹੀ ਨਾ। ਉਨ੍ਹਾਂ ਦੇ ਰਾਜ ਵਿਚ ਸੁਖਪਾਲ ਤੇ ਜਸਪਾਲ ਨੇ ਬਹੁਤ ਮੌਜਾਂ ਲੁੱਟੀਆਂ। ਉਹ ਕਹਿੰਦੇ- ''ਸਰਕਾਰ ਦੇ ਕੰਮ ਵੀ ਕਦੇ ਮੁੱਕੇ ਆ। ਤੁਸੀਂ ਆਪਣੇ ਘਰ ਦੇ ਕੰਮਾਂ ਨੂੰ ਪਹਿਲਾਂ ਕਰੋ। ਤੁਹਾਡੇ ਕੰਮ ਦਾ ਕੀ ਆ। ਕਟੌਤੀਆਂ, ਡੀ.ਏ. ਤੇ ਅਡਵਾਂਸਾਂ ਦੀਆਂ ਫਿੱਗਰਾਂ ਇੱਥੇ ਬੈਠ ਕੇ ਫਾਰਮਾਂ 'ਚ ਭਰ ਲਓ। ਕੈਲਕੂਲੇਸ਼ਨ ਘਰੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ।' ਦੱਸੋ-ਕਿਸੇ ਦਾ ਕੋਈ ਕੰਮ ਪੈਂਡਿੰਗ ਰਿਹਾ। ਕਿਸੇ ਨੇ ਕੋਈ ਉਲਾਂਭਾ ਲਿਆ।'' ਜੁਲਾਈ-ਅਗਸਤ ਗੁਜ਼ਰ ਜਾਂਦੇ ਹਨ। ਉਨ੍ਹਾਂ ਦੇ ਲਗਾਏ ਕਿਆਸ ਝੂਠੇ ਨਿਕਲਦੇ ਹਨ। ਕਿਉਂਕਿ ਇਸ ਬ੍ਰਾਂਚ ਦਾ ਕੰਮ ਹੀ ਅਜਿਹਾ ਹੈ ਕਿ ਕੋਈ ਵੀ ਅਕਾਊਂਟ ਅਫਸਰ ਇਥੇ ਰਹਿ ਕੇ ਖੁਸ਼ ਨਹੀਂ। ਕਿਹੜਾ ਸਾਰਾ ਦਿਨ ਮੱਥਾ ਮਾਰੇ। ਇਕੋ ਜਿਹਾ ਕੰਮ। ਇਕੋ ਜਿਹੀ ਰੁਟੀਨ। ਜੇ ਕੋਈ ਹੋਰ ਕੰਮ ਹੋਵੇ ਤਾਂ ਅਫ਼ਸਰ ਘੁੱਗੀ ਮਾਰ ਕੇ ਫਾਇਲ ਅਗਾਂਹ ਤੋਰ ਦਿੰਦੇ ਹਨ। ਪਰ ਇੱਥੇ ਤਾਂ ਜੀ.ਪੀ.ਐਫ. ਦੀ ਅਦਾਇਗੀ ਹੁੰਦੀ ਹੈ। ਅਡਵਾਂਸ ਤੇ ਅੰਤਿਮ ਅਦਾਇਗੀ। ਜੇ ਕਿਸੇ ਨੂੰ ਵਧ ਅਦਾਇਗੀ ਹੋ ਗਈ ਤਾਂ ਕਿਸ ਭਰੂਏ ਨੇ ਵਾਪਸ ਕਰਨੀ ਹੈ। ਪੈਸੇ ਆਪਣੇ ਸਿਰ ਪੈ ਜਾਂਦੇ ਹਨ। ਪੂਰੀ ਇਕਾਗਰਤਾ ਨਾਲ ਕੰਮ ਕਰਨਾ ਪੈਂਦੈ।

ਉਹ ਇਸ ਬ੍ਰਾਂਚ 'ਚ ਖੁਸ਼ ਹੈ। ਇੱਥੋਂ ਜਾਣ ਨੂੰ ਉਹਦਾ ਮਨ ਰਾਜ਼ੀ ਨਹੀਂ ਹੁੰਦਾ। ਉਹ ਆਪਣੇ ਆਪ ਨਾਲ ਗੱਲੀਂ ਪੈਂਦਾ, ''ਕੰਮ ਕਰਨਾ ਬੰਦੇ ਦਾ ਪਹਿਲਾ ਫਰਜ਼ ਆ। ਜਿੰਨੇ ਪੈਸੇ ਸਾਨੂੰ ਸਰਕਾਰ ਦਿੰਦੀ ਆ-ਘੱਟੋ ਘੱਟ ਉਨਾ ਕੰਮ ਤਾਂ ਕਰਨਾ ਚਾਹੀਦਾ। ਇਸ ਦਫ਼ਤਰ ਦੀ ਇਹ ਮੌਜ ਆ ਕੇ ਏਥੇ ਸਮੇਂ ਦਾ ਪਤਾ ਨੀਂ ਲੱਗਦਾ। ਬੰਦਾ ਆਪਣੇ ਕੰਮੀਂ ਲੱਗਾ ਰਹਿੰਦਾ।'' ਉਸਦੀ ਪੱਕੀ ਰੁਟੀਨ ਹੈ ਕਿ ਠੀਕ ਅੱਠ ਵੱਜ ਕੇ ਪਚਵੰਜਾ ਮਿੰਟ 'ਤੇ ਆਪਣੀ ਕੁਰਸੀ 'ਤੇ ਆ ਬੈਠਦਾ ਹੈ। ਮੀਂਹ ਪਵੇ ਜਾਂ ਹਨੇਰੀ ਆ ਜਾਵੇ, ਉਸ ਨੇ ਆਪਣੀ ਰੁਟੀਨ ਕਦੇ ਨਹੀਂ ਤੋੜੀ। ਸ਼ਾਮ ਨੂੰ ਚਾਰ ਪੈਂਤੀ 'ਤੇ ਕੁਰਸੀ ਤੋਂ ਉੱਠਦਾ ਹੈ। ਸਾਢੇ ਚਾਰ ਵਜੇ ਘੰਟੀ ਮਾਰਦਾ ਹੈ। ਸੇਵਾਦਾਰ ਨੂੰ ਅਖਬਾਰ ਤੇ ਟਿਫਿਨ ਬੌਕਸ ਗੱਡੀ 'ਚ ਰੱਖਣ ਦਾ ਇਸ਼ਾਰਾ ਕਰਦਾ ਹੈ। ਸੇਵਾਦਾਰ ਉਸ ਦੀ ਕਾਰ ਵਲ ਜਾਂਦਾ ਹੈ। ਉਹ ਅੰਦਰੋਂ ਹੀ ਬੈਠਾ ਬੈਠਾ ਰਿਮੋਟ ਕੰਟਰੋਲ ਨਾਲ ਕਾਰ ਦਾ ਲੌਕ ਖੋਲ੍ਹ ਦਿੰਦਾ ਹੈ। ਉਹ ਸਾਲ 'ਚ ਦੋ ਜਾਂ ਤਿੰਨ ਛੁੱਟੀਆਂ ਕਰਦਾ ਹੈ। ਉਹ ਵੀ ਉਦੋਂ ਜਦੋਂ ਉਹਨੂੰ ਕੋਈ ਬਹੁਤ ਹੀ ਜ਼ਰੂਰੀ ਕੰਮ ਪੈ ਜਾਵੇ। ਕਿਸੇ ਮਰਗ 'ਤੇ ਜਾਣਾ ਪੈ ਜਾਵੇ। ਜੇ ਕੋਈ ਮਾਤਹਿਤ ਛੁੱਟੀ ਦੀ ਅਰਜ਼ੀ ਲੈ ਕੇ ਜਾਵੇ ਤਾਂ ਪਹਿਲੀ ਵਾਰ ਤਾਂ ਉਹਨੂੰ ਟਾਲਣ ਦੀ ਕੋਸ਼ਿਸ਼ ਕਰਦਾ ਹੈ। ਜੇ ਮਾਤਹਿਤ ਗਿੜਗੜਾਉਣ ਹੀ ਲੱਗ ਪਵੇ ਤਾਂ ਉਹ 'ਪ੍ਰਵਾਨ ਹੈ' ਲਿਖਦਿਆਂ ਹੋਇਆਂ ਇਹ ਕਹਿਣਾ ਨਹੀਂ ਭੁੱਲਦਾ, ''ਦੇਖੀਂ, ਘਰ ਜਾ ਕੇ ਹੋਰ ਨਾ ਛੁੱਟੀ ਦੀ ਅਰਜ਼ੀ ਭੇਜ ਦੇਈਂ। ਤੇਰੇ ਕੋਲ ਪਹਿਲਾਂ ਹੀ ਕਿੰਨੇ ਸਾਰੇ ਕੇਸ ਪੈਂਡਿੰਗ ਪਏ ਆ।'' ਮਾਤਹਿਤ ਉਸਦੇ ਸਾਹਮਣੇ ਤਾਂ ਕੁਝ ਨਹੀਂ ਬੋਲਦਾ ਪਰ ਬਾਹਰ ਆ ਕੇ ਆਪਣਾ ਗੁੱਸਾ ਜ਼ਾਹਿਰ ਕਰਦਾ ਹੈ, ''ਭੈਣ ਆਪਣੀ ਦਾ ਖਸਮ। ਛੁੱਟੀ ਦਿੰਦਿਆਂ ਇਹਦੀ...। ਇਹਨੇ ਤਾਂ ਦਫ਼ਤਰ ਨੂੰ ਆਪਣੀ ਸਲਤਨਤ ਸਮਝ ਰੱਖਿਆ। ਇਹਨੂੰ ਦੱਸਣਾ ਪਊ ਕਿ ਇਹ ਸਰਕਾਰੀ ਦਫ਼ਤਰ ਆ। ਸਾਨੂੰ ਸਰਕਾਰ ਵਲੋਂ ਛੁੱਟੀਆਂ ਮਿਲੀਆਂ ਹੋਈਆਂ। ਜੇ ਇਹਨੇ ਅਗਲੀ ਵਾਰ ਵੀ ਐਦਾਂ ਹੀ ਕੀਤੀ ਤਾਂ ਮੈਂ ਘਰੋਂ ਹੀ ਦੋ ਮਹੀਨਿਆਂ ਦਾ ਮੈਡੀਕਲ ਭੇਜ ਦੇਣਾ...।''



ਮਾਤਹਿਤ ਐਨੇ ਗੁੱਸੇ 'ਚ ਹੁੰਦਾ ਹੈ ਕਿ ਉਹ ਇਹ ਵੀ ਭੁੱਲ ਜਾਂਦਾ ਹੈ ਕਿ ਇਸ ਬ੍ਰਾਂਚ 'ਚ ਛੇ ਔਰਤਾਂ ਵੀ ਬੈਠੀਆਂ ਹਨ। ਕੋਈ ਜਣਾ ਉਸਨੂੰ ਇਸ਼ਾਰਾ ਕਰਦਾ ਹੈ ਤਾਂ ਉਹ ਕਹਿ ਦਿੰਦਾ ਹੈ, ''ਕੰਜਰ ਦਾ ਪੁੱਤ-ਇਨ੍ਹਾਂ ਨਾਲ ਕਿਹੜਾ ਘੱਟ ਕਰਦਾ। ਪਿਛਲੇ ਹਫ਼ਤੇ ਰਜਨੀ ਛੁੱਟੀ ਲੈਣ ਗਈ ਸੀ। ਅੰਦਰੋਂ ਰੋਂਦੀ-ਰੋਂਦੀ ਆਈ ਸੀ। ਇਹ ਤਾਂ ਕਿਸੇ ਨਾਲ ਵੀ ਘੱਟ ਨੀਂ ਕਰਦਾ।''

ਇਨ੍ਹਾਂ ਗੱਲਾਂ ਬਾਰੇ ਦਲਜੀਤ ਸਿੰਘ ਨੂੰ ਵੀ ਪਤਾ ਲੱਗ ਜਾਂਦਾ ਹੈ। ਕੇਸ ਚੈਕ ਕਰਾਉਣ ਆਏ ਸੁਖਪਾਲ ਨਾਲ ਉਹ ਸਲਾਹੀਂ ਪੈ ਜਾਂਦਾ ਹੈ, ''ਮੈਨੂੰ ਪਤਾ ਆ ਕਿ ਤੁਸੀਂ ਸਾਰੇ ਮੈਥੋਂ ਔਖੇ ਹੋ। ਮੈਨੂੰ ਪਸੰਦ ਨੀਂ ਕਰਦੇ। ਨਾ ਕਰੋ। ਮੈਂ ਨੀਂ ਕਿਸੇ ਦੀ ਪ੍ਰਵਾਹ ਕਰਦਾ। ਇਹ ਤਾਂ ਮੈਂ ਜਾਣਦਾਂ ਜਾਂ ਮੇਰਾ ਰੱਬ ਕਿ ਮੈਂ ਏਨੇ ਸਾਰੇ ਮਾੜੇ ਬੰਦਿਆਂ ਨੂੰ ਕਿਵੇਂ ਕੰਟਰੋਲ ਕੀਤਾ ਹੋਇਐ...ਮੇਰੀ ਵੀ ਕੋਈ ਜ਼ਿੰਮੇਵਾਰੀ ਆ। ਜੇ ਮੈਂ ਤੁਹਾਨੂੰ ਖੁੱਲ੍ਹ ਦੇ ਦਵਾਂ ਤਾਂ ਤੁਸੀਂ ਤਾਂ ਸੌਖੇ ਹੋ ਜਾਣਾ-ਮੈਂ ਔਖਾ। ਤੂੰ ਪੁੱਛ-ਓਹ ਕਿਵੇਂ-ਜੇ ਕਿਸੇ ਰਿਟਾਇਰੀ ਨੂੰ ਸਮੇਂ ਸਿਰ ਪੈਸੇ ਨਾ ਮਿਲੇ ਤਾਂ ਉਹਨੇ ਕੋਰਟ ਕੇਸ ਕਰਨ ਲੱਗਿਆਂ ਦੇਰ ਨੀਂ ਲਾਉਣੀ। ਉਹਨੇ ਮੈਨੂੰ ਵੀ ਨਾਲ ਹੀ ਪਾਰਟੀ ਬਣਾ ਲੈਣਾ। ਪਹਿਲਾਂ ਹੀ ਕਿੰਨੇ ਕੇਸ ਚਲ ਰਹੇ। ਇਨ੍ਹਾਂ 'ਤੇ ਕਿੰਨਾ ਸਮਾਂ ਖਰਾਬ ਹੋ ਰਿਹਾ। ਇਕ ਤਾਂ ਕੰਮ ਦਾ ਲੌਸ ਹੁੰਦਾ। ਦੂਜਾ ਖੱਜਲ ਖਰਾਬੀ ਵਾਧੂ ਦੀ। ਸਾਰਾ ਸਾਰਾ ਦਿਨ ਕੋਰਟ 'ਚ ਬੈਠੇ ਰਹੋ। ਸ਼ਾਮ ਨੂੰ ਜੱਜ ਅਗਲੀ ਤਰੀਕ ਪਾ ਦਿੰਦਾ। ਇਦੂੰ ਚੰਗਾ ਨੀਂ-ਵੇਲੇ ਸਿਰ ਕੰਮ ਕਰੋ।''

ਕੋਲ ਬੈਠੇ ਸੁਖਪਾਲ ਨੇ ਕੀ ਕਹਿਣਾ ਹੁੰਦਾ ਹੈ। ਉਹ 'ਹੂੰ ਜੀ', 'ਹਾਂ ਜੀ', 'ਠੀਕ ਆ ਜੀ' ਕਹਿੰਦਾ ਹੋਇਆ ਉਸਦੀ ਗੱਲ ਸੁਣਦਾ ਰਹਿੰਦਾ। ਦਲਜੀਤ ਸਿੰਘ ਕੇਸ ਵੀ ਚੈਕ ਕਰੀ ਜਾਂਦਾ ਹੈ ਤੇ ਆਪਣੀ ਗੱਲ ਵੀ ਕਰੀ ਜਾਂਦਾ ਹੈ, ''ਤੂੰ ਵੀ ਹੁਣ ਕਹੇਂਗਾ ਕਿ ਮੈਂ ਖੁੱਲ੍ਹ ਕਿਉਂ ਨੀਂ ਦਿੰਦਾ। ਇਸ ਬ੍ਰਾਂਚ 'ਚ ਖੁੱਲ੍ਹ ਦਿੱਤੀ ਹੀ ਨੀਂ ਜਾ ਸਕਦੀ। ਜਦੋਂ ਮੈਂ ਨਵਾਂ ਨਵਾਂ ਆਇਆ ਸੀ ਤਾਂ ਕੁਲਦੀਪ ਸਿੰਘ ਬਨਵੈਤ ਨਾਲੋਂ ਵੀ ਜ਼ਿਆਦਾ ਖੁੱਲ੍ਹਾਂ ਦਿੱਤੀਆਂ ਸੀ। ਫੇਰ ਮੈਂ ਜਿਹੜਾ ਵੀ ਕੇਸ ਚੈਕ ਕਰਦਾ-ਉਹੀ ਗਲਤ ਨਿਕਲਦਾ। ਇਕ ਵਾਰੀ ਦਰਸ਼ਨਾ ਦੋ ਅਡਵਾਂਸ ਪਾਉਣੇ ਹੀ ਛੱਡ ਗਈ। ਰਜਨੀ ਦੀਆਂ ਦੋ ਸਾਲਾਂ ਦੀਆਂ ਕਟੌਤੀਆਂ ਗਲਤ ਨਿਕਲੀਆਂ। ਜੇ ਮੈਂ ਹੀ ਇਕੱਲੀ ਇਕੱਲੀ ਫਿਗਰ ਚੈਕ ਕਰਨੀ ਆ ਤਾਂ ਇਨੇ ਜਣਿਆਂ ਦਾ ਅਚਾਰ ਪਾਉਣਾ। ਤੁਹਾਨੂੰ ਕੀ ਪਤਾ ਜਦੋਂ ਏ.ਜੀ. ਪਾਰਟੀ ਵਾਲੇ ਪਿਛਲੇ ਦੋ ਸਾਲਾਂ ਦਾ ਰਿਕਾਰਡ ਚੈਕ ਕਰਨ ਆਏ ਤਾਂ ਕਿੰਨੀਆਂ ਗਲਤੀਆਂ ਨਿਕਲੀਆਂ। ਅਕਾਊਂਟ ਅਫਸਰ ਮੇਰਾ ਦੋਸਤ ਸੀ। ਮੇਰੇ ਕਹਿਣ 'ਤੇ ਉਹ ਤੁਹਾਨੂੰ ਸਾਰਿਆਂ ਨੂੰ ਬਖਸ਼ ਗਿਆ। ਜੇ ਕੋਈ ਹੋਰ ਹੁੰਦਾ ਤਾਂ ਉਨ੍ਹਾਂ ਦੇ ਬਣਾਏ ਪੈਰਿਆਂ ਦੇ ਜੁਆਬ ਤੁਹਾਡੇ ਕੋਲੋਂ ਸਾਰੀ ਉਮਰ ਨੀਂ ਦੇ ਹੋਣੇ ਸੀ। ਫੇਰ ਰਿਕਵਰੀਆਂ ਅੱਡ।''

ਸੁਖਪਾਲ ਅਗਾਂਹ ਨੂੰ ਹੋ ਕੇ ਉਸਦੇ ਗੋਡੇ ਹੱਥ ਲਾਉਂਦਾ ਹੈ। ਉਹ ਆਪਣੀ ਗੱਲ ਜਾਰੀ ਰੱਖਦਾ ਹੈ, 'ਮੈਨੂੰ ਕੰਮ ਚਾਹੀਦਾ ਆ। ਐਵੇਂ ਨਾ ਮੇਰੇ ਗੋਡਿਆਂ ਨੂੰ ਘੁੱਟੀ ਜਾਇਆ ਕਰ। ਤੁਸੀਂ ਤਾਂ ਵਰਮੇ ਕੋਲੋਂ ਸੂਤ ਆਏ ਸੀ। ਉਹ ਹਰ ਹਫਤੇ ਕੰਮ ਦੀ ਰਿਪੋਰਟ ਲੈਂਦਾ ਸੀ। ਉਹਨੇ ਮੂਵਿੰਗ ਰਜਿਸਟਰ ਲਗਾਇਆ ਸੀ। ਦੱਸ ਮੈਂ ਝੂਠ ਬੋਲਦਾਂ...?... ਬ੍ਰਾਂਚ 'ਚੋਂ ਕੋਈ ਮੈਨੂੰ ਦੱਸੇ-ਮੈਂ ਕਦੇ ਆਪਣੇ ਕੰਮ ਲਈ ਦਫਤਰੋਂ ਬਾਹਰ ਗਿਆ। ਮੇਰੇ ਵੀ ਬਾਲ ਬੱਚੇ ਆ। ਮੈਨੂੰ ਵੀ ਆਪਣੇ ਸੌ ਤਰ੍ਹਾਂ ਦੇ ਕੰਮ ਹੁੰਦੇ ਆ। ਮੈਂ ਇਹ ਪੰਜ ਵਜੇ ਤੋਂ ਬਾਅਦ ਕਰਦਾਂ ਜਾਂ ਸਨਿਚਰ-ਐਤਵਾਰ। ਜੇ ਮੈਂ ਕਰਦਾਂ ਤਾਂ ਤੁਸੀਂ ਕਿਉਂ ਨੀਂ। ਦੇਖ-ਇਨ੍ਹਾਂ ਬਾਬੂਆਂ ਦੇ ਲੱਛਣ-ਚਾਹ ਪੀਣ ਗਏ ਘੰਟਾ-ਘੰਟਾ ਨੀਂ ਮੁੜਦੇ। ਅੱਗੋਂ ਅੱਖਾਂ ਕੱਢਣ-ਅਸੀਂ ਚਾਹ ਵੀ ਨੀਂ ਪੀ ਸਕਦੇ। ਟਿਫਿਨ ਵੀ ਇਕ ਵਜੇ ਖੋਲ੍ਹ ਕੇ ਬੈਠ ਜਾਂਦੇ। ਮੈਂ ਹੁਣੇ ਸਟੈਨੋ ਨੂੰ ਸੱਦਦਾਂ। ਆਰਡਰ ਕੱਢਦਾਂ-ਕੋਈ ਵੀ ਡੇਢ ਵਜੇ ਤੋਂ ਪਹਿਲਾਂ ਰੋਟੀ ਨੀਂ ਖਾਵੇਗਾ।''

ਸੁਖਪਾਲ ਬੁੱਲ੍ਹਾਂ 'ਚ ਹੱਸਦਾ ਚਲਾ ਜਾਂਦਾ ਹੈ। ਦਲਜੀਤ ਸਿੰਘ ਆਪਣੇ ਸਟੈਨੋ ਨੂੰ ਬੁਲਾਉਂਦਾ ਹੈ। ਖਰੜਾ ਡਿਕਟੇਟ ਕਰਵਾਉਂਦਾ ਹੈ। ਆਖਿਰ 'ਚ ਇਹ ਲਿਖਵਾਉਣਾ ਨਹੀਂ ਭੁੱਲਦਾ, ''ਜੇ ਕਿਸੇ ਨੇ ਨਿਯਮਾਂ ਦੀ ਪਾਲਣਾ ਨਾ ਕੀਤੀ ਤਾਂ ਉਸ ਵਿਰੁਧ ਅਗਲੀ ਕਾਰਵਾਈ ਲਈ ਡਾਇਰੈਕਟਰ ਸਾਹਿਬ ਨੂੰ ਲਿਖ ਦਿੱਤਾ ਜਾਵੇਗਾ।''

ਜਿਵੇਂ ਜਿਵੇਂ ਸਟੈਨੋ ਬਾਬੂਆਂ ਤੇ ਮੈਡਮਾਂ ਕੋਲੋਂ ਨੋਟਿੰਗ ਪੰਨੇ ਤੇ ਨੋਟ ਕਰਵਾਉਂਦਾ ਹੈ, ਤਿਵੇਂ-ਤਿਵੇਂ ਉਨ੍ਹਾਂ ਦੇ ਸ਼ੁਭਗਲਾਹਟ ਨਿਕਲਣੇ ਸ਼ੁਰੂ ਹੋ ਜਾਂਦੇ ਹਨ।

''ਉਸ ਕੁੱਤੇ ਦੇ ਤੁਖ਼ਮ ਨੂੰ ਕਹਿ ਦੇ ਮੇਰੇ ਵਲੋਂ-ਇਹ ਦਫਤਰ ਆ। ਕਿਸੇ ਡਿਕਟੇਟਰ ਦੀ ਸਲਤਨਤ ਨੀਂ,'' ਜਸਪਾਲ ਸਿੰਘ ਦਸਤਖਤ ਕਰਦਿਆਂ ਹੋਇਆਂ ਸਟੈਨੋ ਨੂੰ ਕਹਿੰਦਾ ਹੈ।

ਸਟੈਨੋ ਬੁੱਲ੍ਹਾਂ 'ਚ ਹੱਸਦਾ ਹੋਇਆ ਅਗਲੇ ਟੇਬਲ 'ਤੇ ਚਲਾ ਜਾਂਦਾ ਹੈ।

''ਇਹਨੂੰ ਕਦੇ ਤਾਪ ਵੀ ਨੀਂ ਚੜ੍ਹਦਾ। ਜੇ ਇਹਦੇ ਵੱਸ 'ਚ ਹੋਵੇ ਤਾਂ ਇਹ ਤਾਂ ਸਾਨੂੰ ਸਨਿਚਰ ਤੇ ਐਤਵਾਰ ਦੀ ਛੁੱਟੀ ਨਾ ਕਰਨ ਦੇਵੇ,'' ਪਰਮਜੀਤ ਕੌਰ ਕਹਿੰਦੀ ਹੈ।

''ਹੁਕਮ ਤਾਂ ਇਉਂ ਕਰਦਾ-ਜਿਵੇਂ ਜਾਰਜ ਬੁਸ਼ ਦਾ ਸਾਲਾ ਹੋਵੇ। ਜਾ ਮੈਂ ਨੀਂ ਕਰਦੀ ਸਾਈਨ। ਜਾ ਕੇ ਕਹਿ ਦੇ ਵੱਡੇ ਨਵਾਬ ਨੂੰ,'' ਦਰਸ਼ਨਾ ਨੋਟਿੰਗ ਪੰਨਾ ਪਰ੍ਹਾਂ ਨੂੰ ਸੁੱਟਦੀ ਹੋਈ ਬੋਲਦੀ ਹੈ।

''ਜਿਥੇ ਬਾਕੀਆਂ ਨੇ ਸਾਈਨ ਕੀਤੇ-ਉਥੇ ਤੂੰ ਵੀ ਕਰਦੇ। ਅਫਸਰ ਦਾ ਲਿਖਿਆ ਕਦੇ ਵਾਪਸ ਨੀਂ ਮੁੜਦਾ ਹੁੰਦਾ।'' ਸੁਖਪਾਲ ਨੇ ਦਰਸ਼ਨਾ ਨੂੰ ਸਮਝਾਉਂਦਿਆਂ ਹੋਇਆਂ ਕਿਹਾ।

ਸਾਰਿਆਂ ਦੀ ਇਹੋ ਜਿਹੀ ਹੀ ਪ੍ਰਤੀਕ੍ਰਿਆ ਹੈ।

''ਮੈਂ ਇੱਕ ਦਿਨ ਉਹਨੂੰ ਸਮਝਾਇਆ ਸੀ-ਸਰਦਾਰ ਜੀ, ਕਿਤੇ ਵਿਹਲੇ ਬੈਠ ਕੇ ਸੋਚਿਓ-ਪਿੱਛੇ ਕਿੰਨੀ ਕੁ ਉਮਰ ਰਹਿ ਗਈ। ਤੁਹਾਡੀ ਰਿਟਾਇਰਮੈਂਟ ਵਿਚ ਸਾਲ ਵੀ ਨੀਂ ਰਿਹਾ। ਇਹ ਉਮਰ ਭਲਾ ਕਰਨ ਦੀ ਹੁੰਦੀ ਆ। ਕਿਸੇ ਦਾ ਭਲਾ ਕਰੋਗੇ ਤਾਂ ਰਿਟਾਇਰਮੈਂਟ ਤੋਂ ਬਾਅਦ ਵੀ ਤੁਹਾਨੂੰ ਲੋਕ ਖਿੜੇ ਮੱਥੇ ਮਿਲਣਗੇ। ਜੇ ਕੋਈ ਬਾਬੂ ਜਾਂ ਮੈਡਮ ਘੰਟਾ ਦੋ ਘੰਟੇ ਲੇਟ ਵੀ ਆ ਗਈ ਤਾਂ ਕਿਹੜੀ ਆਫਤ ਆ ਜਾਣੀ ਆ। ਗੱਲ ਤਾਂ ਆਪਣੀ ਸੀਟ ਦੇ ਕੰਮ ਦੀ ਹੁੰਦੀ ਆ। ਦੱਸੋ-ਕਿਹਦਾ ਕੰਮ ਪੈਂਡਿੰਗ ਪਿਆ। ਇਕ ਵਾਰ ਤਾਂ ਉਹ ਸੋਚੀਂ ਪੈ ਗਿਆ ਸੀ। ਬੋਲਿਆ ਸੀ, 'ਗੱਲ ਤਾਂ ਤੇਰੀ ਠੀਕ ਆ।' ਪਰ ਇਸ ਸ਼ਖਸ ਨੇ ਤੀਜੇ ਦਿਨ ਹੀ ਦੀਪ ਦੀ ਜੁਆਬਤਲਬੀ ਕਰ ਲਈ। ਜੇ ਉਹ ਅਡਵਾਂਸ ਪਾਉਣਾ ਭੁੱਲ ਗਈ ਸੀ ਤਾਂ ਇਹ ਆਪ ਪਾ ਦਿੰਦਾ। ਆਖਰੀ ਐਂਟਰੀ ਸੀ,'' ਸੁਖਪਾਲ ਨੇ ਆਪਣੇ ਸੱਜੇ ਪਾਸੇ ਬੈਠੇ ਕੁਲਵਿੰਦਰ ਨਾਲ ਸਲਾਹੀਂ ਪੈਂਦਿਆਂ ਦੱਸਿਆ।

''ਕਦੇ ਕੁੱਤੇ ਦੀ ਪੂਛ ਵੀ ਸਿੱਧੀ ਹੋਈ ਆ। ਮੈਂ ਆਪ ਕਈ ਵਾਰ ਕਿਹਾ ਕਿ ਇਸ ਬ੍ਰਾਂਚ 'ਚ ਬਾਬੂਆਂ ਤੇ ਮੈਡਮਾਂ ਦੀ ਉਮਰ ਔਸਤਨ ਪੰਜਾਹ ਸਾਲ ਬਣਦੀ ਆ। ਸਾਰੇ ਹੀ ਕਿਸੇ ਨਾ ਕਿਸੇ ਤਰ੍ਹਾਂ ਦੀ ਟੈਨਸ਼ਨ ਲਈ ਫਿਰਦੇ ਆ। ਘਰੋਂ। ਬਾਹਰੋਂ। ਆਪਾਂ ਨੂੰ ਦਫਤਰ 'ਚ ਅਜਿਹਾ ਮਾਹੌਲ ਸਿਰਜਣਾ ਚਾਹੀਦਾ ਜਿਸ ਨਾਲ ਇੱਥੇ ਕੋਈ ਟੈਨਸ਼ਨ ਕਰੀਏਟ ਨਾ ਹੋਵੇ। ਜੇ ਇੱਥੇ ਵੀ ਟੈਨਸ਼ਨ ਰਹੀ ਤਾਂ ਅਗਲੇ ਦੇ ਮਨ ਦੀ ਇਕਾਗਰਤਾ ਵਾਰ-ਵਾਰ ਭੰਗ ਹੁੰਦੀ ਰਹਿਣੀ। ਫੇਰ ਗਲਤੀਆਂ ਹੋਣ ਦੀ ਜ਼ਿਆਦਾ ਸੰਭਾਵਨਾ ਰਹਿਣੀ ਆ। ਪਰ ਇਹਨੂੰ ਤਾਂ ਪਤਾ ਨੀਂ ਕਿਉਂ ਸਾਨੂੰ ਟੈਨਸ਼ਨ ਵਿਚ ਪਾਉਂਦਿਆਂ ਖੁਸ਼ੀ ਹੁੰਦੀ ਆ। ਦੱਸੋ-ਆਪਣੇ ਵਿਚੋਂ ਕਿਹੜਾ ਬਚਿਆ ਜਿਸਦੀ ਇਸ ਕਦੇ ਜਵਾਬਤਲਬੀ ਨਾ ਕੀਤੀ ਹੋਵੇ,'' ਕੁਲਵਿੰਦਰ ਨੇ ਕਿਹਾ ਹੈ।

***

ਮੋਹਨ ਲਾਲ ਦੀ ਪਰਚੀ ਨਿਕਲਦਿਆਂ ਹੀ ਮੈਂ ਖੁਸ਼ੀ ਨਾਲ ਸਰਬਜੀਤ ਵਲ ਦੇਖਣ ਲੱਗਾ ਹਾਂ।

ਉਸਨੂੰ ਇਸ ਬ੍ਰਾਂਚ 'ਚ ਆਇਆਂ ਦੋ ਕੁ ਮਹੀਨੇ ਹੋਏ ਹਨ। ਪਿਆਰੇ ਲਾਲ ਨੇ ਛੇ ਮਹੀਨਿਆਂ ਦੀ ਮੈਡੀਕਲ ਛੁੱਟੀ ਲਈ ਸੀ। ਮੋਹਨ ਲਾਲ ਦੇ ਆਰਡਰ ਇਸ ਬ੍ਰਾਂਚ 'ਚ ਹੋ ਗਏ ਸਨ। ਉਸਦੇ ਇਸ ਬ੍ਰਾਂਚ 'ਚ ਆਉਣ ਤੋਂ ਪਹਿਲਾਂ ਹੀ ਉਸਦੀਆਂ ਚੰਗਿਆਈਆਂ-ਬੁਰਾਈਆਂ ਪਹੁੰਚ ਗਈਆਂ ਸਨ।

-ਬਹੁਤ ਹੀ ਨੇਕ ਆਦਮੀ ਹੈ।

-ਜੀ ਤੋਂ ਬਿਨਾ ਬੋਲਦਾ ਨਹੀਂ।

-ਕਿਸੇ ਨੂੰ ਕੰਮ ਤੋਂ ਨਾਂਹ ਨਹੀਂ ਕਰਦਾ।

-ਮੇਜ਼ ਤੇ ਕੁਰਸੀਆਂ ਆਉਂਦਿਆਂ ਨੂੰ ਸਾਫ ਮਿਲਣਗੀਆਂ।

-ਸਾਹਿਬ ਦੀ ਕਾਰ ਚਮਕਾ ਕੇ ਰੱਖਦਾ ਹੈ। ਬਾਬੂਆਂ ਤੇ ਮੈਡਮਾਂ ਦੇ ਸਕੂਟਰ ਆਪਣੇ ਆਪ ਸਾਫ ਕਰ ਦਿੰਦਾ ਹੈ।

-ਜੇ ਕੋਈ ਬਾਹਰੋਂ ਦਾਲ ਸਬਜ਼ੀ ਮੰਗਵਾਉਣਾ ਚਾਹੁੰਦਾ ਹੈ ਤਾਂ ਦੌੜ ਕੇ ਫੜ ਲਿਆਉਂਦਾ ਹੈ।

-ਇਕੱਲੇ-ਇਕੱਲੇ ਨੂੰ ਨਮਸਕਾਰ ਕਰਦਾ ਹੈ।

-ਅੱਧੇ-ਅੱਧੇ ਘੰਟੇ ਬਾਅਦ ਪਾਣੀ ਦਾ ਪੁੱਛਦਾ ਹੈ।

-ਜੇ ਆਕੜ ਜਾਵੇ ਤਾਂ ਲੋਹੇ ਦਾ ਥਣ ਬਣ ਜਾਂਦਾ।

-ਨਾ ਵਾਧੂ ਗੱਲ ਕਰਦਾ। ਨਾ ਸੁਣਦਾ।

-ਆਪਣੇ ਆਪ ਨੂੰ ਬਾਬੂ ਹੀ ਸਮਝਦਾ।

ਪੈਂਟ ਕਮੀਜ਼ ਦੀ ਕਰੀਜ਼ ਨਹੀਂ ਮਰਨ ਦਿੰਦਾ।

-ਬੜਾ ਘੈਂਟ ਬੰਦਾ।

ਮੋਹਨ ਲਾਲ ਬਾਬੂਆਂ ਤੇ ਮੈਡਮਾਂ ਦੀਆਂ ਆਸ਼ਾਵਾਂ 'ਤੇ ਠੀਕ ਉਤਰਿਆ ਸੀ। ਉਹ ਤਾਂ ਆਪਣੇ ਘਰ ਪਰਿਵਾਰ ਦੀਆਂ ਗੱਲਾਂ ਵੀ ਉਸ ਨਾਲ ਕਰ ਲੈਂਦੇ ਸਨ। ਬਿਨਾ ਕਿਸੇ ਲੁਕ ਲੁਕੋ ਦੇ। ਦਲਜੀਤ ਸਿੰਘ ਵੀ ਉਸਦੇ ਕੰਮ ਤੋਂ ਖੁਸ਼ ਸੀ। ਉਹ ਡੇਢ ਵਜੇ ਦਲਜੀਤ ਸਿੰਘ ਦਾ ਟਿਫਿਨ ਬੌਕਸ ਖੋਲ੍ਹਦਾ। ਦਾਲ ਸਬਜ਼ੀ ਗਰਮ ਕਰਦਾ। ਉਸ ਅੱਗੇ ਰੱਖਦਾ। ਇਕੱਲੀ-ਇਕੱਲੀ ਰੋਟੀ ਹੀਟਰ 'ਤੇ ਗਰਮ ਕਰਦਾ। ਨਾਲ ਦੀ ਨਾਲ ਦੇਈ ਜਾਂਦਾ। ਦਲਜੀਤ ਸਿੰਘ ਕਹਿੰਦਾ, ''ਯਾਰ ਤੂੰ ਤਾਂ ਮੇਰੀ ਆਦਤ ਖਰਾਬ ਕਰ ਦੇਣੀ।'' ਮੋਹਨ ਲਾਲ ਬੋਲਦਾ, ''ਇਹ ਤਾਂ ਮੇਰਾ ਫਰਜ਼ ਆ। ਘਰ 'ਚ ਬਜ਼ੁਰਗ ਦੀ ਸੇਵਾ ਹੋਣੀ ਚਾਹੀਦੀ ਆ। ਦਫਤਰ 'ਚ ਅਫਸਰ ਦੀ। ਦੋਵੇਂ ਇਕੋ ਜਿਹੇ ਹੁੰਦੇ ਆ। ਦੋਹਾਂ ਦੇ ਸਿਰ 'ਤੇ ਕੰਮ ਚਲਦੇ ਆ।''

ਦਲਜੀਤ ਸਿੰਘ ਪੁੱਛਦਾ, ''ਉਹ ਕਿਵੇਂ?''

ਮੋਹਨ ਲਾਲ ਦੱਸਦਾ, ''ਘਰ 'ਚ ਕੋਈ ਵੀ ਦੁਖ ਤਕਲੀਫ ਹੋਵੇ ਬਜ਼ੁਰਗ ਨੂੰ ਦੱਸਿਆ ਜਾਂਦਾ। ਉਹਦੀ ਸਲਾਹ ਲਈ ਜਾਂਦੀ। ਬਜ਼ੁਰਗ ਨੂੰ ਸਾਰੇ ਜੀਆਂ ਦਾ ਧਿਆਨ ਰੱਖਣਾ ਪੈਂਦਾ। ਇਹੀ ਗੱਲ ਦਫਤਰ ਦੇ ਅਫਸਰ ਦੀ ਹੁੰਦੀ ਆ। ਅਫਸਰ ਵੀ ਉਹੀ ਸਿਆਣਾ ਹੁੰਦਾ ਜੋ ਇਕ ਦੀ ਗੱਲ ਦੂਜੇ ਨੂੰ ਨਾ ਦੱਸੇ। ਸਾਰਿਆਂ ਨਾਲ ਹੱਸ ਖੇਡ ਕੇ ਬੋਲੇ। ਆਪਣੇ ਮਾਤਹਿਤਾਂ ਦੀਆਂ ਸਮੱਸਿਆਵਾਂ ਨੂੰ ਸਮਝੇ।''

ਦਲਜੀਤ ਸਿੰਘ ਕਹਿੰਦਾ, ''ਤੂੰ ਤਾਂ ਆਪਣੀ ਉਮਰ ਨਾਲੋਂ ਜ਼ਿਆਦਾ ਹੋ ਗਿਆ। ਕਿਥੋਂ ਲਈ ਆ ਇਹ ਮੱਤ?''

ਮੋਹਨ ਲਾਲ ਦੱਸਦਾ, ''ਕਿਹੜਾ ਕੋਈ ਘਰੋਂ ਸਿੱਖ ਕੇ ਆਉਂਦਾ। ਤੁਹਾਡੇ ਵਰਗੇ ਅਫਸਰਾਂ ਦੀ ਸੰਗਤ ਦਾ ਅਸਰ ਆ।''

ਦਲਜੀਤ ਸਿੰਘ ਕਹਿੰਦਾ, ''ਆਹ ਸਾਹਮਣੇ ਬੈਠੇ ਤਾਂ ਮੈਨੂੰ ਮਾੜਾ ਬੰਦਾ ਕਹਿੰਦੇ ਆ।''

ਮੋਹਨ ਲਾਲ ਕਹਿੰਦਾ, ''ਕਿਸੇ ਦੇ ਕਹਿਣ

ਨਾਲ ਕੋਈ ਮਾੜਾ ਤਾਂ ਨ੍ਹੀਂ ਬਣ ਜਾਂਦਾ।''

ਇਹੀ ਮੋਹਨ ਲਾਲ ਪਿਛਲੇ ਹਫਤੇ ਦਲਜੀਤ ਸਿੰਘ ਅੱਗੇ ਆਕੜ ਗਿਆ ਸੀ।

ਦਲਜੀਤ ਸਿੰਘ ਨੇ ਲਾਲ ਪੀਲਿਆਂ ਹੁੰਦਿਆਂ ਪੁੱਛਿਆ ਸੀ, ''ਤੈਨੂੰ ਮੇਰੀ ਘੰਟੀ ਨ੍ਹੀਂ ਸੁਣੀ?''

ਮੋਹਨ ਲਾਲ ਨੇ ਦੱਸਿਆ ਸੀ, ''ਸੁਣੀ ਸੀ।'

''ਫੇਰ ਆਇਆ ਕਿਉਂ ਨ੍ਹੀਂ?''

''ਮੈਂ ਸਤਨਾਮ ਜੀ ਨੂੰ ਲੈਜਰਾਂ ਦੇ ਰਿਹਾ ਸੀ।''

''ਸਤਨਾਮ ਮੈਥੋਂ ਪਹਿਲਾਂ ਹੋ ਗਿਆ।''

''ਨ੍ਹੀਂ ਜੀ।''

''ਤੈਨੂੰ ਪਤਾ ਮੈਂ ਕੌਣ ਆਂ?''

''ਮੇਰੇ ਸਰ।''

''ਫੇਰ ਪਹਿਲਾਂ ਮੇਰੀ ਘੰਟੀ ਸੁਣਿਆ ਕਰ।''

''ਬਾਬੂਆਂ ਦਾ ਕੰਮ...?''

''ਫੇਰ ਉਹੀ ਗੱਲ।''

''ਜੀ ਸਰ।''

''ਔਹ ਦੂਰ ਕਿਉਂ ਬੈਠਾ ਰਹਿੰਨਾ। ਮੇਰੇ ਕਮਰੇ ਦੇ ਬਾਹਰ ਬੈਠਿਆ ਕਰ।''

ਮੋਹਨ ਲਾਲ ਕੁਝ ਚਿਰ ਨੀਵੀਂ ਪਾਈ ਖੜਾ ਰਿਹਾ ਸੀ। ਦਲਜੀਤ ਸਿੰਘ ਆਪਣੇ ਕੰਮ ਲੱਗ ਗਿਆ ਸੀ। ਉਹਨੂੰ ਨਹੀਂ ਪਤਾ ਸੀ ਕਿ ਮੋਹਨ ਲਾਲ ਖੜਾ ਸੀ। ਕੁਝ ਚਿਰ ਬਾਅਦ ਦਲਜੀਤ ਸਿੰਘ ਨੇ ਪਰ੍ਹਾਂ ਪਈ ਫਾਇਲ ਆਪਣੇ ਵਲ ਨੂੰ ਕੀਤੀ ਤਾਂ ਉਹਦਾ ਧਿਆਨ ਮੋਹਨ ਲਾਲ ਵਲ ਗਿਆ ਸੀ। ਉਹਨੇ ਪੁੱਛਿਆ ਸੀ, ''ਹੁਣ ਕੀ ਗੱਲ ਹੋ ਗਈ?''

''ਪਹਿਲਾਂ ਫੈਸਲਾ ਕਰੋ।''

''ਕਿਸ ਗੱਲ ਦਾ?''

''ਇਹੀ ਕੀ ਕੀ ਮੈਂ ਸਿਰਫ਼ ਤੁਹਾਡੀ ਘੰਟੀ ਸੁਣਾ ਜਾਂ ਸਟਾਫ ਨੂੰ ਲੈਜਰਾਂ ਦਵਾਂ।''

''ਤੈਨੂੰ ਦੋਹੇਂ ਹੀ ਕੰਮ ਕਰਨੇ ਪੈਣੇ ਆ।''

''ਮੈਥੋਂ ਇਕੋ ਵੇਲੇ ਦੋਵੇਂ ਕੰਮ ਨ੍ਹੀਂ ਹੋਣੇ।''

''ਤੈਨੂੰ ਪਤਾ ਕਿ ਤੂੰ ਕੀ ਕਹਿ ਰਿਹਾਂ।''

''ਹਾਂ ਜੀ, ਮੈਨੂੰ ਪਤਾ। ਮੈਂ ਹੁਣ ਸਿਰਫ ਤੁਹਾਡੀ ਹੀ ਘੰਟੀ ਸੁਣਾਗਾਂ,'' ਕਹਿ ਕੇ ਮੋਹਨ ਲਾਲ ਬਾਹਰ ਆ ਗਿਆ ਸੀ। ਉਸ ਬਾਬੂਆਂ ਤੇ ਮੈਡਮਾਂ ਵਲ ਪਿਛਾੜੀ ਕਰ ਲਈ ਸੀ। ਜੇ ਕੋਈ ਕਿਸੇ ਕੰਮ ਲਈ ਉਸਨੂੰ ਆਵਾਜ਼ ਮਾਰਦਾ ਤਾਂ ਉਹ ਦਲਜੀਤ ਸਿੰਘ ਦੇ ਕਮਰੇ 'ਚ ਚਲੇ ਜਾਂਦਾ। ਪੁੱਛਦਾ, ''ਮੈਂ ਸਤਵਿੰਦਰ ਹੋਰਾਂ ਨੂੰ ਲੈਜਰਾਂ ਦੇ ਆਵਾਂ? ਅੱਗੋਂ ਦਲਜੀਤ ਸਿੰਘ ਦਾ ਮੱਥਾ ਤਿਊੜੀਆਂ ਨਾਲ ਭਰ ਜਾਂਦਾ। ਉਹ ਹੌਲੀ ਜਿਹੇ ਕਹਿੰਦਾ, ''ਜਾ ਉਨ੍ਹਾਂ ਦੀ ਗੱਲ ਵੀ ਸੁਣ।''

ਮੋਹਨ ਲਾਲ ਲੈਜਰਾਂ ਲੱਭਣ ਲੱਗ ਜਾਂਦਾ ਸੀ। ਫੇਰ ਉਹ ਮੈਡਮ ਪਲਵਿੰਦਰ ਕੋਲ ਹੀ ਪਈ ਕੁਰਸੀ 'ਤੇ ਬੈਠ ਜਾਂਦਾ। ਬਾਬੂ ਤੇ ਮੈਡਮਾਂ ਉਸਦੇ ਕੰਨ ਭਰਨ ਲੱਗਦੀਆਂ।

ਕਲ੍ਹ ਸ਼ਾਮੀਂ ਤਾਂ ਅਜੀਬ ਕਿਸਮ ਦੀ ਗੱਲ ਹੋਈ ਸੀ। ਦਲਜੀਤ ਸਿੰਘ ਨੇ ਜਾਣ ਲਈ ਉੱਠਦਿਆਂ ਹੋਇਆਂ ਘੰਟੀ ਮਾਰੀ ਸੀ। ਮੋਹਨ ਲਾਲ ਜਾ ਹਾਜ਼ਿਰ ਹੋਇਆ ਸੀ। ਦਲਜੀਤ ਸਿੰਘ ਨੇ ਅਖ਼ਬਾਰ ਤੇ ਟਿਫਿਨ ਬੌਕਸ ਕਾਰ 'ਚ ਰਖਣ ਲਈ ਕਿਹਾ ਸੀ। ਅੱਗੋਂ ਮੋਹਨ ਲਾਲ ਨੇ ਕਿਹਾ, ''ਉੱਚੀ ਬੋਲੋ। ਮੈਨੂੰ ਸੁਣਿਆ ਨ੍ਹੀਂ।''

''ਤੂੰ ਬੋਲਾਂ?''

''ਹਾਂ ਜੀ।''

''ਆਹ ਫੜ ਅਖ਼ਬਾਰ ਤੇ ਡੱਬਾ। ਕਾਰ 'ਚ ਰੱਖ ਆ।'' ਦਲਜੀਤ ਸਿੰਘ ਨੇ ਉੱਚੀ ਦੇਣੀ ਕਿਹਾ ਸੀ।

ਮੋਹਨ ਲਾਲ ਕਾਰ ਕੋਲ ਆ ਕੇ ਖੜ ਗਿਆ ਸੀ। ਮਿੰਟ ਕੁ ਬਾਅਦ ਅੰਦਰ ਆ ਕੇ ਬੋਲਿਆ ਸੀ, ''ਸਰ ਜੀ, ਕਾਰ ਤਾਂ ਲੌਕਡ ਆ।''

''ਖੁੱਲ੍ਹੀ ਆ।''

''ਮੈਂ ਦੇਖ ਕੇ ਆਇਆਂ। ਲੌਕਡ ਆ।''

''ਜਾਂ ਫੇਰ ਦੇਖ ਕੇ ਆ।''

ਮੋਹਨ ਲਾਲ ਫੇਰ ਚਲਾ ਗਿਆ ਸੀ। ਵਾਪਸ ਮੁੜ ਆਇਆ ਸੀ। ਦਲਜੀਤ ਸਿੰਘ ਖਿਝ ਨਾਲ ਭਰਿਆ ਪਿਆ ਸੀ। ਉਹਨੇ ਮੋਹਨ ਲਾਲ ਤੋਂ ਅਖ਼ਬਾਰ ਤੇ ਟਿਫਿਨ ਬੌਕਸ ਫੜ ਲਿਆ ਸੀ। ਮੂੰਹੋਂ ਕੁਝ ਨਹੀਂ ਬੋਲਿਆ ਸੀ। ਨਾ ਹੀ ਉਸ ਕਿਸੇ ਵੱਲ ਦੇਖਿਆ ਸੀ।

***

ਮੈਨੂੰ ਦਲਜੀਤ ਸਿੰਘ ਨੇ ਸੱਦਿਆ ਹੈ। ਜਾਂਦਿਆਂ ਹੀ ਬੈਠਣ ਲਈ ਇਸ਼ਾਰਾ ਕੀਤਾ ਹੈ। ਮੈਨੂੰ ਉਹ ਕਹਿੰਦਾ ਹੈ, ''ਇਹ ਮਾੜਾ ਬੰਦਾ ਬ੍ਰਾਂਚ ਦਾ ਮਾਹੌਲ ਖਰਾਬ ਕਰ ਰਿਹਾ। ਕੋਈ ਬਾਬੂ ਜਾਂ ਮੈਡਮ ਅੱਖ ਚੁੱਕ ਕੇ ਮੇਰੇ ਨਾਲ ਗੱਲ੍ਹ ਨ੍ਹੀਂ ਕਰਦੇ। ਇਹ ਤਾਂ ਮੇਰੇ ਅੱਗੇ ਹੀ ਆਕੜਣ ਲੱਗ ਪਿਆ। ਕਲ੍ਹ ਕਹਿੰਦਾ ਸੀ- 'ਅਖ਼ਬਾਰ ਤੇ ਟਿਫਿਨ ਬੌਕਸ ਚੁੱਕਣਾ ਮੇਰੀ ਡਿਊਟੀ ਨ੍ਹੀਂ।' ਹੁਣ ਮੈਂ ਇਹਨੂੰ ਸਿਖਵਾਂਗਾ ਕਿ ਡਿਊਟੀ ਕਿਵੇਂ ਕਰੀਦੀ ਆ। ਇਨ੍ਹਾਂ ਲੋਕਾਂ ਨੂੰ ਜਿੰਨੀ ਢਿੱਲ ਦਿਓ ਉਨੇ ਹੀ ਇਹ ਸਿਰ ਨੂੰ ਆ ਚੜ੍ਹਦੇ ਆ। ਤੂੰ ਯੂ.ਓ. ਟਾਈਪ ਕਰਵਾ ਕੇ ਲਿਆ। ਮੈਥੋਂ ਸਿੱਧੇ ਹੀ ਸਾਈਨ ਕਰਵਾ ਲਈਂ।''

ਮੈਂ ਕਹਿੰਦਾ ਹਾਂ, ''ਮੈਨੂੰ ਇਕ ਵਾਰੀ ਮੋਹਨ ਨੂੰ ਸਮਝਾ ਲੈਣ ਦਿਉ।''

''ਤੂੰ ਮੈਥੋਂ ਵੱਡਾ ਹੋ ਗਿਆਂ। ਇਹ ਨ੍ਹੀਂ ਬੋਲਦਾ-ਇਹਦੇ 'ਚ ਬੈਠੀ ਪਾਰਟੀ ਬੋਲਦੀ ਆ। ਇਸ ਕੁੱਤੇ ਦੀ ਪੂਛ ਨੇ ਸਿੱਧੀ ਨ੍ਹੀਂ ਹੋਣਾ।'' ਉਹ ਡਾਹਢਾ ਹੀ ਔਖਾ ਲੱਗਦਾ ਹੈ। ''ਤੂੰ ਇਸ ਬ੍ਰਾਂਚ 'ਚ ਸੁਪਰਡੈਂਟ ਲੱਗਾ। ਗਟਸ ਰੱਖਿਆ ਕਰ। ਐਵੇਂ ਜਨਾਨੀਆਂ ਵਾਂਗ ਨਾ ਰਿਹਾ ਕਰ। ਸਮਝਿਆ ਮੇਰੀ ਗੱਲ ਨੂੰ...?''

ਮੈਂ ਬਾਹਰ ਆ ਜਾਂਦਾ ਹਾਂ। ਸੋਚਦਾ ਹਾਂ ਕਿ ਇਸ ਕੰਮ ਲਈ ਉਸ ਮੈਨੂੰ ਕਿਉਂ ਬੁਲਾਇਆ ਹੈ। ਇਹ ਕੰਮ ਤਾਂ ਉਹ ਆਪ ਵੀ ਕਰ ਸਕਦਾ ਸੀ। ਸਟੈਨੋ ਨੂੰ ਬੁਲਾਉਂਦਾ। ਡਿਕਟੇਸ਼ਨ ਦਿੰਦਾ। ਘੁੱਗੀ ਮਾਰਦਾ। ਸਟੈਨੋ ਦਾ ਨੰਬਰ ਲਵਾਉਂਦਾ। ਕੀ ਉਹ ਇਸ ਮਾੜੇ ਕੰਮ 'ਚ ਮੈਨੂੰ ਵੀ ਸ਼ਾਮਿਲ ਕਰਨਾ ਚਾਹੁੰਦਾ ਹੈ।

ਮੈਂ ਕਿਸੇ ਕਾਹਲ 'ਚ ਨਹੀਂ ਪੈਣਾ ਚਾਹੁੰਦਾ। ਐਵੇਂ ਮੋਹਨ ਲਾਲ ਦਾ ਨੁਕਸਾਨ ਹੋ ਜਾਵੇਗਾ। ਉਹਨੂੰ ਉਪਰਲੇ ਅਫ਼ਸਰਾਂ ਦੀਆਂ ਮਿੰਨਤਾਂ ਕਰਨੀਆਂ ਪੈਣਗੀਆਂ। ਜੇ ਕੰਮ ਇੱਥੇ ਹੀ ਨਿਬੜ ਜਾਵੇ ਤਾਂ ਇਸ ਨਾਲੋਂ ਹੋਰ ਕੀ ਵਧੀਆ ਹੋ ਸਕਦਾ। ਦਲਜੀਤ ਸਿੰਘ ਨੇ ਮੈਨੂੰ ਦੋ ਵਾਰ ਬੁਲਾਇਆ ਸੀ। ਮੈਂ ਇਹੀ ਕਹਿ ਕੇ ਵਾਪਸ ਮੁੜ ਆਇਆ ਸੀ, ''ਹੱਥ ਵਾਲਾ ਕੇਸ ਫਾਇਨਲ ਕਰ ਲਵਾਂ-ਫੇਰ ਖਰੜਾ ਟਾਈਪ ਕਰਵਾਉਂਦਾ ਆਂ।'' ਉਹ ਗੁੱਸੇ 'ਚ ਹੈ। ਏਸੇ ਕਰਕੇ ਉਸ ਮੈਨੂੰ ਬੈਠਣ ਲਈ ਵੀ ਨਹੀਂ ਕਿਹਾ। ਮੈਨੂੰ ਪਤਾ ਹੈ ਕਿ ਉਸਦੇ ਸੁਭਾਅ 'ਚ ਕਾਹਲੀ ਹੈ। ਉਹ ਕਿਸੇ ਨੂੰ ਨਹੀਂ ਬਖਸ਼ਦਾ। ਮੈਨੂੰ ਵੀ ਨਹੀਂ। ਮੈਂ ਕੋਈ ਵੀ ਫੈਸਲਾ ਕਾਹਲੀ 'ਚ ਨਹੀਂ ਕਰਦਾ। ਚਾਰ ਘੰਟੇ ਲੰਘਾ ਦਿੰਦਾ ਹਾਂ। ਮੇਰੇ ਮਨ 'ਚ ਡਰ ਹੈ ਕਿ ਮੈਂ ਕਿਉਂ ਮਾੜਾ ਬਣਾਂ। ਦਲਜੀਤ ਸਿੰਘ ਨੂੰ ਇੱਕ ਮੌਕਾ ਮਿਲਿਆ ਹੈ-ਮੈਨੂੰ ਮਾੜਾ ਬਣਾਉਣ ਦਾ। ਉਹ ਮੇਰੇ ਮੋਢੇ 'ਤੇ ਰੱਖ ਕੇ ਬੰਦੂਕ ਚਲਾਉਣਾ ਚਾਹੁੰਦਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਉਸ ਕਿਸੇ ਕੰਮ ਲਈ ਮੈਨੂੰ ਕਿਹਾ ਹੈ। ਸਲਾਹ ਲਈ ਹੈ। ਕੀ ਉਸਦੇ ਮਨ 'ਚ ਵੀ ਮੇਰੇ ਵਾਂਗ ਕੋਈ ਡਰ ਹੈ। ਝਿਜਕ ਹੈ। ਕਿਸੇ ਮਾਤਹਿਤ ਵਿਰੁਧ ਮਾੜਾ ਕਰਨਾ ਔਖਾ ਨਹੀਂ ਹੁੰਦਾ? ਔਖਾ ਤਾਂ ਹੁੰਦਾ ਹੈ ਬਾਅਦ ਦੀਆਂ ਕਾਰਵਾਈਆਂ। ਮੈਂ ਕਿਸੇ ਦਾ ਮਾੜਾ ਨਹੀਂ ਕਰ ਸਕਦਾ। ਜੇ ਕੋਈ ਵੱਧ ਘੱਟ ਕਹੇ ਵੀ ਤਾਂ ਮੈਂ ਅਗਲੇ ਨੂੰ ਸਮਝਾਉਂਦਾ ਹਾਂ। ਬੇਨਤੀ ਵੀ ਕਰਦਾ ਹਾਂ। ਏਸੇ ਕਰਕੇ ਮੈਨੂੰ ਕਈ ਡਰਪੋਕ ਵੀ ਕਹਿ ਦਿੰਦੇ ਹਨ। ਕਈ ਇਸ ਤੋਂ ਅਗਾਂਹ ਦੇ ਸ਼ਬਦ ਵੀ ਵਰਤ ਜਾਂਦੇ ਹਨ। ਕੀ ਪਤਾ ਮੋਹਨ ਲਾਲ ਵੀ ਅਜਿਹਾ ਹੀ ਸੋਚੇ। ਬਾਬੂ ਤੇ ਮੈਡਮਾਂ ਵੀ ਸੋਚਣ। ਮੈਨੂੰ ਦਲਜੀਤ ਸਿੰਘ ਤੇ ਮੋਹਨ ਲਾਲ 'ਤੇ ਗੁੱਸਾ ਆਉਂਦਾ ਹੈ। ਫਿਰ ਸੋਚਦਾ ਹਾਂ-ਮਨਾ ਉਹਨੇ ਕਿਹੜਾ ਪਿੱਛਾ ਛੱਡਣਾ। ਖਰੜਾ ਤਾਂ ਮੈਂ ਦਿਮਾਗ 'ਚ ਤਿਆਰ ਕਰ ਲਿਆ ਹੈ। ਇਸਨੂੰ ਫਾਈਨਲ ਰੂਪ ਦੇਣ ਤੋਂ ਪਹਿਲਾਂ ਮੈਂ ਮੋਹਨ ਲਾਲ ਨੂੰ ਕੋਲ ਬੁਲਾਉਂਦਾ ਹਾਂ। ਸਮਝਾਉਂਦਾ ਹਾਂ। ਵਾਰ ਵਾਰ ਕਹਿੰਦਾ ਹਾਂ, ''ਜਾ-ਅੰਦਰ ਜਾ ਕੇ ਸੌਰੀ ਕਹਿ ਆ। ਤੇਰਾ ਕੁਸ਼ ਨ੍ਹੀਂ ਘੱਟ ਚਲਿਆ। ਉਹਨੇ ਏਨੇ ਨਾਲ ਹੀ ਠੰਢਾ ਹੋ ਜਾਣਾ।''

ਅੱਗੇ ਉਹ ਆਕੜ ਜਾਂਦਾ ਹੈ। ਕਹਿੰਦਾ ਹੈ, ''ਮੈਂ ਕਿਉਂ ਮਾੜੇ ਬੰਦੇ ਨੂੰ ਸੌਰੀ ਕਹਾਂ। ਮੈਂ ਕੀ ਕਸੂਰ ਕੀਤਾ ਆ। ਤੁਹਾਡੇ ਕਿਸੇ 'ਚ ਤੜ੍ਹ ਨ੍ਹੀਂ ਸੀ-ਏਸੇ ਲਈ ਉਹ ਚਾਮ੍ਹਲ ਗਿਆ। ਬੰਦੇ ਨੂੰ ਬੰਦਾ ਹੀ ਨ੍ਹੀਂ ਸਮਝਦਾ। ਮੈਂ ਉਹਨੂੰ ਬੰਦੇ ਦਾ ਪੁੱਤ ਬਣਾਊਂਗਾ। ਜਾਓ-ਉਸਨੂੰ ਕਹਿ ਦਿਉ ਜੋ ਕਰਨਾ ਕਰ ਲਵੇ। ਵੱਧ ਤੋਂ ਵੱਧ ਕੀ ਹੋ ਜਾਊ-ਮੈਨੂੰ ਕਿਸੇ ਹੋਰ ਬ੍ਰਾਂਚ ਵਿਚ ਭੇਜ ਦੇਣਗੇ। ਇਸ ਨਾਲ ਮੈਨੂੰ ਕੀ ਫਰਕ ਪੈਣ ਲੱਗਾ। ਮੈਨੂੰ ਸਸਪੈਂਡ ਕਰਾ ਦਊ-ਇਹਦੂੰ ਵਧ ਕੀ ਕਰ ਲਊ। ਉਹਨੂੰ ਦੱਸ ਦਿਓ-ਜੇ ਮੈਂ ਸਸਪੈਂਡ ਹੋ ਗਿਆ-ਪਹਿਲਾਂ ਮੈਂ ਗਾਲਾਂ ਕਢਾਂਗਾ। ਫੇਰ ਮੇਰੀ ਘਰਵਾਲੀ ਤੇ ਤਿੰਨੇ ਬੱਚੇ। ਮਾਂ ਤੇ ਬਾਪੂ ਅੱਡ। ਜਿਨ੍ਹਾਂ ਦੇ ਮੈਂ ਦੇਣੇ ਆ-ਉਹ ਅੱਡ। ਜੇ ਉਹਨੇ ਇਨ੍ਹਾਂ ਸਾਰਿਆਂ ਦੀਆਂ ਗਾਲ੍ਹਾਂ ਖਾਣੀਆਂ ਤਾਂ ਜੋ ਮਰਜ਼ੀ ਕਰ ਲਵੇ। ਹੁਣ ਮੈਂ ਉਹੀ ਕੰਮ ਕਰਾਂਗਾ-ਜੋ ਮੇਰੀ ਦਫਤਰੀ ਡਿਊਟੀ ਬਣਦੀ ਆ।''

ਜੇ ਮੇਰੀ ਥਾਂ 'ਤੇ ਕੋਈ ਹੋਰ ਹੁੰਦਾ ਤਾਂ ਉਸ ਇਹੀ ਗੱਲ ਵਧਾ ਚੜ੍ਹਾ ਕੇ ਦਲਜੀਤ ਸਿੰਘ ਨੂੰ ਦੱਸਣੀ ਸੀ। ਆਪਣੇ ਨੰਬਰ ਬਣਾਉਣੇ ਸਨ। ਮੇਰਾ ਉਹੋ ਜਿਹਾ ਸੁਭਾਅ ਨਹੀਂ ਹੈ। ਮੈਨੂੰ ਕੋਈ ਰਸਤਾ ਨਹੀਂ ਲੱਭਦਾ। ਕਈ ਕੁਝ ਸੋਚ ਵਿਚਾਰ ਕੇ ਆਖਰ ਮੈਂ ਸਟੈਨੋ ਨੂੰ ਬੁਲਾਉਂਦਾ ਹਾਂ। ਡਿਕਟੇਸ਼ਨ ਦਿੰਦਾ ਹਾਂ। ਖਰੜਾ ਟਾਈਪ ਹੋ ਕੇ ਆ ਜਾਂਦਾ ਹੈ। ਇਕ ਵਾਰ ਪੜ੍ਹਦਾ ਹਾਂ। ਦੋ ਵਾਰ ਪੜ੍ਹਦਾ ਹਾਂ। ਮਨ ਹੀ ਮਨ ਸੋਚਦਾਂ ਕਿ ਦਫਤਰ 'ਚ ਕਈ ਕੰਮ ਆਪਣੀ ਇੱਛਾ ਦੇ ਵਿਰੁਧ ਜਾ ਕੇ ਵੀ ਕਰਨੇ ਪੈਂਦੇ ਹਨ।

ਖਰੜਾ ਲੈ ਜਾ ਕੇ ਮੈਂ ਦਲਜੀਤ ਸਿੰਘ ਦੇ ਸ਼ੀਸ਼ੇ 'ਤੇ ਰੱਖ ਦਿੰਦਾ ਹਾਂ। ਕੁਰਸੀ 'ਤੇ ਬੈਠ ਕੇ ਉਸਦੀ ਪ੍ਰਤੀਕ੍ਰਿਆ ਦਾ ਇੰਤਜ਼ਾਰ ਕਰਦਾ ਹਾਂ। ਉਹ ਹੱਥ ਵਾਲਾ ਕੰਮ ਨਿਪਟਾ ਕੇ ਖਰੜਾ ਪੜ੍ਹਦਾ ਹੈ। ਐਨਕਾਂ ਉਪਰੋਂ ਦੀ ਦੇਖਦਾ ਹੋਇਆ ਮੈਨੂੰ ਪੁੱਛਦਾ ਹੈ ਕਿ ਮੋਹਨ ਲਾਲ ਨੇ ਕੀ ਕਿਹਾ ਹੈ। ਮੈਂ ਉਹਨੂੰ ਮੋਹਨ ਲਾਲ, ਉਸਦੀ ਬੀਵੀ, ਬੱਚਿਆਂ ਤੇ ਮਾਂ ਪਿਉ ਬਾਰੇ ਦੱਸਦਾ ਹਾਂ। ਉਹ ਆਪਣੇ ਘਰੋਂ ਲਿਆਂਦੀ ਪਾਣੀ ਦੀ ਵੱਡੀ ਸਾਰੀ ਬੋਤਲ 'ਚੋਂ ਪਾਣੀ ਦਾ ਗਿਲਾਸ ਭਰਦਾ ਹੈ। ਘੁੱਟ-ਘੁੱਟ ਕਰਕੇ ਪੀਂਦਾ ਹੈ। ਮੱਥੇ 'ਤੇ ਯਕਦਮ ਆਏ ਪਸੀਨੇ ਨੂੰ ਪੂੰਝਦਾ ਹੈ। ਘਬਰਾਹਟ ਜਿਹੀ ਮਹਿਸੂਸ ਕਰਦਾ ਹੈ। ਨਾਲ ਦੀ ਨਾਲ ਸਾਰੀ ਬਰਾਂਚ ਨੂੰ ਦੇਖ ਲੈਂਦਾ ਹੈ। ਉਸ ਦੀ ਨਜ਼ਰ ਹੇਠ ਮੋਹਨ ਲਾਲ ਨਹੀਂ ਆਉਂਦਾ।

ਉਹ ਖਰੜੇ ਨੂੰ ਚੁੱਕ ਕੇ, ਆਪਣੇ ਮੇਜ਼ ਦੀ ਹੇਠਲੀ ਦਰਾਜ 'ਚ ਰੱਖ ਦਿੰਦਾ ਹੈ। ਮੈਨੂੰ ਕਹਿੰਦਾ ਹੈ, ''ਬੜੀ ਪੋਲਾਇਟ ਲੈਂਗੂਏਜ਼ ਲਿਖੀ। ਮਾੜੇ ਬੰਦੇ ਦਾ ਕੋਈ ਇਲਾਜ ਨ੍ਹੀਂ।''

ਅੱਧੇ ਕੁ ਘੰਟੇ ਬਾਅਦ ਮੈਨੂੰ ਪਾਣੀ ਦਾ ਗਿਲਾਸ ਦਿੰਦਿਆਂ ਮੋਹਨ ਲਾਲ ਕਹਿੰਦਾ ਹੈ, ''ਬੜੀ ਸਖ਼ਤ ਭਾਸ਼ਾ ਵਰਤੀ ਆ। ਮਾੜੇ ਬੰਦੇ ਦਾ ਕੋਈ ਇਲਾਜ ਨ੍ਹੀਂ।''

ਕੇਸ ਚੈਕ ਕਰਾਉਣ ਆਇਆ ਸੁਖਪਾਲ ਕਹਿੰਦਾ ਹੈ, ''ਹੋ ਗਿਆ ਰਾਂਝਾ ਰਾਜੀ? ਮਾੜੇ ਬੰਦੇ ਦਾ ਕੋਈ ਇਲਾਜ ਨ੍ਹੀਂ।''

ਮਾੜਾ ਬੰਦਾ ਕੌਣ ਹੈ? ਮੈਂ? ਮੋਹਨ ਲਾਲ? ਦਲਜੀਤ ਸਿੰਘ? ਜਾਂ ਕੋਈ ਹੋਰ? ਇਸ ਸੰਬੰਧੀ ਸਰਬਜੀਤ ਨੀਵੀਂ ਪਾਈ ਸੋਚ ਰਹੀ ਹੈ। ਲੱਗਦਾ ਹੈ ਕਿ ਹੁਣ ਉਹ ਵੀ ਮੇਰੇ ਵਾਂਗ ਟੈਨਸ਼ਨਗ੍ਰਸਤ ਹੋ ਗਈ ਹੈ। ਮੈਥੋਂ ਵੀ ਕੋਈ ਫੈਸਲਾ ਨਹੀਂ ਹੋ ਰਿਹਾ। ਸ਼ਾਇਦ ਅੱਜ-ਭਲਕ ਨੂੰ ਹੋ ਜਾਵੇ। ਜੇ ਹੋ ਗਿਆ ਤਾਂ ਮੈਂ ਤੁਹਾਨੂੰ ਅਵੱਸ਼ ਹੀ ਦੱਸਾਂਗਾ। ਹਾਲ ਦੀ ਘੜੀ ਮੇਰੇ ਹੱਥ ਖੜੇ ਹਨ।

# ਹੁਣ ਤਾਂ ਹਰ ਕੋਈ ਬੁੱਕਲ 'ਚ ਸੱਪ ਜਿਹਾ ਲਈ ਫਿਰਦਾ

**ਪਿੰਡ ਵਿਚ ਭੰਗ ਭੁੱਜਦੀ**

**ਦੇਵਿੰਦਰ ਦੀਦਾਰ**

ਸਿਆਣੇ ਆਖਦੇ ਹਨ ਕਿ ਹਰ ਆਦਮੀ ਆਪਣਾ ਸੂਰਜ ਲੈ ਕੇ ਜੰਮਦਾ ਹੈ ਅਤੇ ਸਾਰੀ ਉਮਰ ਉਸ ਸੂਰਜ ਨਾਲ ਨਿਭਦਾ ਹੈ ਅਤੇ ਉਸ ਸੂਰਜ ਦੀ ਲੋਅ ਉਸ ਮਨੁੱਖ ਦੇ ਦਿਮਾਗ ਨੂੰ ਰੁਸ਼ਨਾਉਂਦੀ ਹੈ, ਹਾਂ ਲੋਅ ਘੱਟ-ਵਧ ਹੋ ਸਕਦੀ ਹੈ। ਇਸੇ ਲੋਅ ਨਾਲ ਆਦਮੀ ਆਪਣਾ ਚੌਗਿਰਦਾ, ਆਪਣਾ ਸਮਾਜ, ਆਪਣਾ ਪਰਿਵਾਰ ਇਥੋਂ ਤਕ ਕਿ ਸਾਰੀ ਦੁਨੀਆਂ ਨੂੰ ਵੀ ਰੁਸ਼ਨਾਉਂਦਾ ਹੈ। ਤੇਜ਼ ਲੋਅ ਵਾਲੇ ਜ਼ਿਆਦਾ ਘੁੰਮਦੇ-ਫਿਰਦੇ ਹਨ, ਜ਼ਿਆਦਾ ਤਰੱਕੀ ਕਰਦੇ ਹਨ, ਬਨਿਸਬਤ ਘੱਟ ਲੋਅ ਵਾਲਿਆਂ ਦੇ। ਘੱਟ ਲੋਅ ਵਾਲੇ ਸ਼ਹਿਰਾਂ ਨੂੰ ਨਰਕ ਬਣਾ ਦਿੰਦੇ ਹਨ ਅਤੇ ਜ਼ਿਆਦਾ ਲੋਅ ਵਾਲੇ ਪਿੰਡਾਂ ਨੂੰ ਸਵਰਗ ਬਣਾ ਦਿੰਦੇ ਹਨ।

ਇਕ ਸਮਾਂ ਸੀ ਜਦੋਂ ਪਿੰਡ ਸੱਚ-ਮੁੱਚ ਹੀ ਸਵਰਗ ਹੁੰਦੇ ਸਨ। ਪਿੰਡਾਂ ਦੇ ਪਿੱਪਲਾਂ ਤੇ ਬੋਹੜਾਂ ਦੀ ਛਾਂ ਸਵਰਗ ਵਰਗੀ ਹੀ ਹੁੰਦੀ ਸੀ, ਜਿੱਥੇ ਬਜ਼ੁਰਗਾਂ ਨੇ ਬਾਰਾਂ-ਟਾਹਣੀ, ਚੋਪੜ-ਚਕਾਣਾ, ਤਾਸ਼ ਅਤੇ ਕਈਆਂ ਨੇ ਸ਼ਤਰੰਜ ਤਕ ਖੇਡਣੀ, ਬੱਚਿਆਂ ਨੇ ਪਿੱਠੂ, ਬਾਲ ਦੇਣੀ, ਜੱਟ-ਬ੍ਰਾਹਮਣ, ਛੂਹਣ-ਸਿਪਾਹੀ, ਕਾਨਾ ਘੋੜੀ, ਗੁਲੀ-ਡੰਡਾ ਅਤੇ ਸ਼ਾਮ ਪੈਣ 'ਤੇ ਖਿੱਦੋ ਖੂੰਡੀ ਖੇਡਣੀ। ਬੱਚੀਆਂ ਨੇ ਛਟਾਪੂ, ਕੋਟਲਾ-ਛਪਾਕੀ ਅਤੇ ਗੀਟੀਆਂ ਖੇਡਣਾ, ਘਰ ਵਿਚ ਸਵਾਣੀਆਂ ਨੇ ਚਾਦਰਾਂ ਕੱਢਣੀਆਂ, ਦਰੀਆਂ, ਨਾਲੇ ਬੁਣਨੇ ਅਤੇ ਮੁਟਿਆਰਾਂ ਨੇ ਤ੍ਰਿੰਝਣਾਂ 'ਚ ਬੈਠ ਕੇ ਚਰਖੇ ਕੱਤਣੇ। ਸਾਰੇ ਪਿੰਡ ਦਾ ਮਾਹੌਲ ਖੁਸ਼ਗਵਾਰ ਹੁੰਦਾ, ਲੋਕ ਹੱਸਦੇ-ਖੇਡਦੇ ਅਤੇ ਪਿਆਰ ਵੰਡਦੇ ਸਨ। ਪਿੰਡ ਦੇ ਮਰਦਾਂ ਅਤੇ ਬੱਚਿਆਂ ਦੀ ਦੁਪਹਿਰ ਬੋਹੜਾਂ-ਪਿੱਪਲਾਂ ਦੀ ਛਾਵੇਂ ਹੀ ਲੰਘਦੀ, ਉਥੇ ਬੋਹੜਾਂ-ਪਿੱਪਲਾਂ ਦੇ ਤਣੇ ਚੁਫੇਰੇ ਥੜ੍ਹਾ ਹੁੰਦਾ ਜਾਂ ਇਕ ਦੋ ਵੱਡੇ ਤਖ਼ਤ ਪੋਸ਼ ਹੁੰਦੇ, ਜਿਥੇ ਸਾਰੀ ਦੁਪਹਿਰ ਹਾਸੇ ਉੱਡਦੇ, ਤਾਸ਼, ਅਜੀਬ-ਅਜੀਬ ਸ਼ਰਤਾਂ ਲਾ ਕੇ ਖੇਡੀ ਜਾਂਦੀ ਅਤੇ ਹਾਰ ਜਾਣ ਵਾਲਿਆਂ ਨੂੰ ਖਾਣ-ਪੀਣ ਦੀਆਂ ਸ਼ਰਤਾਂ ਤੋਂ ਇਲਾਵਾ ਲੱਤ ਥੱਲਿਓਂ ਲੰਘਣ ਤਕ ਦੀਆਂ ਸ਼ਰਤਾਂ ਲਗਦੀਆਂ।

ਪਿੰਡ ਵਿਚੋਂ ਦੀ ਕੋਈ ਰਾਹਗੀਰ ਫਤਿਹ ਬੁਲਾ ਕੇ ਨਾ ਲੰਘਦਾ ਤਾਂ ਉਸ ਦੇ ਕਿਰਦਾਰ ਨੂੰ ਸ਼ੱਕੀ ਗਿਣਿਆ ਜਾਂਦਾ ਕਿ ਉਹ ਪਿੰਡ ਤੋਂ ਅੱਖ ਬਚਾ ਕੇ ਕਿਉਂ ਲੰਘਿਆ ਹੈ? ਪਰ ਇਹ ਬੋਹੜਾਂ ਅਤੇ ਪਿੱਪਲਾਂ ਦੀਆਂ ਛਾਵਾਂ ਨੂੰ ਕੌਣ ਖਾ ਗਿਆ? ਸਿਆਣੇ ਲੋਕ ਅਜੇ ਤੱਕ ਵੀ ਸੋਚੀ ਜਾ ਰਹੇ ਹਨ। ਪਿੰਡ ਵਿਚ ਕਿਸੇ ਵੀ ਘਰ ਵਿਆਹ ਹੋਣਾ ਤਾਂ ਉਸ ਦਾ ਮਤਲਬ ਸੀ ਕਿ ਸਾਰੇ ਪਿੰਡ ਵਿਚ ਵਿਆਹ ਦਾ ਮਾਹੌਲ ਬਣ ਜਾਣਾ। ਹਰ ਇਕ ਨੇ ਆਪਣਾ-ਆਪਣਾ ਕੰਮ ਸੰਭਾਲ ਲੈਣਾ, ਦੁੱਧ ਵੀ ਸਾਰੇ ਪਿੰਡ 'ਚੋਂ ਇਕੱਠਾ ਕਰਨਾ, ਬਿਸਤਰੇ ਮੰਜੇ ਵੀ ਸਾਰੇ ਪਿੰਡ 'ਚੋਂ ਇਕੱਠੇ ਕਰਨੇ, ਬਰਾਤ ਮੇਲ ਨੂੰ ਸਾਂਭਣਾ ਵੀ ਸਾਰੇ ਪਿੰਡ ਦਾ ਸਾਂਝਾ ਕੰਮ ਹੁੰਦਾ ਸੀ। ਕੋਈ ਬਹਿਰੇ ਨਹੀਂ ਸਨ ਹੁੰਦੇ, ਕੋਈ ਪੈਲੇਸ ਨਹੀਂ ਸੀ ਹੁੰਦਾ, ਜੰਞਾਂ ਵੀ ਦੋ-ਦੋ ਰਾਤਾਂ ਰਹਿੰਦੀਆਂ ਹੁੰਦੀਆਂ ਸਨ। ਹਰ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਹੁੰਦਾ ਸੀ। ਕੋਈ ਗਾਉਣ-ਵਜਾਉਣ ਵਾਲਾ ਨਹੀਂ, ਕੋਈ ਸਭਿਆਚਾਰਕ ਪ੍ਰੋਗਰਾਮ ਵਾਲੇ ਨਹੀਂ, ਬਸ ਤਵਿਆਂ ਵਾਲਾ ਵਾਜਾ ਜਾਂ ਵਧ ਤੋਂ ਵਧ ਭੰਡਾਂ ਨੇ ਆ ਕੇ ਰੌਣਕਾਂ ਲਾਉਣੀਆਂ।

ਕਿਧਰੇ ਕੋਈ ਮਰਗ ਹੋ ਜਾਣੀ ਤਾਂ ਸਾਰਾ ਪਿੰਡ ਸੋਗ ਵਿਚ ਡੁੱਬ ਜਾਣਾ, ਜੇ ਕੋਈ ਜਵਾਨ-ਜਹਾਨ ਤੁਰ ਜਾਣਾ ਤਾਂ ਸਾਰੇ ਪਿੰਡ ਨੇ ਹੀ ਚੁੱਲ੍ਹੇ ਅੱਗ ਨਾ ਪਾਉਣੀ। ਇਕ ਪਰਿਵਾਰ ਦਾ ਦੁੱਖ ਸਾਰੇ ਪਿੰਡ ਦਾ ਦੁੱਖ ਹੁੰਦਾ ਸੀ ਅਤੇ ਇਕ ਪਰਿਵਾਰ ਦੀ ਖੁਸ਼ੀ ਨਾਲ ਸਾਰਾ ਪਿੰਡ ਖੀਵਾ ਹੋ ਜਾਂਦਾ ਸੀ। ਪਹਿਲਾਂ ਕਿਸੇ ਦੇ ਮਰਨ ਬਾਅਦ 17ਵੇਂ



'ਤੇ ਕਿਰਿਆ ਜਾਂ ਭੋਗ ਪਾਏ ਜਾਂਦੇ ਸਨ, ਫਿਰ ਦਸਵੇਂ 'ਤੇ ਹੋਏ ਅਤੇ ਹੁਣ ਕੁਝ ਵੀ ਕਹਿਣ ਲਈ ਬਾਕੀ ਨਹੀਂ ਹੈ, ਫੁਲ ਚੁਗਣ 'ਤੇ ਹੀ ਅਖੰਡ ਪਾਠ ਰੱਖ ਦਿੰਦੇ ਹਨ ਅਤੇ ਫਿਰ ਭੋਗ 'ਤੇ ਸਭ ਕੁਝ ਖ਼ਤਮ, ਸਭ ਆਪਣੇ-ਆਪਣੇ ਰਾਹ।

ਵਿਆਹਾਂ ਦਾ ਵੀ ਇਹੀ ਹਾਲ ਹੈ। ਪਹਿਲਾਂ ਕਈ-ਕਈ ਰਾਤ ਜੰਞਾਂ ਰਹਿੰਦੀਆਂ ਸਨ, ਫਿਰ ਇਕ ਰਾਤ ਰਹਿਣ ਲੱਗ ਪਈਆਂ, ਫਿਰ ਸਾਰਾ ਦਿਨ ਅਤੇ ਹੁਣ ਬਾਰਾਂ ਇਕ ਵਜੇ ਪੈਲਸ ਪਹੁੰਚਦੇ ਹਨ। ਸਭ ਕੁਝ ਦੌੜ ਭੱਜ ਕਰਕੇ ਚਾਰ ਵਜੇ ਤੱਕ ਸਭ ਕੁਝ ਖ਼ਤਮ। ਨਾ ਕੋਈ ਲਾਵਾਂ 'ਤੇ ਜਾਂਦਾ ਹੈ ਨਾ ਕੋਈ ਮੁੰਡੇ-ਕੁੜੀ ਨੂੰ ਸਿੱਖਿਆ-ਸੰਦੇਸ਼। ਰੋਟੀ-ਪਾਣੀ ਖਾਣਾ, ਗਾਉਣ-ਵਜਾਉਣ ਸੁਣਨਾ, ਸ਼ਗਨ ਵਾਲਾ ਲਿਫਾਫਾ ਦੇਣਾ ਅਤੇ ਬਸ ਸਭ ਆਪੋ-ਆਪਣੇ ਘਰੀਂ। ਪਿੰਡ 'ਚ ਤਾਂ ਵਿਆਹ ਵਾਲੇ ਘਰ ਦਾ ਪਤਾ ਵੀ ਨਹੀਂ ਲੱਗਦਾ ਹਾਂ ਸ਼ਹਿਰ ਵਿਚ ਇਕ ਦੋ ਦਿਨ ਤੱਕ ਲਾਈਟਾਂ ਵਗੈਰਾ ਲਗਣ 'ਤੇ ਵਿਆਹ ਵਾਲਾ ਘਰ ਲੱਗਦਾ ਹੈ। ਪਤਾ ਨਹੀਂ ਲੋਕਾਂ ਨੂੰ ਏਨੀਂ ਕਾਹਲ ਕਾਹਦੀ ਪੈ ਗਈ ਹੈ।

ਅੱਜ ਸਭ ਕੁਝ ਬਦਲ ਚੁੱਕਾ ਹੈ, ਸਾਡਾ ਜ਼ਿਆਦਾਤਰ ਪੱਛਮੀਕਰਨ ਹੋ ਗਿਆ ਹੈ, ਹਰ ਕੋਈ ਆਪਣੇ-ਆਪ ਵਿਚ ਮਗਨ ਦੌੜਾ ਫਿਰਦਾ ਹੈ, ਕੋਈ ਕਿਸੇ ਨੂੰ ਵੇਖ ਕੇ ਖੁਸ਼ ਨਹੀਂ ਹੁੰਦਾ, ਕੋਈ ਕਿਸੇ ਦੇ ਨੇੜੇ ਨਹੀਂ ਆਉਂਦਾ, ਹਰ ਕੋਈ ਜਿਵੇਂ ਬੁੱਕਲ ਵਿਚ ਸੱਪ ਲਈ ਫਿਰਦਾ ਹੋਵੇ। ਪਿਆਰ ਵੀ ਮੁਕਦੇ ਜਾ ਰਹੇ ਹਨ, ਰਿਸ਼ਤੇ ਵੀ ਮੁਕਦੇ ਜਾ ਰਹੇ ਹਨ ਅਤੇ ਸਤਿਕਾਰ ਵੀ ਮੁਕਦੇ ਜਾ ਰਹੇ ਹਨ। ਉਨ੍ਹਾਂ ਸਮਿਆਂ ਵਿਚ ਪਿੰਡਾਂ ਵਿਚ ਕੁਝ ਵੀ ਮੁੱਲ ਨਹੀਂ ਮਿਲਦਾ ਸੀ। ਦੁੱਧ ਅਤੇ ਜ਼ਮੀਨ ਵੇਚਣੀ ਸਭ ਤੋਂ ਵੱਡਾ ਮੇਹਣਾ ਹੁੰਦਾ ਸੀ, ਸਭ ਕੁਝ ਵੰਡ ਖਾਣ ਦੀ ਆਦਤ ਹੁੰਦੀ ਸੀ, ਸਭ ਕਾਸੇ ਦਾ ਹੱਥ ਉਧਾਰ ਚੱਲਦਾ ਸੀ, ਦੁੱਧ, ਲੱਸੀ, ਦਹੀਂ, ਦਾਲ-ਸਬਜ਼ੀ ਅਤੇ ਆਟਾ ਚੌਲ ਇਕ-ਦੂਜੇ ਕੋਲੋਂ ਮੰਗਣ ਦੀ ਕੋਈ ਸੰਗ ਸ਼ਰਮ ਨਹੀਂ ਸੀ ਹੁੰਦੀ। ਸਾਗ, ਗੰਨੇ, ਪੱਠੇ-ਤੂੜੀ ਲੈ ਜਾਣਾ ਕੋਈ ਚੋਰੀ ਨਹੀਂ ਸੀ ਗਿਣੀ ਜਾਂਦੀ। ਕਿਸੇ ਦੇ ਵੇਲਣੇ ਤੇ ਰਹੁ ਲੈ ਆਉਣੀ, ਗੁੜ ਦੀਆਂ ਥਾਲੀਆਂ ਪਵਾ ਲੈਣੀਆਂ, ਕਿਸੇ ਹੋਰ ਦੇ ਗੰਨੇ ਭੰਨ ਕੇ ਆਪਣੇ ਕਿਸੇ ਸ਼ਹਿਰੀ ਰਿਸ਼ਤੇਦਾਰ ਨੂੰ ਭੇਜਣੇ ਆਮ ਗੱਲ ਸੀ। ਲੋਹੜੀ ਵਾਲੇ ਦਿਨ ਵੇਲਣੇ ਵਗਣੇ, ਪਰ ਗੁੜ ਕਿਸੇ ਨੇ ਨਾ ਬਣਾਉਣਾ, ਸਾਰੇ ਹੀ ਬੇਜ਼ਮੀਨੇ ਜਾਂ ਥੋੜ੍ਹੀ ਜ਼ਮੀਨ ਵਾਲੇ, ਜਿਨ੍ਹਾਂ ਨੇ ਕਮਾਦ ਨਹੀਂ ਸੀ ਬੀਜਿਆ ਹੁੰਦਾ, ਰਹੁ ਲੈ ਆਉਣੀ ਅਤੇ ਆਪਣੇ ਸੱਜਣਾਂ-ਮਿੱਤਰਾਂ ਨੂੰ ਭੇਜਣੀ ਆਮ ਪੇਂਡੂ ਸਭਿਆਚਾਰ ਦਾ ਹਿੱਸਾ ਹੁੰਦਾ ਸੀ।

ਕਿਸੇ ਨੇ ਕਿਧਰੇ ਵਾਂਢੇ ਜਾਣਾ ਹੁੰਦਾ ਤਾਂ ਕਿਸੇ ਕੋਲੋਂ ਚਾਦਰਾ, ਕਿਸੇ ਕੋਲੋਂ ਪੱਗ, ਕਿਸੇ ਕੋਲੋਂ ਜੁੱਤੀ, ਕਿਸੇ ਕੋਲੋਂ ਸਾਈਕਲ ਮੰਗਣਾ, ਇਥੋਂ ਤੱਕ ਕਿ ਕਿਸੇ ਕੋਲੋਂ ਪੈਸੇ ਮੰਗ ਕੇ ਵਾਂਡੇ ਜਾਣਾ ਆਮ ਗੱਲ ਹੁੰਦੀ ਸੀ। ਪਿੰਡ ਵਿਚ ਦੋ-ਚਾਰ ਸਾਈਕਲ ਅਤੇ ਦੋ ਚਾਰ ਹੀ ਨਲਕੇ ਸਨ। ਪਾਣੀ ਘਰ-ਘਰ ਪਹੁੰਚਾਉਣਾ ਪਿੰਡ ਵਿਚ ਵਸਦੇ ਝਿਊਰ ਪਰਿਵਾਰ ਦਾ ਫਰਜ਼ ਹੁੰਦਾ ਸੀ, ਜੋ ਪਰਿਵਾਰ ਦੇ ਵੱਡਾ ਛੋਟਾ ਹੋਣ ਦੀ ਅਨੁਪਾਤ ਨਾਲ ਪਿੰਡ ਦੇ ਘਰਾਂ ਵਿਚ ਪਾਣੀ ਪਹੁੰਚਾ ਕੇ ਆਉਂਦੇ।

ਫੇਰ ਪਤਾ ਨਹੀਂ ਕੀ ਬਿੱਲੀ ਨਿੱਛ ਗਈ ਸਾਡੇ ਸੁਭਾਅ ਨੂੰ, ਸਾਡੇ ਕਿਰਦਾਰ ਨੂੰ, ਜਿਵੇਂ ਕਿਸੇ ਦੀ ਨਜ਼ਰ ਲੱਗ ਗਈ ਹੋਵੇ, ਕਈ ਤਾਂ ਇਹ ਵੀ ਪ੍ਰਚਾਰ ਕਰਦੇ ਹਨ ਕਿ ਅੰਗਰੇਜ਼ ਜਾਣ ਲੱਗਿਆਂ ਸਾਨੂੰ ਚਾਹ ਦੇ ਗਏ ਅਤੇ ਸਾਡਾ ਸਭ ਕੁਝ ਹੀ ਲੈ ਗਏ। ਪੈਂਟਾਂ-ਟਾਈਆਂ, ਸੂਟ-ਬੂਟ ਦੇ ਗਏ ਅਤੇ ਸਾਡਾ ਪਹਿਰਾਵਾ ਖੋਹ ਕੇ ਲੈ ਗਏ, ਸਾਨੂੰ ਘੜੀਆਂ ਦੇ ਗਏ ਅਤੇ ਸਾਡਾ ਸਮਾਂ ਖੋਹ ਕੇ ਲੈ ਗਏ, ਸਾਨੂੰ ਗੱਡੀਆਂ ਦੇ ਗਏ ਅਤੇ ਸਾਡਾ ਜ਼ੋਰ-ਜੁੱਸਾ ਖੋਹ ਕੇ ਲੈ ਗਏ, ਸਾਨੂੰ ਨੋਟ ਗਿਣਨ ਦੀ ਜਾਂਚ ਦੱਸ ਗਏ ਅਤੇ ਸਾਡਾ ਚੈਨ ਅਤੇ ਨੀਂਦ ਖੋਹ ਕੇ ਲੈ ਗਏ।

ਪਹਿਲਾਂ ਜ਼ਮੀਨਾਂ ਏਨੀਆਂ ਉਪਜਾਊ ਨਹੀਂ ਸਨ ਹੁੰਦੀਆਂ, ਕਿਸਾਨਾਂ ਦਾ ਮਰ ਕੇ ਗੁਜ਼ਾਰਾ ਹੁੰਦਾ ਸੀ ਅਤੇ ਜੋ ਕਿਸਾਨਾਂ 'ਤੇ ਨਿਰਭਰ ਹੁੰਦੇ ਸਨ, ਉਨ੍ਹਾਂ ਬਾਰੇ ਜ਼ਿਆਦਾ ਕਹਿਣ ਦੀ ਜ਼ਰੂਰਤ ਨਹੀਂ, ਪਰ ਲੋਕ ਖੁਸ਼ ਸਨ, ਭਰਪੂਰ ਜੁੱਸੇ ਦੇ ਮਾਲਕ ਹੁੰਦੇ ਸਨ। ਫੇਰ ਜਿਵੇਂ ਜਿਵੇਂ ਖਾਦਾਂ ਆਈਆਂ ਨਵੇਂ ਨਵੇਂ ਬੀਜ ਆਏ, ਪੈਦਾਵਾਰਾਂ ਵਧੀਆਂ, ਲੋਕ ਪੜ੍ਹ ਕੇ ਨੌਕਰੀਆਂ ਕਰਨ ਲੱਗੇ, ਵਿਦੇਸ਼ਾਂ ਵਿਚ ਜਾਣ ਲੱਗੇ, ਮਾਇਆਧਾਰੀ ਹੋਣ ਲੱਗੇ ਤਾਂ ਸਾਰੇ ਰਿਸ਼ਤੇ ਭੁੱਲ ਗਏ, ਪਿਆਰ ਭੁੱਲ ਗਏ, ਸਤਿਕਾਰ ਭੁੱਲ ਗਏ।

ਪੰਜਾਬ ਦੇ ਪਿੰਡਾਂ ਵਿਚ ਅੱਜ ਸਭ ਕੁਝ ਬਦਲ ਗਿਆ ਹੈ। ਅੱਜ ਕਿੱਥੇ ਹੈ ਸਾਡੇ ਅੰਦਰ ਜਗਦਾ ਸੂਰਜ? ਅੱਜ ਕਿੱਥੇ ਹਨ ਉਹ ਪਿੰਡ ਦੇ ਗੂੰਜਦੇ ਹਾਸੇ, ਗਿੜਗਿਲੀਆਂ, ਕਿਲਕਾਰੀਆਂ, ਤ੍ਰਿੰਝਣ, ਨਿੱਕੀਆਂ-ਨਿੱਕੀਆਂ ਖੇਡਾਂ, ਪਿੰਡ ਦੀਆਂ ਸਾਂਝਾਂ? ਸੂਰਜ ਤਾਂ ਡੁੱਬ ਕੇ ਵੀ ਚੰਦ-ਤਾਰਿਆਂ ਨੂੰ ਰੁਸ਼ਨਾ ਦਿੰਦਾ ਹੈ। ਪਰ ਸਾਡੀ ਇਸ ਹਨੇਰੀ ਸੁਰੰਗ ਦੀ ਲੰਬਾਈ ਕਿੰਨੀ ਕੁ ਹੈ?

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

### ਭਾਗ – 1

"ਇਹ ਤੇਰੀ ਗੱਲ ਸੋਲਾਂ ਆਨੇ ਖਰੀ ਐ! ਆਪਾਂ ਤਾਂ ਜਿਹੜਾ ਟੁਕੜਾ ਖਾਣਾ, ਕੰਮ ਕਰਕੇ ਈ ਖਾਣਾ! ਆਪਾਂ ਨੂੰ ਇਨ੍ਹਾਂ ਗੱਲਾਂ ਨਾਲ ਕੀ? ਆਪਣੇ ਅਲੋਂ ਤਾਂ ਭਾਵੇਂ ਸਿੰਘਾ ਸ਼ਾਹੀ ਆ ਜੇ, ਚਾਹੇ ਆ ਜੇ ਕੋਈ ਹੋਰ! ਰੋਟੀ ਤਾਂ ਕੰਮ ਕਰਕੇ ਈ ਮਿਲਣੀਂ ਐ! ਕਿਸੇ ਸਹੁਰੇ ਨੇ ਪਲੰਘ ਉੱਤੇ ਬੈਠੇ ਨੂੰ ਤਾਂ ਫੜਾਉਣੀ ਨ੍ਹੀਂ!-ਹੈਂ?" ਕਰੰਡੀ-ਤੇਸੀ ਚੁੱਕ ਕੇ ਉਸ ਜ਼ੋਰ ਲਾ ਕੇ ਉਠਦਿਆਂ ਪੁੱਛਿਆ, "ਕਿਉਂ ਠੀਕ ਐ ਨਾ?"

ਹੁੰਗਾਰਾ ਨਾ ਮਿਲਣ ਕਰਕੇ ਉਸ ਕੋਠੜੀ ਦੇ ਬਾਰ ਵਲ ਮੂੰਹ ਭੰਵਾਇਆ, ਹਰਪਾਲ ਉਸਨੂੰ ਬਾਹਰ ਤੂਤ ਹੇਠਾਂ ਪੱਲੀ ਕੋਲ ਬੈਠਾ ਦਿਸਿਆ, ਜਿਹੜਾ ਬੁੱਕ ਭਰ ਭਰ ਤਸਲੇ ਵਿਚ ਸੀਮਿੰਟ ਪਾ ਰਿਹਾ ਸੀ।

"ਚਲੀਏ ਫੇਰ ਥੱਲੇ?"

ਹਰਪਾਲ ਫਿਰ ਵੀ ਨਹੀਂ ਬੋਲਿਆ।

"ਮੈਂ ਆਂਹਨਾ ਛੋਟਿਆ ਤਸਲਾ ਨ੍ਹੀਂ ਠੀਕ ਰਹਿਣਾਂ, ਬਾਲਟੀ 'ਚ ਪਾ ਲੈ!"

ਹਰਪਾਲ ਉਸ ਵਲ ਝਾਕਿਆ, ਕੁਝ ਸੋਚ ਕੇ ਸਿਰ ਹਿਲਾਉਂਦਾ ਉਹ ਬਾਲਟੀ ਚੁੱਕਣ ਲਈ ਉਠਿਆ, ਪਰ ਫੇਰ ਬੋਲਿਆ, "ਪਾਣੀ ਕਾਹਦੇ ਨਾਲ ਲਿਆਵਾਂਗੇ?"

"ਤਸਲਾ ਵੀ ਲੈ ਚੱਲ ਸੀਮਿੰਟ ਥੱਲੇ ਜਾ ਕੇ ਤਸਲੇ 'ਚ ਪਾਲਾਂਗੇ।" ਪਾਲ ਨੂੰ ਆਪਣੇ ਵਲ ਝਾਕਦਾ ਵੇਖ ਕੇ ਬੋਲਿਆ, "ਕਿਉਂ ਠੀਕ ਐ ਨਾ?"

ਹਰਪਾਲ ਨੇ ਸਿਰ ਮਾਰ ਕੇ ਹਾਮੀ ਭਰੀ। ਤਾਰੇ ਨੇ ਹੰਢੇ ਤੇ ਬਦਰੰਗ ਹੋਏ ਕਮੀਜ਼ ਦੇ ਮੂਹਰਲੇ ਪੱਲੇ ਨਾਲ ਪਸੀਨਾ ਪੂੰਝ ਲਿਆ, "ਸੇਕ ਨਾਲ ਤਾਂ ਜਾਣੀਂ ਮੱਚਦੇ ਆਂ!"

ਹਰਪਾਲ ਚੁੱਪ ਚਾਪ ਬਾਲਟੀ ਵਿਚ ਸੀਮਿੰਟ ਪਾ ਕੇ ਪੌੜੀਆਂ ਉਤਰਨ ਲੱਗ ਪਿਆ, ਫੇਰ ਉਹ ਵਾਰੋ ਵਾਰੀ ਤਸਲਾ ਅਤੇ ਪਾਣੀ ਦੀ ਬਾਲਟੀ ਵੀ ਹੇਠਾਂ ਲੈ ਗਿਆ। ਮਿਸਤਰੀ ਨੇ ਥੱਲੇ ਉਤਰਦਿਆਂ ਸਾਰ ਠੰਢ ਮਹਿਸੂਸ ਕਰਦਿਆਂ ਖਿੜ ਕੇ ਆਖਿਆ, "ਹੇਠ੍ਹਾਂ ਤਾਂ ਯਾਰ ਸੁਰਗ ਐ! ਆ ਹਾ ਹਾ! ਬਈ ਨਜ਼ਾਰਾ ਆ ਗਿਆ!"

ਤਸਲੇ ਵਾਲੇ ਸੁੱਕੇ ਮਸਾਲੇ ਵਿਚ ਲੀਟਰ ਨਾਲ ਪਾਣੀਂ ਪਾਉਂਦਾ ਤੇ ਕਰੰਡੀ ਨਾਲ ਰਲਾਉਂਦਾ ਹੋਇਆ ਉਸ ਸੁਭਾਅ ਮੁਤਾਬਕ ਕਿਹਾ, "ਛੋਟਿਆ, ਇਕ ਗੱਲ ਪੁੱਛਾਂ, ਗੁੱਸਾ ਤਾਂ ਨੀ ਕਰਦਾ!"

ਹਰਪਾਲ ਨੇ ਉਸ ਵਲ ਰਤਾ ਕੁ ਮੁਸਕਰਾ ਕੇ ਵੇਖਿਆ, ਫੇਰ ਕਰੰਡੀ ਨਾਲ ਖੂਹੀ ਦੀ ਕੰਧ ਵਿਚੋਂ ਖਿਸਕੀਆਂ ਇੱਟਾਂ ਉਪਰੋਂ ਮਿੱਟੀ ਖੁਰਚਦਿਆਂ ਉਸ ਵਲ ਵੇਖੇ ਬਿਨਾ ਕਿਹਾ, "ਯਾਰ ਤੂੰ, ਸਵੇਰ ਦਾ ਬੌਂਦਲਿਆ ਜਿਹਾ ਕਿਉਂ ਫਿਰਦੈਂ?"

ਹਰਪਾਲ ਨੇ ਉਸ ਵਲ ਕਾਹਲੀ ਨਾਲ ਨਜ਼ਰ ਫੇਰੀ, ਤਾਰੇ ਨੇ ਮਿੱਟੀ ਖੁਰਚ ਕੇ ਇੱਟਾਂ ਉਪਰ ਲੀਟਰ ਨਾਲ ਪਾਣੀਂ ਪਾਉਂਦਾ ਉਸ ਵਲ ਰਤਾ ਕੁ ਝਾਕ ਕੇ ਆਪਣੇ ਹੜਬਈ ਚਿਹਰੇ ਉਪਰ ਡੂੰਘੀਆਂ ਮਿਚੀਆਂ ਅੱਖਾਂ ਵਿਚ ਹਾਸਾ ਭਰਿਆ; ਮੁੰਡਾ ਖੁੰਡੈਂ! ਕੋਈ ਟੋਟਕਾ ਸੁਣਾ, ਮੇਰਾ ਬੁੜ੍ਹੇ ਦਾ ਵੀ ਚਿੱਤ ਰਾਜੀ ਹੋ-ਜੇ!...ਹੈਂ!"

ਹਰਪਾਲ ਹੱਸਿਆ, ਤਾਰਾ ਫੇਰ ਉਸ ਵਲ ਮੁੜਿਆ। "ਐਵੇਂ ਬੁਝਿਆ ਜਿਆ ਕਿਉਂ ਫਿਰਦੈਂ?"

"ਨਹੀਂ, ਬੁਝਣਾਂ ਮੈਂ ਕਿਉਂ ਆਂ?"

"ਨਹੀਂ, ਕੋਈ ਗੱਲ ਤਾਂ ਜਰੂਰ ਐ?"

ਹਰਪਾਲ ਨੇ ਜਵਾਬ ਦੇਣਾ ਮੁਨਾਸਬ ਨਾ ਸਮਝਿਆ, ਤਾਰੇ ਨੇ ਵੀ ਮੋੜ ਕੇ ਨਹੀਂ ਪੁੱਛਿਆ। ਕਿੰਨਾ ਚਿਰ ਇਧਰਲੀਆਂ-ਉਧਰਲੀਆਂ ਗੱਲਾਂ ਕਰਦਿਆਂ ਖੂਹੀ ਦੀ ਫਿੱਸੀ ਕੰਧ ਦੀ ਦੋਬਾਰਾ ਚਿਣਾਈ ਕਰ ਦਿੱਤੀ। ਪਿਆਸ ਲੱਗਣ 'ਤੇ ਹਰਪਾਲ ਫੌਡਿਆਂ ਰਾਹੀਂ ਚੜ੍ਹ ਕੇ ਬਾਹਰ ਆਇਆ, ਦੁਪਹਿਰ ਢਲ ਗਈ ਸੀ। ਗੁਰਬਖਸ਼ ਨੂੰ ਆਉਂਦਾ ਵੇਖ ਕੇ ਪਾਲ ਨੇ ਤਾਰੇ ਨੂੰ 'ਵਾਜ਼ ਮਾਰ ਲਈ। ਮਿਸਤਰੀ ਨੇ ਉਪਰ ਚੜ੍ਹਦਿਆਂ ਬੱਪੜੇ ਕਹਿ ਕੇ ਆਸੇ ਪਾਸੇ ਵੇਖਿਆ, "ਬੁੜ੍ਹਾ ਵੀ ਆ ਗਿਆ ਬਈ ਥੋਡਾ!"

ਤਾਰੇ ਨੇ ਹਾਲੇ ਗਲਾਸ ਭਰ ਕੇ ਔਲੂ 'ਚੋਂ ਪਾਣੀ ਪੀਤਾ ਹੀ ਸੀ ਜਦੋਂ ਗੁਰਬਖਸ਼ ਚਾਹ ਦੀ ਡੋਲਣੀਂ ਲੈ ਕੇ ਆ ਗਿਆ। ਗੁਰਬਖਸ਼ ਪਛਤਾਵੇ 'ਚ ਬੋਲਿਆ, "ਬੜਾ ਮਾੜਾ ਹੋਇਆ, ਬਲਬੀਰ ਮਾਰ ਤਾ!"

"ਕੀਹਨੇ!?" ਤਾਰੇ ਨੇ ਗਲਾਸ ਪਾਸੇ ਕਰਦਿਆਂ ਕਾਹਲੀ ਨਾਲ ਪੁੱਛਿਆ।

"ਮੁੰਡਿਆਂ ਨੇ, ਹੋਰ ਕੀਹਨੇ!"

ਪਲ-ਝਟ ਚੁੱਪ ਵਰਤ ਗਈ। ਹਰਪਾਲ ਖਾਲੀ ਝਾਕਦਾ ਰਿਹਾ, ਤਾਰੇ ਦਾ ਪਹਿਲਾਂ ਈ ਥੱਕਿਆ ਚਿਹਰਾ ਹੋਰ ਕਾਲਾ ਹੋ ਗਿਆ। ਘਬਰਾਏ ਜਾਪਦੇ ਗੁਰਬਖਸ਼ ਨੇ ਦੱਸਣਾ ਸ਼ੁਰੂ ਕੀਤਾ; "ਸਹੁਰਿਆਂ ਨੇ ਮਾਰਿਆ ਵੀ ਵਿਸ਼ਵਾਸਘਾਤ ਨਾਲ! ਬੋਹੜ ਕੋਲ ਇਕ ਆਂਹਦਾ, ਚਾਚਾ ਆਪਣਾ ਕੋਈ ਰੌਲੈ, ਕਹਿ ਕੇ ਗੱਲੀਂ ਲਾ ਲਿਆ! ਦੂਸਰੇ ਨੇ ਮਗਰੋਂ ਪਿੱਠ 'ਚ ਮਾਰੀਆਂ।"

ਤਾਰਾ ਤੇ ਹਰਪਾਲ ਹੈਰਾਨ ਹੋਏ ਸੁਣਦੇ ਰਹੇ, ਅਚਰਜਤਾ ਵਿਚ ਉਨ੍ਹਾਂ ਦੇ ਮੂੰਹ ਖੁੱਲ੍ਹੇ ਹੋਏ ਸਨ।

"ਬੜਾ ਲੋਹੜਾ ਮਾਰਿਆ।" ਤਾਰੇ ਨੇ ਚਾਹ ਵਾਲਾ ਕੱਪ ਚੁੱਕਦਿਆਂ ਕਿਹਾ, "ਬਾਈ, ਇਹ ਨਿੱਤ ਇਕ ਦੂਜੇ ਨਾਲ ਖਹਿੰਦੇ ਸੀ!...ਫੇਰ...ਮੁੰਡੇ ਤਾਂ ਭੱਜਗੇ ਹੋਣੇ ਐ।"

"ਉਹ ਏਥੇ ਖੜ੍ਹਦੇ ਐ!" ਗੁਰਬਖਸ਼ ਨੇ ਦੂਸਰੀ ਬਾਰ ਬਚਦੀ ਚਾਹ ਕੱਪਾਂ ਵਿਚ ਪਾ ਦਿਤੀ।

"ਪੁਲਸ ਆ-ਗੀ?"

"ਹਾਲੇ ਤਾਂ ਕੁਸ਼ ਨੀ ਆਇਆ!"

ਹਰਪਾਲ ਆਪਣੇ ਬਾਪ ਦੇ ਅਚਾਨਕ ਕੁਰੱਖਤ ਹੋ ਗਏ ਬੋਲ ਵਲ ਝਾਕਿਆ, "ਲਾਸ਼ ਵੀ ਕਹਿੰਦੇ ਉਥੇ ਬੋਹੜ ਕੋਲ ਈ ਪਈ ਐ!...ਕਿੰਨਾ ਕੁ ਕੰਮ ਰਹਿ ਗਿਆ?"

"ਕੰਮ ਤਾਂ ਮੁੱਕਿਆ ਈ ਸਮਝ, ਬੱਸ ਪੂਛ ਜ੍ਹੀ ਰਹਿੰਦੀ ਐ!"

ਤਾਰੇ ਨੇ ਐਵੇਂ ਹੀ ਖੂਹੀ ਵਲ ਵੇਖਿਆ।

"ਪਾਲ, ਤੂੰ ਓਨਾ ਚਿਰ ਪੱਠੇ ਵੱਢ ਲੈ, ਮੈਂ ਦਰਿਆ ਵਲੋਂ ਹੋ ਕੇ ਆਇਆ।" ਆਖਦਾ ਉਹ ਬਿਨਾ ਉਨ੍ਹਾਂ ਵਲ ਝਾਕਿਆਂ ਧੁੱਸੀ ਬੰਨ੍ਹ ਵਲ ਹੋ ਗਿਆ। ਤਾਰੇ ਨੇ ਹਰਪਾਲ ਵਲ ਦੇਖਿਆ, ਤੇ ਹਰਪਾਲ ਨੇ ਆਪਣੇ ਚਿਹਰੇ 'ਤੇ ਕੋਈ ਪ੍ਰਭਾਵ ਨਾ ਲਿਆਉਂਦਿਆਂ ਆਪਣੇ ਬਾਪ ਦੀ ਪਿੱਠ ਵਲ ਤੱਕਿਆ, ਉਹ ਸਿੱਧਾ ਵੱਟੇ ਵੱਟ ਦਰਿਆ ਵਲ ਤੁਰਿਆ ਜਾਂਦਾ ਸੀ। ਹਰਪਾਲ ਨੇ ਕੋਠੜੀ 'ਚੋਂ ਟੰਗੀ ਦਾਤੀ ਲਾਹੀ ਤੇ ਚਰੀ ਦੇ ਕਿਆਰੇ ਵਲ ਹੋ ਲਿਆ, ਤਾਰੇ ਨੇ ਆਖਿਆ, "ਛੋਟਿਆ, ਮੇਰੇ ਲਈ ਵੀ ਥੱਬੀ ਕੁ ਵੱਢ ਲੀਂ!!"

ਆਲੇ-ਦੁਆਲੇ ਖੇਤਾਂ 'ਚ ਸਹਿਜ ਮਤੇ ਕੰਮ ਕਰਦੇ ਲੋਕਾਂ ਨੂੰ ਵੇਖ ਕੇ ਪਾਲ ਨੂੰ ਇਉਂ ਜਾਪਿਆ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਜਦੋਂ ਗੁਰਬਖਸ਼ ਵਾਪਸ ਆਇਆ, ਸ਼ਾਮ ਢਲ ਚੁੱਕੀ ਸੀ, ਹਰਪਾਲ ਨੇ ਵੇਖਿਆ, ਉਸ ਦਿਆਂ ਕਦਮਾਂ ਵਿਚ ਫੁਰਤੀ ਸੀ, ਚਿਹਰੇ ਦੀ ਰੰਗਤ ਲਾਲੀ ਵਿਚ ਹੋ ਗਈ। ਉਹ ਆਉਂਦਾ ਹੀ ਬੋਲਿਆ, "ਕਿਉਂ ਬਈ ਕੰਮ ਫਤਿਹ ਐ!"

"ਹਾਂਅ, ਜਮ੍ਹਾਂ, ਐਨ!" ਤਾਰੇ ਨੇ ਕਰੰਡੀ ਲੀਰ ਨਾਲ ਪੂੰਝਦਿਆਂ ਗੂੰਜਵੀਂ ਆਵਾਜ਼ ਵਿਚ ਆਖਦਿਆਂ ਉਸਦੇ ਦਗਦੇ ਚਿਹਰੇ ਵਲ ਵੇਖਿਆ। ਗੁਰਬਖਸ਼ ਦਾ ਮੱਥਾ ਲਿਸ਼ਕ ਰਿਹਾ ਸੀ, ਤਾਰੇ ਦੇ ਹੜਬਈ ਚਿਹਰੇ 'ਤੇ ਇਕ ਲਿਸ਼ਕ ਉਭਰੀ। ਅੱਖ ਦੀ ਸੈਨਤ ਨਾਲ ਔਲੂ ਕੋਲ ਸੱਦਿਆ, ਮੁੜ ਉਸ ਪਾਲ ਵਲ ਤੱਕਿਆ, ਜਿਹੜਾ ਸੰਦ-ਵਲੇਵਾਂ ਰੇਹੜੀ ਵਿਚ ਰੱਖ ਰਿਹਾ ਸੀ। ਗੁਰਬਖਸ਼ ਨੇ ਡੱਬ ਵਿਚੋਂ ਬੋਤਲ ਕੱਢ ਕੇ ਤਾਰੇ ਨੂੰ ਪੌਣਾ ਕੱਪ ਭਰ ਦਿਤਾ। ਅਤੇ ਵੱਛਾ ਖੋਲ੍ਹਦੇ ਹਰਪਾਲ ਨੂੰ ਵਾਜ ਮਾਰੀ, "ਵੱਛਾ ਫੇਰ ਜੋੜੀਂ, ਆ ਜਾ ਤੂੰ ਵੀ ਥਕੇਵਾਂ ਲਾਹ ਲੈ!"

ਤਾਰੇ ਨਾਲ ਹਰਪਾਲ ਵੀ ਹੱਸ ਪਿਆ।

ਦਿਨ ਛਿਪ ਰਿਹਾ ਸੀ, ਜਦੋਂ ਉਹ ਪਿੰਡ ਆਏ, ਬਾਹਰ ਕੋਈ ਬੰਦਾ ਹੀ ਨਹੀਂ ਦਿਸਦਾ ਸੀ, ਜਿਵੇਂ ਲੋਕ ਕਿਧਰੇ ਚਲੇ ਗਏ ਹੋਣ। ਤਾਰੇ ਨੂੰ ਰੋਟੀ ਫੜਾਉਣ ਤੋਂ ਪਹਿਲਾਂ ਇੱਕ ਹਾੜਾ ਹੋਰ ਦਿੱਤਾ ਤੇ ਗੁਰਬਖਸ਼ ਡੇਅਰੀ 'ਚ ਦੁੱਧ ਪਾਉਣ ਚਲਾ ਗਿਆ, ਘਰ 'ਚ ਵੀ ਚੁੱਪ-ਚਾਂ ਸੀ, ਸਾਹਬ ਕੁਰ ਰੋਟੀ ਲੱਗੀ ਹੋਈ ਸੀ, ਪਾਲ ਨਹਾਉਣ ਲੱਗ ਪਿਆ। ਜਦੋਂ ਗੁਰਬਖਸ਼ ਦੁੱਧ ਪਾ ਕੇ ਮੁੜਿਆ, ਤਾਰਾ ਰੋਟੀ ਖਾ ਕੇ ਚਲਾ ਗਿਆ, ਪਾਲ ਨੂੰ ਗੁਰਬਖਸ਼ ਨੇ ਰੋਟੀ ਫੜਨ ਤੋਂ ਪਹਿਲਾਂ ਫਿਰ ਸੁਲਾਹ ਮਾਰੀ। ਸਾਹਬ ਕੁਰ ਨੇ ਗੁੱਸਾ ਜਾਹਰ ਕਰਦਿਆਂ ਕੌੜ ਨਾਲ ਆਖਿਆ, "ਤੁਸੀਂ ਜਮ੍ਹਾਂ ਸ਼ਰਮ ਲਾਹ ਰੱਖੀ ਐ! ਲੋਕ ਕੀ ਆਖਣਗੇ! ਪਿੰਡ 'ਚ ਖੂਨ ਹੋ ਗਿਆ!...ਲੋਕਾਂ ਦੇ ਸਾਹ ਸੁੱਕੇ ਪਏ ਐ! ਪਿੰਡ ਉੱਜੜਿਆ ਜਾਏ, ਕਮਲੀ ਨੂੰ ਝਾਟਾ ਖੋਹਣ ਦੀ।"

"ਅਸੀਂ ਕੋਈ ਸੱਥ 'ਚ ਪੀਨੇ ਆਂ!" ਗੁਰਬਖਸ਼ ਨੇ ਗੁਟਕ ਗੁਟਕ ਕੇ ਆਖਿਆ, "ਕਤਲ ਤਾਂ ਹੁਣ ਨਿੱਤ ਈ ਹੋਈ ਜਾਂਦੇ ਐ। ਦੁਨੀਆਂ ਆਪਣੇ ਕੰਮ ਛੱਡ ਕੇ ਬਹਿ ਜੇ!...ਜਦੋਂ ਮੈਂ ਡੇਹਰੀ 'ਚੋਂ ਆਇਆ, ਬੱਗੇ ਸਰਪੰਚ ਕਾ ਟੀ.ਵੀ. ਚੱਲੀ ਜਾਂਦਾ ਸੀ! ਨਾਲੇ ਬਲਬੀਰ ਇਹਦਾ ਜੁੱਟ ਸੀ!"

"ਤਾਂ ਹੀ ਤਾਂ ਕੀੜੀ ਤੇ ਕਟਕ ਚੜ੍ਹਿਆ ਪਿਆ!" ਸਾਹਬ ਕੁਰ ਨੇ ਸਾਹ ਖਿੱਚ ਕੇ ਆਖਿਆ। "ਦੁਨੀਆਂ 'ਚ ਹੈ-ਦਈਆ ਮੁੱਕ ਗਿਆ, ਸਿਆਣੇ ਐਵੇਂ ਨੀ ਇਹਨੂੰ ਕਲਜੁਗ ਕਹਿੰਦੇ! ਅੱਗੇ ਕਿਤੇ ਇਕ ਖੂਨ ਹੋ ਜਾਣਾ ਸਾਰਾ ਪਿੰਡ ਸੋਗ 'ਚ ਡੁੱਬ ਜਾਂਦਾ ਸੀ! ਜਾ ਖਾਂ ਕਿਸੇ ਦੇ ਘਰ ਚੁੱਲ੍ਹਾ ਤਪ ਜੇ। ਹੁਣ ਜੇ ਲੋਕਾਂ 'ਚ ਮੋਹ-ਤੇਹ ਮੁੱਕ ਗਿਆ, ਤਾਹੀਂਏ ਪਰਲੋ ਆਈ ਪਈ ਐ!" ਲੰਮਾ ਸਾਹ ਭਰ ਕੇ ਕੰਬਣੀ ਖਾਂਦਿਆਂ ਸਾਹਬ ਕੁਰ ਨੇ ਸਿਰ ਉਗਾਸ ਕੇ ਵਿਹੜੇ ਵਿਚ ਦੀ ਖਿੜਕ ਤੋਂ ਬਾਹਰ ਵੇਖਿਆ, "ਹੇ ਵਾਹਿਗੁਰੂ! ਸੁਖ ਰੱਖੀਂ!"

ਗੁਰਬਖਸ਼ ਨੇ ਸਾਹਬ ਕੁਰ ਵਲ ਵੇਖਿਆ। ਉਹ ਗੁਰਬਖਸ਼ ਵਲ ਝਾਕ ਕੇ ਬੋਲੀ, "ਕੁਸ਼ ਹੈ-ਦਈਆ ਕਰਨਾ ਚਾਹੀਦੈ, ਉਤੋਂ ਰੱਬ ਵੇਖਦੈ ! ਖਬਰੇ ਕਦੋਂ ਕਿਸ 'ਤੇ ਬਿਪਤਾ ਪੈ ਜਾਣੀ ਐ!"

"ਬਲਬੀਰ ਤਾਂ ਕਾਂਗਰਸੀ ਸੀ!" ਗੁਰਬਖਸ਼ ਨੇ ਧੀਮੀ ਆਵਾਜ਼ 'ਚ ਮਾਮੂਲੀ ਖਿਝ ਨਾਲ ਆਖਿਆ, "ਜੇ ਅਸੀਂ ਕਿਸੇ ਨੂੰ ਕੁਸ਼ ਆਖਾਂਗੇ, ਤਾਂ ਹੀ ਸਾਨੂੰ ਕੋਈ ਕੁਸ਼ ਆਖੂ।....ਬਲਬੀਰ ਨੂੰ ਮਾਣ ਸੀ, ਆਪਦੀ ਤਾਕਤ ਦਾ! ਉਹ ਸਮਝਦਾ ਸੀ, ਸਾਡੀ ਪਾਰਟੀ ਦਾ ਰਾਜ ਐ, ਇਹ ਛੋਹਰ ਵਾਧਾ ਕੀ ਕਰ ਲੂ! ਇਹਦੇ ਵਰਗੇ ਕਈ ਸੱਪ ਨੂੰ ਸੁੰਡ ਦੱਸਦੇ ਸਨ! ਡੰਗ ਮਾਰੇ ਤੋਂ ਬਿਨਾ ਕਾਹਨੂੰ ਕੋਈ ਗੁੱਗਾ ਪੀਰ ਕਹਿੰਦਾ!"

"ਅੱਧਿਓਂ ਵਧ ਲੋਕ ਤਾਂ ਖੁਸ਼ ਨੇ! ਕਹਿੰਦੇ ਇਨ੍ਹਾਂ ਨੇ ਥੋੜ੍ਹੀਆਂ ਚੰਮ ਦੀਆਂ ਚਲਾਈਆਂ! ਜਦੋਂ ਹੁਣ ਆਪਦੇ ਪੈਣ ਲੱਗੀਆਂ ਫੇਰ ਪਤਾ ਲੱਗਦੈ।"

"ਚੱਲ, ਆਪਾਂ ਕਾਹਨੂੰ ਕੁਸ਼ ਆਖਣੈ, ਦੁਨੀਆਂ ਕਦੇ ਕਿਸੇ ਦੀ ਮਿੱਤ ਹੋਈ ਐ!"

ਹਰਪਾਲ ਨੇ ਮਾਂ-ਪਿਉ ਦੀ ਨੋਕ-ਝੋਕ ਵਿਚਕਾਰ ਚੁੱਪ ਵੱਟ ਰੱਖੀ। ਰੋਟੀ ਖਾ ਕੇ ਉਹ ਪਲ ਝਟ ਵਿਹੜੇ ਵਿਚ ਖਲੋਤਾ ਰਿਹਾ, ਮੱਧਮ ਪੀਲਾ ਚਾਨਣ ਪਸ਼ੂਆਂ ਦੀਆਂ ਪਿੱਠਾਂ 'ਤੇ ਪੈ ਰਿਹਾ ਸੀ। ਹੌਲੀ-ਹੌਲੀ ਤੁਰਦਾ ਉਹ ਖਿੜਕ ਕੋਲ ਆ ਗਿਆ, ਬਾਹਰ ਹਨੇਰਾ ਪਸਰਿਆ ਹੋਇਆ ਸੀ, ਘਟਦੇ ਹੋਏ ਚੰਨ ਦੀ ਪੀਲੀ ਚਾਨਣੀ ਧੁੱਸੀ ਬੰਨ੍ਹ ਦੀਆਂ ਕਿਕਰਾਂ ਪਿੱਛੇ ਬਿਖਰ ਰਹੀ ਸੀ ਕਿੰਨਾ ਚਿਰ ਭੜੀਂਹ ਉੱਤੇ ਖਲੋਤਾ, ਦਰਿਆ ਵਲ ਜਾਂਦੇ ਨੀਂਵੇ ਜਿਹੇ ਪਹੇ ਵਲ ਅੱਖਾਂ ਗੱਡ ਕੇ ਵੇਖਦਾ ਰਿਹਾ। ਖੇਤੋਂ ਮੁੜੇ ਆਉਂਦੈ ਬੰਦਿਆਂ ਦੇ ਗੱਲਾਂ ਕਰਨ ਦੀ ਬਿੜਕ ਆ ਰਹੀ ਸੀ, ਉਂਜ ਸਾਰਾ ਪਿੰਡ ਖਾਮੋਸ਼ ਸੀ।

ਉਇ ਰੌਲਾ ਸਾਰਾ ਕਾਂਗਰਸ ਦਾ ਐ!

ਹਰਪਾਲ ਨੇ ਹਨੇਰੇ ਵਿਚ ਤ੍ਰਬਕ ਕੇ ਵੇਖਿਆ, ਉਸਦੇ ਅੰਦਰੋਂ ਸਾਹ ਸੱਤ ਸੂਤਿਆ ਗਿਆ ਹੋਵੇ। ਉਸ ਕਾਹਲੀ ਨਾਲ ਤਾਰਾਂ ਫਿਟ ਕਰਵਾਉਂਦੇ ਮੁੰਡੇ ਵਲ ਦੇਖਿਆ, ਉਹ ਵੀ ਅਹਿਲ ਹੋ ਗਿਆ ਸੀ। ਹਥਿਆਰਬੰਦ ਟੋਲੀ ਉਨ੍ਹਾਂ ਦੇ ਬਿਲਕੁਲ ਨੇੜੇ ਪਹੁੰਚ ਗਈ ਸੀ। ਸਤੰਭ ਹੋਏ ਲੋਕ ਆਪਣੇ ਆਪ ਰਾਹ ਛੱਡ ਕੇ ਪਾਸੇ ਹੋ ਗਏ। ਹਰਪਾਲ ਨੇ ਫਿਰ ਲਿੱਸੀਆਂ ਜਿਹੀਆਂ ਅੱਖਾਂ ਨਾਲ ਅਮੋਲਕ ਵਲ ਨਜ਼ਰ ਫੇਰੀ, ਪਰ ਉਹ ਚੁੱਪ-ਚਾਪ ਖਲੋਤਾ ਸੀ;

"ਕਿੱਥੇ ਐ ਬਈ ਥੋਡਾ ਮੋਹਰੀ ਬੰਦਾ?" ਅੱਗੇ ਆ ਰਹੇ ਇੱਕ ਚੰਗੀ ਤਕੜੀ ਨਰੋਈ ਸਿਹਤ ਵਾਲੇ ਸਿੰਘ ਨੇ ਕਰੜੀ ਆਵਾਜ਼ ਵਿਚ ਪੁੱਛਿਆ।

ਪਲ ਝਟ ਕੋਈ ਜਵਾਬ ਨਾ ਆਇਆ।

"ਡਰਾਮੇ ਕਰਾਉਣ ਵਾਲੀ ਸਭਾ ਦਾ ਪ੍ਰਧਾਨ ਕੌਣ ਐ?" ਇਸ ਵਾਰ ਉਸਦੀ ਆਵਾਜ਼ ਵਿਚ ਨਰਮੀ ਸੀ। ਥੰਮ ਬਣੇ ਲੋਕਾਂ ਨੇ ਮਾਮੂਲੀ ਜਿਹੀ ਹਰਕਤ ਕਰਦਿਆਂ ਇਕ ਦੂਸਰੇ ਵਲ ਦੇਖਿਆ।

"ਅਸੀਂ ਉਹਦੇ ਨਾਲ ਗੱਲ ਕਰਨੀ ਐ।"

"ਤੂੰ ਆਪ ਈ ਕਰਦੇ ਖਾਂ ਯਾਰ!"

ਹਥਿਆਰਬੰਦ ਟੋਲੀ 'ਚੋਂ ਇਕ ਮੁੰਡੇ ਦਾ ਬੋਲ ਸੁਣ ਕੇ ਭੀੜ 'ਚ ਨਿੱਕੀ ਜਿਹੀ ਹਿੱਲਜੁਲ ਹੋਈ।

"ਭਰਾਵੋ, ਡਰਾਮੇ ਕਰੋ, ਖੁਸ਼ੀ ਨਾਲ, ਲੱਖ ਵਾਰੀ ਕਰੋ, ਸਾਨੂੰ ਕੋਈ ਇਤਰਾਜ਼ ਨਹੀਂ, ਜੇ ਤੁਸੀਂ ਸਾਡੇ ਬਾਬਿਆਂ ਵਿਰੁਧ ਕੋਈ ਉੱਚੀ ਨੀਵੀਂ ਗੱਲ ਕੀਤੀ, ਤਾਂ ਆਪਣਾ ਪੜ੍ਹਿਆ ਵਿਚਾਰਿਓ?"

"ਇਹ ਤਾਂ ਬਾਈ ਜੀ, ਸਰਕਾਰ ਦੇ ਈ ਉਲਟ ਐਂ ਡਰਾਮੇ!"

ਵਾਹਵਾ ਹਿਲਜੁਲ ਵਿਚੋਂ ਕੋਈ ਜਣਾ ਬੋਲਿਆ, ਹਰਪਾਲ ਨੇ ਛੇਤੀ ਨਾਲ ਉਧਰ ਧੌਣ ਮੋੜੀ, ਸਭਾ ਦਾ ਪ੍ਰਧਾਨ ਜਗਜੀਤ ਹੌਂਸਲੇ ਨਾਲ ਕਹਿ ਰਿਹਾ ਸੀ।

"ਸਰਕਾਰ ਨੂੰ ਗਾਲਾਂ ਕੱਢੋ ਰੱਜ ਕੇ। ਸਾਡੀ ਲੜਾਈ ਵੀ ਸਰਕਾਰ ਨਾਲ ਈ ਐ। ਪਰ ਬਾਬਿਆਂ ਨੂੰ ਮੰਦਾ-ਚੰਗਾ ਬੋਲੋਂਗੇ, ਐਵੇਂ ਗੱਲ ਵਧੂਗੀ!"

ਹਰਪਾਲ ਹੈਰਾਨ ਹੋਇਆ ਅੱਖਾਂ ਚੌੜੀਆਂ ਕਰੀ ਖਲੋਤਾ ਸੀ। ਇਹ ਪ੍ਰਧਾਨ ਕੱਲ੍ਹ ਦੇ ਜਿਉਂ ਉਹ ਆਏ ਸਨ, ਉਦੋਂ ਤੋਂ ਹੀ ਇਨ੍ਹਾਂ ਦੇ ਉਲਟ ਬੋਲ ਰਿਹਾ ਸੀ, ਮੁੜਕੇ ਉਹ ਸਾਰਾ ਜੱਥਾ ਆਲੇ ਦੁਆਲੇ ਖਿੰਡ ਕੇ ਬਹਿ ਗਿਆ। ਹਰਪਾਲ ਸਟੇਜ ਤੋਂ ਉਤਰ ਕੇ ਅਮੋਲਕ ਹੋਰਾਂ ਕੋਲ ਆ ਕੇ ਖੜੋ ਗਿਆ, ਬੋਲਿਆ ਕੁਝ ਨਹੀਂ,




ਸਿਰਫ਼ ਅਮੋਲਕ ਦੇ ਰਾਮ ਤੋਰੀ ਵਰਗੇ ਹੋਏ ਚਿਹਰੇ ਵਲ ਦੇਖਿਆ, ਲੋਕ ਆਈ ਜਾਂਦੇ ਸਨ, ਹਰਪਾਲ ਦੇ ਮੂੰਹੋਂ ਹੌਲੀ ਜਿਹੀ ਨਿਕਲਿਆ, "ਹੁਣ?"

"ਡਰਾਮੇ ਤਾਂ ਹੋਣਗੇ ਈ!" ਅਮੋਲਕ ਨੇ ਮੁਸ਼ਕਲ ਨਾਲ ਥੁੱਕ ਅੰਦਰ ਲੰਘਾਇਆ,"ਸਿੱਧਾ ਪ੍ਰਚਾਰ ਨਾ ਕਰਾਂਗੇ!"

ਹਰਪਾਲ ਅਗੋਂ ਕੁਝ ਨਾ ਕਹਿ ਸਕਿਆ, ਉਹ ਲੋਕਾਂ ਵਲ ਵੇਖਦਾ ਰਿਹਾ, ਕੁਝ ਇਕ ਦੂਸਰੇ ਨਾਲ ਘੋਰ ਮਸ਼ੋਰੇ ਕਰ ਰਹੇ ਸਨ, ਜਿਹੜੇ ਮਗਰੋਂ ਆਏ ਸਨ, ਉਹ ਆਪਣੀਆਂ ਛੱਡੀ ਜਾਂਦੇ ਸਨ। ਹਰਪਾਲ ਨੇ ਜੁੜੇ ਲੋਕਾਂ ਵਲ ਝਾਤ ਮਾਰੀ, ਸਹਿਮ ਅਵੱਸ਼ ਛਾਇਆ ਹੋਇਆ ਸੀ।

ਖਿੰਡ ਕੇ ਬੈਠੇ ਕੇਸਰੀ ਦਸਤਾਰਾਂ ਵਾਲੇ ਵੀ ਮੌਜੂਦ ਸਨ ਜਿਨ੍ਹਾਂ ਵਿਚੋਂ ਅੱਧੇ ਕੁ ਤੁਰੇ ਫਿਰਦੇ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਨੂਰ ਝਲਕਦਾ ਵੇਖ ਕੇ ਹਰਪਾਲ ਨੇ ਸਹਿਜ ਸੁਭਾਅ ਆਪਣੇ ਚਿਹਰੇ ਉੱਤੇ ਹੱਥ ਫੇਰਿਆ। ਚਮੜੀ ਉਸਨੂੰ ਖੁਰਦਰੀ ਜਾਪੀ ਅਤੇ ਹੜਬਾਂ ਉਭਰੀਆਂ ਹੋਈਆਂ। ਖੁਸ਼ਕ ਦਾਹੜੀ ਹੱਥ ਨਾਲ ਚਰੜ ਚਰੜ ਹੋਈ।

"ਕਿੰਨਾ ਜਲਾਲ ਚੜ੍ਹਿਆ ਸਾਰਿਆਂ ਦੇ!"

ਅਮੋਲਕ ਨੇ ਹੌਲੀ ਜਿਹੀ ਚੱਬ ਕੇ ਆਖਿਆ, "ਚੜੀ ਦੀ ਨ੍ਹੀਂ, ਲੱਥੀ ਦੀ ਨ੍ਹੀਂ, ਜਲਾਲ ਈ ਚੜ੍ਹਨਾ!"

ਸਵੇਰੇ ਸਾਝਰੇ ਉੱਠ ਕੇ ਹਰਪਾਲ ਨਲਕੇ ਕੋਲ ਖਲੋਤਾ ਪਾਣੀ ਦਾ ਬੁੱਕ ਭਰ ਕੇ ਚਿਹਰਾ ਮਲ ਰਿਹਾ ਸੀ, ਜਦੋਂ ਉਸਨੂੰ ਤੇਜੀ ਨਾਲ ਖਿੜਕ ਖੁਲ੍ਹਦਾ ਸੁਣਿਆ। ਹਰਪਾਲ ਨੇ ਚਿਹਰੇ ਤੋਂ ਹੱਥ ਹਟਾ ਕੇ ਖਿੜਕ ਵਲ ਵੇਖਿਆ, ਰੇਸ਼ਮ ਤੇੜ ਪਰਨਾ ਬੰਨ੍ਹੀ ਤਾਮ ਤੜੂਕ ਹੋਇਆ ਖਲੋਤਾ ਸੀ।

"ਤਾਇਆ ਕਿੱਥੇ ਐ?"

ਹਰਪਾਲ ਨੂੰ ਉਸਦੀ ਗਰਮ ਆਵਾਜ਼ ਸਮੇਤ ਝੰਡ ਵੀ ਕੰਡੇਰਨਿਆਂ ਵਾਂਗ ਖੜੀ ਹੋਈ ਦਿਸੀ। ਹਰਪਾਲ ਨੇ ਸਬਾਤ ਵਲ ਹੱਥ ਕਰ ਦਿੱਤਾ।

"ਵੇ ਆ ਜਾ ਰੇਸ਼ਮਾ!-ਕੀ ਗੱਲ ਐ?" ਅੰਦਰੋਂ ਮਧਾਣੀ ਨਾਲੋਂ ਮਖਣੀ ਪੂੰਝਦੀ ਸਾਹਬ ਕੁਰ ਨੇ ਆਖਿਆ ਪਰ ਰੇਸ਼ਮ ਨੇ ਜਵਾਬ ਨਹੀਂ ਦਿੱਤਾ। ਉਹ ਸਿੱਧਾ ਸਬਾਤ ਵਿਚ ਵੜ੍ਹ ਗਿਆ। ਅੰਦਰੋਂ ਉਸਦੀ ਭਖੀ ਹੋਈ ਆਵਾਜ਼ ਸੁਣਾਈ ਦਿੱਤੀ; "ਤਾਇਆ ਜੀ, ਤੁਸੀਂ ਕੋਈ ਉੱਤਾ ਵਾਚਣਾ ਐ ਕਿ ਨਹੀਂ?"

ਚਾਹ ਪੀਂਦੇ ਗੁਰਬਖਸ਼ ਨੇ ਉਸ ਵਲ ਰਤਾ ਕੁ ਦੇਖਿਆ, ਕੱਪ 'ਚੋਂ ਅਖੀਰਲੀ ਘੁੱਟ ਭਰ ਕੇ ਕੱਪ ਮੰਜੇ ਤੋਂ ਥੱਲੇ ਰੱਖ ਦਿੱਤਾ, "ਕਿਸ ਗੱਲ ਦਾ?"

"ਕਿਸ ਗੱਲ ਦਾ?" ਰੇਸ਼ਮ ਨੇ ਢਾਕਾਂ ਉੱਤੇ ਹੱਥ ਰੱਖਦਿਆਂ ਅੱਖਾਂ ਵਿਚ ਸੇਕ ਭਰ ਕੇ ਹੈਰਾਨੀ ਪ੍ਰਗਟ ਕੀਤੀ, "ਚੇਤਾ ਵੀ ਭੁੱਲ ਗਿਆ, ਓਹੀ ਸਾਲੇ ਸੁਰਮੁਖੀਏ ਦੀ ਕਰਤੂਤ ਦਾ!"

"ਕੋਈ ਸਬੂਤ ਵੀ ਹੋਵੇ!"

"ਸਬੂਤ ਇਉਂ ਘਰ ਬੈਠਿਆਂ ਨੂੰ ਨ੍ਹੀਂ ਮਿਲਦੇ ਹੁੰਦੇ। ਉਦਣ ਤੁਸੀਂ ਕਹਿੰਦੇ ਸੀ ਆਪਾਂ ਲੁਧਿਆਣੇ ਭੂੰਦੜੀ ਵਾਲੇ ਜਗਮੇਲ ਕੋਲ ਚਲਾਂਗੇ! ਹੁਣ ਥੋਨੂੰ ਚੇਤਾ ਵੀ ਭੁੱਲ ਗਿਆ!"

ਲੁਧਿਆਣੇ ਹੁਣ ਜਾ ਆਉਨੇ ਆਂ, ਲੁਧਿਆਣਾ ਬੀਕਾਨੇਰ ਤਾਂ ਨ੍ਹੀ ਉੱਠ ਗਿਆ! ਤੂੰ ਐਨਾਂ ਹਰਖਿਆ ਕਿਉਂ ਫਿਰਦੈਂ?"

"ਹੁਣ ਕਿਵੇਂ ਜਾ ਆਵਾਂਗੇ! ਰਾਤ ਕਰਫੂ ਲੱਗ ਗਿਆ, ਸਾਰੇ ਪੰਜਾਬ 'ਚ।"

ਸਾਹਬ ਕੁਰ ਚਾਹ ਦਾ ਗਲਾਸ ਅੰਦਰ ਲੈ ਕੇ ਆਉਂਦੀ ਹੋਈ ਬੋਲੀ, "ਇਹ ਜਾਏ ਖਾਣੇ ਕਲਫੂ ਨ੍ਹੀਂ ਸਾਹ ਲੈਣ ਦਿੰਦੇ! ਤੀਜੇ ਦਿਨ ਕਲਫੂ!"

ਰੇਸ਼ਮ ਨੇ ਸਾਹਬ ਕੁਰ ਦੇ ਹੱਥੋਂ ਗਲਾਸ ਫੜ ਲਿਆ, ਉਸੇ ਤਰ੍ਹਾਂ ਹਰਖੇ-ਹਰਖਾਏ ਨੇ ਪੇਟੀ ਉੱਤੇ ਰੱਖ ਦਿੱਤਾ, ਫੇਰ ਗੁੱਸੇ ਵਿਚ ਬਾਂਹ ਮਾਰਦਾ ਹੋਇਆ ਬੋਲਿਆ, "ਉੱਧਰ ਦੱਲੇ ਸੁਰਮੁਖੀਏ ਨੇ ਵੱਡਾ ਮੁੰਡਾ ਮੰਗ ਲਿਆ ਮਦਾਰ ਪੁਰੀਏ ਸਰਦਾਰਾਂ ਦੇ! ਅਗਲਿਆਂ ਨੇ ਵਿਆਹ 'ਤੇ ਕਾਰ ਦੇਣੀ ਐ! ਹੋਰ ਐਵੇਂ ਤਾਂ ਨ੍ਹੀ ਕਾਰਾਂ ਵਾਲੇ ਘਰੀਂ ਮੁੰਡੇ ਮੰਗ ਹੁੰਦੇ!"

ਗੁਰਬਖਸ਼ ਉਸਨੂੰ ਭੱਜ ਕੇ ਪਿਆ।

ਮੁੰਡਾ ਕਿੱਥੋਂ ਮੰਗ ਲਿਆ ਉਹਨੇ, ਤੂੰ ਐਵੇਂ ਲੋਕਾਂ ਦੀਆਂ ਗੱਲਾਂ 'ਚ ਆ ਜਾਨੈਂ!"

"ਥੋਡੀਆਂ ਕਿੱਥੇ ਭੌਂਦੀਆਂ!" ਸਾਹਬ ਕੁਰ ਨੇ ਮੁੜ ਗਲਾਸ ਚੁੱਕ ਕੇ ਰੇਸ਼ਮ ਨੂੰ ਫੜਾਉਂਦਿਆਂ ਕਿਹਾ, "ਰੋਕ ਕਰਗੇ ਅਗਲੇ!" ਫੇਰ ਰੇਸ਼ਮ ਨੂੰ ਆਖਿਆ, "ਤੂੰ ਚਾਹ ਪੀ, ਬਹਿ ਕੇ ਠੰਢੇ ਮਤੇ ਨਾਲ ਗੱਲ ਕਰ, ਨਹੀਂ ਤਾਂ ਆਪਣਾ ਆਪ ਈ ਸਾੜੇਂਗਾ।"

"ਠੰਢੇ ਮਤੇ ਨਾਲ ਨ੍ਹੀਂ ਹੁਣ ਗੱਲ ਸਿਰੇ ਲੱਗਦੀ! ਮੈਂ ਤਾਂ ਮੇਰੇ ਸਾਲਿਆਂ ਨੂੰ ਅੱਗ ਲਾ ਕੇ ਫੂਕ-ਦੂੰ!"

ਹਰਪਾਲ ਵੀ ਚਾਹ ਦਾ ਗਲਾਸ ਫੜੀਂ ਅੰਦਰ ਆ ਗਿਆ।

ਰੇਸ਼ਮਾ! ਪੁੱਤ ਤੂੰ ਬਹੁਤਾ ਚੂੜਾ ਨਾ ਚੜ੍ਹ! ਭੂੰਦੜੀ ਕਿਤੇ ਪਰਦੇਸ ਐ! ਹੁਣ ਜਾ ਆਉ।"

ਰੇਸ਼ਮ ਨੇ ਗਲਾਸ ਫਿਰ ਰੱਖ ਦਿੱਤਾ, ਹਰਖ ਵਿਚ ਬਾਂਹ ਮਾਰ ਕੇ ਬੋਲਿਆ, "ਮੈਂ ਆਂਹਨਾ, ਤੁਸੀਂ ਸਾਰਾ ਟੱਬਰ ਰਹਿੰਨੇ ਕਿੱਥੇ ਓਂ, ਰੇਡੀਓ ਸੁਣਿਐਂ, ਸਾਰੇ ਪੰਜਾਬ 'ਚ ਕਰਫੂ ਲਗ ਗਿਆ! ਘਰਾਂ 'ਚੋਂ ਬਾਹਰ ਨ੍ਹੀ ਨਿਕਲਣਾ!"

"ਕਦੋਂ?" ਗੁਰਬਖਸ਼ ਨੇ ਹੈਰਾਨ ਹੋ ਕੇ ਪੁੱਛਿਆ। 'ਰਾਤ! ਹੋਰ ਕਦੋਂ ?'

ਸਾਡਾ ਤਾਂ ਅੱਗ ਲੱਗਣਾ ਰੇਡੀਓ ਈ ਵਿਗੜਿਐ ਪਿਐ। ਘੈੜ ਘੈੜ ਕਰਦਾ ਐ!"

"ਅਜੇ ਪਰਸੋਂ ਤਾਂ ਇੰਦਰਾਂ ਗਾਂਧੀ ਨੇ ਰੇਡੀਓ 'ਤੇ ਭਾਸ਼ਣ ਕੀਤਾ ਐ ਬਈ ਪੰਜਾਬ 'ਚ ਫੌਜ ਨ੍ਹੀਂ ਲਾਉਣੀ! ਹੁਣ ਲੋਕਾਂ ਦਾ ਸਾਹ ਬੰਦ ਕਰਨਾ ਵੀ ਮਿੱਥ ਲਿਆ।"

ਚਾਹ ਪੀਂਦਾ ਹਰਪਾਲ ਰਤਾ ਕੁ ਮੁਸਕਰਾਇਆ, ਉਹ ਕਹਿਣਾ ਚਾਹੁੰਦਾ ਸੀ, ਤੁਸੀਂ ਸਰਕਾਰ ਨੂੰ ਕੀ ਸਮਝਦੇ ਓਂ !" ਪਰ ਆਖਿਆ ਨਹੀਂ। ਚਾਹ ਪੀਣ ਨਾਲ ਜਾਂ ਉਂਜ ਹੀ ਹਰਪਾਲ ਨੂੰ ਅੰਦਰ ਅਕਾਹ ਜੇਹਾ ਆਉਂਦਾ ਮਹਿਸੂਸ ਹੋਇਆ, ਉਸ ਬਿਜਲੀ ਦਾ ਬਲਬ ਜਗਾ ਕੇ ਵੇਖਿਆ, ਫਿਰ ਪੁਰਾਣਾ ਜੇਹਾ ਟੇਬਲ ਫੈਨ ਚਲਾ ਦਿੱਤਾ। ਰੇਸ਼ਮ ਹਾਲੇ ਵੀ ਗੁੱਸੇ ਵਿਚ ਬੋਲ ਰਿਹਾ ਸੀ। ਗੁਰਬਖਸ਼ ਨੇ ਖਿਝ ਕੇ ਆਖਿਆ, "ਖਸਮਾ, ਫੇਰ ਹੁਣ ਕਰਫੂ ਸਦਾ ਤਾਂ ਨ੍ਹੀਂ ਲੱਗਿਆ ਰਹੂ! ਇਕ ਅੱਧਾ ਦਿਨ ਐਂ!"

ਟੇਬਲ-ਫੈਨ ਦੇ ਖੜਕੇ ਵਿਚ ਉਨ੍ਹਾਂ ਦੀਆਂ ਗੱਲਾਂ ਇਕ ਦੂਜੇ ਨੂੰ ਘੱਟ ਸੁਣਦੀਆਂ ਸਨ, ਪਰ ਉਹ ਆਪ ਮੁਹਰੇ ਇੱਕ ਦੂਸਰੇ ਦੀ ਸੁਣੇ ਬਿਨਾ ਜੁਟੇ ਹੋਏ ਸਨ।

*(ਬਾਕੀ ਅਗਲੇ ਅੰਕ 'ਚ)*

# ਏਕ ਅਕੇਲਾ ਇਸ ਸ਼ਹਿਰ ਮੇਂ



**ਖੁਸ਼ਵੰਤ ਸਿੰਘ**

ਮੈਂ ਗੁਲਜ਼ਾਰ ਬਾਰੇ ਲਿਖਣ ਤੋਂ ਬਚਦਾ ਰਿਹਾ ਹਾਂ। ਇਸਦਾ ਕਾਰਨ ਇਹ ਹੈ ਕਿ ਸਿਨੇਮਾ ਬਾਰੇ ਮੇਰਾ ਗਿਆਨ ਨਾ ਦੇ ਬਰਾਬਰ ਹੈ ਅਤੇ ਗੁਲਜ਼ਾਰ ਠਹਿਰੇ ਪੱਕੇ ਫਿਲਮ ਨਿਰਮਾਤਾ। ਉਹ ਫਿਲਮਾਂ ਦੇ ਲਈ ਗੀਤ ਲਿਖਦੇ ਹਨ। ਉਨ੍ਹਾਂ ਦੇ ਸੱਦੇ 'ਤੇ ਮੈਂ ਉਨਾਂ ਦੀ ਫਿਲਮ 'ਮਾਚਿਸ' ਦੇਖਣ ਲਈ ਗਿਆ ਸੀ, ਜੋ 1984 ਦੇ ਸਿੱਖ ਵਿਰੋਧੀ ਦੰਗਿਆਂ 'ਤੇ ਆਧਾਰਿਤ ਸੀ। ਮੈਂ ਗੁਲਜ਼ਾਰ ਦੇ ਬਿਹਤਰੀਨ ਸ਼ਿਲਪ ਅਤੇ ਫਿਲਮ ਵਿਚ ਪਾਏ ਗਏ ਗੀਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ। ਹਾਲਾਂਕਿ ਉਦੋਂ ਤਕ ਮੇਰੇ ਕੋਲ ਇਕ ਪਾਕਿਸਤਾਨੀ ਵਿਅਵਸਾਈ ਜਫਰ ਹਸਨ ਦੀ ਢੇਰ ਸਾਰੇ ਚਿੱਤਰਾਂ ਵਾਲੀ ਗੁਲਜ਼ਾਰ ਦੀ ਇਕ ਵੱਡੀ ਜਿਹੀ ਜੀਵਨੀ ਨਹੀਂ ਆਈ ਸੀ, ਉਦੋਂ ਤਕ ਮੈਂ ਉਨ੍ਹਾਂ ਬਾਰੇ ਜ਼ਿਆਦਾ ਕੁਝ ਨਹੀਂ ਜਾਣਦਾ ਸੀ।

'ਦ ਆਰਟ ਐਂਡ ਅਚੀਵਮੈਂਟ ਆਫ ਗੁਲਜ਼ਾਰ' (ਸੰਗ-ਏ-ਮੀਲ ਪ੍ਰਕਾਸ਼ਨ, ਲਾਹੌਰ) ਵਿਚ ਬਚਪਨ ਤੋਂ ਲੈ ਕੇ ਬਾਲੀਵੁੱਡ ਵਿਚ ਸ਼ੋਹਰਤ ਦੀਆਂ ਬੁਲੰਦੀਆਂ ਛੂਹਣ ਤੱਕ ਗੁਲਜ਼ਾਰ ਦੇ ਜੀਵਨ ਦੀ ਪੂਰੀ ਕਥਾ ਤਸਵੀਰਾਂ ਦੇ ਨਾਲ ਦਿੱਤੀ ਗਈ ਹੈ। ਤਸਵੀਰਾਂ ਵਿਚ ਉਸ ਜਰਜਰ ਹਵੇਲੀ ਦਾ ਵੀ ਚਿੱਤਰ ਹੈ, ਜਿੱਥੇ ਗੁਲਜ਼ਾਰ ਦਾ ਜਨਮ ਹੋਇਆ ਸੀ। ਨਾਲ ਹੀ ਮੀਨਾ ਕੁਮਾਰੀ (ਜੋ ਕੁਝ ਸਾਲਾਂ ਤੱਕ ਉਨ੍ਹਾਂ ਦੀ ਦੋਸਤ ਰਹੀ ਸੀ), ਉਨ੍ਹਾਂ ਦੀ ਪਤਨੀ ਰਾਖੀ ਅਤੇ ਬੇਟੀ ਮੇਘਨਾ ਦੇ ਵੀ ਚਿੱਤਰ ਦਿੱਤੇ ਗਏ ਹਨ।

ਗੁਲਜ਼ਾਰ ਦਾ ਅਸਲੀ ਨਾਮ ਸੰਪੂਰਨ ਸਿੰਘ ਕਾਲਰਾ ਹੈ। ਉਨ੍ਹਾਂ ਦਾ ਜਨਮ ਦੀਨਾ ਨਾਮਕ ਪਿੰਡ (ਜ਼ਿਲ੍ਹਾ ਜੇਲਮ, ਜੋ ਹੁਣ ਪਾਕਿਸਤਾਨ ਵਿਚ ਹੈ) ਵਿਚ ਹੋਇਆ ਸੀ। ਉਨ੍ਹਾਂ ਦੀ ਮਾਂ ਪਿਤਾ ਮਾਖਨ ਸਿੰਘ ਦੀ ਦੂਜੀ ਪਤਨੀ ਸੀ, ਜੋ ਗੁਲਜ਼ਾਰ ਨੂੰ ਜਨਮ ਦੇਣ ਦੇ ਤਤਕਾਲ ਬਾਅਦ ਚਲ ਵਸੀ। ਸੰਪੂਰਣ ਸਿੰਘ ਨੇ ਪੂਰਾ ਬਚਪਨ ਆਪਣੇ ਸੌਤੇਲੇ ਭਰਾਵਾਂ ਅਤੇ ਭੈਣਾਂ ਨਾਲ ਬਿਤਾਇਆ, ਜੋ ਉਨ੍ਹਾਂ ਦੇ ਪਿਤਾ ਦੀਆਂ ਹੋਰ ਦੋ ਪਤਨੀਆਂ ਦੀਆਂ ਸੰਤਾਨਾਂ ਸਨ। ਸ਼ੁਰੂ ਵਿਚ ਉਨ੍ਹਾਂ ਦੇ ਪਰਿਵਾਰ ਵਿਚ ਦੁੱਧ ਦਾ ਵਪਾਰ ਹੁੰਦਾ ਸੀ ਅਤੇ ਉਹ ਸਾਰੇ ਲੋਕ ਘਰ-ਘਰ ਦੁੱਧ ਵੇਚਿਆ ਕਰਦੇ ਸਨ। ਬਾਅਦ ਵਿਚ ਉਹ ਕੱਪੜੇ ਖਰੀਦਣ ਅਤੇ ਵੇਚਣ ਦਾ ਧੰਦਾ ਕਰਨ ਲੱਗੇ। ਪਰਿਵਾਰ ਦਿੱਲੀ ਆ ਗਿਆ। ਸੰਪੂਰਣ ਆਪਣੇ ਸੌਤੇਲੇ ਭਰਾ ਦੇ ਨਾਲ ਰਹਿਣ ਮੁੰਬਈ ਚਲਿਆ ਗਿਆ। ਕੁਝ ਸਮੇਂ ਤਕ ਉਨ੍ਹਾਂ ਨੇ ਇਕ ਗੈਰੇਜ ਵਿਚ ਕੰਮ ਕੀਤਾ। ਫਿਲਮ ਨਿਰਦੇਸ਼ਕ ਬਿਮਲ ਰਾਏ ਨੇ ਉਨ੍ਹਾਂ ਨੂੰ ਉੱਥੇ ਆਸਰਾ ਦਿੱਤਾ ਸੀ। ਬਾਅਦ ਵਿਚ ਉਹ ਫਿਲਮ ਬੰਦਨੀ ਦੇ ਨਿਰਮਾਣ ਵਿਚ ਲੱਗ ਗਏ। ਬਿਮਲ ਰਾਏ ਨੂੰ ਆਪਣੇ ਗੀਤ ਲੇਖਕ ਦੇ ਨਾਲ ਬਹੁਤ ਦਿੱਕਤ ਹੋ ਰਹੀ ਸੀ। ਉਦੋਂ ਉਨ੍ਹਾਂ ਨੇ ਸੰਪੂਰਨ ਸਿੰਘ ਨੂੰ ਗੀਤ ਲਿਖਣ ਲਈ ਕਿਹਾ। ਉਨ੍ਹਾਂ ਦੀ ਸ਼ੁਰੂਆਤ 'ਮੋਰਾ ਗੋਰਾ ਅੰਗ ਲਈ ਲੇ' ਗੀਤ ਨਾਲ ਹੋਈ। ਇਹ ਗੀਤ ਜ਼ਬਰਦਸਤ ਹਿੱਟ ਰਿਹਾ। ਉਨ੍ਹਾਂ ਮਹਿਸੂਸ ਕੀਤਾ ਕਿ ਜਦ ਤਕ ਉਹ ਆਪਣਾ ਨਾਮ ਨਹੀਂ ਬਦਲਣਗੇ, ਇਕ ਕਵੀ ਦੇ ਰੂਪ ਵਿਚ ਉਨ੍ਹਾਂ ਨੂੰ ਸਫਲਤਾ ਨਹੀਂ ਮਿਲ ਸਕਦੀ। ਇਸ ਤਰ੍ਹਾਂ ਸੰਪੂਰਣ ਸਿੰਘ ਉਦੋਂ ਗੁਲਜ਼ਾਰ ਬਣ ਗਏ। ਤਸਵੀਰਾਂ ਵਿਚ ਗੁਲਜ਼ਾਰ ਨੂੰ ਦੇਖ ਕੇ ਕੋਈ ਇਹ ਨਹੀਂ ਸੋਚ ਸਕਦਾ ਕਿ ਔਰਤਾਂ ਉਨ੍ਹਾਂ ਦੀਆਂ ਦੀਵਾਨੀਆਂ ਨਹੀਂ ਹੋਣਗੀਆਂ। ਪਰ ਉਸ ਜ਼ਮਾਨੇ ਦੀਆਂ ਕੁਝ ਬਲਾ ਦੀਆਂ ਖ਼ੂਬਸੂਰਤ ਔਰਤਾਂ ਉਨ੍ਹਾਂ ਵਲ ਆਕ੍ਰਿਸ਼ਤ ਹੋਈਆਂ। ਸਭ ਤੋਂ ਜ਼ਿਆਦਾ ਦੀਵਾਨੀ ਸੀ ਮੀਨਾ ਕੁਮਾਰੀ। ਕੁਝ ਸਾਲਾਂ ਬਾਅਦ ਧਰਮਿੰਦਰ ਲਈ ਉਨ੍ਹਾਂ ਨੇ ਗੁਲਜ਼ਾਰ ਨੂੰ ਛੱਡ ਦਿੱਤਾ। ਫਿਰ ਗੁਲਜ਼ਾਰ ਦੀ ਜ਼ਿੰਦਗੀ ਵਿਚ ਉਨੀ ਹੀ ਖ਼ੂਬਸੂਰਤ ਰਾਖੀ ਦਾ ਆਗਮਨ ਹੋਇਆ, ਜਿਹਨੇ ਇਕ ਪਿਆਰੀ ਜਿਹੀ ਬੇਟੀ ਮੇਘਨਾ ਨੂੰ ਨਵਾਜ਼ਿਆ, ਜੋ ਹੁਣ ਖੁਦ ਵੀ ਮਾਂ ਬਣਨ ਵਾਲੀ ਹੈ। ਗੁਲਜ਼ਾਰ ਦੀ ਜ਼ਿੰਦਗੀ ਵਿਚ ਆਈਆਂ ਔਰਤਾਂ ਨੂੰ ਸ਼ਿਕਾਇਤ ਰਹੀ ਕਿ ਉਹ ਅਲਗ-ਥਲਗ ਜਿਹੇ ਪ੍ਰਾਣੀ ਹਨ ਅਤੇ ਹਮੇਸ਼ਾ ਏਕਾਂਤ ਦੀ ਖੋਜ ਵਿਚ ਰਹਿੰਦੇ ਹਨ।

ਸਾਰੇ ਕਵੀਆਂ ਅਤੇ ਲੇਖਕਾਂ ਨੂੰ ਏਕਾਂਤ ਦੀ ਤਲਾਸ਼ ਹੁੰਦੀ ਹੈ ਅਤੇ ਉਹ ਇਕ ਬੁਰੇ ਸਾਥੀ ਸਾਬਿਤ ਹੁੰਦੇ ਹਨ। ਜਫਰ ਹਸਨ ਦੀ ਜੀਵਨੀ ਇਕ ਕਵੀ ਦੇ ਰੂਪ ਵਿਚ ਗੁਲਜ਼ਾਰ ਦੇ ਵਿਅਕਤੀਤਵ ਤੇ ਜ਼ਿਆਦਾ ਰੋਸ਼ਨੀ ਨਹੀਂ ਪਾਉਂਦੀ। ਉਸ ਲਈ ਮੈਨੂੰ ਸੰਦੀਪ ਸੇਨ ਦੀ ਕਿਤਾਬ ਏਰੀਆ (ਲੈਅ, ਯੇਤਿ ਬੁਕਸ) ਪਲਟਣੀ ਪਈ। ਉਸ ਕਿਤਾਬ ਵਿਚ ਇਕ ਕਵਿਤਾ ਹੈ, ਜਿਸਦਾ ਹੈਡਿੰਗ-ਸਕੈਚ ਹੈ।

ਯਾਦ ਹੈ ਏਕ ਦਿਨ /ਮੇਰੀ ਮੇਜ਼ ਪਰ ਬੈਠੇ-ਬੈਠੇ....
ਸਿਗਰੇਟ ਕੀ ਡਿਬੀਆ ਪਰ ਤੁਮਨੇ/ਛੋਟੇ ਸੇ ਪੌਦੇ ਕਾ
ਏਕ ਸਕੈਚ ਬਨਾਇਆ ਥਾ/ਆਕਰ ਦੇਖੋ
ਉਸ ਪੌਦੇ ਪੇ ਅਬ ਫੂਲ ਖਿਲ ਆਏ ਹੈਂ।

# ਪ੍ਰਿਯੰਕਾ-ਸ਼ਾਹਿਦ: ਵਿਛੋੜੇ ਪਿਛੋਂ ਬੈਂਕਾਕ ਪੁਨਰਮਿਲਨ



ਇਹ ਸੱਚ ਹੈ ਕਿ ਦੋ ਪ੍ਰੇਮੀਆਂ ਦੇ ਵਿਛੋੜੇ ਪਿਛੋਂ ਦੁਬਾਰਾ ਮਿਲਣ ਦਾ ਮਜ਼ਾ ਅਤੇ ਨਾਤਾ ਬੇਮਿਸਾਲ ਹੀ ਹੁੰਦਾ ਹੈ। ਪ੍ਰਿਯੰਕਾ ਚੋਪੜਾ ਅਤੇ ਸ਼ਾਹਿਦ ਕਪੂਰ ਨੇ ਵੀ ਸੰਖੇਪ ਜਿਹੇ ਵਿਛੋੜੇ ਪਿਛੋਂ ਬੈਂਕਾਕ 'ਚ ਇਕ ਦੂਜੇ ਨੂੰ ਮੁੜ ਹਾਸਲ ਕਰ ਲਿਆ ਹੈ ਅਤੇ ਉਹ ਇਸ 'ਤੇ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਖੁਸ਼ ਹਨ। ਜਿਵੇਂ ਕਿ ਪਹਿਲਾਂ ਖਬਰ ਦਿੱਤੀ ਜਾ ਚੁੱਕੀ ਹੈ, ਇਸ ਜੋੜੀ ਨੇ ਪਿਛਲੇ ਮਹੀਨੇ ਇਕ ਦੂਜੇ ਤੋਂ ਰਸਤੇ ਵੱਖ ਕਰ ਲਏ ਸਨ।

ਟੁੱਟਣ ਤੋਂ ਥੋੜੀ ਦੇਰ ਬਾਅਦ ਜੋੜੀ ਇਕ ਫਿਲਮ ਦੀ ਸ਼ੂਟਿੰਗ ਲਈ ਬੈਂਕਾਕ ਚਲੀ ਗਈ। ਪ੍ਰਿਯੰਕਾ ਚੋਪੜਾ ਸਾਜਿਦ ਨਾਡੀਆਡਵਾਲਾ ਦੀ ਅਗਲੀ ਫਿਲਮ ਸ਼ੂਟ ਕਰ ਰਹੀ ਸੀ ਜਦਕਿ ਸ਼ਾਹਿਦ ਯਸ਼ ਚੋਪੜਾ ਦੀ ਫਿਲਮ ਲਈ ਇਥੇ ਆਇਆ ਸੀ। ਇਕੋ ਹੋਟਲ ਵਿਚ ਉਨ੍ਹਾਂ ਦੇ ਕਿਆਮ ਦੌਰਾਨ ਉਹ ਇਕ ਦੂਜੇ ਲਈ ਤਾਂਘਦੇ ਰਹੇ ਅਤੇ ਮਹਿਸੂਸ ਕਰਨ ਲੱਗੇ ਕਿ ਉਹ ਇਕ ਦੂਜੇ ਤੋਂ ਬਿਨਾ ਨਹੀਂ ਰਹਿ ਸਕਦੇ।

ਦੋਹਾਂ ਦੇ ਇਕ ਨਜ਼ਦੀਕੀ ਸੂਤਰ ਨੇ ਖੁਲਾਸਾ ਕੀਤਾ ਹੈ ਕਿ ਇਸ 'ਕੱਟੀ' ਦੀ ਪਹਿਲ ਕਰਨ ਵਾਲਾ ਸ਼ਾਹਿਦ ਸਮਝ ਗਿਆ ਹੈ ਕਿ ਉਸਨੇ ਇਕ ਗਲਤੀ ਕੀਤੀ ਹੈ। ਉਸਨੂੰ ਪਤਾ ਲੱਗ ਗਿਆ ਕਿ ਪ੍ਰਿਯੰਕਾ ਲਈ ਉਹ ਅਜੇ ਵੀ ਜਜ਼ਬਾਤ ਰਖਦਾ ਹੈ। ਉਹ ਸਮਝ ਗਿਆ ਕਿ ਉਸਨੇ ਜਲਦਬਾਜ਼ੀ ਵਿਚ ਫੈਸਲਾ ਲੈ ਲਿਆ ਸੀ ਅਤੇ ਉਸਨੂੰ ਬਿਹਤਰ ਸਮਝਣ ਵਿਚ ਵੀ ਉਸਨੇ ਦੇਰ ਨਹੀਂ ਲਾਈ। ਉਹ ਜਾਣ ਗਿਆ ਕਿ ਉਹ ਆਪਣੇ ਜੀਵਨ ਵਿਚ ਉਸਨੂੰ ਵਾਪਸ ਚਾਹੁੰਦਾ ਹੈ ਪਰ ਏਨਾ ਯਕੀਨੀ ਵੀ ਨਹੀਂ ਸੀ ਕਿ ਉਸ ਦੀ ਕੀ ਪ੍ਰਤੀਕਿਰਿਆ ਹੋਵੇਗੀ। ਕਿਉਂਕਿ ਉਸਨੇ ਪ੍ਰਿਯੰਕਾ ਨੂੰ ਉਸ ਸਮੇਂ ਨਕਾਰ ਦਿੱਤਾ ਸੀ ਜਦੋਂ ਉਹ ਵਿਸ਼ਵਾਸ ਕਰਨ ਲੱਗੀ ਸੀ ਕਿ ਉਹ ਇਕ ਦੂਜੇ ਲਈ ਮੁਕੰਮਲ ਹਨ। ਸ਼ਾਹਿਦ ਨੇ ਚੋਪੜਾ ਦੀ ਪੱਕੀ ਸਹੇਲੀ ਅਤੇ ਵਿਸ਼ਵਾਸਪਾਤਰ ਤਮੰਨਾ ਸ਼ਰਮਾ ਨਾਲ ਦੋਸਤੀ ਗੰਢ ਲਈ ਜਿਸਨੇ ਦੋਹਾਂ ਨੂੰ ਦੁਬਾਰਾ ਇਕਮਿਕ ਕਰਨ ਲਈ ਸੂਤਰਧਾਰ ਦੀ ਭੂਮਿਕਾ ਨਿਭਾਈ। ਸੂਤਰਾਂ ਦਾ ਕਹਿਣਾ ਹੈ ਕਿ ਸ਼ਾਹਿਦ ਅਤੇ ਤਮੰਨਾ ਹੁਣ ਪੱਕੇ ਮਿੱਤਰ ਬਣ ਚੁੱਕੇ ਹਨ। ਦਰਅਸਲ ਉਹ ਹੀ ਵਿਛੜੇ ਪ੍ਰੇਮੀਆਂ ਨੂੰ ਮਿਲਾਉਣ ਲਈ ਜ਼ਿੰਮੇਵਾਰ ਹੈ। ਸ਼ਾਹਿਦ ਇਕ ਹਫਤਾ ਪਹਿਲਾਂ ਬੈਂਕਾਕ ਗਿਆ ਹੋਇਆ ਸੀ। ਉਨ੍ਹਾਂ ਵੱਖ-ਵੱਖ ਥਾਈਂ ਹੋਣ ਦੇ ਬਾਵਜੂਦ ਇਕੱਠੇ ਬੈਠ ਕੇ ਗੱਲਬਾਤ ਰਾਹੀਂ ਰੁਸੇਵੇਂ ਦੂਰ ਕਰਨ ਲਈ ਸਮਾਂ ਕੱਢ ਲਿਆ। ਉਹ ਇਕੱਠੇ ਡਿਨਰ ਕਰਨ ਸਮੇਤ ਦੋ ਵਾਰੀ ਮਿਲੇ ਸਨ। ਆਪਣੇ ਰਿਸ਼ਤੇ ਨੂੰ ਇਕ ਹੋਰ ਮੌਕਾ ਦਿੰਦੇ ਹੋਏ ਉਹ ਬੀਤੀਆਂ ਗੱਲਾਂ ਨੂੰ ਇਕ ਮਾੜੇ ਸੁਪਨੇ ਵਾਂਗ ਭੁੱਲ ਗਏ। ਉਹ ਆਪਣੇ ਜੀਵਨ ਵਿਚ ਸ਼ਾਹਿਦ ਨੂੰ ਵਾਪਿਸ ਪਾ ਕੇ ਖੁਸ਼ ਹੈ।



## ਕਰੀਨਾ ਕਪੂਰ ਨੇ ਵੰਡੇ ਲੈਪਟਾਪ

'ਕੁਰਬਾਨ' ਦੇ ਬਾਕਸ ਆਫਿਸ 'ਤੇ ਕੁਰਬਾਨੀ ਦੇਣ ਤੋਂ ਬਾਅਦ ਹੁਣ ਕਰੀਨਾ 'ਥ੍ਰੀ ਇਡੀਅਟ' ਨੂੰ ਲੈ ਕੇ ਆਸਵੰਦ ਹੈ ਅਤੇ ਨਿੱਜੀ ਜੀਵਨ ਵਿਚ ਖੁਸ਼ ਵੀ। ਉਸਦੀ ਖੁਸ਼ੀ ਦਾ ਸਬੂਤ ਹੈ ਕਿ ਉਸਨੇ ਹਾਲ ਹੀ ਵਿਚ ਭੈਣ ਕ੍ਰਿਸ਼ਮਾ ਨੂੰ ਲੈ ਕੇ ਡ੍ਰੈਸ ਡਿਜ਼ਾਈਨਰ ਸ਼ਬੀਨਾ ਸ਼ਾਹ ਤਕ ਕਈ ਲੋਕਾਂ ਨੂੰ ਲੈਪਟਾਪ ਗਿਫਟ ਵਿਚ ਦਿੱਤੇ। ਇਸ ਸੰਬੰਧੀ ਕਰੀਨਾ ਦਾ ਕਹਿਣਾ ਹੈ ਕਿ ਮੇਰਾ ਪਰਿਵਾਰ ਅਤੇ ਦੋਸਤ ਮੇਰੇ ਲਈ ਖਾਸ ਹਨ। ਉਨ੍ਹਾਂ ਨੂੰ ਤੋਹਫੇ ਦੇਣ ਲਈ ਕਿਸੇ ਖਾਸ ਮੌਕੇ ਦੀ ਜ਼ਰੂਰਤ ਨਹੀਂ ਹੈ। ਪਰ ਸੂਤਰ ਇਸਦੇ ਪਿੱਛੇ ਇਕ ਰੋਚਕ ਰਾਜ਼ ਉਜਾਗਰ ਕਰਦੇ ਹਨ। ਪਿਛਲੇ ਦਿਨੀਂ ਕਰੀਨਾ ਸਾਈਜ਼ ਜ਼ੀਰੋ ਲੈਪਟਾਪ ਦੀ ਬ੍ਰਾਂਡ ਅੰਬੈਸਡਰ ਬਣੀ ਹੈ। ਕਰੀਨਾ ਨੇ ਕੰਪਨੀ ਦੇ ਢੇਰ ਸਾਰੇ ਸਾਈਜ਼ ਜ਼ੀਰੋ ਲੈਪਟਾਪ ਫ੍ਰੀ ਵਿਚ ਝਟਕ ਲਏ ਸਨ। ਉਹੀ ਲੈਪਟਾਪ ਉਨ੍ਹਾਂ ਨੇ ਤੋਹਫੇ ਵਜੋਂ ਲੋਕਾਂ ਵਿਚ ਵੰਡੇ ਹਨ।

## ਸ਼ਾਹਿਦ ਕਪੂਰ ਦਾ ਜੀਭ ਅਭਿਆਸ

ਜੇਕਰ ਤੁਸੀਂ ਸਵੇਰੇ-ਸਵੇਰੇ ਸ਼ਾਹਿਦ ਕਪੂਰ ਦੇ ਘਰ ਪਹੁੰਚ ਜਾਓ ਤਾਂ ਤੁਹਾਨੂੰ ਉਹ ਕਮਰੇ ਵਿਚ ਤਰ੍ਹਾਂ ਤਰ੍ਹਾਂ ਦਾ ਮੂੰਹ ਬਣਾਉਂਦੇ, ਜੀਭ ਨੂੰ ਅੰਦਰ ਬਾਹਰ ਕਰਦੇ ਅਤੇ ਇਧਰ-ਉਧਰ ਘੁੰਮਦੇ ਨਜ਼ਰ ਆਉਣਗੇ। ਗੱਲ ਅਸਲ ਵਿਚ ਇਹ ਹੈ ਕਿ ਉਨ੍ਹਾਂ ਦੀ ਜ਼ਬਾਨ ਜ਼ਰਾ ਸਖ਼ਤ ਹੈ, ਜੋ ਕਈ ਸ਼ਬਦਾਂ ਦੇ ਉਚਾਰਣ ਵਿਚ ਉਨ੍ਹਾਂ ਨੂੰ ਧੋਖਾ ਦੇ ਜਾਂਦੀ ਹੈ। ਉਸਦੀ ਇਹ ਸਮੱਸਿਆ ਬਚਪਨ ਤੋਂ ਸੀ। ਅਜੇ ਵੀ ਉਹ ਧਿਆਨ ਨਾ ਰੱਖੇ ਤਾਂ 'ਸ਼' ਨੂੰ 'ਫ' ਬੋਲ ਜਾਂਦੇ ਹਨ। ਕਹਿੰਦੇ ਹਨ, ਇਕ ਥੈਰੇਪਿਸਟ ਨੇ ਉਨ੍ਹਾਂ ਨੂੰ ਜੀਭ 'ਤੇ ਕਾਬੂ ਰੱਖਣ ਲਈ ਅਤੇ ਮਨਚਾਹਿਆ ਬੁਲਵਾਉਣ ਲਈ ਮੂੰਹ ਅਤੇ ਜੀਭ ਦੀ ਇਕ ਖਾਸ ਕਸਰਤ ਦੱਸੀ ਹੈ। ਸੂਤਰਾਂ ਅਨੁਸਾਰ ਨਾ ਸਿਰਫ ਸਵੇਰ ਦੇ ਸਮੇਂ ਬਲਕਿ ਕਿਤੇ ਵੀ ਇਕਾਂਤ ਮਿਲਣ 'ਤੇ ਸ਼ਾਹਿਦ ਜ਼ੁਬਾਨ ਦੀ ਇਹ ਐਕਸਰਸਾਈਜ਼ ਕਰਨ ਲੱਗ ਜਾਂਦੇ ਹਨ। ਹੁਣ ਜੇਕਰ ਇੰਨੀ ਲਗਨ ਨਾਲ ਉਹ ਕਸਰਤ ਕਰਨਗੇ ਤਾਂ ਫਲ ਤਾਂ ਮਿਲੇਗਾ ਹੀ।

# ਕੌਮਾਂਤਰੀ ਮੰਚ 'ਤੇ ਅਹਿਮ ਥਾਂ ਬਣਾ ਰਿਹਾ ਏ ਨਵਾਂ ਭਾਰਤੀ ਸਿਨੇਮਾ-ਬੇਨ ਕਿੰਗਸਲੇ

ਰਿਚਰਡ ਐਟਨਬਰੋ ਦੀ ਫਿਲਮ 'ਗਾਂਧੀ' 'ਚ ਗਾਂਧੀ ਦੀ ਭੂਮਿਕਾ ਨਿਭਾਉਣ ਵਾਲੇ ਬਰਤਾਨਵੀ ਅਦਾਕਾਰ ਬੇਨ ਕਿੰਗਸਲੇ ਦਾ ਕਹਿਣਾ ਹੈ ਕਿ ਆਲਮੀ ਮੰਚ 'ਤੇ ਭਾਰਤੀ ਸਿਨੇਮਾ ਅਹਿਮ ਸਥਾਨ ਗ੍ਰਹਿਣ ਕਰਦਾ ਜਾ ਰਿਹਾ ਹੈ। ਕਿੰਗਸਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਮਰੇ ਨੂੰ ਅਦਾਕਾਰੀ ਲਈ ਸਹਿਜ ਵਰਤਾਓ ਚੰਗਾ ਲੱਗਦਾ ਹੈ। ਉਨ੍ਹਾਂ ਨੇ ਦੇਖਿਆ ਹੈ ਕਿ ਭਾਰਤੀ ਅਦਾਕਾਰ ਕੈਮਰੇ ਅੱਗੇ ਸਹਿਜ ਵਿਚਰਦੇ ਹਨ। ਕਹਾਣੀ ਕਹਿਣ ਦੀ ਕਲਾ ਪੁਰ ਖ਼ਲੂਸ ਹੈ। ਇਥੇ ਊਰਜਾ, ਪ੍ਰਤਿਭਾ ਤੇ ਮੁਹਾਰਤ ਦੀ ਬਹੁਤਾਤ ਹੈ ਤੇ ਭਾਰਤ ਵਿਚ ਭਾਰਤੀਆਂ ਸੰਬੰਧੀ ਬਣਾਈ ਗਈ ਫਿਲਮ ਐਤਕੀਂ ਆਸਕਰ ਜਿੱਤ ਗਈ ਹੈ।



40ਵੇਂ ਇਫੀ 'ਚ ਗੈਸਟ ਆਫ ਆਨਰ ਵਜੋਂ ਸੱਦੇ ਗਏ ਕਿੰਗਸਲੇ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਜਦੋਂ ਉਹ 'ਗਾਂਧੀ' ਦੀ ਸ਼ੂਟਿੰਗ ਲਈ ਪਹਿਲੀ ਵਾਰ ਇਥੇ ਆਇਆ ਸੀ ਤਾਂ ਉਹਦੇ ਨਾਲ ਦੋ ਵੱਡੇ ਵੱਡੇ ਅਦਾਕਾਰਾਂ ਨੇ ਉਸਨੂੰ ਬੇਹੱਦ ਸਤਿਕਾਰ ਦਿੱਤਾ ਸੀ। ਉਸਨੇ ਦੱਸਿਆ ਕਿ ਉਸ ਵੇਲੇ ਸਾਰੇ ਲੋਕਾਂ ਨੂੰ ਸੈਟ 'ਤੇ ਮਾਣ ਸੀ ਕਿ ਉਨ੍ਹਾਂ ਦੇ ਦੇਸ਼ ਦੇ ਨਾਇਕ ਦੀ ਕਹਾਣੀ ਦੁਨੀਆਂ ਨੂੰ ਦੱਸੀ ਜਾ ਰਹੀ ਹੈ।

ਆਪਣੀ ਭੂਮਿਕਾ ਦੀ ਤਿਆਰੀ ਵਜੋਂ ਗਾਂਧੀ ਪ੍ਰਤੀ ਅਪਨਾਈ ਆਪਣੀ ਸਮਝ ਦਾ ਖੁਲਾਸਾ ਕਰਦਿਆਂ ਕਿੰਗਸਲੇ ਨੇ ਕਿਹਾ ਕਿ ਗਾਂਧੀ ਬਹੁਤ ਗੁੰਝਲਦਾਰ ਮਨੁੱਖ ਸਨ ਪਰ ਇਹ ਸਾਰੀਆਂ ਗੁੰਝਲਾਂ ਇਕ ਤਵਾਜ਼ਨ 'ਚ ਬੱਝੀਆਂ ਹੋਈਆਂ ਸਨ। ਉਹਨੂੰ ਇਸ ਸਾਰੇ ਕੁਝ ਨੂੰ ਸਰਲ ਰੂਪ 'ਚ ਪੇਸ਼ ਕਰਨ ਦਾ ਢੰਗ ਲੱਭਣਾ ਪੈਂਦਾ ਸੀ, ਜੋ ਉਸਨੇ ਲੱਭਿਆ ਕਿਉਂਕਿ ਤਾਂ ਹੀ ਉਹ ਐਨੀ ਸੌਖ ਨਾਲ ਇਹ ਭੂਮਿਕਾ ਨਿਭਾਅ ਸਕਦਾ ਸੀ। ਕਿੰਗਸਲੇ ਨੇ ਦੱਸਿਆ ਕਿ ਉਹਨੇ ਇਹ ਲੱਭਣ ਦਾ ਯਤਨ ਕੀਤਾ ਕਿ ਉਹਦੀ ਸ਼ਕਤੀ ਦਾ ਸਰੋਤ ਕੀ ਸੀ। ਇਹ ਉਹਦੀ ਸੱਚ ਦੀ ਸ਼ਕਤੀ'ਚ ਅਥਾਹ ਆਸਥਾ ਸੀ। ਉਹਨੇ ਦੱਸਿਆ ਕਿ ਆਪਣੇ ਮੁੱਢਲੇ ਸਾਲਾਂ ਦੌਰਾਨ ਉਹ ਸ਼ੈਕਸਪੀਅਰ ਥੀਏਟਰ ਨਾਲ ਜੁੜਿਆ ਰਿਹਾ। ਇਸੇ ਕਰਕੇ ਉਹ ਗੈਰ ਰਵਾਇਤੀ ਭੂਮਿਕਾਵਾਂ ਨਾਲ ਤੜਪਦਾ ਹੈ। ਚੌਥੇ ਅਪਸਰਾ ਫਿਲਮ ਐਂਡ ਟੈਲੀਵਿਜ਼ਨ ਪ੍ਰੋਡਿਊਸਰਜ਼ ਗਿਲਡ ਐਵਾਰਡ ਸਮਾਰੋਹ 'ਚ ਕਿੰਗਸਲੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ। ਉਹ ਆਪਣੀ 2 ਕਰੋੜ 70 ਲੱਖ ਡਾਲਰ ਦੇ ਖਰਚ ਦੀ ਫਿਲਮ 'ਤਾਜ' ਲਈ ਫਾਈਨਾਂਸਰ ਲੱਭਣ ਭਾਰਤ ਆਏ ਹੋਏ ਹਨ।

## ਛੁੱਟੀ ਦੀ ਤਿਆਰੀ ਵਿਚ ਹੈ ਦੀਪਿਕਾ ਪਾਦੂਕੋਨ

ਸਾਡਾ ਇਹ ਮਤਲਬ ਨਹੀਂ ਕਿ ਦੀਪਿਕਾ ਪਾਦੂਕੋਨ ਕਿਸੇ ਦੀ ਛੁੱਟੀ ਕਰਨ ਵਾਲੀ ਹੈ। ਅਸਲ 'ਚ ਤਿੰਨ ਸਾਲਾਂ ਦੇ ਛੋਟੇ ਜਿਹੇ ਸਮੇਂ 'ਚ ਦੀਪਿਕਾ ਨੇ ਮਾਇਆ ਨਗਰੀ 'ਚ ਆਪਣੇ ਪੈਰ ਮਜ਼ਬੂਤੀ ਨਾਲ ਟਿਕਾ ਲਏ ਹਨ, ਜਿਸੇ ਲਈ ਦੀਪਿਕਾ ਬਹੁਤ ਜ਼ਿਆਦਾ ਬਿਜ਼ੀ ਰਹੀ ਅਤੇ ਆਖਿਰ ਹੁਣ ਉਸਨੇ ਆਪਣੇ ਪਰਿਵਾਰ ਨਾਲ ਛੁੱਟੀਆਂ 'ਤੇ ਜਾਣ ਦਾ ਸਮਾਂ ਕੱਢ ਹੀ ਲਿਆ ਹੈ। ਪਤਾ ਲੱਗਾ ਹੈ ਕਿ ਛੇਤੀ ਹੀ ਉਹ ਆਪਣੇ ਪੂਰੇ ਪਰਿਵਾਰ ਨਾਲ ਅਮੈਰਿਕਾ ਛੁੱਟੀਆਂ ਮਨਾਉਣ ਵਾਲੀ ਹੈ। ਅਮੈਰਿਕਾ 'ਚ ਉਹ ਆਪਣੇ ਪਰਿਵਾਰ ਨਾਲ ਆਪਣੇ ਚਚੇਰੇ ਭਰਾ ਦੇ ਵਿਆਹ 'ਚ ਸ਼ਾਮਿਲ ਹੋਵੇਗੀ। ਇਕ ਨਜ਼ਦੀਕੀ ਸੂਤਰ ਮੁਤਾਬਿਕ ਆਪਣੀ ਫਿਲਮ 'ਓਮ ਸ਼ਾਂਤੀ ਓਮ' ਕਰਨ ਤੋਂ ਬਾਅਦ ਤੋਂ ਹੀ ਦੀਪਿਕਾ ਨੇ ਬਿਲਕੁਲ ਵੀ ਆਰਾਮ ਨਹੀਂ ਕੀਤਾ। ਉਦੋਂ ਤੋਂ ਉਹ ਲਗਾਤਾਰ ਫਿਲਮਾਂ ਕਰਦੀ ਰਹੀ ਹੈ।

ਹੁਣ ਜਦੋਂਕਿ ਉਸ ਦੀਆਂ ਲਗਭਗ ਸਾਰੀਆਂ ਫਿਲਮਾਂ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਅਤੇ ਰਣਬੀਰ ਨਾਲੋਂ ਉਸਦਾ ਬ੍ਰੇਕਅੱਪ ਵੀ ਹੋ ਚੁੱਕਾ ਹੈ ਤਾਂ ਅਜਿਹੇ 'ਚ ਉਹ ਕੁਝ ਵਿਹਲਾ ਸਮਾਂ ਛੁੱਟੀਆਂ 'ਚ ਬਿਤਾਉਣਾ ਚਾਹੁੰਦੀ ਹੈ।


Mehak Punjab Di
DISH Network Naal
CHANNEL 622
CHANNEL 809
CHANNEL 602
CHANNEL 812
News, current affairs, comedies, interactive shows, live performances and daily Gurbani relayed live from the Golden Temple in Amritsar.
Punjabi music, religious and spiritual programming including daily Gurbani & Katha, daily live call-in shows, game shows, quiz shows, community news briefs and more.
From daily soaps, reality shows and movies to events, comedy, lifestyle, religious and horror shows, Punjjabi TV is poised to become the most-loved member of every Punjabi family.
The complete entertainment channel with shows like Awaaz Punjab Di, Hasde Hasande Ravo, Jot Jale Din Raat, Sarb Sanjhi Gurbani, Rang Punjab de and Ghuggi Online.
PUNJABI PACK $19.99/mo.
Local Channels Only $9.99/mo
=$29.98 mo
Get Punjabi Pack with American Local Channels and receive -
• No equipment to buy
• Free Activation (with Agreement)
• Free DVR Upgrade ($5.98/mo. DVR Service fee applies)
• No Additional Service Access fee
Subscribe Today
1-888-242-2276
www.dishnetwork.com/international
INTERNATIONAL TV
Digital Home Advantage offer requires $99 Activation Fee and credit qualification. All equipment is leased and must be returned to DISH Network upon cancellation or unreturned equipment fees apply. Limit 4 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 1/31/10. © 2009 Dish Network L.L.C. All rights reserved.


Imperial Truck Wash & Repair
One Stop Center For Truckers-Repairs-Tires-Wash in Indiana
Now open 24 hours
Diesel
Restaurant (765-987-1000)
5809 South State Rd 3,
Spiceland, IN- 47385
interstate 70 Exit 123
(Turn Right Yellow Building)
Tire Service
We carry all major brand tires-new and used at very attractive prices.
ਟਰੈਕਟਰ ਟਰੇਲਰ ਵਾਸ਼
ਸਿਰਫ 60 ਡਾਲਰ
Spot Free
Truck Wash
Special on Firestone tires.
Front 2 tires
$700 out of the door
Oil Change $189.99 Only
Brake $99.00 With Labor
Wheel Seal $89.00 With Labor
Labor Rate $59.00 Hourly Rate
All Kinds of Welding Work
& General Repair.
*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush
ਜੇ ਸਾਡੇ ਕੋਲੋਂ ਸਾਰੇ ਅੱਠ ਡਰਾਈਵ ਟਾਇਰ ਖਰੀਦਦੇ ਹੋ ਤਾਂ ਆਇਲ ਚੇਂਜ ਜਾਂ ਥਰੀ ਐਕਸਲ ਅਲਾਇਨਮੈਂਟ ਫਰੀ
Trailer
Wash-out
$25
Alignment
Wheel Balancing
24 Hours Road Service & Towing
ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ
ਪੁਰਾਣੇ ਟਾਇਰ ਵੀ ਟਰੇਡ ਕਰਦੇ ਹਾਂ
Jasvir Singh (765) 987-7000